ਸਿਰਜਣਾ

ਅਪਰੈਲ-ਜੂਨ 2014 (ਅੰਕ 172)

April- June 2014

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ -Sign: _____

ਪਤਾ -Address: _____

1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43 - B,
Chandigarh - 160022
India

ਤਾਰੀਕ -Date: 25 - 10 - 2014

ਸਿਰਜਣਾ

ਅਪਰੈਲ-ਜੂਨ 2014 **172** 40 ਰੁਪਏ

ਸਿਰਜਣਾ

172
ਅਪਰੈਲ-ਜੂਨ 2014

ਸੰਪਾਦਕ : ਰਘਬੀਰ ਸਿੰਘ
Editor : Raghbir Singh

❋

1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693

❋

SIRJANA
1728, Sector 43-B,
Chandigarh-160 022
INDIA
Phone : +91-172-2601693
E-mail :
raghbirssirjana@yahoo.com

❋

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ / ਸੰਪਾਦਕੀ / ਆਮ ਆਦਮੀ ਦਾ ਅੰਦੋਲਨ / 1

ਉਂਕਾਰਪ੍ਰੀਤ / ਨਜ਼ਮਾਂ / 3

ਜਰਨੈਲ ਸਿੰਘ ਸੇਖਾ / ਕਹਾਣੀ / ਨਾਬਰੀ/ 9

ਸਿਮਰਨ ਧਾਲੀਵਾਲ / ਕਹਾਣੀ/ ਉਸ ਪਲ / 19

ਤੌਕੀਰ ਚੁਗਤਾਈ/ ਕਹਾਣੀ / ਘੁਰਾੜੇ/ 28

ਹਰਜੀਤ ਅਟਵਾਲ / ਕਹਾਣੀ/ ਅੱਕ/32

ਜਸਵੀਰ ਕਲਸੀ / ਕਹਾਣੀ / ਔਲ਼ੇ ਦਾ ਬੂਟਾ/37

ਅਵਤਾਰ ਸਿੰਘ ਬਿਲਿੰਗ / ਮੁਲਾਕਾਤ / ਸੰਜੀਦਾ ਆਲੋਚਕ: ਡਾ. ਤੇਜਵੰਤ ਸਿੰਘ ਗਿੱਲ / 42

ਸੁਰਜੀਤ ਹਾਂਸ / ਨਿਬੰਧ / ਅਮਰੀਕਾ ਵਿਚ ਨਸਲਵਾਦ: ਭਾਰਤ ਵਿਚ ਸੰਪਰਦਾਯਕਤਾ / 53

ਬਲਬੀਰ ਮਾਧੋਪੁਰੀ / ਨਿਬੰਧ / ਗ਼ਦਰ ਲਹਿਰ ਵਿਚ ਦਲਿਤਾਂ ਦਾ ਯੋਗਦਾਨ / 63

ਹਰਬੰਸ ਸਿੰਘ ਚਾਹਲ / ਨਿਬੰਧ / ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ / 72

ਮਨਦੀਪ ਸਿੰਘ/ ਰਿਵਿਊ ਨਿਬੰਧ / ਸਾਹਿਤ ਅਕਾਦਮੀ ਐਵਾਰਡ ਜੇਤੂ ਨਾਵਲ 'ਨਿਰਵਾਣ' / 80

ਗੁਲਜ਼ਾਰ ਸਿੰਘ ਸੰਧੂ / ਰਿਵਿਊ / ਆਪਾਂ ਦੋਵੇਂ ਰੁਸ ਬੈਠੇ / 83

ਜੇ.ਬੀ.ਸੇਖੋਂ/ ਰਿਵਿਊ/ ਬਾਰਾਂ ਬੂਹੇ / 86

ਪੁਸ਼ਵਿੰਦਰ ਕੌਰ / ਰਿਵਿਊ / ਮਾਇਆ / 88

ਗੁਰਦੀਪ ਕੌਰ / ਰਿਵਿਊ / ਬੁਲਬੁਲਿਆਂ ਦੀ ਕਾਸ਼ਤ / 91

ਚੰਦਰਮੋਹਨ/ ਰਿਵਿਊ / ਪਿਆਸ / 94

ਪੱਤਰ : ਅਤਰਜੀਤ, ਧਿਆਨ ਸਿੰਘ ਸ਼ਾਹ ਸਿਕੰਦਰ, ਦੀਪ ਜਗਦੀਪ ਸਿੰਘ, ਬਲਜੀਤ ਬਾਸੀ, ਡਾ. ਕਰਮਜੀਤ ਸਿੰਘ ਨਡਾਲਾ, ਸ.ਸ. ਓਬਰਾਏ

ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ ਅਤੇ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ: 800 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ, ਪੰਜ ਸਾਲ : 50 ਪੌਂਡ, 100 ਡਾਲਰ

ਆਮ ਆਦਮੀ ਦਾ ਅੰਦੋਲਨ

ਸਰਮਾਏਦਾਰੀ ਦੀ ਬੇਮੁਹਾਰ ਚੜ੍ਹਤ ਦੇ ਇਸ ਦੌਰ ਵਿਚ ਕਾਰਪੋਰੇਟ ਤੇ ਕੁਰਪਸ਼ਨ ਤੰਤਰ ਨੇ ਸਾਡੇ ਦੇਸ਼ ਭਾਰਤ ਨੂੰ ਪੂਰੀ ਤਰ੍ਹਾਂ ਆਪਣੀ ਜਕੜ ਵਿਚ ਲੈ ਰੱਖਿਆ ਹੈ। ਸਟੇਟ ਦੇ ਤਿੰਨੇ ਅੰਗਾਂ ਰਾਜ-ਪ੍ਰਬੰਧ, ਨਿਆਂਪਾਲਕਾ ਅਤੇ ਵਿਧਾਨਕਾਰੀ ਨਾਲ ਜੁੜੇ ਲੋਕਾਂ ਦੀ ਜਨਤਕ ਹਿਤਾਂ ਤੇ ਸਰੋਕਾਰਾਂ ਨਾਲੋਂ ਏਨੀ ਜ਼ਿਆਦਾ ਦੂਰੀ ਸਥਾਪਤ ਹੋ ਚੁੱਕੀ ਹੈ, ਜਿਸਦੀ ਕਦੇ ਕਲਪਨਾ ਨਹੀਂ ਸੀ ਕੀਤੀ ਜਾ ਸਕਦੀ। ਬਸਤੀਵਾਦੀ ਗ਼ੁਲਾਮੀ ਤੋਂ ਮੁਕਤੀ ਪਿੱਛੋਂ 'ਸੋਸ਼ਲਿਸਟਕ ਪੈਟਰਨ ਔਫ ਸੁਸਾਇਟੀ' ਉਸਾਰਨ ਦੀ ਮੁੱਢਲੀ ਨੀਤੀ ਅਧੀਨ ਕਾਇਮ ਕੀਤੀਆਂ ਗਈਆਂ ਸੰਸਥਾਵਾ - ਸਿੱਖਿਆ, ਸਿਹਤ ਸੇਵਾਵਾਂ, ਆਵਾਜਾਈ ਆਦਿ ਦੇ ਕੰਮ-ਕਾਰ ਵਿਚ ਸਮੇਂ ਦੇ ਬੀਤਣ ਨਾਲ ਲਗਾਤਾਰ ਨਿਘਾਰ ਆਉਂਦਾ ਗਿਆ ਹੈ। ਅਮਨ ਕਾਨੂੰਨ ਕਾਇਮ ਕਰਨ ਵਾਲੀ ਏਜੰਸੀ ਪੁਲਸ ਆਪਣੇ ਧੱਕੜ ਅਮਾਨਵੀ ਵਿਹਾਰ ਰਾਹੀਂ ਜਨ ਸਾਧਾਰਨ ਲਈ ਸਹਾਇਕ ਹੋਣ ਦੀ ਥਾਂ ਇਕ ਭਿਆਨਕ ਹਊਆ ਬਣ ਚੁੱਕੀ ਹੈ। ਏਹੀ ਏਜੰਸੀ ਲੁੱਟ ਮਾਰ ਤੇ ਤਸਕਰੀ ਵਰਗੇ ਕੁਕਰਮਾਂ ਵਿਚ ਖੁਦ ਜੁੜਨ ਤੋਂ ਅਗਾਂਹ ਇਹਨਾਂ ਧੰਦਿਆਂ ਵਿਚ ਜੁਟੇ ਪਹੁੰਚ ਵਾਲੇ ਸਮਰੱਥ ਵੱਡੇ ਅਪਰਾਧੀਆਂ ਲਈ ਵਿਆਪਕ ਸੁਰੱਖਿਆ ਛਤਰੀ ਮੁਹਈਆ ਕਰਨ ਦਾ ਕੰਮ ਕਰਦੀ ਹੈ। ਉੱਚ ਅਦਾਲਤ ਵੱਲੋਂ ਸਮੇਂ ਸਮੇਂ ਕੁਝ ਚੰਗੇ ਫੈਸਲਿਆਂ ਅਤੇ ਜਨ-ਹਿਤ ਮਾਮਲਿਆ ਵਿਚ ਸਾਰਥਕ ਦਖਲ-ਅੰਦਾਜ਼ੀ ਦੇ ਬਾਵਜੂਦ ਸਮੁੱਚੇ ਤੌਰ 'ਤੇ ਨਿਆਂ-ਵਿਵਸਥਾ ਆਮ ਲੋਕਾਂ ਲਈ ਅਪਹੁੰਚ ਤੇ ਨਕਾਰੀ ਹੋ ਚੁੱਕੀ ਹੈ।

ਸੰਸਾਰ ਦੀ ਸਭ ਤੋਂ ਵੱਡੀ ਪਰਚਾਰੀ ਜਾਂਦੀ 'ਡੈਮੋਕਰੇਸੀ' ਵਾਲੇ ਏਸ ਦੇਸ਼ ਵਿਚ ਚੋਣਾਂ ਵਿਚ ਲੋਕ ਰਾਇ ਹਾਸਲ ਕਰਨ ਦਾ ਮਤਲਬ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਲੋਕਾਂ ਨੂੰ ਚੋਣ ਕੇਂਦਰਾਂ ਵਿਚ ਜਾਣ ਤੋਂ ਰੋਕਣਾ ਅਤੇ ਚੋਣ ਕੇਂਦਰਾਂ ਉੱਤੇ ਕਬਜ਼ੇ ਰਾਹੀਂ ਸਾਰਾ ਕੰਮ ਨਿਪਟਾਉਣਾ ਹੁੰਦਾ ਹੈ। ਅਤੇ ਕੁਝ ਹਾਲਤਾਂ ਵਿਚ ਸਮਾਜ ਦੇ ਸਭ ਤੋਂ ਹੇਠਲੇ ਵਰਗ ਨੂੰ ਥੋੜ੍ਹੀ ਬਹੁਤ ਨਕਦ ਰਾਸ਼ੀ ਅਤੇ ਛੋਟੀਆਂ ਮੋਟੀਆਂ ਵਸਤਾਂ ਦੀ ਸਪਲਾਈ ਰਾਹੀਂ ਉਹਨਾਂ ਦੀ ਵੋਟ ਨੂੰ ਸਮੂਹਕ ਰੂਪ ਵਿਚ ਖਰੀਦਣਾ ਹੁੰਦਾ ਰਿਹਾ ਹੈ। ਇੰਝ ਆਮ ਆਦਮੀ ਦੀ ਮਾਨਸਿਕਤਾ ਨੂੰ ਵੀ ਭ੍ਰਸ਼ਟ ਕਰ ਦਿੱਤਾ ਜਾਂਦਾ ਰਿਹਾ ਹੈ। ਧਨ ਅਤੇ ਸ਼ਕਤੀ ਦੀ ਅੰਨ੍ਹੀ ਵਰਤੋਂ ਤੋਂ ਬਿਨਾਂ ਚੋਣਾਂ ਜਿੱਤਣਾ ਸੰਭਾਵਨਾ ਤੋਂ ਬਾਹਰੀ ਗੱਲ ਬਣਦੀ ਗਈ ਹੈ। ਭ੍ਰਸ਼ਟ ਵਿਵਸਥਾ ਆਪਣੇ ਵਾਜਬ ਨਾਵਾਜਬ ਸਭ ਕੰਮਾਂ ਲਈ ਆਮ ਲੋਕਾਂ ਨੂੰ ਵੀ ਭ੍ਰਸ਼ਟਤਾ ਦੇ ਰਾਹ ਤੋਰਨ ਦਾ ਕੰਮ ਕਰਦੀ ਆ ਰਹੀ ਹੈ। ਧਰਮ ਦੇ ਨਾਂ ਉੱਤੇ ਲੋਕਾਂ ਵਿਚ ਆਪਸੀ ਨਫਰਤ ਤੇ ਦੁਫਾੜ, ਹਨੇਰ ਬਿਰਤੀ, ਜਗੀਰੂ ਮਾਨਸਿਕਤਾ ਤੇ ਔਰਤਾਂ ਉੱਤੇ ਅੱਤਿਆਚਾਰ ਵਰਗੇ ਅਨੇਕਾਂ ਕੁਕਰਮ ਹਾਕਮ ਵਰਗਾਂ ਦੀ ਸਿੱਧੀ ਅਸਿੱਧੀ ਸਰਪ੍ਰਸਤੀ ਅਧੀਨ ਵਧਦੇ ਫੁਲਦੇ ਰਹੇ ਹਨ। ਭਾਰਤੀ ਸਮਾਜ ਅਤੇ ਰਾਜ-ਤੰਤਰ ਦੇ ਵਿਗਾੜ ਦਾ ਇਹ ਬਿਰਤਾਂਤ ਏਨਾ ਦੀਰਘ ਤੇ ਵਿਸ਼ਾਲਤਰ ਹੈ ਕਿ ਇਸ ਉੱਤੇ ਮਣਾਂ ਮੂੰਹੀਂ ਗ੍ਰੰਥ ਵੀ ਲਿਖੇ ਜਾਣ ਤਾਂ ਥੋੜ੍ਹੇ ਹੋਣਗੇ। ਇਹਨਾਂ ਹਾਲਤਾਂ ਵਿਚ ਵਿਸ਼ਾਲ ਜਨ ਸਮੂਹ ਸਿਥਲਤਾ ਦਾ ਸ਼ਿਕਾਰ ਬਣਿਆ ਰਿਹਾ ਹੈ ਜਿਸ ਵਿਚੋਂ ਕਦੇ ਕਦਾਈਂ ਹੀ ਬੇਚੈਨੀ ਦੇ ਭਬੂਕੇ ਉਠਦੇ ਨਜ਼ਰ ਆਉਂਦੇ ਹਨ।

ਇਸ ਸਾਰੇ ਵਿਗਾੜ ਲਈ ਅਵੱਸ਼ ਹੀ ਪ੍ਰਮੁਖ ਜ਼ਿੰਮੇਵਾਰੀ ਰਾਜਸੀ ਪਾਰਟੀਆਂ ਤੇ ਰਾਜਨੀਤਕ ਨੇਤਾਵਾਂ ਦੀ ਹੈ, ਜੋ ਰਾਜ-ਵਿਵਸਥਾ ਦਾ ਕਾਰਜ ਸੰਭਾਲਦੇ ਆ ਰਹੇ ਹਨ। ਦੁੱਖ ਵਾਲੀ ਗੱਲ ਇਹ ਹੈ ਕਿ ਸਿੱਕੇਬੰਦ ਨੇਤਾਵਾਂ ਅਤੇ ਰਾਜਨੀਤਕ ਪਾਰਟੀਆਂ ਦਾ ਬਿੰਬ ਏਨਾ ਗੰਧਲਾ ਹੋ ਚੁੱਕਿਆ ਹੈ ਕਿ ਹਰ ਮਾੜੀ ਗੱਲ ਇਹਨਾਂ ਨਾਲ ਜੁੜ ਚੁੱਕੀ ਹੈ ਅਤੇ ਜੁੜ ਸਕਦੀ

ਹੈ। ਬੇਈਮਾਨੀ, ਭ੍ਰਿਸ਼ਟਾਚਾਰ, ਗੁੰਡਾਗਰਦੀ ਅਤੇ ਕੁਨਬਾ ਪਰਵਰੀ ਤਾਂ ਜਿਵੇਂ ਸਾਰੇ ਹੀ ਰੰਗਾਂ ਦੇ ਅਤੇ ਹਰ ਪੱਧਰ ਦੇ ਸਿਆਸਤਦਾਨਾਂ ਦੇ ਪਛਾਣ-ਚਿੰਨ੍ਹ ਬਣ ਚੁੱਕੇ ਹਨ। ਅਖੌਤੀ ਮੁਖ ਧਾਰਾ ਪਾਰਟੀਆਂ ਜੋ 'ਉੱਤਰ ਕਾਟੋ ਮੈਂ ਚੜ੍ਹਾਂ' ਵਾਂਗ ਇਕ ਦੂਜੇ ਨੂੰ ਨਕਾਰਨ ਦਾ ਸੁਆਂਗ ਰਚਕੇ ਵਾਰੀ ਵਾਰੀ ਸੱਤਾ ਉੱਤੇ ਕਾਬਜ਼ ਹੋਣ ਲਈ ਦਾਅਵੇਦਾਰ ਬਣਦੀਆਂ ਹਨ, ਹਕੀਕਤ ਵਿਚ ਆਪਣੇ ਸਾਂਝੇ ਹਿਤਾਂ ਦੀ ਹੀ ਪੈਰਵੀ ਕਰਦੀਆਂ ਹਨ, ਜਿਹਨਾਂ ਵਿਚ ਲੋਕਾਂ ਦੇ ਦੁੱਖ-ਦਰਦ ਦੇ ਨਿਵਾਰਣ ਲਈ ਕੋਈ ਥਾਂ ਨਹੀਂ। ਪਿਛਲੇ ਵਰ੍ਹਿਆਂ ਵਿਚ ਵਿਕਾਸ ਦੇ ਨਾਂ ਹੇਠ ਅਤੇ ਇਸਦੇ ਉਹਲੇ ਵਿਚ ਅਜਿਹੀਆਂ ਆਰਥਿਕ ਨੀਤੀਆਂ ਅਪਨਾਈਆਂ ਗਈਆਂ ਹਨ, ਜੋ ਪੈਰ ਪੈਰ ਉੱਤੇ ਵੱਡੇ ਧਨ ਕੁਬੇਰਾਂ ਦੇ ਹੱਕ ਵਿਚ ਅਤੇ ਆਮ ਆਦਮੀ ਦੇ ਵਿਰੁੱਧ ਭੁਗਤਦੀਆਂ ਆ ਰਹੀਆਂ ਹਨ। ਸਰਕਾਰ ਦੇ ਨਾਂ ਉੱਤੇ ਸੁਆਰਥੀ ਹਿਤਾਂ ਦਾ ਇਕ ਅਜਿਹਾ ਤੰਤਰ ਵਧਦਾ ਫੁੱਲਦਾ ਰਿਹਾ ਹੈ ਜਿਸਦਾ ਜਨਤਕ ਸਰੋਕਾਰਾਂ ਨਾਲ ਜੇ ਕੋਈ ਵਾਹ ਵਾਸਤਾ ਹੈ ਤਾਂ ਸਿਰਫ ਉੱਥੋਂ ਤਕ ਕਿ ਜਨਤਕ ਹਿਤਾਂ ਦੀ ਮੁਹਾਰਨੀ ਰਟਣ ਨਾਲ ਉਹ ਜਨਤਕ ਸ੍ਰੋਤਾਂ ਨੂੰ ਲੁੱਟਣ ਵਿਚ ਕਿੰਨਾ ਕੁ ਸਫਲ ਰਹਿੰਦਾ ਹੈ।

ਬਦਕਿਸਮਤੀ ਨਾਲ ਸਿਆਸੀ ਪਾਰਟੀਆਂ ਅਤੇ ਨੇਤਾਵਾਂ ਦੇ ਅਜਿਹੇ ਬਿੰਬ ਤੋਂ ਖੱਬੀ ਧਿਰ ਵੀ ਨਹੀਂ ਬਚ ਸਕੀ। ਸਰਕਾਰੀ ਦਮਨ ਦੇ ਭੈਅ ਤੋਂ ਬੇਪਰਵਾਹ ਹੋ ਕੇ ਬਹਾਦਰੀ ਨਾਲ ਲੋਕਾਂ ਦੇ ਹੱਕ ਵਿਚ ਖਲੋਣ ਵਾਲੇ ਨਿਰਸੁਆਰਥ ਬਿਰਤੀ ਵਾਲੇ 'ਕਾਮਰੇਡ' ਵੀ ਜਿਵੇਂ ਕਿਸੇ ਬੀਤੇ ਸਮੇਂ ਦੀ ਗੱਲ ਬਣ ਗਏ ਹਨ। ਖੱਬੀ ਧਿਰ ਦੀਆਂ ਜਿਹੜੀਆਂ ਪਾਰਟੀਆਂ ਵੱਖਰੀ ਤਰ੍ਹਾਂ ਦੇ ਰਾਜਸੀ ਸੰਗਠਨ ਹੋਣ ਦਾ ਦਾਅਵਾ ਕਰਦੀਆਂ ਸਨ, ਉਹਨਾਂ ਦਾ ਵਰਤੋਂ ਵਿਹਾਰ ਵੀ ਸਮੇਂ ਦੇ ਬੀਤਣ ਨਾਲ ਦੂਜੀਆਂ ਪਾਰਟੀਆਂ ਵਰਗਾ ਹੀ ਹੁੰਦਾ ਗਿਆ ਹੈ। ਉਹਨਾਂ ਵਿਚ ਵੀ 'ਵੱਖਰੇਪਨ' ਵਾਲੀ ਕੋਈ ਗੱਲ ਨਜ਼ਰ ਨਹੀਂ ਆਉਂਦੀ। ਵਿਰਲਾ ਹੀ 'ਕੋਈ ਹਰਿਉ ਬੂਟ ਰਹਿਉ ਰੀ'।

ਇਹਨਾਂ ਹਾਲਤਾਂ ਵਿਚ ਅਪਰੈਲ ਮਈ ਦੇ ਮਹੀਨਿਆਂ ਵਿਚ ਦੇਸ਼ ਵਿਚ ਆਮ ਚੋਣਾਂ ਹੋਣ ਜਾ ਰਹੀਆਂ ਹਨ। ਇਹਨਾਂ ਚੋਣਾਂ ਦੇ ਨਤੀਜੇ ਕੀ ਹੋਣਗੇ, ਇਸ ਬਾਰੇ ਤਾਂ ਕੁਝ ਕਹਿਣਾ ਮੁਸ਼ਕਿਲ ਹੈ, ਪਰ ਇਹ ਸਾਫ ਨਜ਼ਰ ਆ ਰਿਹਾ ਹੈ ਕਿ ਚੋਣਾਂ ਨੇ ਦੇਸ਼ ਵਿਚ ਜਨਤਕ ਬੇਚੈਨੀ ਦੇ ਭਰਵੇਂ ਪ੍ਰਗਟਾਅ ਲਈ ਇਕ ਮੌਕਾ ਜ਼ਰੂਰ ਮੁਹਈਆ ਕਰ ਦਿੱਤਾ ਹੈ। ਪਹਿਲੀ ਵਾਰ ਦੇਖਣ ਵਿਚ ਆ ਰਿਹਾ ਹੈ ਕਿ ਪੈਸੇ ਦੇ ਜ਼ੋਰ ਨਾਲ, ਭ੍ਰਿਸ਼ਟ ਤਰੀਕੇ ਵਰਤਕੇ, ਲੋਕਾਂ ਨੂੰ ਹੀ ਗੁਮਰਾਹ ਕਰਨ ਅਤੇ ਉਹਨਾਂ ਨੂੰ ਹੀ ਭ੍ਰਿਸ਼ਟ ਕਰਨ ਰਾਹੀਂ ਚੋਣਾਂ ਵਿਚ ਜਿਸਤਰ੍ਹਾਂ ਦੀ ਸਿਆਸਤ ਦਾ ਬੋਲ ਬਾਲਾ ਰਿਹਾ ਸੀ, ਉਸਨੂੰ ਚੁਣੌਤੀ ਦਿੱਤੇ ਜਾਣ ਦੀ ਸੰਭਾਵਨਾ ਉਭਰ ਰਹੀ ਹੈ। ਪਿਛਲੀ ਦਸੰਬਰ ਵਿਚ ਦਿੱਲੀ ਸਟੇਟ ਦੀਆਂ ਹੋਈਆਂ ਚੋਣਾਂ ਦੇ ਨਤੀਜਿਆਂ ਨੇ ਅਜਿਹੀ ਸੰਭਾਵਨਾ ਦਾ ਮੁੱਢ ਬੰਨ੍ਹਿਆ ਸੀ। ਉਦੋਂ ਤੋਂ ਦੇਸ਼ ਦੇ ਦੂਜੇ ਹਿੱਸਿਆਂ ਵਿਚ ਵੀ 'ਆਮ ਆਦਮੀ' ਦੇ ਰੂਪ ਵਿਚ ਇਕ ਅਜਿਹਾ ਵਿਆਪਕ ਜਨ ਅੰਦੋਲਨ ਉਭਰ ਰਿਹਾ ਹੈ ਜੋ ਸੱਚਮੁਚ ਰਵਾਇਤ ਤੋਂ ਹਟਕੇ ਨਵੀਂ ਤਰ੍ਹਾਂ ਦੀ ਰਾਜਨੀਤੀ ਦਾ ਰਾਹ ਖੋਲ੍ਹ ਰਿਹਾ ਹੈ। ਇਹ ਅੰਦੋਲਨ ਵਿਚਾਰਧਾਰਕ ਤੇ ਵਿਹਾਰਕ ਤੌਰ 'ਤੇ ਅਗਾਂਹ ਕੀ ਰੂਪ ਅਖਤਿਆਰ ਕਰਦਾ ਹੈ, ਇਹ ਸਭ ਕੁਝ ਤਾਂ ਭਵਿੱਖ ਦੀ ਕੁੱਖ ਵਿਚ ਹੈ। ਪਰ ਜਿਵੇਂ ਫਿਕਰਮੰਦ ਲੋਕ ਭ੍ਰਿਸ਼ਟ ਵਿਵਸਥਾ ਦੇ ਖਾਤਮੇ ਲਈ ਸੰਘਰਸ਼ ਵਿਚ ਰਵਾਇਤ ਤੋਂ ਹਟਕੇ ਰਾਜਨੀਤੀ ਦੇ ਖੇਤਰ ਵਿਚ ਆ ਰਹੇ ਹਨ ਅਤੇ ਵੱਖ ਵੱਖ ਵਰਗਾਂ ਦੇ ਲੋਕਾਂ ਨੂੰ ਲਾਮਬੰਦ ਕਰਨ ਵਿਚ ਸਫਲ ਹੋ ਰਹੇ ਹਨ - ਉਹ ਨਿਸਚੈ ਹੀ ਇਕ ਸ਼ੁਭ ਵਰਤਾਰਾ ਹੈ।

-ਰਘਬੀਰ ਸਿੰਘ

ਨਵੀਂ ਜੁੱਤੀ

ਨਵੀਂ ਜੁੱਤੀ ਪਾ ਕੇ
ਮਹਾਂਨਗਰ ਦੇ ਸਟੋਰੋਂ ਨਿਕਲਦਾ
ਪਰਤ ਪਰਤ ਕੇ ਵੇਖਦਾ ਹਾਂ
ਕਿ ਰਹਿ ਰਹਿ ਜਾਪਦਾ ਹੈ
'ਉਹ' ਮੈਨੂੰ ਵੇਖਦਾ ਹੈ
ਅੱਖਾਂ 'ਤੇ ਹੱਥ ਧਰੀ, ਮੋਚੀਖਾਨਿਉਂ...
ਗਲੀ ਦਾ ਮੋੜ ਮੁੜਨੇ ਤਕ ।

ਬੇਸ਼ੱਕ...ਵੇਚੀ ਹੈ ਜੁੱਤੀ ਹੁਣੇ ਜਿਸ
ਉਸ 'ਸੇਲਜ਼ ਲੇਡੀ' ਲਈ
ਮੈਂ ਹਾਂ 'ਅੱਜ ਦੀ ਵੱਟਕ' ਵਿਚ
ਮਹਿਜ਼ ਇਕ 'ਐਂਟਰੀ' ਅਤੇ
ਹਰ ਨਵੇਂ ਗਾਹਕ ਦੇ ਵਾਂਗੂੰ ਪੁਰਾਣਾ ਹੋ ਗਿਆ ਹਾਂ
ਫਿਰ ਵੀ ਪਤਾ ਨਹੀਂ ਕਿਉਂ
ਪਰਤ ਪਰਤ ਕੇ ਵੇਖਦਾ ਹਾਂ।

ਘਰ ਆ ਨਵੀਂ ਜੁੱਤੀ ਵਿਚ ਥਾਂ ਬਣਾਉਂਦੇ
ਲਾਲ ਹੋ ਗਏ, ਪੰਜੇ ਪਲੋਸਦਾ ਹਾਂ
ਤੇ ਜਾਪਦਾ ਹੈ
ਕੱਲ ਨੂੰ ਆਵੇਗਾ 'ਉਹ' ਪੁੱਛਣ ਹਾਲ ਜੁੱਤੀ ਦਾ
ਤੇ ਬਹਿ ਜਾਵੇਗਾ ਚੌਂਕੇ ਦੇ ਓਟੇ ਕੋਲ
ਗਲਾਸ ਲੈ ਕੇ ਚਾਹ ਦਾ ਬੀਬੀ ਤੋਂ ।

ਵਿਹੜੇ ਵਿਚ ਤੁਰੇ ਫਿਰਦੇ
ਮਿਰੇ ਪੈਰੀਂ, ਨਵੀਂ ਜੁੱਤੀ ਵੱਲ
ਨੀਝ ਨਾਲ ਵੇਖੇਗਾ ਤੇ ਪੁੱਛੇਗਾ
"ਕਿਵੇਂ ਫੇ ਮੱਲਾ ਨਵੀਂ ਜੁੱਤੀ ?"
ਤੇ ਮੇਰੇ ਜੁਆਬੋਂ ਪਹਿਲਾਂ ਜਦ ਬੀਬੀ ਚੌਂਕੇ ਚੋਂ ਬੋਲੇਗੀ
"ਭਾਈ, ਜੁੱਤੀ ਬਹੁਤ ਹੀ ਸੋਹਣੀ ਬਣਾਉਨੈਂ ਤੂੰ "
ਤਾਂ 'ਉਹ' ਚਾਹ ਦਾ ਘੁੱਟ ਭਰਨ ਦੇ ਬਹਾਨੇ
ਮੁੱਛਾਂ 'ਤੇ ਹੱਥ ਫੇਰੇਗਾ
ਮੁਸਕੜੀਏਂ ਨਿੰਮ੍ਹਾਂ ਨਿੰਮ੍ਹਾਂ ਮੁਸਕੇਗਾ ।

ਤੇ ਜਦ ਮੈਂ ਆਖਾਂਗਾ, "ਪੰਜਿਉਂ ਜ਼ਰਾ ਕੁ ਘੁੱਟਦੀ ਹੈ !"
ਤਾਂ ਆਖੇਗਾ,"ਹਾਲੇ ਤਾਂ ਥਾਂ ਬਣਾਉਂਦੀ ਮੱਲਾ..

ਦੋ ਦਿਨ ਦੇਖ ਫੇ ਦੱਸੀਂ ਹਲਾਅ।"

ਚਿਰ ਹੋਇਆ...
ਮੇਰੇ ਪਿੰਡ ਦਾ 'ਉਹ' ਕਾਰੀਗਰ, ਕਲਾਮਈ-ਕਿਰਤੀ
ਗਲੋਬਲ ਚੌਰਾਹੇ ਦੀ ਕਤਲਗਾਹੇ
'ਟਾਟੇ-ਬਾਟੇ' ਜੱਲਾਦਾਂ ਹੱਥੋਂ ਬੰਦ-ਬੰਦ ਕਟਵਾ ਚੁੱਕਾ ਹੈ।

ਹੁਣ ਕੌਣ ਆਵੇਗਾ...?

ਇਹ 'ਨਵੀਂ ਜੁੱਤੀ' ਕਿਸੇ ਦੀ ਕੀ ਲੱਗੇ ਭਲਾ??

ਫਿਰ ਵੀ ਪਤਾ ਨਹੀਂ ਕਿਉਂ
ਪਰਤ ਪਰਤ ਹਾਂ ਵੇਖਦਾ।

ਚਲਾਣਾ

ਉਹ ਤੂੰ ਹੀ ਸੀ?
ਜਿਸਨੇ ਕਦੇ ਜੋਤਾ ਲਾ ਹਟੇ
ਤੂਤਾਂ ਛਾਵੇਂ ਅਲਾਣੀ ਮੰਜੀ 'ਤੇ ਲਿਟੇ
ਬਾਪੂ ਦੇ ਪੈਰਾਂ ਦੀਆਂ ਬਿਆਈਆਂ 'ਚੋਂ
ਝਾਕਦੇ ਗੁਲਾਬੀ-ਪਨ ਨੂੰ ਲਾਵਾ ਦੱਸਿਆ ਸੀ
ਜਿਸ ਵਿਚ ਜਗੀਰੂ ਕੀ ਕੋਠੀ ਨੇ ਸੜ ਕੇ ਰਾਖ ਹੋਣਾ ਸੀ।

ਉਹ ਤੂੰ ਹੀ ਸੀ?
ਜਿਸਨੇ ਉਸ ਦੁਪਹਿਰ
ਸੁੱਤੇ ਬਾਪ ਦੀਆਂ ਹਥੇਲੀਆਂ 'ਤੇ ਉਭਰੇ ਸਖਤ ਰੱਟਣਾਂ ਨੂੰ
ਉਹ ਚਟਾਨਾਂ ਦੱਸਿਆ ਸੀ, ਜਿਨ੍ਹਾਂ 'ਚੋਂ ਛੇਤੀਂ ਸੂਰਜ ਉਦੈ ਹੋਣਾ ਸੀ।

ਉਹ ਤੂੰ ਹੀ ਸੀ?
ਜਿਸਨੇ ਉਸ ਦੁਪਹਿਰ ਤਾਸ਼ ਦੀ ਡੱਬੀ
ਨੂੰ ਅੱਗ ਲਾਈ ਸੀ ਤੇ ਕਿਹਾ ਸੀ
ਆ 'ਲਾਲ-ਕਿਤਾਬ' ਪੜ੍ਹੀਏ।

ਅੱਜ ਜਦ ਮੈਂ ਵਰ੍ਹਿਆਂ ਬਾਅਦ ਦੇਸ ਪਰਤਿਆ ਹਾਂ, ਤਾਂ
ਤੂੰ ਅਪਣੇ ਧਿਆਨ 'ਬਾਪੂ' ਦੀ ਫੋਟੋ ਲਾਗੇ ਬੈਠਾ
ਪੈਰਾਂ ਦੀਆਂ ਬਿਆਈਆਂ ਨੂੰ
ਬਲਦੀ ਮੋਮਬੱਤੀ ਦਾ ਮੋਮ ਚੁਆ ਪੂਰ ਰਿਹੈਂ।
ਮੇਰੇ ਲਿਆਂਦੇ 'ਨਿਕ-ਸੁੱਕ' 'ਚੋਂ 'ਨੀਵੀਆ ਕਰੀਮ'

ਆਪਣੇ ਹੱਥਾਂ ਦੇ ਰੱਟਣਾਂ 'ਤੇ ਮਲਣ ਲੱਗਾਂ ਏਂ
'ਅਮਰੀਕਨ ਕਰੀਮ' ਦੀਆਂ ਸਿਫਤਾਂ ਦੱਸਦਾ ਏਂ
ਮੁਸਕੜੀਏਂ ਹੱਸਦਾ ਏਂ ਤੇ ਉਹਲੇ ਨਾਲ ਦੱਸਦਾ ਏਂ
'ਤੇਰੀ ਭਰਜਾਈ ਬੜਾ ਚਿੜਦੀ ਏ ਇਹਨਾਂ ਰੱਟਣਾਂ ਤੋਂ'।

ਮੈਂ ਡੌਰ ਭੌਰ ਤੇਰੇ ਮੂੰਹ ਵੱਲ ਤੱਕਦਾ ਹਾਂ
ਤੂੰ ਪੁੱਛਦਾ ਏਂ,"ਕੀ ਹੋਇਆ?"
ਜਿਵੇਂ ਮੇਰੀਆਂ ਅੱਖਾਂ ਵਿਚਲਾ ਸੁਆਲ ਤੂੰ ਪੜ੍ਹ ਲਿਆ ਏ।

ਮੈਂ ਚੁੱਪ ਚਾਪ ਉਠ ਆਇਆਂ ਹਾਂ
ਕਿ ਮੈਨੂੰ ਤੇਰੇ ਕੋਲ 'ਬਾਪੂ ਦੇ ਚਲਾਣੇ' ਦਾ ਅਫਸੋਸ ਕਰਨਾ
ਤੇਰੇ ਕੋਲੋਂ 'ਲਾਲ-ਕਿਤਾਬ' ਬਾਰੇ ਪੁੱਛਣ ਵਾਂਗ
ਬੇਤੁਕਾ ਲੱਗਾ ਹੈ।

ਬਿੰਬ,ਬੰਬ ਅਤੇ ਕਵਿਤਾ

ਕਵੀ ਸੋਂ ਗਿਆ।
ਇਕ ਅਛੂਤਾ ਬਿੰਬ
ਕਵਿਤਾ ਹੋਣੋਂ ਰਹਿ ਗਿਆ।

ਬਿੰਬ ਨੇ ਨਿਰਾਸ਼ਾ 'ਚ
ਅਪਣੀ 'ਸਿਹਾਰੀ' ਵਗਾਹ ਮਾਰੀ।
ਅਤੇ 'ਬੰਬ' ਹੋ ਗਿਆ।

ਅੰਮ੍ਰਿਤ, ਬੱਚਾ ਤੇ ਹੈਮਬਰਗਰ

ਮੇਲੇ ਵਿਚ 'ਹੈਮਬਰਗਰ' ਦਾ ਹੋਕਾ ਸੁਣ
ਮਸਾਂ 'ਪੰਜਾਂ-ਕੁ-ਦਾ ਬੱਚਾ'
ਹੈਮਬਰਗਰ ਦੀ ਜ਼ਿਦ ਕਰਦਾ ਹੈ।

ਅੰਮ੍ਰਿਤਧਾਰੀ ਹੱਥ, ਬੱਚੇ ਦੀ ਗੱਲ੍ਹ 'ਤੇ
'ਸਰਹੰਦ ਦੀ ਦੀਵਾਰ' ਵਾਂਗ ਛਪਦਾ ਹੈ।

ਬੱਚੇ ਦੇ ਨੈਣਾਂ 'ਚੋਂ, 'ਆਸਾ ਦੀ ਵਾਰ' ਛਲਕਦੀ ਹੈ
ਬੱਚੇ ਦੇ ਰੋਣ ਵਿਚ
ਕੰਨਾਂ ਵਿਚ ਗਰਮ ਸਿੱਕਾ ਪੁਆ ਰਹੇ ਮਨੁੱਖ ਦੀ ਪੀੜਾ ਹੈ।
ਬੱਚੇ ਉਪਰ ਝੁਕੇ ਹੋਏ ਬਾਪ ਦਾ ਗਾਤਰਾ
ਕਿਸੇ ਪੁਰਖੇ ਦੇ ਜਨੇਊ ਵਾਂਗ ਝੁਲ ਰਿਹਾ ਹੈ।

ਮਹਾਂਨਗਰ

ਮਹਾਂਨਗਰ ਦਾ ਸੂਰਜ ਆਥਣੇ
ਝੀਲ ਜਾਂ ਕਿਸੇ ਟਾਵਰ ਉਹਲੇ ਹੀ ਨਹੀਂ ਲੱਥਦਾ
'ਜੈਕ ਫਾਰਮ' 'ਤੇ 'ਵੰਤੀ ਅਤੇ ਕਰਮੀ' ਦੇ ਹੱਡਾਂ 'ਚ ਵੀ ਲਹਿੰਦਾ ਹੈ।

ਮਹਾਂਨਗਰ ਦੀ ਸ਼ਾਮ ਦਾ ਸਫਰ
ਸਿਟੀ ਟੀ.ਵੀ. ਦੀ 'ਸਿਲਵਰ ਸਕਰੀਨ' 'ਤੇ
ਰੁਮਾਂਟਿਕ ਰੌਸ਼ਨੀਆਂ ਹੀ ਨਹੀਂ
'ਵੰਤੀਂ ਅਤੇ ਕਰਮੀ' ਦੀਆਂ ਅੱਖਾਂ ਦਾ ਮੂੰਹ-ਨੇਰ੍ਹਾ ਵੀ ਹੈ।
ਜੋ ਖੇਤਾਂ 'ਚੋਂ ਗੋਡਿਆਂ 'ਤੇ ਹੱਥ ਧਰ ਉੱਠਦਾ ਹੈ
ਗੇਟ 'ਤੇ ਖੜ੍ਹੀ 'ਸੁੱਚੇ ਦੀ ਵੈਨ' 'ਚ ਚੜ੍ਹਨ ਲਈ।

ਮਹਾਂਨਗਰ ਦੇ 'ਮਲਕ ਭਾਗੋ'
ਮਲਟੀਨੇਸ਼ਨਲ ਫਰਮਾਂ ਦੇ ਮਾਲਕ ਹੀ ਨਹੀਂ
'ਕਿਸਾਨ-ਜੈਕ' ਅਤੇ 'ਮਜ਼ਦੂਰ-ਠੇਕੇਦਾਰ' ਸੁੱਚਾ ਸਿੰਘ ਵੀ ਨੇ
ਜੋ ਰੋਜ਼ ਸ਼ਾਮੀਂ 'ਵੰਤੀ ਅਤੇ ਕਰਮੀ' ਦੇ ਲਹੂ-ਪਸੀਨੇ 'ਚੋਂ ਪੈਗ ਲਾਉਂਦੇ ਨੇ।

ਮਹਾਂਨਗਰ 'ਚ ਸਾਰੇ ਹਉਕੇ, ਚੁੱਪ-ਚਾਪ ਹੀ ਨਹੀਂ ਮਰਦੇ
ਦਮ ਤੋੜਨ ਤੋਂ ਪਹਿਲਾਂ, ਹਿੱਕਾਂ ਥਾਪੜ-ਥਾਪੜ ਵੀ ਨੇ ਲੜਦੇ:

"ਸੁੱਚਿਆ ਵੇ ਲੁੱਚਿਆ! 'ਜੈਕ' ਨਾਲ ਕੀ ਸੀ, ਸਾਹਾ ਬੰਨ੍ਹਣ ਡਿਹਾ??
ਸਾਨੂੰ ਵੈਨ 'ਚ ਬੈਠੀਆਂ ਨੂੰ, ਕਿਹੜਾ ਵੇਲਾ ਹੋ ਗਿਆ
ਤੂੰ ਸਾਨੂੰ ਭਲਾ ਕੀ ਸਮਝਿਆ, ਕੋਈ ਯੂਪਣੀਆਂ-ਬਿਹਾਰਨੀਆਂ??
ਵੇ ਅਸੀਂ ਵਤਨ ਕੌਰ- ਕਰਮ ਕੌਰ ਸਰਦਾਰਨੀਆਂ!!!"

ਤੈਨੂੰ ਖਤ

ਅੱਜ ਤੈਨੂੰ ਈਮੇਲ ਲਿਖਦੇ ਅਹਿਸਾਸ ਹੋਇਆ:
ਮੈਂ ਤੈਨੂੰ ਕਿੰਨੇ ਯੁੱਗਾਂ ਤੋਂ ਕਿੰਨੇ ਜਨਮਾਂ ਤੋਂ
ਖਤ ਲਿਖ ਰਿਹਾ ਹਾਂ।

ਹਨੇਰੇ ਯੁੱਗ ਵਿਚ ਕਿੰਨੇ ਜਨਮ ਮੈਂ
ਤੈਨੂੰ ਅਪਣੀਆਂ ਚਾਂਗਰਾਂ ਨਾਲ ਖਤ ਲਿਖੇ।

ਪੱਥਰ ਯੁੱਗ ਵਿੱਚ ਸੈਆਂ ਜਨਮ
ਪੱਥਰਾਂ ਦੇ ਚੰਗਿਆੜਿਆਂ ਨਾਲ।
ਧਾਤੂ ਯੁੱਗ ਵਿਚ
ਨੇਜਿਆ, ਭਾਲਿਆਂ, ਤੀਰਾਂ ਦੀਆਂ ਨੋਕਾਂ ਨਾਲ।

ਅਜੰਤਾ ਅਲੋਰਾ ਦੀਆਂ ਗੁਫਾਵਾਂ 'ਚ
ਛੈਣੀਆਂ ਤੇਸਿਆਂ ਨਾਲ।

ਅਣਗਿਣਤ ਕੈਨਵਸਾਂ 'ਤੇ
ਰੰਗਾਂ, ਬੁਰਸ਼ਾਂ ਦੀਆਂ ਛੋਹਾਂ ਨਾਲ।

ਅਣਗਿਣਤ ਸਾਜ਼ਾਂ ਦੇ ਪਿੰਡਿਆਂ 'ਤੇ
ਸੰਗੀਤ ਦੀਆਂ ਧੁਨਾਂ ਨਾਲ।

ਮੋਰ ਪੰਖਾਂ ਨਾਲ
ਗੀਤਾ,ਗ੍ਰੰਥ,ਕੁਰਾਨ,ਵੇਦ-ਕਤੇਬਾਂ 'ਚ
ਮੈਂ ਤੈਨੂੰ ਕਿੰਨੇ ਖਤ ਲਿਖੇ।

ਅੱਜ ਤੈਨੂੰ ਈਮੇਲ ਲਿਖਦੇ ਅਹਿਸਾਸ ਹੋਇਆ:
ਕਿ ਏਨੇ ਖਤਾਂ ਪਿੱਛੋਂ ਵੀ ਹਾਲੇ ਉਹ ਚਾਨਣ ਦੀ ਕਣੀ
ਜੋ ਤੂੰ ਮੇਰੀ ਰੂਹ ਦੇ ਅੰਦਰ ਰੱਖੀ ਹੈ
ਉਸਦੀ ਲੋਅ ਦਾ ਬਿਆਨ ਨਹੀਂ ਹੋ ਸਕਿਆ।

ਜੋ ਮੈਂ ਤੈਨੂੰ ਲਿਖਣਾ ਚਾਹੁੰਨਾਂ ਉਹ ਲਿਖ ਨਈਂ ਸਕਿਆ
ਕਿ ਹਾਲੇ ਖਤ ਲਿਖਦੇ ਰਹਿਣ ਦੀ ਲੋੜ ਬਾਕੀ ਹੈ।
ਮੈਂ ਤੈਨੂੰ ਕਿੰਨੇ ਯੁੱਗਾਂ ਤੋਂ ਕਿੰਨੇ ਜਨਮਾਂ ਤੋਂ
ਖਤ ਲਿਖ ਰਿਹਾ ਹਾਂ।

ਜੋਗਾ

ਬੇਰੋਜ਼ਗਾਰ, ਕਿਰਤੀ ਜੋਗਾ!
ਰਿਜ਼ਕ-ਦਾਤਾ 'ਗੁਰੂ', ਬੌਸ ਗਲੋਬੀ ਫਰਮ ਦਾ
ਭਰ ਰਿਹਾ ਕੌਫ਼ੀ ਦੀ ਚੁਸਕੀ, ਵਾਚੇ ਪਿਆ ਜੋਗੇ ਦੀ 'ਰੈਜ਼ਮੀ'
ਸਾਹਮਣਲੀ ਕੁਰਸੀ ਵਿਚ ਜੋਗਾ ਚਿਣਿਆ ਹੋਇਆ।

ਗੁਰੂ ਦਾ ਸਵਾਲ: 'ਕਿਹਦੇ ਜੋਗਾ?' ਦਾ ਜੁਆਬ ਹੁਣ
ਮਾਂ ਜੋਗੇ ਦੀ ਕੰਨ 'ਚ ਨਈਂ ਦੱਸਦੀ
ਬੱਸ ਰੈਜ਼ਮੀਂ ਦਾ ਅੱਖਰ ਅੱਖਰ
ਅਦਨਾ ਹੋ ਹੋ ਆਖਦਾ: 'ਜੀ, ਤੁਹਾਡੇ ਜੋਗਾ!'
ਜੋਗੇ ਦਾ ਸਿਰ ਅਤੇ ਦੋਵੇਂ ਹੱਥ ਬੈਂਕ ਦੇ ਕਿਸੇ ਖਾਤੇ 'ਚ ਰੱਖ
ਜੋਗੇ ਦੇ ਲਹੂ ਨੂੰ ਉਸਦੇ ਪਸੀਨੇ ਨਾਲ ਜ਼ਰਬਾਂ ਕਰਦਾ ਗੁਰੂ
ਹਾਂ! 'ਚ ਸਿਰ ਹਿਲਾਉਂਦਾ।

ਖੁਸ਼ ਖੁਸ਼ ਜੋਗਾ ਘਰ ਵੱਲ ਪਰਤਦਾ, ਬਿਲਕੁਲ ਭੁੱਲਿਆ ਵਿਸਰਿਆ
ਕਿ ਗੁਰੂ ਨੇ ਅੱਗੋਂ ਨਈਂ ਕਿਹਾ:
"ਜੇ ਤੂੰ ਸਾਡੇ ਜੋਗਾ ਤਾਂ ਗੁਰੂ ਤੇਰੇ ਜੋਗਾ!"

ਮੇਰੀ ਸਟਰੀਟ 'ਤੇ

ਮੇਰੀ ਸਟਰੀਟ 'ਤੇ
ਆਂਢ ਗੁਆਂਢ 'ਨਿੱਕੀਆਂ ਨਿੱਕੀਆਂ' ਘਟਨਾਵਾਂ ਨਾਲ
ਘਟ ਰਹੀ ਨਿਤ ਦਿਨ ਪਲ ਪਲ ਛਿਨ ਛਿਨ
ਵੱਡੀ ਵੱਡੀ ਜ਼ਿੰਦਗੀ

- ਜੋਗਾ ਸਿੰਘ ਨੇ ਦਾੜ੍ਹੀ ਰੰਗਣੀ ਛੱਡ ਦਿੱਤੀ!!!
- ਛੱਬੀ ਨੰਬਰ ਆਲੀ ਦੀ ਅਖਬਾਰ 'ਚ ਫੋਟੋ ਛਪੀ
  ਨਗਰ ਕੀਰਤਨ 'ਚ ਪੋਤਾ ਚੁੱਕੀ ਖੜ੍ਹੀ ਦੀ!!
- ਟੋਅ-ਟਰੱਕ ਵਾਲਿਆਂ ਦੇ ਮੁੰਡੇ ਦਾ
  ਮਾਸੀ ਦੀ ਧੀ ਨਾਲ ਫਰਜ਼ੀ ਵਿਆਹ!
- ਧੀ ਦੇ ਕਾਲੇ ਬੁਆਏ ਫਰੈਂਡ ਨਾਲ
  ਸਟਰੀਟ 'ਤੇ ਧੱਕਾ-ਮੁੱਕੀ ਗੁਪਤੇ ਦੀ
  ਧੀ ਨੇ ਪੁਲਸ ਸੱਦੀ!
- ਕਪਾਡੀਏ ਨੇ ਪੋਤੀ ਹੋਣ 'ਤੇ ਪੇੜੇ ਵੰਡੇ
- ਗਿਆਨਿਆਂ ਦੇ ਬਾਬੇ ਦਾ ਚੌਰਾਸੀਵਾ ਜਨਮ ਦਿਨ
- ਵਾਖਰੂ ਦੀ ਖਾਸ ਕਿਰਪਾ ਸਤਾਰਾਂ ਨੰਬਰ ਆਲਿਆਂ 'ਤੇ
  ਸਾਰੀ ਸਟਰੀਟ 'ਚੋਂ ਸਿਰਫ਼ ਉਹਨਾਂ ਦੀ ਵੇਲ ਨੂੰ
  ਕੱਦੂ ਲੱਗੇ!!!
- ਇਕ ਸੌ ਅੱਠ ਨੰਬਰੀਏ ਖਾਲਸੇ ਲੱਭ ਰਹੇ
  ਬੇਸਮੈਂਟ ਲਈ ਕਿਰਾਏਦਾਰ...
  ਜੋ ਪਹਿਨਦੇ ਹੋਣ ਪੰਜ ਕਕਾਰ!
- ਮਿਸਟਰ ਮਿਸਿਜ ਸ਼ਰਮਾਂ ਨੂੰ ਓਲਡ ਏਜ ਦਾ ਪਹਿਲਾ ਚੈੱਕ ਆਇਆ
  ਉਹਨਾਂ ਜਗਰਾਤਾ ਕਰਾਇਆ
- ਬਾਬਾ ਸ੍ਰੀ ਲੰਕਨਾਂ ਦਾ, ਨੂੰਹ ਨਾਲ ਲੜ ਕੇ
  ਮੇਲ ਬੌਕਸਾਂ ਕੋਲ ਜਾ ਬੈਠਾ
- ਫੈਕਟਰੀ 'ਚ ਗੋਰੇ ਸੁਪਰਵਾਈਜ਼ਰ ਨੂੰ ਬੋਤਲ ਦੇਣ ਨਾਲ
  ਇੱਕੀ ਨੰਬਰ ਆਲੇ ਸਰਦਾਰ ਦੀ ਚੁਆਨੀ ਵਧੀ!!

ਮੇਰੀ ਸਟਰੀਟ 'ਤੇ
ਆਂਢ ਗੁਆਂਢ 'ਵੱਡੀਆਂ ਵੱਡੀਆਂ' ਘਟਨਾਵਾਂ ਨਾਲ
ਘਟ ਰਹੀ ਨਿਤ ਦਿਨ, ਪਲ ਪਲ ਛਿਨ ਛਿਨ
ਨਿੱਕੀ ਜਿਹੀ ਜ਼ਿੰਦਗੀ!! □□

17 Blairwood Court, Brampton, Ont. Canada
[onkarpreet@hotmail.com]

ਨਾਬਰੀ

ਜਰਨੈਲ ਸਿੰਘ ਸੇਖਾ

"ਰਾਜੀ, ਵਿਆਹ ਵਿਚ ਮਰਦਾਂ ਵਾਲੇ ਸਾਰੇ ਕੰਮ ਤੂੰ ਆਪ ਹੀ ਕੀਤੇ। ਇੱਥੋਂ ਤਕ ਕਿ ਮੁੰਡੇ ਦਾ ਪੱਲਾ ਵੀ ਕੁੜੀ ਨੂੰ ਤੂੰ ਆਪ ਹੀ ਫੜਾਇਆ। ਏਸ ਦਾ ਕਿਸੇ ਨੇ ਵਿਰੋਧ ਨਹੀਂ ਕੀਤਾ?" ਕੌਫੀ ਦਾ ਪਹਿਲਾ ਘੁੱਟ ਭਰਦਿਆਂ ਹੀ ਤਨਵੀਰ ਨੇ ਵਿਆਹ ਦੀ ਗੱਲ ਛੇੜ ਲਈ। ਆਪਣੀ ਲੜਕੀ ਦੇ ਵਿਆਹ ਵਾਸਤੇ ਲਈਆਂ ਛੁੱਟੀਆਂ ਖਤਮ ਹੋਣ ਮਗਰੋਂ ਰਾਜੀ ਅੱਜ ਹੀ ਆਪਣੀ ਬੈਂਕ ਡਿਉਟੀ 'ਤੇ ਹਾਜ਼ਰ ਹੋਈ ਸੀ ਤੇ ਡਿਉਟੀ ਖਤਮ ਹੋਣ ਮਗਰੋਂ ਆਪਣੀ ਸਹਿਕਰਮਣ ਨਾਲ ਕੌਫੀ-ਸ਼ਾਪ ਵਿਚ ਆ ਬੈਠੀ ਸੀ।

"ਦੇਖ ਤਨੂ, ਇਹ ਕਿਧਰਲੀ ਸਿਆਣਪ ਐ ਬਈ ਨਿਆਣਿਆਂ ਨੂੰ ਤੁਸੀਂ ਪਾਲ਼ੋ ਤੇ ਖੁਸ਼ੀ ਗ਼ਮੀਂ ਮੌਕੇ ਬਿਗਾਨੇ ਮਰਦਾਂ ਨੂੰ ਮੂਹਰੇ ਕਰ ਦਿਉ! ਮੈਂ ਗੁਰਦਵਾਰੇ ਦੇ ਪ੍ਰਧਾਨ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ 'ਮੇਰਾ ਪਤੀ ਨਹੀਂ ਹੈ ਤੇ ਕੁਝ ਪਲਾਂ ਵਾਸਤੇ ਮੈਂ ਕਿਸੇ ਸਕੇ ਸਬੰਧੀ ਨੂੰ ਆਪਣਾ ਖਸਮ ਨਹੀਂ ਬਣਾਉਣਾ। ਪਿਉ ਦੀ ਥਾਂ ਵੀ ਸਾਰੀਆਂ ਰਸਮਾਂ ਮੈਂ ਹੀ ਪੂਰੀਆਂ ਕਰੂੰਗੀ।' ਪ੍ਰਧਾਨ ਨੇ ਇਹ ਗੱਲ ਮੰਨ ਲਈ। ਜਦੋਂ ਰਾਗੀ ਨੇ ਮੁੰਡੇ ਦਾ ਪੱਲਾ ਕੁੜੀ ਨੂੰ ਫੜਾਉਣ ਲਈ ਕਿਹਾ ਤਾਂ ਮੈਂ ਆਪਣੇ ਕੋਲ ਫੜਿਆ ਸੁਨਹਿਰੀ ਪਰਨਾ ਆਪਣੇ ਖੱਬੇ ਸੱਜੇ ਹੱਥ ਨਾਲ ਇਕੱਠਿਆਂ ਹੀ ਦੋਹਾਂ ਦੇ ਹੱਥਾਂ ਵਿਚ ਫੜਾ ਦਿੱਤਾ। ਬੰਦੇ ਦੀ ਥਾਂ 'ਤੇ ਮੈਨੂੰ ਪੱਲਾ ਫੜਾਉਂਦੀ ਨੂੰ ਤਾਂ ਹਰ ਕੋਈ ਅੱਖਾਂ ਪਾੜ ਪਾੜ ਦੇਖ ਰਿਹਾ ਸੀ ਪਰ ਉਸ ਸਮੇਂ ਬੋਲਿਆ ਕੋਈ ਨਹੀਂ ਸੀ।"

"ਊਂ ਰਾਜੀ, ਮੈਂ ਤੇਰੇ ਹੌਸਲੇ ਦੀ ਦਾਦ ਦਿੰਨੀ ਆਂ। ਤੂੰ ਸਾਰੇ ਕੰਮ ਆਪ ਇਕੱਲੀ ਨੇ ਮਰਦ ਬਣ ਕੇ ਸਿਰੇ ਲਾਏ। ਕਿਸੇ ਦੀ ਈਨ ਨਹੀਂ ਮੰਨੀ।" ਤਨਵੀਰ ਨੇ ਰਾਜੀ ਦੇ ਮਰਦਾਵੇਂ ਸੁਭਾਅ ਦੀ ਵਡਿਆਈ ਕੀਤੀ।

"ਤਨੂ, ਮੈਨੂੰ ਤੇਰਾ 'ਮਰਦ ਬਣ ਕੇ ਅਹਿ ਕੀਤਾ, ਮਰਦ ਬਣ ਕੇ ਅਹੁ ਕੀਤਾ' ਕਹਿਣਾ ਬੜੀ ਖਿੱਝ ਚੜ੍ਹਾਉਂਦੈ। ਜਿਵੇਂ ਔਰਤ ਦੀ ਆਪਣੀ ਕੋਈ ਹਸਤੀ ਹੀ ਨਹੀਂ ਹੁੰਦੀ। ਔਰਤ ਜਿਹੜੇ ਕੰਮ ਆਪ ਦੀਦਾ ਦਲੇਰੀ ਨਾਲ ਕਰਦੀ ਐ, ਉਹ ਮਰਦ ਦੇ ਨਾਂ ਕਿਉਂ ਲਾਏ ਜਾਣ! ਐਵੇਂ ਮਰਦ ਦੀ ਫੋਕੀ ਚੌਧਰ ਬਣਾਉਣ ਲਈ!"

"ਇਹ ਤਾਂ ਸਭਾਉਕੀ ਮੁਹਾਵਰਾ ਵਰਤਿਆ ਗਿਆ ਤੇ ਤੂੰ ਗੁੱਸਾ ਹੀ ਕਰ ਲਿਆ।" ਤਨੂ ਨੇ ਨਿੰਮੋਝੂਣੀ ਹੁੰਦਿਆਂ ਕਿਹਾ।

"ਨਹੀਂ, ਮੈਂ ਤੇਰੀ ਗੱਲ ਦਾ ਗੁੱਸਾ ਨਹੀਂ ਕੀਤਾ। ਇਹ ਮੁਹਾਵਰੇ ਵੀ ਇਹਨਾਂ ਮਰਦਾਂ ਨੇ ਹੀ, ਆਪਣੀ ਹਉਂ ਦਾ ਵਿਖਾਵਾ ਕਰਨ ਲਈ ਬਣਾਏ ਐ ਤੇ ਸਾਡੀ ਸੋਚ ਵੀ ਅੱਖਾਂ ਮੀਚ ਕੇ ਉਹਨਾਂ ਮਗਰ ਲੱਗਣ ਦੀ ਬਣ ਗਈ ਐ। ਅਸੀਂ ਆਪਣੀਆਂ ਕੁੜੀਆਂ ਨੂੰ ਵੀ 'ਬੇਟਾ', 'ਪੁੱਤਰ', 'ਸ਼ੇਰਾ' ਕਹਿ ਕੇ ਬਲਾਉਣ ਵਿਚ ਫਖ਼ਰ ਮਹਿਸੂਸ ਕਰਦੀਆਂ। ਏਸ ਤਰ੍ਹਾਂ ਸੁਤੇ ਸਿੱਧ ਹੀ ਅਸੀਂ ਮਰਦ ਦੀ ਸੱਤਾ ਨੂੰ ਸਵੀਕਾਰ ਕਰੀ ਜਾਂਦੀਆਂ। ਇਹ ਨਹੀਂ ਸਮਝਦੀਆਂ ਕਿ ਅਸੀਂ ਆਪ ਹੀ ਔਰਤ ਨੂੰ ਦੁਜੈਲਾ ਦਰਜਾ ਦੇ ਰਹੀਆਂ ਹਾਂ।"

"ਜਿਵੇਂ ਤੂੰ ਕਿਹੈ, ਇਸ ਤਰ੍ਹਾਂ ਤਾਂ ਮੈਂ ਕਦੀ ਸੋਚਿਆ ਈ ਨਹੀਂ ਸੀ।"

"ਕਦੀ ਕਦੀ ਇਸ ਤਰ੍ਹਾਂ ਵੀ ਸੋਚ ਲਿਆ ਕਰ। ਸਦਾ ਖਸਮ ਦੀ ਬੁੱਕਲ ਵਿਚ ਹੀ ਨਾ ਵੜੀ ਰਿਹਾ ਕਰ।"

"ਮੈਂ ਖਸਮ ਦੀ ਬੁੱਕਲ ਵਿਚ ਵੜੀ ਰਵ੍ਹਾਂ ਜਾਂ ਨਾ ਪਰ ਤੈਨੂੰ ਮਰਦਾਂ ਨਾਲ ਇੰਨੀ ਨਫਰਤ ਕਿਉਂ ਆ?"

"ਇਹ ਮਰਦ ਪ੍ਰਤੀ ਨਫਰਤ ਨਹੀਂ ਐ, ਤਨੂ! ਮਰਦ ਦੇ ਦਬਦਬੇ ਤੋਂ ਛੁਟਕਾਰੇ ਦੀ ਗੱਲ ਐ। ਮਰਦ ਤੀਵੀਂ ਨੂੰ ਬਰਾਬਰ ਦਾ ਇਨਸਾਨ ਸਮਝਣ ਦੀ ਬਜਾਏ ਉਸ ਨੂੰ ਆਪਣੀ ਵਰਤਣ ਵਾਲੀ ਸ਼ੈਅ ਸਮਝਦੈ। ਵਿਆਹ ਕਰਵਾ ਕੇ ਮਰਦ ਤੀਵੀਂ ਦਾ ਸਾਥੀ ਨਹੀਂ ਬਣਦਾ ਸਗੋਂ ਉਸ ਦਾ ਖਸਮ ਬਣ ਜਾਂਦੈ।"

"ਤਾਂ ਹੀ ਤੂੰ ਆਪਣੇ ਖਸਮ ਨੂੰ ਤਲਾਕ ਦੇ ਦਿੱਤਾ ਤੇ ਮੁੜ ਵਿਆਹ ਨਾ ਕਰਵਾਇਆ?"

"ਇਉਂ ਹੀ ਸਮਝ ਲੈ ਪਰ ਇਸ ਦੇ ਪਿੱਛੇ ਇਕ ਲੰਮੀ ਕਹਾਣੀ ਐ।"

"ਕੀ ਕਹਾਣੀ ਆ, ਮੈਂ ਵੀ ਸੁਣਾਂ?"

"ਕਹਾਣੀ ਤਾਂ ਮੈਂ ਸੁਣਾ ਦਿਊਂ ਪਰ ਤੈਨੂੰ ਨਿੱਠ ਕੇ ਸੁਣਨੀ ਪੈਣੀ ਐ। ਵਿਚੋਂ ਟੋਕ ਕੇ ਕੁਝ ਪੁੱਛਣ ਨਹੀਂ ਲੱਗ ਜਾਣਾ।"

"ਨਹੀਂ ਕੁਝ ਪੁੱਛਦੀ। ਤੂੰ ਸੁਣਾ ਤਾਂ ਸਹੀ, ਮੈਂ ਸਾਹ ਰੋਕ ਕੇ ਸੁਣ ਲਵਾਂਗੀ।" ਤਨੂ ਨੇ ਕਹਾਣੀ ਸੁਣਨ ਲਈ ਆਪਣੀ ਉਤਸੁਕਤਾ ਪ੍ਰਗਟ ਕੀਤੀ।

"ਅੱਛਾ! ਸਣਾਉਂਦੀ ਆਂ, ਪਹਿਲਾਂ ਮੈਂ ਦੋ ਕੱਪ ਹੋਰ ਭਰਵਾ ਲਿਆਵਾਂ!" ਕਾਊਂਟਰ ਤੋਂ ਕੌਫੀ ਲੈਣ ਜਾਂਦੀ ਰਾਜੀ ਬੋਲੀ।

ਟੇਬਲ ਉਪਰ ਕੌਫੀ ਦੇ ਕੱਪ ਰਖਦਿਆਂ ਉਸ ਨੇ ਦੱਸਣਾ ਸ਼ੁਰੂ ਕੀਤਾ, "ਮੇਰੀ ਮਾਂ ਨੂੰ ਵਿਆਹਿਆਂ ਅਜੇ ਦੋ ਕੁ ਸਾਲ ਹੋਏ ਸੀ ਤੇ ਮੇਰੇ ਜਨਮ ਨੂੰ ਦੋ ਕੁ ਮਹੀਨੇ, ਜਦੋਂ ਮੇਰਾ ਬਾਪ ਚੰਗੀ ਭਲੀ ਹਾਈ ਸਕੂਲ ਦੀ ਨੌਕਰੀ ਛੱਡ ਕੇ ਇੰਗਲੈਂਡ ਚਲਾ ਗਿਆ। ਪਿੱਛੇ ਘਰ ਵਿਚ ਜਿਹੜਾ ਮਰਦ ਰਹਿ ਗਿਆ, ਉਹ ਮੇਰਾ ਸਕਾ ਚਾਚਾ ਸੀ। ਚਾਚਾ ਮੈਨੂੰ ਬਹੁਤ ਪਿਆਰ ਕਰਦਾ ਸੀ ਪਰ ਜਦੋਂ ਦਾਦੀ ਘਰ ਨਾ ਹੁੰਦੀ ਤਾਂ ਉਹ ਮਾਂ ਨਾਲ ਲੜਨ ਲਗਦਾ। ਇਕ ਦਿਨ ਦਾਦੀ ਕਿਤੇ ਵਾਂਢੇ ਗਈ ਹੋਈ ਸੀ। ਉਹ ਰਾਤ ਨੂੰ ਧੱਕੇ ਨਾਲ ਹੀ ਮੇਰੀ ਮਾਂ ਨਾਲ ਆਣ ਪਿਆ ਤੇ ਉਸ ਨਾਲ ਘੁਲਣ ਲੱਗਾ। ਇਹ ਵੀ ਪਰਵਾਹ ਨਾ ਕੀਤੀ ਕਿ ਮੈਂ ਵੀ ਉਸ ਦੇ ਕੋਲ਼ ਪਈ ਹਾਂ। ਮਾਂ ਉਸ ਨੂੰ ਧੱਕੇ ਮਾਰ ਰਹੀ ਸੀ ਤੇ ਬੋਲੀ ਵੀ ਜਾ ਰਹੀ ਸੀ। ਉਹਨਾਂ ਨੂੰ ਲੜਦਿਆਂ ਸੁਣ ਮੇਰੀ ਜਾਗ ਖੁਲ੍ਹ ਗਈ ਤੇ ਮੈਂ ਉੱਚੀ ਉੱਚੀ ਰੋਣ ਲੱਗ ਪਈ। ਉਹ ਮੇਰੇ ਘਸੁੰਨ ਮਾਰ ਕੇ ਗਾਲ੍ਹਾਂ ਕਢਦਾ ਹੋਇਆ ਕਮਰੇ ਵਿਚੋਂ ਬਾਹਰ ਨਿਕਲ ਗਿਆ।

ਅਗਲੇ ਦਿਨ ਜਦੋਂ ਦਾਦੀ ਪਿੰਡ ਮੁੜ ਆਈ ਤਾਂ ਮਾਂ ਨੇ ਉਸ ਕੋਲ਼ ਚਾਚੇ ਦੀ ਸ਼ਕਾਇਤ ਲਾਈ, "ਮਾਤਾ, ਆਪਣੇ ਮੁੰਡੇ ਨੂੰ ਲਗਾਮ ਪਾ ਕੇ ਰੱਖ। ਮੈਂ ਇਕ ਨਾਲ ਵਿਆਹੀ ਆਂ। ਸਾਰੇ ਟੱਬਰ ਦੀ ਰਖੇਲ ਨਹੀਂ।"

"ਬਹੂ, ਘਰ ਦੀ ਇਜ਼ਤ ਘਰ ਵਿਚ ਰਹਿਣੀ ਚਾਹੀਦੀ ਐ। ਬਿਗਾਨੇ ਕੋਠੇ ਟੱਪਣ ਨਾਲੋਂ ਚੰਗਾ ਐ ਕਿ ਤੂੰ ਮੁੰਡੇ ਨੂੰ ਹੱਸ ਕੇ ਬੁਲਾ ਲਿਆ ਕਰੇਂ।" ਦਾਦੀ ਨੇ ਬੜੇ ਸਾਊ ਸ਼ਬਦਾਂ ਵਿਚ ਕਿਹਾ ਸੀ।

ਦਾਦੀ ਦੇ ਬੋਲਾਂ ਨੇ ਮਾਂ ਦਾ ਕਾਲ਼ਜਾ ਸਾੜ ਦਿੱਤਾ ਤੇ ਉਹ ਮੈਨੂੰ ਗੋਦੀ ਚੁੱਕ ਮੇਰੇ ਨਾਨਕੀਂ ਚਲੀ ਗਈ ਪਰ ਮਹੀਨੇ ਕੁ ਮਗਰੋਂ ਮੇਰਾ ਨਾਨਾ ਇਹ ਕਹਿੰਦਾ ਹੋਇਆ ਮਾਂ ਨੂੰ ਪਿੰਡ ਛੱਡ ਗਿਆ ਕਿ 'ਧੀਆਂ ਆਪਣੇ ਘਰੀਂ ਵਸਦੀਆਂ ਹੀ ਚੰਗੀਆਂ ਲਗਦੀਆਂ।'

ਫਿਰ ਮਾਂ ਨੇ ਆਪਣੇ ਵਸੇਬੇ ਲਈ ਇਕ ਸਮਝੌਤਾ ਕਰ ਲਿਆ। ਉਹ ਚਾਚੇ ਨਾਲ ਹੱਸ ਕੇ ਬੋਲਣ ਲੱਗ ਪਈ। ਸ਼ਾਇਦ ਇਹ ਹੱਸ ਕੇ ਬੋਲਣ ਦਾ ਹੀ ਅਸਰ ਸੀ ਕਿ ਇਕ ਦਿਨ ਜਦੋਂ ਮੈਂ ਚੌਥੀ ਜਮਾਤ ਦੀ ਪਰੀਖਿਆ ਦੇ ਕੇ ਖੁਸ਼ੀ ਖੁਸ਼ੀ ਘਰ ਮੁੜੀ ਤਾਂ ਮਾਂ ਦੇ ਇਹ ਬੋਲ ਮੇਰੇ ਕੰਨੀਂ ਪਏ, "... ਛੇਤੀ ਕੋਈ ਹੀਲਾ ਵਸੀਲਾ ਕਰ, ਨਹੀਂ ਤਾਂ ਮੈਂ ਕਿਸੇ ਖੂਹ ਖਾਤੇ ਪੈ ਕੇ ਮਰ ਜਾਣੈ।"

"ਕੱਲ੍ਹ ਨੂੰ ਮਰਦੀ ਐਂ ਅੱਜ ਹੀ ਮਰ। ਮੈਨੂੰ ਕੀ ਪਤਾ ਕੀਹਦਾ ਤੁਖਮ ਲਈ ਫਿਰਦੀ ਐਂ ਆਵਦੇ ਢਿੱਡ ਵਿਚ।" ਇਹ ਕਹਿੰਦਾ ਹੋਇਆ ਚਾਚਾ ਦਰਾਂ ਤੋਂ ਬਾਹਰ ਹੋ ਗਿਆ ਸੀ।

ਮਾਂ ਕਿਸੇ ਖੂਹ ਖਾਤੇ ਪੈ ਕੇ ਤਾਂ ਨਾ ਮਰੀ ਪਰ ਉਹ ਇਕ ਦਿਨ ਗੁਆਂਢਣ ਚਾਚੀ ਨੂੰ ਲੈ ਕੇ ਵਾਂਢੇ ਜ਼ਰੂਰ ਗਈ ਸੀ। ਜਦੋਂ ਉਹ ਘਰ ਮੁੜ ਕੇ ਆਈ ਤਾਂ ਆਉਂਦੀ ਹੀ ਕੋਠੜੀ ਅੰਦਰ ਵੜ ਕੇ ਪੈ ਗਈ। ਦਾਦੀ ਬਿੰਦੇ ਝੱਟੇ ਪਾਟੇ ਪੁਰਾਣੇ ਕਪੜੇ ਲੈ ਕੇ ਕੋਠੜੀ ਅੰਦਰ ਜਾਂਦੀ। ਅੰਦਰੋਂ ਲਹੂ ਲਿਬੜੇ ਕਪੜੇ ਲਿਆ ਕੇ ਇਕ ਬਾਲਟੀ ਵਿਚ ਸੁੱਟ ਦਿੰਦੀ। ਮੈਂ ਕੋਠੜੀ ਅੰਦਰ ਜਾ ਕੇ ਮਾਂ ਨੂੰ ਦੇਖਣਾ ਚਾਹਿਆ ਤਾਂ ਦਾਦੀ ਨੇ ਅੰਦਰ ਨਹੀਂ ਸੀ ਜਾਣ ਦਿੱਤਾ ਤੇ ਬੜੇ ਪਿਆਰ ਨਾਲ ਕਿਹਾ, 'ਰਾਜੀ ਪੁੱਤਰ, ਤੇਰੀ ਮਾਂ ਬਿਮਾਰ ਐ। ਤੂੰ ਬਾਹਰ ਜਾ ਕੇ ਸੀਬੋ ਨਾਲ ਖੇਡ।' ਜਦੋਂ ਮੈਂ ਗੁਆਂਢਣ ਚਾਚੀ ਦੇ ਘਰ ਆਪਣੀ ਹਾਨਣ ਸੀਬੋ ਨਾਲ ਖੇਡਣ ਜਾ ਰਹੀ ਸਾਂ ਤਾਂ ਗੁਆਂਢਣ ਚਾਚੀ ਹਕੀਮ ਨੂੰ ਲੈ ਕੇ ਸਾਡੇ ਘਰ ਆ ਰਹੀ ਸੀ। ਸੀਬੋ ਨਾਲ ਖੇਡਣ ਨੂੰ ਮੇਰਾ ਜੀਅ ਨਹੀਂ ਸੀ ਕੀਤਾ ਤੇ ਮੈਂ ਚੁੱਪ ਕਰਕੇ ਬੈਠੀ ਰਹੀ। ਜਦੋਂ ਗੁਆਂਢਣ ਚਾਚੀ ਘਰ ਮੁੜ ਆਈ ਤਾਂ ਮੈਂ ਭੱਜ ਕੇ ਘਰ ਆ ਗਈ। ਉਸ ਸਮੇਂ ਹਕੀਮ ਚਲਾ ਗਿਆ ਸੀ ਤੇ ਮਾਂ ਵਿਹੜੇ ਵਿਚ ਮੰਜੀ 'ਤੇ ਪਈ ਹੂੰਗ ਰਹੀ ਸੀ।

ਮਾਂ ਦੀ ਬਿਮਾਰੀ ਤੋਂ ਅਗਲੇ ਦਿਨ ਹੀ ਦਾਦੀ ਨੇ ਮੇਰੇ ਬਾਪ ਨੂੰ ਗੁਆਂਢੀ ਚਾਚੇ ਕੋਲ਼ੋਂ ਚਿੱਠੀ ਲਿਖਵਾਈ ਸੀ। ਦਾਦੀ ਨੇ ਤਾਂ ਪਤਾ ਨਹੀਂ ਕੀ ਲਿਖਵਾਇਆ ਹੋਵੇਗਾ ਪਰ ਜਿਹੜੀ ਚਿੱਠੀ ਮਾਂ ਨੇ ਮੇਰੇ ਕੋਲ਼ੋਂ ਲਿਖਵਾਈ, ਉਹ ਕੁਝ ਇਸ ਤਰ੍ਹਾਂ ਸੀ, 'ਹੁਣ ਤਾਂ ਸਾਡੀਆਂ ਕਾਪੀਆਂ ਵੀ ਬਣ ਕੇ ਆ ਗਈਆਂ। ਹੁਣ ਤਾਂ ਸੱਦ ਲੈ ਸਾਨੂੰ ਆਪਣੇ ਕੋਲ਼। ਅਸੀਂ ਏਥੇ ਬਹੁਤ ਔਖੇ ਆਂ, ਸਾਨੂੰ ਈ ਪਤਾ ਸਾਡੇ ਦਿਨ ਕਿਵੇਂ ਨਿਕਲਦੇ ਆ। ਜੇ ਨਾ ਸੱਦਿਆ ਤਾਂ ਮੈਂ ਊਂ ਕਿਸੇ ਖੂਹ ਖਾਤੇ ਪੈ ਕੇ ਮਰ ਜਾਣੈ ਤੇ ਤੇਰੀ ਕੁੜੀ ਨੇ ਏਥੇ ਰੁਲ਼ ਕੇ ਮਰ ਜਾਣੈ। ਫੇਰ ਨਾ ਕਹੀਂ ਦੱਸਿਆ ਨਹੀਂ ਸੀ। ਜੇ ਸਾਨੂੰ ਨਹੀਂ ਸੱਦਣਾ ਤਾਂ ਫੇਰ ਤੂੰ ਆਪ ਹੀ ਵਾਪਸ ਆ ਜਾ। ਅਸੀਂ ਥੋੜ੍ਹੀ ਨਾਲ ਸਾਰ ਲਵਾਂਗੇ।'

ਹੋ ਸਕਦੈ, ਇਹ ਚਿੱਠੀਆਂ ਦਾ ਅਸਰ ਹੋਵੇ ਜਾਂ ਸਾਡੇ ਪਾਸਪੋਰਟ ਬਣਨ ਦੀ ਉਡੀਕ ਵਿਚ ਹੋਵੇ, ਕੁਝ ਦਿਨਾਂ ਬਾਅਦ ਹੀ ਪਾਪਾ ਪਿੰਡ ਆ ਗਿਆ ਤੇ ਵਾਪਸੀ ਸਮੇਂ ਸਾਨੂੰ ਆਪਣੇ ਨਾਲ ਲੈ ਗਿਆ। ਇੰਗਲੈਂਡ ਤੋਂ ਪਾਪਾ ਦੇ ਬਹੁਤ ਸਾਰੇ ਦੋਸਤ ਕੈਨੇਡਾ ਮੂਵ ਹੋ ਗਏ ਸਨ। ਸਾਡੇ ਇੰਗਲੈਂਡ ਜਾਣ ਤੋਂ ਕੁਝ ਮਹੀਨਿਆਂ ਮਗਰੋਂ ਅਸੀਂ ਵੀ ਕੈਨੇਡਾ ਆ ਗਏ। ਅਸੀਂ ਇਕ ਨਵੀਂ ਦੁਨੀਆ ਵਿਚ ਪ੍ਰਵੇਸ਼ ਕੀਤਾ ਤੇ ਛੇਤੀ ਹੀ ਇਹ ਦੁਨੀਆ ਸਾਨੂੰ ਰਾਸ ਵੀ ਆ ਗਈ। ਹੋਰ ਸਭ ਠੀਕ ਚਲ ਰਿਹਾ ਸੀ ਪਰ ਸਾਨੂੰ ਇਥੇ ਆਇਆਂ ਨੂੰ ਚਾਰ ਸਾਲ ਹੋਣ 'ਤੇ ਵੀ ਮਾਂ ਨੇ ਪਾਪਾ ਦੀ ਪੁੱਤਰ ਵਾਲੀ ਚਾਹਤ ਪੂਰੀ ਨਹੀਂ ਸੀ ਕੀਤੀ। ਪਾਪਾ ਕੰਮ ਤੋਂ ਆ ਕੇ ਆਥਣ ਨੂੰ ਜਦੋਂ ਇਕ ਗਲਾਸੀ ਲਾ ਕੇ ਬੈਠਦਾ ਤਾਂ ਮਾਂ ਨੂੰ ਇਹੋ ਨਿਹੋਰਾ ਮਾਰਦਾ ਕਿ ਉਹ ਉਸ ਨੂੰ ਇਕ ਪੁੱਤਰ ਜਣ ਕੇ ਨਹੀਂ ਦੇ ਸਕੀ ਪਰ ਮਾਂ ਅੱਗੋਂ ਰੱਬ ਦੇ ਸਿਰ ਭਾਂਡਾ ਭੰਨ ਦਿੰਦੀ। ਇਕ ਦਿਨ ਗਲਾਸੀ ਲਾਉਣ ਮਗਰੋਂ ਪਾਪਾ ਮਾਂ ਨੂੰ ਆਪਣੇ ਕੋਲ਼ ਸੱਦ ਕੇ ਕਹਿਣ ਲੱਗਾ, 'ਸ਼ਾਮ ਕੁਰੇ, ਚਾਰ ਸਾਲ ਹੋ ਗਏ ਉਡੀਕ ਕਰਦਿਆਂ ਕਿ ਆਪਣੇ ਘਰ ਵਿਚ ਵੀ ਕਦੀ ਕਿਸੇ ਨੰਨ੍ਹੇ ਮੁੰਨੇ ਦੀਆਂ ਕਿਲਕਾਰੀਆਂ ਗੂੰਜਣਗੀਆਂ, ਪਰ ਉਹ ਸਮਾਂ ਅਜੇ ਤਾਈਂ ਨਹੀਂ ਆਇਆ। ਹੋ ਸਕਦੈ ਆਪਣੇ ਵਿਚ ਹੀ ਕੋਈ ਘਾਟ ਹੋਵੇ। ਏਸ ਵਾਸਤੇ ਮੈਂ ਡਾਕਟਰ ਕੋਲ਼ੋਂ ਸਲਾਹ ਲੈਣ ਬਾਰੇ ਸੋਚਿਐ।'

'ਚੰਗੀ ਗੱਲ ਐ। ਜ਼ਰੂਰ ਸਲਾਹ ਲੈਣੀ ਚਾਹੀਦੀ ਐ।' ਮਾਂ ਨੇ ਝੱਟ ਹਾਮੀ ਭਰ ਦਿੱਤੀ। ਅਗਲੇ ਦਿਨ ਹੀ ਉਹ ਹਸਪਤਾਲ ਚਲੇ ਗਏ। ਮਾਂ ਦੇ ਸਾਰੇ ਟੈਸਟ ਹੋ ਜਾਣ ਮਗਰੋਂ ਜਿਹੜੀ ਰਿਪੋਰਟ ਸਾਹਮਣੇ ਆਈ, ਉਸ ਨੇ ਘਰ ਵਿਚ ਇਕ ਤਰ੍ਹਾਂ ਦਾ ਭੂਚਾਲ ਹੀ ਲੈ ਆਂਦਾ। ਰਿਪੋਰਟ ਵਿਚ ਬੱਚਾ ਪੈਦਾ ਨਾ ਹੋਣ ਦਾ ਕਾਰਨ ਗਰਭਪਾਤ ਹੋਣ ਸਮੇਂ ਬੱਚੇਦਾਨੀ ਵਿਚ ਨੁਕਸ ਪੈਣਾ ਦੱਸਿਆ ਗਿਆ ਸੀ।

ਪਾਪਾ ਬੜੀ ਦੇਰ ਰਿਪੋਰਟ ਪੜ੍ਹਦਾ ਰਿਹਾ ਤੇ ਕ੍ਰਿਝਦਾ ਰਿਹਾ। ਅਖੀਰ ਜੱਕੋ ਤੱਕੀ ਕਰਦਿਆਂ ਉਸ ਨੇ ਮਾਂ ਕੋਲੋਂ ਪੁੱਛ ਹੀ ਲਿਆ, 'ਸ਼ਾਮ ਕੁਰੇ, ਜਦੋਂ ਮੈਂ ਇੰਗਲੈਂਡ ਗਿਆ ਸੀ ਤਾਂ ਰਾਜੀ ਕਿੰਨੇ ਮਹੀਨਿਆਂ ਦੀ ਸੀ?'

'ਏਹੀ ਕੋਈ ਢਾਈ ਤਿੰਨ ਮਹੀਨੇ ਦੀ ਹੋਊਗੀ, ਕਿਉਂ?'

'ਹੂੰਅ! ਇੰਗਲੈਂਡ ਗਿਆ ਮੈਂ ਦਸ ਸਾਲਾਂ ਮਗਰੋਂ ਪਿੰਡ ਮੁੜਿਆ ਸੀ, ਫੇਰ ਇਹ ਰਿਪੋਰਟ ਵਿਚ ਗਰਭਪਾਤ ਵਾਲੀ ਗੱਲ ਕਿਵੇਂ ਆ ਗਈ, ਮੈਨੂੰ ਇਸ ਦੀ ਸਮਝ ਨਹੀਂ ਆ ਰਹੀ।'

'ਇਹ ਗੱਲ ਆਵਦੇ ਛੋਟੇ ਭਰਾ ਤੇ ਆਪਣੀ ਮਾਂ ਕੋਲੋਂ ਪੁੱਛੀਂ, ਫੇਰ ਆਪੇ ਸਮਝ ਆ ਜਾਊ।' ਮਾਂ ਨੇ ਬੜੇ ਕਟਾਖਸ਼ ਭਰੇ ਲਹਿਜ਼ੇ ਵਿਚ ਕਿਹਾ ਤੇ ਪਾਪਾ ਕੋਲੋਂ ਉਠ ਕੇ ਰਸੋਈ ਵਿਚ ਚਲੀ ਗਈ।

ਉਸ ਦਿਨ ਤੋਂ ਮਗਰੋਂ ਪਾਪਾ ਨੇ ਘਰ ਵੱਲ ਧਿਆਨ ਦੇਣਾ ਛੱਡ ਦਿੱਤਾ ਤੇ ਗਲਾਸੀਆਂ ਦੀ ਗਿਣਤੀ ਵਧਾ ਲਈ। ਸਵੇਰੇ ਘਰੋਂ ਨਿਕਲ ਜਾਂਦਾ ਤੇ ਸ਼ਰਾਬ ਦਾ ਰੱਜਿਆ ਘਰ ਆਉਂਦਾ। ਐਵੇਂ ਹੀ ਕੋਈ ਬਹਾਨਾ ਬਣਾ ਕੇ ਮਾਂ ਨਾਲ ਲੜਨ ਝਗੜਨ ਲਗਦਾ। ਘਰ ਵਿਚ ਨਿੱਤ ਦਾ ਕਲੇਸ਼ ਰਹਿਣ ਲੱਗਾ। ਇਕ ਦਿਨ ਗੱਲ ਹੱਦਾਂ ਬੰਨੇ ਹੀ ਟੱਪ ਗਈ। ਜਦੋਂ ਮਾਂ ਫਿਸ਼ ਕੈਨਰੀ ਵਿਚੋਂ ਆਪਣੀ ਡਿਉਟੀ ਪੂਰੀ ਕਰ ਕੇ ਘਰ ਆਈ ਤਾਂ ਪਾਪਾ ਆਪਣੇ ਕੁਝ ਦੋਸਤਾਂ ਨਾਲ ਬੇਸਮਿੰਟ ਵਿਚ ਮਹਿਫਲ ਜਮਾਈ ਬੈਠਾ ਸੀ। ਮਾਂ ਨੇ ਨਹਾ ਕੇ ਕੰਮ ਵਾਲੇ ਕਪੜੇ ਲਾਂਡਰੀ ਵਿਚ ਰੱਖ ਦਿੱਤੇ ਤੇ ਆਪ ਚਾਹ ਬਣਾਉਣ ਰਸੋਈ ਵਿਚ ਚਲੀ ਗਈ। ਉਸ ਸਮੇਂ ਮੈਂ ਗਿਆਰਵੀਂ ਵਿਚ ਪੜ੍ਹਦੀ ਸੀ ਤੇ ਆਪਣੇ ਕਮਰੇ ਵਿਚ ਬੈਠੀ ਇਕ ਪਰੋਜੈਕਟ ਤਿਆਰ ਕਰ ਰਹੀ ਸੀ। ਆਪਣੇ ਦੋਸਤਾਂ ਨੂੰ ਤੋਰ ਕੇ ਪਾਪਾ ਭਰਿਆ ਪੀਤਾ ਉਪਰ ਆਇਆ ਤੇ ਆਉਂਦਿਆਂ ਹੀ ਮਾਂ ਨੂੰ ਗੁੱਤੋਂ ਫੜ ਲਿਆ, 'ਹਰਾਮਜ਼ਾਦੀਏ, ਤੈਨੂੰ ਪਤਾ ਨਹੀਂ ਸੀ ਕਿ ਉੱਥੇ ਮੇਰੇ ਦੋਸਤ ਬੈਠੇ ਐ ਤੇ ਤੂੰ ਸਾਰੀ ਬੇਸਮਿੰਟ ਵਿਚ ਮੱਛੀ ਦੀ ਬਦਬੂ ਖਿਲਾਰ ਆਈ ਏਂ।'

'ਕਪੜੇ ਤਾਂ ਮੈਂ ਮਸ਼ੀਨ ਵਿਚ ਪਾ ਕੇ ਲਾਂਡਰੀ ਦਾ ਡੋਰ ਬੰਦ ਕਰ ਦਿੱਤਾ ਸੀ, ਫੇਰ ਬੂ ਕਿੱਥੋਂ ਆ ਗਈ!' ਮਾਂ ਨੇ ਉਸ ਕੋਲੋਂ ਆਪਣੀ ਗੁੱਤ ਛਡਾਉਂਦਿਆਂ ਕਿਹਾ।

ਉਹਨਾਂ ਨੂੰ ਲੜਦਿਆਂ ਸੁਣ ਕੇ ਮੈਂ ਵੀ ਕਮਰੇ 'ਚੋਂ ਬਾਹਰ ਆ ਗਈ। ਪਾਪਾ ਨੇ ਮਾਂ ਦੀ ਗੱਲ੍ਹ 'ਤੇ ਇਕ ਥੱਪੜ ਮਾਰਦਿਆਂ ਕਿਹਾ, 'ਹੋਰ ਉਹਨਾਂ ਨੂੰ ਬਦਬੂ ਅਕਾਸ਼ ਵਿਚੋਂ ਆ ਗਈ ਸੀ!' ਦੂਜਾ ਥੱਪੜ ਮਾਰਨ ਲਈ ਉਸ ਨੇ ਹੱਥ ਚੁੱਕਿਆ ਹੀ ਸੀ ਕਿ ਮਾਂ ਨੇ ਧੱਕਾ ਮਾਰ ਕੇ ਸੁੱਟ ਦਿੱਤਾ, 'ਹੁਣ ਮਾਰ ਕੇ ਦੇਖ! ਤੇਰਾ ਤਾਂ ਨਿੱਤ ਦਾ ਹੀ ਇਹ ਕੰਮ ਹੋ ਗਿਆ।' ਮਾਂ ਸ਼ੀਹਣੀ ਵਾਂਗ ਦਹਾੜੀ। ਮੈਂ ਵੀ ਮਾਂ ਦੇ ਕੋਲ ਜਾ ਖੜ੍ਹੀ। ਮੈਨੂੰ ਵੀ ਪਾਪਾ 'ਤੇ ਬਹੁਤ ਗੁੱਸਾ ਆ ਗਿਆ ਸੀ। ਪਾਪਾ ਕੁਝ ਨਹੀਂ ਬੋਲਿਆ ਪਰ ਕਹਿਰੀ ਅੱਖਾਂ ਨਾਲ ਸਾਡੇ ਵੱਲ ਦੇਖਦਾ ਰਿਹਾ ਤੇ ਫੇਰ ਚੁੱਪ ਕਰ ਕੇ ਕਮਰੇ ਅੰਦਰ ਜਾ ਕੇ ਪੈ ਗਿਆ ਅਤੇ ਅਗਲੇ ਦਿਨ ਘਰ ਛੱਡ ਕੇ ਚਲਾ ਗਿਆ। ਉਸ ਨੇ ਮਾਂ ਦੇ ਚਰਿੱਤਰ 'ਤੇ ਉਜ ਲਾ ਕੇ ਤਲਾਕ ਦਾ ਕੇਸ ਕਰ ਦਿੱਤਾ। ਜਿੰਨੀ ਦੇਰ ਤਕ ਕੇਸ ਦਾ ਫੈਸਲਾ ਨਹੀਂ ਹੋ ਗਿਆ ਉਸ ਨੇ ਸਾਡੇ ਨੱਕ ਵਿਚ ਦਮ ਕਰੀ ਰੱਖਿਆ। ਘਰ ਵੀ ਵਿਕ ਗਿਆ ਤੇ ਕੁਝ ਸਮਾਂ ਸਾਨੂੰ ਕਰਾਏ ਦੀ ਬੇਸਮਿੰਟ ਵਿਚ ਰਹਿਣਾ ਪਿਆ। ਮੈਂ ਅਗਾਂਹ ਯੂਨੀਵਰਸਿਟੀ ਵਿਚ ਪੜ੍ਹਨਾ ਚਾਹੁੰਦੀ ਸੀ ਪਰ ਮਾਂ ਦੀ ਆਮਦਨ ਨਾਲ ਤਾਂ ਘਰ ਦੇ ਖਰਚੇ ਹੀ ਮਸਾਂ ਪੂਰੇ ਹੁੰਦੇ ਸੀ। ਇਸ ਕਰਕੇ ਮੈਂ ਯੂਨੀਵਰਸਿਟੀ ਤਾਂ ਨਾ ਜਾ ਸਕੀ ਪਰ ਰਾਤਰੀ ਕਾਲਿਜ ਵਿਚੋਂ ਬੈਂਕਿੰਗ ਦਾ ਕੋਰਸ ਜ਼ਰੂਰ ਕਰ ਲਿਆ।

ਜਦੋਂ ਮੈਨੂੰ ਬੈਂਕ ਵਿਚ ਨੌਕਰੀ ਮਿਲ ਗਈ ਤਾਂ ਮਾਂ ਨੂੰ ਮੇਰੇ ਵਿਆਹ ਦੀ ਫਿਕਰ ਹੋ ਗਈ। ਉਸ ਨੇ ਮੇਰੇ ਕੋਲੋਂ ਵਿਆਹ ਬਾਰੇ ਪੁੱਛਿਆ ਤਾਂ ਮੈਂ ਚੰਦਨ ਦਾ ਨਾਮ ਲੈ ਦਿੱਤਾ। ਜਦੋਂ ਅਸੀਂ ਕੈਨੇਡਾ ਆਏ ਸੀ ਤਾਂ ਚੰਦਨ ਦਾ ਪਰਿਵਾਰ ਸਾਡਾ ਗੁਆਂਢੀ ਸੀ ਤੇ ਅਸੀਂ ਛੇ ਸਾਲ ਇਕੱਠੇ ਹੀ

ਪੜ੍ਹਦੇ ਰਹੇ ਸੀ। ਅਸੀਂ ਇਕ ਦੂਜੇ ਨੂੰ ਬਹੁਤ ਪਿਆਰ ਕਰਦੇ ਸੀ। ਉਹਨਾਂ ਦਾ ਫਿਜ਼ੀ ਦਾ ਪਿਛੋਕੜ ਤੇ ਜਾਤੀ ਹੋਰ ਹੋਣ ਕਰਕੇ ਮਾਂ ਕਿਸੇ ਸੂਰਤ ਵਿਚ ਵੀ ਇਸ ਰਿਸ਼ਤੇ ਵਾਸਤੇ ਤਿਆਰ ਨਾ ਹੋਈ। ਚੰਦਨ ਦਾ ਪਰਿਵਾਰ ਵੀ ਇਸ ਰਿਸ਼ਤੇ ਦੇ ਹੱਕ ਵਿਚ ਨਹੀਂ ਸੀ। ਮਾਂ ਨੇ ਆਪਣੀ ਭੈਣ ਦੀ ਨਣਦ ਦੇ ਮੁੰਡੇ ਨਾਲ ਮੇਰੇ ਵਿਆਹ ਦੀ ਗੱਲ ਚਲਾ ਦਿੱਤੀ, ਜਿਹੜਾ ਕਿ ਇੱਥੇ ਰਫਿਊਜੀ ਬਣ ਕੇ ਰਹਿ ਰਿਹਾ ਸੀ। ਉਹ ਪਹਿਲਾਂ ਵੀ ਕਈ ਵਾਰ ਸਾਡੇ ਘਰ ਆਇਆ ਸੀ ਤੇ ਸੁਹਣਾ ਸੁਨੱਖਾ ਗਭਰੂ ਸੀ। ਇਕ ਦਿਨ ਮਾਂ ਨੇ ਆਪਣੀ ਰਿਸ਼ਤੇਦਾਰੀ ਦਾ ਵਾਸਤਾ ਪਾ ਕੇ ਮੈਨੂੰ ਕਿਹਾ, 'ਤੇਰੀ ਮਾਸੀ ਦੀਆਂ ਕਈ ਚਿੱਠੀਆਂ ਆਈਆਂ। ਉਹ ਤੇਰਾ ਰਿਸ਼ਤਾ ਓਸ ਮੁੰਡੇ ਨਾਲ ਕਰਵਾਉਣਾ ਚਾਹੁੰਦੀ ਐ। ਮੁੰਡਾ ਪੜ੍ਹਿਆ ਲਿਖਿਆ ਤੇ ਦੇਖਣੀ ਪਾਖਣੀ ਵਿਚ ਸੁਹਣਾ ਐ। ਜੇ ਤੂੰ ਇਸ ਨਾਲ ਵਿਆਹ ਕਰਵਾ ਲਵੇਂ ਤਾਂ ਉਹ ਏਥੇ ਪੱਕਾ ਹੋ ਜਾਊ ਤੇ ਤੇਰੀ ਮਾਸੀ ਦੀ ਇਜ਼ਤ ਵੀ ਉਹਦੇ ਸਹੁਰਿਆਂ ਵਿਚ ਵਧ ਜਾਊ।'

ਮਾਂ ਦੇ ਬਾਰ ਬਾਰ ਤਰਲੇ ਕਰਨ ਅਤੇ ਪਾਪਾ ਵੱਲੋਂ ਬਣਾਈ ਮਾਂ ਦੀ ਤਰਸਯੋਗ ਹਾਲਤ ਦੇਖ ਕੇ ਮੈਂ ਹਾਮੀ ਭਰ ਦਿੱਤੀ। ਮੈਂ ਵੀ ਸੋਚਿਆ, 'ਜੇ ਚੰਦਨ ਨਾਲ ਵਿਆਹ ਨਹੀਂ ਹੋ ਸਕਦਾ ਤਾਂ ਇਹ ਮੁੰਡਾ ਵੀ ਮਾੜਾ ਨਹੀਂ।

ਜਦੋਂ ਮੇਰਾ ਵਿਆਹ ਹੋ ਗਿਆ ਤਾਂ ਮੇਰਾ ਪਤੀ, ਗੁਰਚੇਤ ਸਿੰਘ ਪਹਿਲਾਂ ਪਹਿਲਾਂ ਬਹੁਤ ਬੀਬਾ ਰਾਣਾ ਬਣ ਕੇ ਰਿਹਾ। ਮੇਰੇ ਨਾਲ ਬੜਾ ਪਿਆਰ ਜਤਾਉਂਦਾ। ਹਰ ਗੱਲ ਮੇਰੇ ਕੋਲੋਂ ਪੁੱਛ ਕੇ ਕਰਦਾ। ਜੇ ਮੇਰੇ ਕੋਲੋਂ ਪਿਆਰ ਵੀ ਚਾਹੁੰਦਾ ਤਾਂ ਇਸ ਤਰ੍ਹਾਂ ਜਾਪਦਾ ਜਿਵੇਂ ਉਹ ਮੇਰੇ ਕੋਲੋਂ ਪਿਆਰ ਦੀ ਭੀਖ ਮੰਗ ਰਿਹਾ ਹੋਵੇ। ਉਹ ਟੈਕਸੀ ਚਲਾਉਂਦਾ ਸੀ। ਇਕ ਦਿਨ ਬੜਾ ਨਿਮਾਣਾ ਜਿਹਾ ਬਣ ਕੇ ਉਸ ਨੇ ਕਿਹਾ, 'ਇਕ ਟੈਕਸੀ ਦੀ ਪਲੇਟ ਵਿਕ ਰਹੀ ਹੈ। ਬੜੀ ਸਸਤੀ। ਜੇ ਕਹੋਂ ਤਾਂ ਆਪਾਂ ਉਹ ਪਲੇਟ ਖਰੀਦ ਲਈਏ!' ਉਸ ਦੇ ਕਹਿਣ 'ਤੇ ਮੈਂ ਉਸ ਨੂੰ ਟੈਕਸੀ ਪਲੇਟ ਖਰੀਦ ਦਿੱਤੀ। ਉਹ ਟੈਕਸੀ ਦਾ ਮਾਲਕ ਬਣ ਗਿਆ।

ਸਾਲ ਕੁ ਬਾਅਦ ਜਿਉਂ ਹੀ ਉਸ ਨੂੰ ਇੱਥੇ ਪੱਕੇ ਰਹਿਣ ਦੀ ਆਗਿਆ ਮਿਲ ਗਈ ਤਾਂ ਉਸ ਦਾ ਅੰਦਰਲਾ ਮਰਦ ਬਾਹਰ ਆ ਗਿਆ ਤੇ ਉਸ ਨੇ ਆਪਣਾ ਮਰਦਊਪੁਣਾ ਦਿਖਾਉਣਾ ਸ਼ੁਰੂ ਕਰ ਦਿੱਤਾ। ਮੇਰੇ ਪਹਿਰਾਵੇ ਦੀ ਟੋਕ ਟਕਾਈ ਕਰਨ ਲੱਗਾ। ਉਸ ਨੂੰ ਕਿਧਰੋਂ ਚੰਦਨ ਨਾਲ ਮੇਰੇ ਪਹਿਲੇ ਸੰਬੰਧਾਂ ਦਾ ਪਤਾ ਲੱਗ ਗਿਆ ਸੀ। ਉਹ ਮੇਰੇ ਚਰਿੱਤਰ ਉਪਰ ਸ਼ੱਕ ਕਰਦਾ। ਉਹ ਮੈਨੂੰ ਕੰਮ ਵਾਲੀ ਥਾਂ ਜਾਣ ਤੋਂ ਬਿਨਾਂ ਹੋਰ ਕਿਸੇ ਪਾਸੇ ਜਾਣੋਂ ਰੋਕਣ ਲੱਗਾ। ਜੇ ਕਿਤੇ ਮੈਂ ਜ਼ਰੂਰੀ ਜਾਣਾ ਹੁੰਦਾ ਤਾਂ ਉਹ ਮੇਰੇ ਨਾਲ ਜਾਂਦਾ। ਚੋਰੀ ਚੋਰੀ ਮੇਰੀ ਨਿਗਰਾਨੀ ਵੀ ਕਰਦਾ। ਕਿਸੇ ਜਾਣੂੰ ਮਰਦ ਨਾਲ ਗੱਲ ਕਰਨ 'ਤੇ ਸਮਝਦਾ ਜਿਵੇਂ ਮੈਂ ਆਪਣੇ ਕਿਸੇ ਯਾਰ ਨਾਲ ਗੱਲ ਰਹੀ ਹੋਵਾਂ। ਉਸ ਬੰਦੇ ਬਾਰੇ ਉਹ ਬਾਰ ਬਾਰ ਪੁੱਛਦਾ। ਸਾਲ ਬਾਅਦ ਮੈਂ ਇਕ ਕੁੜੀ ਨੂੰ ਜਨਮ ਦਿੱਤਾ, ਪਰ ਉਸ ਨੂੰ ਆਪਣੀ ਧੀ ਨਾਲ ਵੀ ਕੋਈ ਮੋਹ ਨਹੀਂ ਜਾਗਿਆ। ਸਗੋਂ ਉਸ ਨੇ ਕੁੜੀ ਦਾ ਪਿਉ ਹੋਣ 'ਤੇ ਵੀ ਸ਼ੱਕ ਕੀਤਾ। ਫਿਰ ਇਕ ਦਿਨ ਉਹ ਟੈਕਸੀ ਵੇਚ ਕੇ ਤੇ ਬੈਂਕ ਦੇ ਸਾਂਝੇ ਖਾਤੇ ਵਿਚੋਂ ਸਾਰੀ ਰਕਮ ਕਢਵਾ ਕੇ ਕਿਧਰੇ ਪਤਰਾ ਵਾਚ ਗਿਆ। ਉਸ ਹੱਥੋਂ ਮੈਂ ਵੀ ਬਹੁਤ ਦੁਖੀ ਸਾਂ ਜਿਸ ਕਾਰਨ ਮੈਂ ਵੀ ਉਸ ਦਾ ਪਿੱਛਾ ਨਹੀਂ ਕੀਤਾ ਤੇ ਤਿੰਨ ਕੁ ਮਹੀਨੇ ਮਗਰੋਂ ਤਲਾਕ ਦਾ ਕੇਸ ਕਰ ਦਿੱਤਾ। ਉਸ ਦੀ ਗ਼ੈਰਹਾਜ਼ਰੀ ਵਿਚ ਛੇਤੀ ਹੀ ਤਲਾਕ ਮਿਲ ਗਿਆ ਤੇ ਮੈਂ ਸੁਰਖਰੂ ਹੋ ਗਈ।

ਮੇਰਾ ਵਿਆਹ ਕਰਨ ਲਈ ਮਾਂ ਫੇਰ ਕਾਹਲੀ ਸੀ ਪਰ ਮੈਂ ਆਨਾਕਾਨੀ ਕਰਦੀ ਰਹੀ। ਜੇ ਐਲੀਸਾ ਬਦਲ ਕੇ ਇਸ ਬੈਂਕ ਵਿਚ ਨਾ ਆਈ ਹੁੰਦੀ ਤਾਂ ਸ਼ਾਇਦ ਮੁੜ ਫੇਰ ਵਿਆਹ ਵਾਲਾ ਕਰੀਂਡਲ ਮੇਰੇ ਗਲ਼ ਵਿਚ ਪੈ ਹੀ ਜਾਂਦਾ। ਪਰ ਉਸ ਦੀ ਸੰਗਤ ਨੇ ਤਾਂ ਮਰਦਾਂ ਪ੍ਰਤੀ ਮੇਰੀ ਸੋਚ ਨੂੰ ਹੀ ਬਦਲ ਕੇ ਰੱਖ ਦਿੱਤਾ। ਪਿਛਲੇ ਸਾਲ ਜਦੋਂ ਮਾਂ ਦੀ ਮੌਤ ਹੋਈ ਤਾਂ ਚੰਦਨ ਨੇ ਅਖਬਾਰ

ਵਿਚੋਂ ਪੜ੍ਹ ਲਿਆ ਸੀ ਤੇ ਉਹ ਮਾਂ ਦੇ ਸਸਕਾਰ 'ਤੇ ਆਇਆ ਸੀ। ਉਦੋਂ ਹੀ ਉਸ ਨੂੰ ਪਤਾ ਲੱਗਾ ਕਿ ਮੇਰਾ ਤਲਾਕ ਹੋ ਗਿਆ ਹੈ। ਉਹ ਫੇਰ ਇਕ ਵਾਰ ਉਚੇਚਾ ਮੈਨੂੰ ਮਿਲਣ ਆਇਆ ਤੇ ਕਹਿਣ ਲੱਗਾ, 'ਰਾਜੀ, ਮੇਰਾ ਵੀ ਤਲਾਕ ਹੋ ਚੁੱਕਿਆ ਤੇ ਸਾਡੇ ਕੋਈ ਬੱਚਾ ਵੀ ਨਹੀਂ ਸੀ। ਮੈਂ ਚਾਹੁਨਾਂ ਕਿ ਆਪਾਂ ਵਿਆਹ ਕਰਵਾ ਲਈਏ!'

'ਚੰਦਨ, ਇਹ ਗੱਲ ਭੁੱਲ ਕੇ ਵੀ ਨਾ ਕਹਿ ਬੈਠੀਂ। ਵਿਆਹ ਦੇ ਨਾਮ ਤੋਂ ਈ ਮੈਨੂੰ ਨਫਰਤ ਐ।'

'ਚਲ ਵਿਆਹ ਨਾ ਸਹੀ, ਆਪਾਂ ਚੰਗੇ ਦੋਸਤ ਬਣ ਕੇ ਤਾਂ ਰਹਿ ਸਕਦੇ ਹਾਂ।'

'ਨਹੀਂ! ਮੈਨੂੰ ਕਿਸੇ ਮਰਦ ਦੀ ਦੋਸਤੀ ਵੀ ਨਹੀਂ ਚਾਹੀਦੀ।' ਮੈਂ ਉਸ ਨੂੰ ਤੋੜ ਕੇ ਜਵਾਬ ਦੇ ਦਿੱਤਾ ਅਤੇ ਉਹ ਨਿਰਾਸ ਹੋ ਕੇ ਵਾਪਸ ਚਲਾ ਗਿਆ। ਮੁੜ ਉਸ ਦਾ ਫੂਨ ਨਹੀਂ ਸੀ ਆਇਆ। ਪਰ ਜਦੋਂ ਮੈਂ ਬਿੱਟੀ ਦੇ ਵਿਆਹ ਲਈ ਸੱਦਾ ਪੱਤਰ ਦੇਣ ਲਈ ਆਪਣੇ ਜਾਣੂਆਂ ਦੀ ਲਿਸਟ ਬਣਾਉਣ ਲੱਗੀ ਤਾਂ ਚੰਦਨ ਦਾ ਨਾਂ ਵੀ ਸੱਦਾ ਪੱਤਰ ਦੇਣ ਵਾਲੀ ਲਿਸਟ ਵਿਚ ਲਿਖ ਲਿਆ। ਉਹ ਬਿੱਟੀ ਦੇ ਵਿਆਹ ਵਿਚ ਸ਼ਾਮਿਲ ਹੋਇਆ ਸੀ ਤੇ ਤੁਹਫੇ ਵਿਚ ਬਿੱਟੀ ਨੂੰ ਜਮੁਰਦ ਜੜਿਆ ਕੰਙਣ ਦੇ ਗਿਆ ਸੀ। ਕੱਲ੍ਹ ਫੇਰ ਉਹਦਾ ਫੂਨ ਆਇਆ ਸੀ। ਮੈਂ ਜਾਣਦੀ ਹਾਂ ਕਿ ਉਹ ਕਿਉਂ ਫੂਨ ਕਰਦੈ! ਮੈਂ ਨਾਬਰ ਆਂ ਇਹਨਾਂ ਮਰਦਾਂ ਦੀ ਸੰਗਤ ਤੋਂ।" ਕੌਫੀ ਦਾ ਅਖੀਰਲਾ ਘੁੱਟ ਭਰਦਿਆਂ ਰਾਜੀ ਨੇ ਆਪਣੀ ਗੱਲ ਖਤਮ ਕੀਤੀ।

"ਐਲੀਸਾ ਨੂੰ ਤਾਂ ਮਰਦ ਜਾਤ ਨਾਲ ਨਫਰਤ ਹੈ ਹੀ ਸੀ। ਉਸ ਨੇ ਤੈਨੂੰ ਵੀ ਓਸੇ ਰਾਹ ਤੋਰ ਲਿਆ।" ਤਨੂ ਨੇ ਨੱਕ ਚੜ੍ਹਾਇਆ।

"ਤਨੂ, ਨਾਰੀ ਦੀ ਨਾਬਰੀ ਮਰਦ ਦੇ ਖਿਲਾਫ ਨਹੀਂ, ਮਰਦ ਦੀ ਸੱਤਾ ਦੇ ਖਿਲਾਫ ਐ। ਜਦੋਂ ਤਕ ਨਾਰੀ ਮਰਦ ਹੱਥੋਂ ਸੱਤਾ ਖੋਹ ਨਹੀਂ ਲੈਂਦੀ ਤੇ ਆਪਣੀ ਪ੍ਰਭੁਤਾ ਕਾਇਮ ਨਹੀਂ ਕਰ ਲੈਂਦੀ, ਤਦ ਤਾਈਂ ਨਾਰੀ ਮੁਕਤ ਨਹੀਂ ਹੋ ਸਕਦੀ।"

"ਜੇ ਸੱਤਾ ਨਾਰੀ ਹੱਥ ਆਏਗੀ ਤਾਂ ਮਰਦ ਗ਼ੁਲਾਮ ਹੋਏਗਾ। ਮੇਰੇ ਖਿਆਲ ਵਿਚ ਮਰਦ ਦੀ ਸੱਤਾ ਤੋਂ ਨਾਬਰ ਹੋਣ ਨਾਲੋਂ ਨਾਰੀ ਨੂੰ ਬਰਾਬਰੀ ਲਈ ਸੰਘਰਸ਼ ਕਰਨ ਦੀ ਲੋੜ ਹੈ।"

"ਮਰਦ ਨੇ ਅੱਜ ਤਕ ਨਾਰੀ ਨੂੰ ਬਰਾਬਰ ਸਮਝਿਆ ਹੀ ਨਹੀਂ। ਪੂਰਨ ਆਜ਼ਾਦੀ ਤੋਂ ਬਿਨਾਂ ਨਾਰ ਦੀ ਗਤੀ ਨਹੀਂ।"

"ਮੈਂ ਤੇਰੇ ਨਾਲ ਮਿੱਕ ਨਹੀਂ ਸਕਦੀ ਪਰ ਮੈਂ ਸਮਝਦੀ ਆਂ ਕਿ ਸਮਾਜ ਦਾ ਵਿਕਾਸ ਮਰਦ ਤੇ ਔਰਤ ਦੀ ਸਾਂਝ ਨਾਲ ਹੈ, ਪਿਆਰ ਨਾਲ ਹੈ, ਦੋਹਾਂ ਦੀ ਮਿਲਵਰਤਨ ਨਾਲ ਹੈ। ਇਹ ਤਾਂ ਹੀ ਹੋ ਸਕਦਾ ਜੇ ਵਿਆਹ ਵਾਲੀ ਸੰਸਥਾ ਕਾਇਮ ਰਹੇ, ਪਰ ਐਲੀਸਾ ਤਾਂ ਵਿਆਹ ਦੀ ਸੰਸਥਾ ਦੇ ਹੀ ਉਲਟ ਆ।"

"ਵਿਆਹ ਨਾਰੀ ਦੀ ਆਜ਼ਾਦੀ ਵਿਚ ਰੋੜਾ ਅਟਕਾਉਂਦੈ। ਸਮਾਜ ਦਾ ਵਿਕਾਸ ਤਾਂ ਵਿਆਹ ਤੋਂ ਬਿਨਾਂ ਵੀ ਹੁੰਦਾ ਰਹੇਗਾ।"

"ਫੇਰ ਤੂੰ ਆਪਣੀ ਕੁੜੀ ਦਾ ਵਿਆਹ ਕਿਉਂ ਕੀਤਾ?" ਤਨਵੀਰ ਨੇ ਇਕ ਹੋਰ ਸਵਾਲ ਖੜ੍ਹਾ ਕਰ ਦਿੱਤਾ।

"ਇਹ ਵਿਆਹ ਮੇਰੀ ਸਲਾਹ ਨਾਲ ਨਹੀਂ ਹੋਇਆ, ਮੈਂ ਵਿਆਹ ਵਾਲੀਆਂ ਰਸਮਾਂ ਜ਼ਰੂਰ ਨਿਭਾਈਆਂ ਸੀ ਕਿਉਂਕਿ ਮੈਂ ਬਿੱਟੀ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ ਕਿ ਉਹ ਆਪਣੀ ਇੱਛਾ ਅਨੁਸਾਰ ਜਿਵੇਂ ਚਾਹੇ ਆਪਣੀ ਜ਼ਿੰਦਗੀ ਬਤੀਤ ਕਰ ਸਕਦੀ ਹੈ। ਲਾਅ ਫਰਮ ਵਿਚ ਕੰਮ ਸ਼ੁਰੂ ਕਰਨ ਤੋਂ ਕੁਝ ਸਮੇਂ ਮਗਰੋਂ ਬਿੱਟੀ ਨੇ ਇਕ ਦਿਨ ਜਦੋਂ ਮੈਨੂੰ ਇਹ ਦੱਸਿਆ, 'ਮੰਮ, ਮੈਂ ਆਪਣੇ ਬਰੈਸਟਰ ਸਾਥੀ ਸੁਦੀਪ ਨਾਲ ਵਿਆਹ ਕਰਵਾਉਣਾ ਚਾਹੁੰਦੀ ਹਾਂ' ਤਾਂ ਇਹ ਸੁਣ ਕੇ ਮੈਨੂੰ

ਸ਼ਾਕ ਲੱਗਾ ਸੀ ਤੇ ਮੈਂ ਉਸ ਨੂੰ ਤਾੜਨਾ ਕੀਤੀ ਸੀ, 'ਬਿੱਟੀ, ਵਿਆਹ ਕਰਵਾਉਣਾ ਸੌਖਾ ਹੁੰਦੈ ਤੇ ਨਿਭਾਉਣਾ ਬਹੁਤ ਔਖਾ। ਤੀਵੀਂ 'ਤੇ ਹੁਕਮ ਚਲਾਉਣ ਦੀ ਮਰਦ ਦੀ ਖਸਲਤ ਨਹੀਂ ਜਾਂਦੀ ਤੇ ਤੇਰੇ ਕੋਲੋਂ ਇਹ ਹੁਕਮ ਮੰਨ ਨਹੀਂ ਹੋਣੇ। ਵਿਆਹ ਕਰਵਾਉਣ ਤੋਂ ਪਹਿਲਾਂ ਹੀ ਇਸ ਦੇ ਬੁਰੇ ਭਲੇ ਪੱਖ ਬਾਰੇ ਸੋਚ ਲੈ।'

ਉਸ ਨੇ ਇਕੋ ਜਵਾਬ ਦਿੱਤਾ ਸੀ, 'ਮੰਮ! ਤੂੰ ਮੈਨੂੰ ਪੜ੍ਹਾਇਆ ਤੇ ਜ਼ਿੰਦਗੀ ਦੇ ਉਤਰਾਵਾਂ ਚੜ੍ਹਾਵਾਂ ਤੋਂ ਵੀ ਜਾਣੂੰ ਕਰਵਾਇਆ ਹੈ। ਹੁਣ ਮੈਂ ਆਪਣੇ ਭਲੇ ਬੁਰੇ ਦੀ ਸਾਰੀ ਸਮਝ ਰਖਦੀ ਹਾਂ। ਤੈਨੂੰ ਮੇਰੇ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ। ਮੈਂ ਇਹ ਕਦਮ ਬਹੁਤ ਸੋਚ ਸਮਝ ਕੇ ਉਠਾਇਆ ਹੈ।' ਸੋ ਮੈਂ ਉਸ ਦੇ ਫੈਸਲੇ ਅੱਗੇ ਸਿਰ ਨਿਵਾ ਦਿੱਤਾ।"

"ਬਿੱਟੀ ਨੇ ਠੀਕ ਫੈਸਲਾ ਕੀਤੈ। ਰਾਜੀ! ਤੂੰ ਇਹ ਕਿਉਂ ਨਹੀਂ ਸਮਝਦੀ ਕਿ ਮਰਦ ਦੇ ਸਾਥ ਬਿਨਾਂ ਤੀਵੀਂ ਅਧੂਰੀ ਏ!"

"ਬੱਸ! ਇਹ ਅਧੂਰੇਪਨ ਦੀ ਸੋਚ ਹੀ ਤੀਵੀਂ ਦੀ ਕਮਜ਼ੋਰੀ ਐ, ਜਿਹੜੀ ਮਰਦ ਦੀ ਹਉਮੈਂ ਨੂੰ ਪੱਠੇ ਪਾਉਂਦੀ ਐ। 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ', ਮੈਂ ਤਾਂ ਪੱਕਾ ਧਾਰਿਆ ਹੋਇਆ ਐ ਕਿ ਮਰਦ ਨਾਲ ਕੰਮ ਦੀ ਸਾਂਝ ਤੋਂ ਬਿਨਾਂ ਹੋਰ ਕਿਸੇ ਕਿਸਮ ਦੀ ਕੋਈ ਵੀ ਸਾਂਝ ਨਹੀਂ ਰੱਖਣੀ।"

"ਰਾਜੀ! ਜਿਉਂਦੇ ਜੀਆਂ ਦੇ ਮਨ ਵਿਚ ਕਦੀ ਕਦਾਈਂ ਹੱਸਣ ਖੇਡਣ ਦੀ ਇੱਛਾ ਵੀ ਜਾਗ ਪੈਂਦੀ ਆ ਤਾਂ ਸਾਂਝ ਰੱਖਣੀ ਵੀ ਪੈ ਜਾਂਦੀ ਆ।" ਤਨੂ ਨੇ ਗੁੱਝੀ ਰਮਜ਼ ਚਲਾਈ।

"ਇੱਛਾ ਨੂੰ ਸੰਵਾਉਣ ਦੇ ਢੰਗ ਤਰੀਕੇ ਵੀ ਹੈਗੇ ਨੇ ਮੇਰੇ ਕੋਲ।" ਰਾਜੀ ਨੇ ਵੀ ਉਸੇ ਲਹਿਜੇ ਵਿਚ ਜਵਾਬ ਦਿੱਤਾ।

"ਰਾਜੀ, ਮਰਦ ਤੇ ਔਰਤ ਇਕ ਦੂਜੇ ਦੇ ਪੂਰਕ ਨੇ, ਦੁੱਖ ਸੁੱਖ ਦੇ ਸਾਂਝੀ। ਜਦੋਂ ਉਹ ਇਕੱਠੇ ਬੈਠ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਨੇ, ਚੁਹਲ ਮੁਹਲ ਕਰਦੇ ਨੇ ਤਾਂ ਮਨ ਦੀਆਂ ਤਾਰਾਂ ਵਿਚ ਜਿਹੜੀ ਟੁਣਕਾਰ ਪੈਦਾ ਹੁੰਦੀ ਆ, ਉਹਦਾ ਹੋਰ ਕੋਈ ਸਾਨੀ ਨਹੀਂ। ਤੂੰ ਆਪਣੇ ਤਨ 'ਤੇ ਵੀ ਜਬਰ ਕਰ ਰਹੀ ਏਂ ਤੇ ਆਪਣੇ ਮਨ 'ਤੇ ਵੀ।" ਤਨਵੀਰ ਨੇ ਗੰਭੀਰ ਹੁੰਦਿਆ ਕਿਹਾ।

ਇਸ ਤੋਂ ਪਹਿਲਾਂ ਕਿ ਰਾਜੀ ਕੋਈ ਜਵਾਬ ਦਿੰਦੀ, ਉਸ ਦੇ ਫੋਨ 'ਚੋਂ ਟੀਂ ਟੀਂ ਦੀ ਆਵਾਜ਼ ਆਉਣ ਲੱਗੀ। ਉਹਨੇ ਫੋਨ ਤੋਂ ਸੁਨੇਹਾ ਪੜ੍ਹ ਕੇ ਕਿਹਾ, "ਤੇਰੀ ਏਸ ਗੱਲ ਦਾ ਮੈਂ ਕਿਤੇ ਫੇਰ ਜਵਾਬ ਦਿਊਂ, ਹੁਣ ਮੈਨੂੰ ਘਰ ਜਾਣਾ ਪੈਣੈ। ਬਿੱਟੀ ਹੁਰੀਂ ਆ ਰਹੇ ਨੇ। ਉਹਨਾਂ ਅੱਜ ਮੇਰੇ ਕੋਲ ਰਹਿਣੈ। ਕੱਲ੍ਹ ਨੂੰ ਉਹਨਾਂ ਦੀ ਫਲਾਈਟ ਐ।" ਇੰਨਾ ਆਖ ਰਾਜੀ ਕੁਰਸੀ ਤੋਂ ਉਠ ਖੜ੍ਹੀ ਹੋਈ।

"ਚੱਲ! ਮੈਂ ਵੀ ਚਲਦੀ ਆਂ।" ਤਨਵੀਰ ਵੀ ਉਹਦੇ ਨਾਲ ਹੀ ਕੌਫੀ ਸ਼ਾਪ ਵਿਚੋਂ ਬਾਹਰ ਆ ਗਈ।

ਤਨਵੀਰ ਦੀ 'ਉਸ ਨੇ ਤੈਨੂੰ ਵੀ ਓਸੇ ਰਾਹ ਤੋਰ ਲਿਆ' ਦੀ ਕਹੀ ਗੱਲ ਨੇ ਰਾਜੀ ਨੂੰ ਐਲੀਸਾ ਦੀ ਯਾਦ ਤਾਜ਼ਾ ਕਰਵਾ ਦਿੱਤੀ। ਉਸ ਦੀਆਂ ਅੱਖਾਂ ਅੱਗੇ ਉਹ ਦ੍ਰਿਸ਼ ਆ ਗਿਆ ਜਦੋਂ ਪਹਿਲੇ ਦਿਨ ਉਹ ਕੰਮ ਤੋਂ ਵਿਹਲੀ ਹੋ ਕੇ ਬੈਂਕ ਤੋਂ ਬਾਹਰ ਨਿਕਲ ਰਹੀ ਸੀ ਤਾਂ ਇਕ ਤੀਹ ਪੈਂਤੀ ਸਾਲ ਦੀ ਬੈਂਕ ਕਰਮਚਾਰੀ ਉਸ ਦੇ ਨਾਲ ਹੋ ਤੁਰੀ, ਜਿਵੇਂ ਉਹ ਉਸੇ ਨੂੰ ਉਡੀਕ ਰਹੀ ਹੋਵੇ। ਉਸ ਨੇ ਬਿਨਾਂ ਕਿਸੇ ਭੂਮਿਕਾ ਦੇ ਉਹਦੇ ਕੋਲੋਂ ਸਿੱਧਾ ਹੀ ਪੁੱਛ ਲਿਆ, "ਹਾਇ, ਕੁੜੀਏ! ਕੀ ਤੂੰ ਵਿਆਹੀ ਹੋਈ ਹੈਂ?"

ਰਾਜੀ ਨੂੰ ਉਸ ਦੇ ਇਸ ਤਰ੍ਹਾਂ ਪੁੱਛਣ 'ਤੇ ਹੈਰਾਨੀ ਹੋਈ ਪਰ ਉਸ ਨੇ ਦੱਸ ਦਿੱਤਾ, "ਵਿਆਹੀ ਤਾਂ ਹਾਂ ਪਰ ਤਲਾਕ ਦਾ ਕੇਸ ਚੱਲ ਰਿਹਾ।"

"ਪਤੀ ਤੰਗ ਕਰਦਾ ਸੀ ਜਾਂ ਤੂੰ ਹੀ ਉਸ ਨੂੰ ਪਸੰਦ ਨਹੀਂ ਕਰਦੀ ਜਾਂ ਕਿ ਤੇਰੇ ਮਾਪਿਆਂ ਨੇ ਬਿਨਾਂ ਤੇਰੀ ਮਰਜ਼ੀ ਤੋਂ ਉਸ ਨਾਲ ਵਿਆਹ ਕਰ ਦਿੱਤਾ ਸੀ?" ਇਹ ਉਸ ਦਾ ਅਗਲਾ ਸਵਾਲ ਸੀ।

"ਮੁਆਫ ਕਰਨਾ, ਤੁਹਾਡਾ ਮੇਰੇ ਕੋਲੋਂ ਮੇਰੀ ਨਿਜੀ ਜ਼ਿੰਦਗੀ ਬਾਰੇ ਸਵਾਲ ਪੁੱਛਣ ਦਾ ਮਤਲਬ!"

"ਆਪਾਂ ਏਥੇ ਇਕੱਠਿਆਂ ਕੰਮ ਕਰਨਾ ਹੈ। ਕੀ ਇਕ ਦੂਸਰੇ ਬਾਰੇ ਜਾਣ ਲੈਣਾ ਚੰਗਾ ਨਹੀਂ ਹੁੰਦਾ! ਠੀਕ ਹੈ! ਪਹਿਲਾਂ ਮੈਂ ਤੈਨੂੰ ਆਪਣੇ ਬਾਰੇ ਦੱਸ ਦਿੰਨੀ ਹਾਂ। ਮੇਰਾ ਨਾਮ ਐਲੀਸਾ ਮੈਕਮਿੱਲਰ ਹੈ। ਏਥੇ ਡਾਉਨ ਟਾਊਨ ਵਿਚ ਹੀ ਰਹਿੰਦੀ ਹਾਂ। ਮੈਂ ਵਿਆਹ ਨਹੀਂ ਕਰਵਾਇਆ ਤੇ ਨਾ ਹੀ ਕਰਵਾਉਣਾ ਹੈ। ਮੈਂ ਔਰਤ ਦੀ ਪੂਰਨ ਆਜ਼ਾਦੀ ਦੀ ਹਾਮੀ ਹਾਂ। ਅਸੀਂ ਇਕ ਜੱਥੇਬੰਦੀ ਬਣਾਈ ਹੋਈ ਹੈ ਜਿਹੜੀ ਔਰਤ ਨੂੰ ਉਹਦੇ ਹੱਕਾਂ ਪ੍ਰਤੀ ਜਾਗ੍ਰਤ ਕਰਨ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਹੋ ਸਕਦਾ ਹੈ ਕਿ ਤਲਾਕ ਦੇ ਕੇਸ ਵਿਚ ਅਸੀਂ ਤੇਰੀ ਕੋਈ ਸਹਾਇਤਾ ਕਰ ਸਕੀਏ!"

ਰਾਜੀ ਨੂੰ ਉਸ ਦੀ ਸਪਸ਼ਟਤਾ ਚੰਗੀ ਲੱਗੀ ਤੇ ਉਸ ਨੇ ਆਪਣੇ ਬਾਰੇ ਸੰਖੇਪ ਵਿਚ ਦੱਸ ਦਿੱਤਾ। ਰਾਜੀ ਦੀ ਗੱਲ ਨੂੰ ਬੜੇ ਧਿਆਨ ਨਾਲ ਸੁਣਨ ਪਿੱਛੋਂ ਐਲੀਸਾ ਬੋਲੀ, "ਅੱਜ ਮੈਂ ਕਿਤੇ ਹੋਰ ਜਾਣਾ ਹੈ, ਕੱਲ੍ਹ ਨੂੰ ਮਿਲਦੀਆਂ।"

ਅਗਲੇ ਦਿਨ ਰਾਜੀ ਦਾ ਐਲੀਸਾ ਨਾਲ ਮੇਲ ਕੀ ਹੋਇਆ, ਉਹ ਨਿੱਤ ਹੀ ਉਸ ਨੂੰ ਮਿਲਣ ਲੱਗੀ। ਹੌਲੀ ਹੌਲੀ ਉਸ ਦੀ ਐਲੀਸਾ ਨਾਲ ਗੂੜ੍ਹੀ ਦੋਸਤੀ ਹੋ ਗਈ। ਜਦੋਂ ਵੀ ਉਹ ਘਰ ਆਉਂਦੀ ਤਾਂ ਮਾਂ ਉਸ ਦੇ ਕੋਲ਼ ਮੁੜ ਵਿਆਹ ਕਰਵਾਉਣ ਦੀ ਕਥਾ ਛੇੜ ਕੇ ਬਹਿ ਜਾਂਦੀ। ਕਦੇ ਉਹ ਉਸ ਦੀ ਜਵਾਨੀ ਦਾ ਵਾਸਤਾ ਪਾਉਂਦੀ ਤੇ ਕਦੇ ਧੀ ਦੇ ਭਵਿਖਤ ਦਾ। ਉਹ ਹਰ ਵਾਰ ਮਾਂ ਦੀ ਗੱਲ ਨੂੰ ਟਾਲ਼ ਜਾਂਦੀ ਪਰ ਕਦੀ ਕਦਾਈਂ ਮਨ ਦੀ ਭਟਕਣ ਉਸ ਨੂੰ ਵਿਆਹ ਬਾਰੇ ਸੋਚਣ 'ਤੇ ਮਜ਼ਬੂਰ ਕਰ ਦਿੰਦੀ।

ਇਕ ਦਿਨ ਇਸ ਬਾਰੇ ਉਸ ਨੇ ਐਲੀਸਾ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਸੀ, "ਤੂੰ ਆਪਣੇ ਬਾਰੇ ਆਪ ਫੈਸਲੇ ਕਰਨੇ ਹਨ। ਪਰ ਮੈਂ ਇਕ ਗੱਲ ਜਾਣਦੀ ਹਾਂ ਕਿ ਵਿਹਲ ਹੀ ਮਨ ਨੂੰ ਭਟਕਾਉਂਦੀ ਹੈ। ਮੈਂ ਕਦੀ ਵਿਹਲੀ ਨਹੀਂ ਰਹੀ। ਮੈਂ ਕਈ ਸਮਾਜ ਸੇਵੀ ਸੰਸਥਾਵਾਂ ਵਿਚ ਸੇਵਾ ਕਰਨ ਜਾਂਦੀ ਹਾਂ। ਪੁਸਤਕਾਂ ਵੀ ਮੇਰੀਆਂ ਸਾਥੀ ਹਨ। ਸਭਾਵਾਂ ਵਿਚ ਵੂਆਇਲਨ ਵਜਾਉਂਦਿਆਂ ਤੂੰ ਮੈਨੂੰ ਦੇਖਿਆ ਹੀ ਹੈ। ਸੰਗੀਤ ਵੀ ਮੈਨੂੰ ਸਕੂਨ ਦਿੰਦਾ ਹੈ। ਮੇਰਾ ਪਾਮੇਰੀਅਨ ਪੱਪ ਮੈਨੂੰ ਇਕੱਲ ਮਹਿਸੂਸ ਹੀ ਨਹੀਂ ਹੋਣ ਦਿੰਦਾ। ਮਨ ਦੀ ਭਟਕਣ ਲਈ ਮੇਰੇ ਕੋਲ ਵਿਹਲ ਹੀ ਕਿੱਥੇ ਹੈ?"

ਰਾਜੀ ਨੂੰ ਐਲੀਸਾ ਦੀਆਂ ਗੱਲਾਂ ਚੰਗੀਆਂ ਲੱਗੀਆਂ। ਉਸ ਦੀ ਪ੍ਰੇਰਨਾ ਨਾਲ ਰਾਜੀ ਨੇ ਵੀ ਸਵੈਇੱਛਤ ਸੇਵਾ ਲਈ ਆਪਣਾ ਨਾਮ ਦਰਜ ਕਰਵਾ ਦਿੱਤਾ। ਘਰ ਵਿਚ ਬਿੱਟੀ ਨੂੰ ਸੰਭਾਲਣ ਲਈ ਰਾਜੀ ਦੀ ਮਾਂ ਹੈ ਸੀ। ਉਹ ਆਪਣਾ ਵਿਹਲਾ ਸਮਾਂ ਬਾਲ ਸੰਭਾਲ਼ ਘਰ ਵਿਚ ਜਾ ਕੇ ਮੰਦਬੁੱਧੀ ਤੇ ਵਿਕਲਾਂਗ ਬੱਚਿਆਂ ਦੀ ਸੇਵਾ ਸੰਭਾਲ਼ ਵਿਚ ਲਾਉਣ ਲੱਗੀ। ਇਹ ਕੰਮ ਕਰ ਕੇ ਉਹਦੇ ਮਨ ਨੂੰ ਸਕੂਨ ਮਿਲਦਾ। ਕਦੀ ਕਦਾਈਂ ਉਹ ਐਲੀਸਾ ਨਾਲ ਨਾਰੀ ਮੁਕਤੀ ਸਭਾ ਦੀਆਂ ਮੀਟਿੰਗਾਂ ਵਿਚ ਚਲੀ ਜਾਂਦੀ। ਮੀਟਿੰਗਾਂ ਵਿਚ ਔਰਤਾਂ ਵੱਲੋਂ ਇਹੋ ਜੇਹੀਆਂ ਗੱਲਾਂ ਆਮ ਸੁਣਨ ਨੂੰ ਮਿਲਦੀਆਂ: 'ਕੰਮ ਤੁਹਾਨੂੰ ਰੋਟੀ ਦਿੰਦਾ ਹੈ ਪਰ ਮਰਦ ਧੌਂਸ', 'ਵਿਆਹ ਇਕ ਬੰਧਨ ਹੈ ਜੋ ਨਾਰੀ ਦੀ ਆਜ਼ਾਦੀ ਵਿਚ ਰੁਕਾਵਟ ਬਣਦਾ ਹੈ', 'ਬੱਚਾ ਜਣਨਾ ਹੈ! ਕਿਵੇਂ ਜਣਨਾ ਤੇ ਕਿਉਂ ਜਣਨਾ ਹੈ, ਇਹ ਨਾਰੀ ਦਾ ਅਧਿਕਾਰ ਹੈ, ਉਸ ਉਪਰ ਕਿੰਤੂ ਪਰੰਤੂ ਕਿਉਂ!', 'ਅਸੀਂ ਆਪਣਾ ਰਾਹ ਆਪ

ਚੁਣਨਾ ਹੈ, ਮਰਦ ਸਾਡਾ ਰਾਹ ਦਸੇਰਾ ਨਹੀਂ', 'ਨਾਰੀ ਦੀ ਮੁਕਤੀ ਮਰਦ ਦੇ ਦਬਦਬੇ ਤੋਂ ਨਾਬਰੀ ਵਿਚ ਹੈ', 'ਮਰਦ ਨਾਰੀ ਨੂੰ ਆਪਣੀ ਗੋਲੀ ਸਮਝਦਾ ਹੈ, ਨਾਰੀ ਨੂੰ ਗੋਲੀ ਹੋਣ ਤੋਂ ਨਾਬਰ ਹੋਣਾ ਚਾਹੀਦਾ ਹੈ', 'ਨਾਰੀ ਦੀ ਬਰਾਬਰਤਾ ਦਾ ਨਾਅਰਾ ਵੀ ਮਰਦ ਦੇ ਢੌਂਗ ਦੀ ਇਕ ਚਾਲ ਹੈ', 'ਨਾਰੀ ਦੇ ਸੱਤਾ ਵਿਚ ਆਉਣ ਨਾਲ ਹੀ ਉਸ ਦੇ ਹੱਕਾਂ ਦੀ ਰਾਖੀ ਹੋ ਸਕਦੀ ਹੈ', 'ਅਸੀਂ ਆਪਣੇ ਹੱਕ ਭੋਅ ਰਹਿਤ ਹੋ ਕੇ ਲੈ ਸਕਦੀਆਂ ਹਾਂ', 'ਨਾਰੀ ਮੁਕਤੀ ਦੇ ਸੰਘਰਸ਼ ਵਿਚ ਕੁੱਦਣ ਲਈ ਸਾਨੂੰ ਆਰਥਿਕ, ਮਾਨਸਿਕ ਤੇ ਭਾਵਨਾਤਮਕ ਤੌਰ 'ਤੇ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ।' ਅਜੇਹੀਆਂ ਗੱਲਾਂ ਰਾਜੀ ਨੂੰ ਚੰਗੀਆਂ ਲਗਦੀਆਂ। ਓਥੇ ਸੁਣੀਆਂ ਗੱਲਾਂ ਉਹ ਹੁੰਦੜ ਹੇਲ ਹੋ ਰਹੀ ਬਿੱਟੀ ਨਾਲ ਵੀ ਸਾਂਝੀਆਂ ਕਰ ਲਿਆ ਕਰਦੀ ਸੀ। ਬਿੱਟੀ ਵੀ ਨਾਰੀ ਦੀ ਆਜ਼ਾਦੀ ਦੇ ਹੱਕ ਦੀਆਂ ਗੱਲਾਂ ਕਰਦੀ ਹੁੰਦੀ ਸੀ। ਉਸ ਨੂੰ ਆਸ ਸੀ ਕਿ ਬਿੱਟੀ ਵੀ ਛੇਤੀ ਹੀ ਇਹਨਾਂ ਮੀਟਿੰਗਾਂ ਵਿਚ ਉਸ ਦੇ ਨਾਲ ਜਾਣਾ ਸ਼ੁਰੂ ਕਰ ਦੇਵੇਗੀ, ਪਰ ਉਹ ਆਪਣੀ ਪੜ੍ਹਾਈ ਵੱਲ ਹੀ ਬਹੁਤਾ ਧਿਆਨ ਦਿੰਦੀ। ਉਸ ਦਾ ਕਹਿਣਾ ਸੀ ਕਿ 'ਨਾਰੀ ਦੀ ਆਜ਼ਾਦੀ ਲਈ ਨਾਰੀ ਦਾ ਬਹੁਤੀ ਪੜ੍ਹੀ ਲਿਖੀ ਹੋਣਾ ਵੀ ਜ਼ਰੂਰੀ ਹੈ।' ਰੋਜ਼ਗਾਰ ਸਿਰ ਹੋ ਕੇ ਬਿੱਟੀ ਨੇ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ। ਉਹ ਵਿਆਹ ਵੀ ਪਰੰਪਰਕ ਰੀਤੀ ਰਿਵਾਜ਼ਾਂ ਨਾਲ ਹੀ ਕਰਵਾਉਣਾ ਚਾਹੁੰਦੀ ਸੀ ਤਾਂ ਜੁ ਆਪਣੀਆਂ ਯਾਦਾਂ ਨੂੰ ਆਉਣ ਵਾਲੇ ਸਮੇਂ ਲਈ ਸੰਭਾਲ਼ ਕੇ ਰੱਖ ਸਕੇ। ਰਾਜੀ ਨੂੰ ਬਿੱਟੀ ਦਾ ਇਹ ਫੈਸਲਾ ਸੁਣ ਕੇ ਹੈਰਾਨੀ ਹੋਈ ਸੀ।

ਰਾਜੀ ਦੇ ਧੀ ਜੁਆਈ ਹਨੇਰੇ ਹੋਏ ਘਰ ਪੁੱਜੇ। ਖਾਣਾ ਉਹ ਬਾਹਰੋਂ ਹੀ ਖਾ ਆਏ ਸਨ। ਕੁਝ ਦੇਰ ਉਹਨਾਂ ਫੈਮਲੀ ਰੂਮ ਵਿਚ ਬੈਠ ਕੇ ਰਾਜੀ ਨਾਲ ਗੱਲਾਂ ਕੀਤੀਆਂ। ਬਿੱਟੀ ਦੀਆਂ ਗੱਲਾਂ ਵਿਚੋਂ ਵਿਆਹ ਦਾ ਚਾਅ ਡੁੱਲ੍ਹ ਡੁੱਲ੍ਹ ਪੈਂਦਾ ਸੀ। ਗੱਲਾਂ ਕਰਦਿਆਂ ਬਿੱਟੀ ਨੇ ਉਬਾਸੀ ਲਈ ਤਾਂ ਰਾਜੀ ਝੱਟ ਸਮਝ ਗਈ ਕਿ ਉਹ ਹੁਣ ਸੌਣਾ ਚਾਹੁੰਦੇ ਹਨ। ਉਸ ਨੇ ਝੱਟ ਉਹਨਾਂ ਨੂੰ ਮਾਸਟਰ ਬੈੱਡ ਰੂਮ ਵੱਲ ਸੌਣ ਲਈ ਤੋਰ ਦਿੱਤਾ ਤੇ ਆਪ ਵਾਸ਼ ਰੂਮ ਵਿਚ ਜਾ ਵੜੀ। ਵਾਸ਼ ਰੂਮ ਵਿਚੋਂ ਬਾਹਰ ਆ, ਉਹ ਵੀ ਆਪਣੇ ਕਮਰੇ ਵਿਚ ਚਲੀ ਗਈ। ਅਜੇ ਉਹ ਆਪਣੇ ਬਿਸਤਰੇ ਵਿਚ ਪਈ ਹੀ ਸੀ ਕਿ ਨਾਲ ਦੇ ਕਮਰੇ ਵਿਚੋਂ ਚੂੜੀਆਂ ਦੀ ਖਣਕਾਰ ਉਹਦੇ ਕੰਨਾਂ ਨਾਲ ਆ ਟਕਰਾਈ। ਉਸ ਦਾ ਧਿਆਨ ਸੁਤੇ ਸਿੱਧ ਹੀ ਕਮਰੇ ਵੱਲ ਚਲਾ ਗਿਆ। ਚੂੜੀਆਂ ਮੁੜ ਖਣਕ ਪਈਆਂ ਅਤੇ ਨਾਲ ਹੀ ਬਿੱਟੀ ਦੀ ਧੀਮੀ ਜਿਹੀ ਆਵਾਜ਼ ਸੁਣਾਈ ਦਿੱਤੀ, "ਇਹ ਚੂੜੀਆਂ ਲਾਹ ਹੀ ਦਿਆਂ!"

"ਇਨ੍ਹਾਂ ਚੂੜੀਆਂ ਦੇ ਸੰਗੀਤ ਵਿਚ ਕਿਤੇ ਮੈਨੂੰ ਨੀਂਦ ਹੀ ਨਾ ਆ ਜਾਵੇ, ਏਸ ਕਰ ਕੇ ਲਾਹ ਹੀ ਦੇਣੀਆਂ ਚਾਹੀਦੀਆਂ।" ਇਹ ਸੁਦੀਪ ਦੀ ਆਵਾਜ਼ ਸੀ।

ਰਾਜੀ ਨੂੰ ਆਪਣੇ ਵਿਆਹ ਦੀ ਪਹਿਲੀ ਰਾਤ ਯਾਦ ਆ ਗਈ, 'ਉਸ ਰਾਤ ਮੇਰਾ ਚੂੜਾ ਵੀ ਇਵੇਂ ਹੀ ਖਣਕਿਆ ਸੀ। ਗੁਰਚੇਤ ਨੇ ਵੀ ਚੂੜਾ ਲਾਹੁਣ ਲਈ ਕਿਹਾ ਸੀ ਪਰ ਉਸ ਦੇ ਬੋਲਾਂ ਵਿਚ ਪਿਆਰ ਦੀ ਥਾਂ ਰੁੱਖਾਪਣ ਸੀ, 'ਇਹ ਚੂੜਾ ਲਾਹ ਕੇ ਪਾਸੇ ਰੱਖ। ਲੱਕੜ ਦੀਆਂ ਕੰਧਾਂ ਵਿਚਦੀ 'ਵਾਜ ਬਾਹਰ ਜਾਂਦੀ ਐ।' ਮੈਂ ਬਿਨਾਂ ਕਿਸੇ ਉਜਰ ਦੇ ਚੂੜਾ ਲਾਹ ਕੇ ਡਰੈੱਸਰ 'ਤੇ ਰੱਖ ਦਿੱਤਾ ਸੀ ਪਰ ਮੈਂ ਚਾਹੁੰਦੀ ਸਾਂ ਕਿ ਉਹ ਮੇਰੇ ਨਾਲ ਪਿਆਰ ਦੀਆਂ ਗੱਲਾਂ ਕਰੇ। ਮੇਰੇ ਕੋਲੋਂ ਕੁਝ ਪੁੱਛੇ ਤੇ ਮੈਂ ਵੀ ਸ਼ਰਮਾਉਂਦੀ ਹੋਈ ਉਹਨੂੰ ਕੁਝ ਦੱਸਾਂ। ਪਰ ਜਿਵੇਂ ਉਸ ਨੂੰ ਇਕ ਗੱਲ ਤੋਂ ਬਿਨਾਂ ਹੋਰ ਕੋਈ ਗੱਲ ਹੀ ਨਹੀਂ ਸੀ ਆਉਂਦੀ। ਉਸ ਰਾਤ ਮੇਰੀਆਂ ਰੀਝਾਂ, ਮੇਰੇ ਸੁਪਨੇ ਸਭ ਚੂਰ ਚੂਰ ਹੋ ਗਏ। ਉਂਝ ਪਿਆਰ ਦੇ ਸੁਪਨੇ ਤਾਂ ਉਸ ਦਿਨ ਹੀ ਚੂਰ ਚੂਰ ਹੋ ਗਏ ਸਨ ਜਦੋਂ ਮਾਂ ਨੇ ਮੈਨੂੰ ਚੰਦਨ ਨਾਲੋਂ ਤੋੜ ਕੇ ਗੁਰਚੇਤ ਦੇ ਲੜ ਲਾਉਣ ਦਾ ਫੈਸਲਾ ਕਰ ਲਿਆ ਸੀ।'

ਚੰਦਨ ਦਾ ਨਾਂ ਯਾਦ ਆਉਂਦਿਆ ਹੀ ਕੱਲ੍ਹ ਆਏ ਉਹਦੇ ਫੋਨ ਦਾ ਰਾਜੀ ਨੂੰ ਖਿਆਲ

ਆ ਗਿਆ। ਗੁਆਂਢ ਮੱਥਾ ਹੋਣ ਕਾਰਨ ਬਚਪਨ ਤੋਂ ਹੀ ਉਹ ਇਕੱਠੇ ਖੇਡਦੇ, ਸ਼ਰਾਰਤਾਂ ਕਰਦੇ, ਲੜਦੇ ਝਗੜਦੇ, ਘਰਦਿਆਂ ਤੋਂ ਝਿੜਕਾਂ ਖਾਂਦੇ ਵੱਡੇ ਹੋਏ ਸਨ। ਸਕੂਲ ਇਕੱਠੇ ਜਾਣਾ ਆਉਣਾ। ਬਿਨਾਂ ਕਿਸੇ ਗੱਲ ਤੋਂ ਗੱਲਾਂ ਮਾਰੀ ਜਾਣੀਆਂ। ਨਿੱਕੀ ਨਿੱਕੀ ਗੱਲ 'ਤੇ ਐਵੇਂ ਹੀ ਹੱਸੀ ਜਾਣਾ। ਜਮਾਤਾਂ ਚੜ੍ਹਦਿਆਂ ਜਵਾਨੀ ਦੀਆਂ ਪਉੜੀਆਂ ਵੀ ਚੜ੍ਹਦੇ ਗਏ ਤੇ ਪਤਾ ਹੀ ਨਾ ਲੱਗਿਆ ਕਿ ਕਦੋਂ ਬਚਪਨ ਦੀ ਸਾਂਝ ਪਿਆਰ ਵਿਚ ਬਦਲ ਗਈ। ਕੱਲ੍ਹ ਉਹ ਰਾਜੀ ਨਾਲ ਪਹਿਲੇ ਪਿਆਰ ਦੇ ਮਾਣ 'ਤੇ ਹੀ ਗੱਲ ਕਰ ਰਿਹਾ ਸੀ, 'ਰਾਜੀ, ਹੁਣ ਆਪਾਂ ਓਸ ਉਮਰ ਵੱਲ ਵਧ ਰਹੇ ਹਾਂ, ਜਿੱਥੇ ਇਕ ਦੂਜੇ ਨੂੰ ਸਹਾਰੇ ਦੀ ਲੋੜ ਹੁੰਦੀ ਐ। ਕਿਉਂ ਨਾ ਆਪਾਂ ਇਕ ਦੂਜੇ ਦਾ ਸਹਾਰਾ ਬਣ ਕੇ ਤੁਰੀਏ! ਉਹ ਦਿਨ ਯਾਦ ਕਰ ਜਦੋਂ ਆਪਾਂ ਇਕੱਠਿਆਂ ਤੁਰਨ ਦੇ ਵਾਅਦੇ ਕੀਤੇ ਸਨ।'

'ਚੰਦਨ, ਉਹ ਦਿਨ ਬਹੁਤ ਦੂਰ ਨਿਕਲ ਗਏ, ਹੁਣ ਮੈਨੂੰ ਕਿਸੇ ਸਹਾਰੇ ਦੀ ਲੋੜ ਨਹੀਂ। ਮੈਨੂੰ ਇਕੱਲਿਆਂ ਤੁਰਨ ਦੀ ਜਾਚ ਆ ਗਈ ਐ।' ਰਾਜੀ ਨੇ ਇਹ ਕਹਿ ਕੇ ਫੂਨ ਬੰਦ ਕਰ ਦਿੱਤਾ ਸੀ।

ਰਾਜੀ ਨੇ ਮਨ ਵਿਚ ਸੋਚਿਆ, 'ਕਿਸੇ ਮਰਦ ਨਾਲ ਗੱਲ ਕਰਦਿਆਂ ਪਤਾ ਨਹੀਂ ਮੇਰੇ ਉਪਰ ਕਿਹੜਾ ਭੂਤ ਸਵਾਰ ਹੋ ਜਾਂਦਾ ਐ ਕਿ ਮੇਰੇ ਕੋਲੋਂ ਸਹਿਜ ਮਤੇ ਗੱਲ ਹੀ ਨਹੀਂ ਹੁੰਦੀ। ਮੈਂ ਚੰਦਨ ਨਾਲ ਕਿਉਂ ਨਾ ਸਹਿਜ ਮਤੇ ਗੱਲ ਕਰ ਸਕੀ! ਉਹ ਤਾਂ ਮੇਰਾ ਪਹਿਲਾ ਪਿਆਰ ਸੀ, ਮੈਨੂੰ ਓਸ ਨੂੰ ਏਸ ਤਰ੍ਹਾਂ ਦਾ ਰੁੱਖਾ ਜਵਾਬ ਨਹੀਂ ਸੀ ਦੇਣਾ ਚਾਹੀਦਾ।'

ਕਮਰੇ ਵਿਚੋਂ ਆਈ ਹਾਸੇ ਦੀ ਛਣਕਾਰ ਨੇ ਰਾਜੀ ਦੀ ਸੁਰਤੀ ਮੁੜ ਭੰਗ ਕਰ ਦਿੱਤੀ। ਇਹ ਹਾਸਾ ਬੜੀ ਦੇਰ ਤਕ ਉਹਦੇ ਕੰਨਾਂ ਵਿਚ ਗੂੰਜਦਾ ਰਿਹਾ। ਉਸ ਨੂੰ ਇਹ ਹਾਸਾ ਮਹਿਕ ਬਣ ਕੇ ਸਰੀਰ ਦੀ ਨਸ ਨਸ ਵਿਚ ਜਜ਼ਬ ਹੋ ਰਿਹਾ ਪ੍ਰਤੀਤ ਹੋਇਆ। ਉਸ ਨੂੰ ਇਕ ਝੁਣਝੁਣੀ ਜਿਹੀ ਆਈ ਤੇ ਸਰੀਰ ਦਾ ਅੰਗ ਅੰਗ ਫਰਕਣ ਲੱਗਾ। ਉਸ ਨੇ ਇਕ ਭਰਪੂਰ ਅੰਗੜਾਈ ਲਈ। ਉਸ ਦੇ ਸਾਰੇ ਸਰੀਰ ਵਿਚੋਂ ਸੇਕ ਨਿਕਲਣ ਲੱਗਾ। ਹੁਣ ਉਸ ਨੂੰ ਬਿਸਤਰੇ ਵਿਚ ਚੈਨ ਨਹੀਂ ਸੀ ਆ ਰਹੀ। ਉਹ ਉਠ ਕੇ ਕਮਰੇ ਵਿਚ ਤੁਰਨ ਫਿਰਨ ਲੱਗੀ। ਪੁੱਠੇ ਸਿੱਧੇ ਵਿਚਾਰਾਂ ਨੇ ਉਸ ਦੇ ਦਿਮਾਗ਼ ਵਿਚ ਘੜਮੱਸ ਪਾਇਆ ਹੋਇਆ ਸੀ। ਉਸ ਨੂੰ ਐਲੀਸਾ ਦੇ ਬੋਲ ਯਾਦ ਅਏ। ਉਸ ਨੇ ਕਲਾਜ਼ਟ ਜਾ ਖੋਲ੍ਹਿਆ ਤੇ ਆਪਣੇ ਅਟੈਚੀ ਖੋਲ੍ਹਣ ਲਈ ਹੱਥ ਵਧਾਇਆ ਪਰ ਕੁਝ ਸੋਚ ਕੇ ਹੱਥ ਪਿਛਾਂਹ ਕਰ ਲਿਆ। ਅਟੈਚੀਕੇਸ ਖੋਲ੍ਹਣ ਦੀ ਥਾਂ ਉਸ ਨੇ ਕਲਾਜ਼ਟ ਵਿਚੋਂ ਮਾਰਗ੍ਰੇਟ ਐਟਵੁੱਡ ਦਾ ਨਾਵਲ 'ਦਾ ਰਾਬਰ ਬਰਾਈਡ' ਚੁੱਕ ਲਿਆ ਤੇ ਬਿਸਤਰੇ ਵਿਚ ਬੈਠ ਕੇ ਪੜ੍ਹਨ ਲੱਗ ਪਈ। ਨਾਵਲ ਦੀਆਂ ਸਤਰਾਂ ਉਸ ਨੂੰ ਇਕ ਦੂਜੀ ਵਿਚ ਰਲਗੱਡ ਹੁੰਦੀਆਂ ਜਾਪਦੀਆਂ। ਉਹਦਾ ਪੜ੍ਹਨ ਵਿਚ ਮਨ ਨਹੀਂ ਲੱਗਾ। ਉਸ ਨੇ ਨਾਵਲ ਨੂੰ ਨਾਈਟ ਟੇਬਲ ਉਪਰ ਰੱਖ ਦਿੱਤਾ ਤੇ ਬਿਸਤਰੇ ਵਿਚ ਲੇਟ ਗਈ। ਨਾਲ ਦੇ ਕਮਰੇ ਵਿਚ ਪੂਰਨ ਖਾਮੋਸ਼ੀ ਸੀ ਪਰ ਫਿਰ ਵੀ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਉਸ ਨੇ ਸਾਰੀ ਰਾਤ ਉਸਲਵੱਟੇ ਲੈਂਦਿਆਂ ਲੰਘਾਈ ਤੇ ਸਵੇਰੇ ਉਠਦਿਆਂ ਹੀ ਆਪਣੇ ਸੈੱਲਫੋਨ ਵਿਚੋਂ ਚੰਦਨ ਦਾ ਫੋਨ ਨੰਬਰ ਟੋਲਣ ਲੱਗ ਪਈ। □□

[7004-131 street, Surrey B.C. V3W 6M9]

E-mail : jsekha@hotmail.com

ਉਸ ਪਲ

ਸਿਮਰਨ ਧਾਲੀਵਾਲ

ਕਦੇ-ਕਦੇ ਸੰਤੁਲਨ ਡੋਲਣ ਲਗਦਾ ਹੈ ਮੇਰਾ। ਘੁੰਮੇਰ ਜਿਹੀ ਚੜ੍ਹਦੀ ਹੈ ਦਿਮਾਗ਼ ਨੂੰ। ਉਦੋਂ ਮੈਂ, ਮੈਂ ਨਹੀਂ ਰਹਿੰਦੀ। ਸਾਰਾ ਕੁਝ ਡੋਲਦਾ ਜਾਪਦਾ ਫਿਰ ਮੈਨੂੰ। ਇਹ ਘਰ। ਇਹ ਕਮਰਾ। ਇਹ ਧਰਤੀ। ... ਤੇ ਮੇਰਾ ਪੂਰਾ ਵਜੂਦ। ਜਦੋਂ ਐਸੇ ਪਲ ਹੁੰਦੇ ਨੇ, ਉਦੋਂ 'ਪਾਗ਼ਲ' ਜਾਪਦੀ ਹਾਂ, ਮੈਂ ਸਭ ਨੂੰ। ਸਭ ਨੂੰ ਲੱਗਦਾ ਹਿੱਲ ਗਈ ਹਾਂ ਮੈਂ। ਪਰ ਕੋਈ ਕੀ ਜਾਣੇ, ਕੀ ਚਲਦਾ ਮੇਰੇ ਅੰਦਰ। ਉਸ ਪਲ ਨਸਾਂ ਤਣ ਜਾਂਦੀਆਂ ਮੇਰੀਆਂ। ਚਿਹਰਾ ਲਾਲ ਹੋ ਜਾਂਦਾ। ਦਿਲ ਕਰਦਾ ਹੁੰਦਾ ਮਾਰ ਸੁੱਟਾਂ ਮੈਂ ਖੁਦ ਨੂੰ। ਵਾਲ਼ ਨੋਚ ਲਵਾਂ ਮੈਂ ਆਪਣੇ। ਇਹ ਹਾਲਤ ਹੁਣ ਅਕਸਰ ਬਣੀ ਰਹਿੰਦੀ ਹੈ ਮੇਰੀ। ਸਾਰਾ ਕੁਝ ਭੁੱਲਣ ਲੱਗਦੀ ਹਾਂ ਮੈਂ ਉਸ ਪਲ। ਐਮੀ ਨੂੰ। ਡਾਇਮੰਡ ਨੂੰ। ਸਾਹਿਰ ਨੂੰ।...ਤੇ ਖੁਦ ਨੂੰ ਵੀ।

ਉਸ ਪਲ, ਮੇਰੀ ਚੇਤਨਾ ਉਡ-ਪੁਡ ਜਾਂਦੀ ਹੈ ਕਿਧਰੇ। ਹੈ ਨਾ ਅਜੀਬ ਜਿਹੀ ਮਾਨਸਿਕਤਾ? ਇਹ ਮਨੋਵਿਗਿਆਨ ਸਮਝ ਨਹੀਂ ਆਉਂਦਾ ਮੇਰੇ ਉਸ ਪਲ।...ਤੇ ਕਹਿਣ ਨੂੰ ਮਨੋਵਿਗਿਆਨ ਦੀ ਡੂੰਘੀ ਸਮਝ ਹੈ ਮੈਨੂੰ। ਪੀਐੱਚ.ਡੀ ਕਰੀ ਬੈਠੀ ਹਾਂ ਇਸ ਵਿਸ਼ੇ 'ਤੇ। ਸਾਹਿਰ ਹਮੇਸ਼ਾ ਚੇਤਿਆਂ 'ਚ ਜਿਉਂਦੇ ਰੱਖਣ ਦੇ ਦਾਅਵੇ ਕਰਦਾ ਹੈ। ਕਿੰਨਾ ਖੂਬਸੂਰਤ ਭੁਲੇਖਾ ਪਾਲ਼ੀ ਬੈਠਾ ਹੈ ਉਹ ਆਪਣੇ ਅੰਦਰ। ਕੀ ਪਤਾ ਉਸਨੂੰ ਕਿ ਕਈ ਵਾਰ ਬਹੁਤ ਕੁਝ ਆਪਣੇ ਹੱਥੀਂ ਤੋੜ ਦੇਣਾ ਚਾਹੁੰਦਾ ਹੈ ਬੰਦਾ ਆਪਣੇ ਆਪ ਨਾਲੋਂ। ਜਿਵੇਂ ਖੁਦ ਮੈਂ...। ਪਰ ਇਹ ਤਾਂਡਵ ਇੰਨੀ ਜਲਦੀ ਕਿੱਥੇ ਰੁਕਣ ਵਾਲਾ।

"ਇਹ ਸਭ ਤਾਂ ਤੇਰੇ ਨਾਲ਼ ਹੀ ਮੁੱਕਣਾ! ਕਮਲੀਏ ਲੁਤਫ ਲੈ। ਕਸ਼ ਖਿੱਚ। ਦੇਖ... ਸੁਲਗ ਰਿਹਾ ਸਾਰਾ ਕੁਝ"।

ਮੇਰੇ ਅੰਦਰ ਬੈਠੀ, ਕਵਿਤਾ ਬੋਲਦੀ ਹੈ ਉਸ ਪਲ। ਅਣ ਸੁਣਿਆ ਕਰ ਦਿੰਦੀ ਹਾਂ ਮੈਂ ਉਸ ਨੂੰ। ਉਠਦੀ ਹਾਂ ... ਸੰਭਲਦੀ ਹਾਂ।... ਤੇ ਝੂਠੀ ਜਿਹੀ ਮੁਸਕਾਣ ਬਖੇਰਦੀ ਰੁੱਝ ਜਾਂਦੀ ਹਾਂ, ਆਮ ਵਾਂਗ ਜਿਉਣ। ਆਮ ਲੋਕਾਂ ਵਿਚ। ਉਹੀ 'ਆਮ' ਜਿਹੀਆਂ ਗੱਲਾਂ ਕਰਦੀ। ਜਿਨ੍ਹਾਂ ਤੋਂ ਖਿਝਦਾ ਹੈ ਸਾਹਿਰ। ਕਿਉਂਕਿ 'ਖਾਸ' ਜੁ ਹੋਇਆ ਉਹ। ਖਾਸ ਤਾਂ ਮੇਰੇ ਲਈ ਵੀ ਹੈ ਉਹ।

ਪਰ ਹੁਣ...।

ਮੈਨੂੰ ਲੱਗਦਾ ਜਿਵੇਂ ਸਾਹਿਰ ਦੂਰ ਜਾ ਰਿਹਾ ਹੋਵੇ ਮੈਥੋਂ। ਮੈਂ ਪਿੱਛੇ ਦੌੜ ਰਹੀ ਹੋਵਾਂ ਉਸਦੇ। ... ਤੇ ਸਾਹਿਰ ਦੂਰ... ਹੋਰ ਦੂਰ ਜਾ ਰਿਹਾ ਹੋਵੇ। ਮ੍ਰਿਗ ਤ੍ਰਿਸ਼ਨਾ ਵਾਂਗ। ਇਸ ਅੰਨ੍ਹੇ ਮਾਰੂਥਲ ਵਿਚ ਦੌੜਦੀ ਹਫ ਰਹੀ ਹੋਵਾਂ। ਪਾਣੀ ਦੀ ਇਕ ਬੂੰਦ ਲਈ ਵੀ ਕੁਰਲਾਉਂਦੀ। ਪਿਆਸੀ।

"ਬਰਸਾਤ ਬਿਨਾਂ ਤਾਂ ਧਰਤੀ ਵੀ ਖੁਸ਼ਕ ਹੋ ਜਾਂਦੀ ਹੈ"।

ਸਾਹਿਰ ਅਕਸਰ ਆਖਦਾ। ਕਿੰਨਾ ਕਮੀਣਾ ਹੈ ਉਹ ਵੀ। ਮੈਂ ਸਾਰੇ ਅਰਥ ਸਮਝਦੀ ਹਾਂ ਉਸਦੇ।

"ਰਾਤੀਂ ਬਰਸਾਤ ਹੋਈ ਸੀ ਜਾਂ ਨਹੀਂ?"

ਉਹ ਜਦ ਪੁੱਛਦਾ ਹੈ ਤਾਂ ਖਿਝ ਜਾਂਦੀ ਹਾਂ ਮੈਂ। ਪਤਾ ਨਹੀਂ ਕਿਉਂ ਪੁੱਛਦਾ ਹੈ ਉਹ। ਸ਼ਾਇਦ ਕਵਿਤਾ ਵਾਂਗ ਹਰ ਗੱਲ 'ਚੋਂ ਲੁਤਫ ਲੈਣ ਦੀ ਆਦਤ ਹੋਵੇ ਉਹਨੂੰ। ਜਿੰਨਾ ਗੂੜ੍ਹਾ ਰਿਸ਼ਤਾ ਸਾਹਿਰ ਦਾ ਕਵਿਤਾ ਨਾਲ਼ ਹੈ, ਉਨਾ ਗੂੜ੍ਹਾ ਰਿਸ਼ਤਾ ਹੀ ਉਸ 'ਕਵਿਤਾ' ਨਾਲ਼ ਵੀ। ... ਤੇ ਸ਼ਾਇਦ ਉਸ 'ਕਵਿਤਾ' ਦਾ ਉਸ ਸਾਹਿਰ ਨਾਲ਼ ਹੈ। ਗੱਲ ਤਾਂ ਇਕ ਹੀ ਹੋਈ। ਇੰਝ ਕਹਿ ਲਉ

ਜਾਂ ਉੱਝ। ਚਿੜ ਹੈ ਮੈਨੂੰ ਕਵਿਤਾ ਸ਼ਬਦ ਤੋਂ। ਖਾਸ ਕਰ ਉਸ 'ਕਵਿਤਾ' ਨਾਲ ਜੋ ਸਾਹਿਰ ਦੀ ਹਾਮੀ ਭਰਦੀ ਹੈ। ਮਾਰ ਦੇਣਾ ਚਾਹੁੰਦੀ ਹਾਂ ਮੈਂ ਉਸ ਕਵਿਤਾ ਨੂੰ। ਪਰ ਹਰ ਵਾਰ ਅਸਫਲ ਰਹਿੰਦੀ ਹਾਂ। ਉਲਟਾ... ਖੁਦ ਹੋ ਜਾਂਦੀ ਹਾਂ ਜ਼ਖਮੀ। ਤੜਫਣ ਲਈ। ਸਾਡੀ ਪਹਿਲੀ ਮੁਲਾਕਾਤ ਯਾਦ ਆਉਂਦੀ ਹੈ ਅਕਸਰ।

ਕੋਈ ਕਾਨਫਰੰਸ ਅਟੈਂਡ ਕਰਨ ਆਇਆ ਸੀ ਸਾਹਿਰ ਇਸ ਸ਼ਹਿਰ। ਉਸਦੀਆਂ ਕਵਿਤਾਵਾਂ ਸੁਣਨ ਦਾ ਮੌਕਾ ਤਾਂ ਖੁੰਝ ਗਿਆ ਸੀ ਹੱਥੋਂ। ਪਰ ਸਾਹਿਰ ਨਾਲ਼ ਮੁਲਾਕਾਤ ਦਾ ਮੌਕਾ ਮੈਂ ਹੱਥੋਂ ਜਾਣ ਨਾ ਦਿੱਤਾ। ਮੇਰੀ ਕੁਲੀਗ ਰੰਜਨਾ ਦੇ ਪਤੀ ਦਾ ਦੋਸਤ ਹੈ ਸਾਹਿਰ। ਰਾਤ ਦੇ ਖਾਣੇ 'ਤੇ ਆਇਆ ਸੀ ਸਾਹਿਰ ਉਹਨਾਂ ਦੇ ਘਰ। ਰੰਜਨਾ ਨੇ ਮੈਨੂੰ ਸ਼ਾਮਲ ਹੋਣ ਲਈ ਕਿਹਾ।... ਤੇ ਮੈਂ ਉਸ ਦਾ ਬੁਲਾਵਾ ਮਨਜ਼ੂਰ ਕਰ ਲਿਆ। ਅਜੀਬ ਜਿਹਾ ਚਾਅ ਸੀ ਸਾਹਿਰ ਨੂੰ ਮਿਲਣ ਦਾ ਮਨ ਵਿਚ। ਬਹੁਤ ਵੱਡੀ ਫੈਨ ਸਾਂ ਮੈਂ ਉਸਦੀ। ਉਸਦੀਆਂ ਕਈ ਕਵਿਤਾਵਾਂ ਜ਼ੁਬਾਨੀ ਯਾਦ ਸਨ ਮੈਨੂੰ।... ਤੇ ਹੁਣ...

ਨਫਰਤ ਹੋ ਗਈ ਹੈ ਜਿਵੇਂ 'ਕਵਿਤਾ' ਸ਼ਬਦ ਤੋਂ। ਕਿੰਨਾ ਬਕਵਾਸ ਜਿਹਾ ਲਗਦਾ ਹੈ ਇਹ ਸ਼ਬਦ। ਪਰ ਜਾਣਦੀ ਹਾਂ, ਇਹ ਚਿੜ ਕਵਿਤਾ ਨਾਲ਼ ਨਹੀਂ ਹੈ। ਉਸ ਕਵਿਤਾ ਨਾਲ਼ ਹੈ ਜੋ ਮੁਹੱਬਤ ਕਰਦੀ ਹੈ ਸਾਹਿਰ ਨੂੰ। ਬੇਪਨਾਹ ਮੁਹੱਬਤ।

ਰੰਜਨਾ ਨੇ ਤੁਆਰਫ ਕਰਾਇਆ ਸੀ ਸਾਡਾ।

"ਇਹ ਮੈਡਮ ਰਾਵੀ ਨੇ...। ਮੇਰੇ ਕੁਲੀਗ। ਸਾਈਕੋ ਟੀਚ ਕਰਦੇ ਨੇ ਕਾਲਿਜ ਵਿਚ"।

ਸਾਹਿਰ ਮੁਸਕਰਾਇਆ। ਉਸਦੀ ਮੁਸਕਾਣ ਅੱਖਾਂ ਤੀਕ ਫੈਲ ਗਈ ਜਾਪੀ ਸੀ ਮੈਨੂੰ।

"ਬਹੁਤ ਖੂਬ! ਫਿਰ ਤਾਂ ਚਿਹਰੇ ਵੀ ਪੜ੍ਹ ਲੈਂਦੇ ਹੋਣਗੇ ਇਹ। ਸਾਇਕਲੋਜੀ ਤਾਂ ਮੇਰਾ ਵੀ ਪਸੰਦੀਦਾ ਸਬਜੈਕਟ ਹੈ। ਮੇਰਾ ਤਾਂ ਮਨ ਕਰਦਾ ਹੁੰਦਾ ਆਪਣੇ ਸਾਹਮਣੇ ਖੜ੍ਹੇ ਹਰ ਬੰਦੇ ਦਾ ਮਨ ਫੋਲ ਲਵਾਂ। ਉਸਦੀਆਂ ਅੱਖਾਂ ਰਾਹੀਂ ਉਸਦੇ ਅੰਦਰ ਉਤਰ ਜਾਵਾਂ ਤੇ ਉਸਦੀ ਹਰ ਸੋਚ ਨੂੰ ਕਾਬੂ ਕਰ ਲਵਾਂ"।

ਮੈਨੂੰ ਲੱਗਿਆ ਸਾਹਿਰ ਮੇਰੀਆਂ ਅੱਖਾਂ ਵਿਚ ਝਾਕ ਰਿਹਾ ਸੀ।

ਮੈਂ ਨਜ਼ਰਾਂ ਫੇਰ ਲਈਆਂ। ਬਿਲਕੁਲ ਉਸੇ ਤਰ੍ਹਾਂ ਜਿਵੇਂ ਹੁਣ ਕਰ ਰਹੀ ਹਾਂ। ਐਵੇਂ ਨਾਕਾਮ ਜਿਹੀ ਕੋਸ਼ਿਸ਼। ਅੱਖਾਂ ਮੀਚਿਆਂ ਵੀ ਕਦੇ ਲੁਕਦਾ ਹੈ ਕੁਝ। ਮੈਂ ਸਾਹਿਰ ਨੂੰ ਦੂਰ ਜਾਂਦਾ ਦੇਖਦੀ ਹਾਂ। ਮੇਰੀਆਂ ਅੱਖਾਂ ਸਾਹਵੇਂ ਕਿੰਨਾ ਕੁਝ ਢਹਿਣ ਉਸਰਨ ਲੱਗਦਾ।

"ਰਾਵੀ, ਸਾਨੂੰ ਕਿਸੇ ਸਾਈਕੈਟਰਿਕ ਨੂੰ ਕਨਸਲਟ ਕਰਨਾ ਚਾਹੀਦਾ"।

ਐਮੀ ਨੂੰ ਕਿੰਨੀ ਚਿੰਤਾ ਹੋਈ ਸੀ ਮੇਰੀ।

ਪਰ ਉਹ ਵੀ ਤਾਂ ਹੁਣ ਪਾਗ਼ਲ ਸਮਝ ਰਿਹਾ ਮੈਨੂੰ। ਪਰ ਕੀ ਜਾਣੇ ਉਹ, ਉਸ ਪਲ ਮੈਂ, ਮੈਂ ਨਹੀਂ ਹੁੰਦੀ। ਕਵਿਤਾ ਬੋਲਦੀ ਹੈ ਮੇਰੇ ਅੰਦਰੋਂ। ਮਿਟਾ ਦੇਣਾ ਚਾਹੁੰਦੀ ਹਾਂ ਮੈਂ ਉਸ ਨੂੰ। ਪਰ ਖੁਦ ਹੋ ਜਾਂਦੀ ਹਾਂ ਚੂਰ। ਸ਼ੀਸ਼ੇ ਵਾਂਗ। ਬਿਲਕੁਲ ਉਸੇ ਦਿਨ ਵਾਂਗ।

ਉਸ ਦਿਨ ਪਹਿਲੀ ਵਾਰ, ਉਹਨਾਂ ਪਲਾਂ 'ਚੋਂ ਗੁਜ਼ਰੀ ਸਾਂ ਮੈਂ। ਪਰ ਹੁਣ ਜਿਵੇਂ ਸਾਰਾ ਕੁਝ ਆਮ ਹੋ ਗਿਆ ਮੇਰੇ ਲਈ। ਆਦਮ-ਕੱਦ ਸ਼ੀਸ਼ੇ ਵਿਚ ਕਵਿਤਾ ਦਿਸ ਰਹੀ ਸੀ ਮੈਨੂੰ ਉਦੋਂ। ਲੱਗਿਆ ਜਿਵੇਂ ਚਿੜਾ ਰਹੀ ਹੋਵੇ ਉਹ ਮੈਨੂੰ।

"ਅੜੀਏ ਲੁਤਫ ਲੈ! ਜੋ ਜਿੰਨਾ ਤੇਰੇ ਹਿੱਸੇ ਦਾ... ਉਨਾ ਹੀ ਮਾਣ ਲੈ ਉਸਨੂੰ। ਦੇਖ... ਮੇਰੇ ਵੱਲ ਦੇਖ..."।

...ਤੇ ਮੈਂ ਪਤਾ ਨਹੀਂ ਕਦ ਆਪਣਾ ਸਿਰ ਉਸ ਸ਼ੀਸ਼ੇ ਨਾਲ਼ ਜਾ ਮਾਰਿਆ।

ਪਰ ਕਵਿਤਾ ਤਾਂ ਕਿਤੇ ਵੀ ਨਹੀਂ ਸੀ ਉੱਥੇ। ਉੱਥੇ ਤਾਂ ਬੱਸ ਚੂਰ ਚੂਰ ਹੋਇਆ ਕੱਚ ਸੀ ਤੇ ਜਾਂ ਫਿਰ ਮੇਰੇ ਮੱਥੇ 'ਚੋਂ ਵਗਦਾ ਖੂਨ।

"ਉਸ ਬੇਜਾਨ ਕੱਚ ਨੇ ਤੇਰਾ ਕੀ ਵਿਗਾੜਿਆ ਸੀ ਕਵਿਤਾ। ਕਿਉਂ ਗੁੱਸਾ ਕੱਢ ਮਾਰਿਆ ਤੂੰ ਉਸ 'ਤੇ। ਇਹ ਹਰਕਤਾਂ ਖਤਰਨਾਕ ਨੇ..."।

ਪਤਾ ਨਹੀਂ ਸਾਹਿਰ ਹਮਦਰਦੀ ਦਿਖਾ ਰਿਹਾ ਸੀ ਜਾਂ ਫਿਰ ਕਹਿ ਰਿਹਾ ਸੀ ਕਿ ਤੂੰ ਪਾਗ਼ਲ ਹੁੰਦੀ ਜਾ ਰਹੀ ਹੈਂ।

ਸ਼ਾਇਦ ਠੀਕ ਸੋਚਦਾ ਉਹ। ਸੱਚਮੁਚ ਪਾਗ਼ਲ ਹੁੰਦੀ ਜਾ ਰਹੀ ਹਾਂ ਮੈਂ। ਪਰ ਪਾਗ਼ਲ ਤਾਂ ਉਸੇ ਦਿਨ ਹੋ ਗਈ ਸੀ ਮੈਂ, ਜਿਸ ਦਿਨ ਪਹਿਲੀ ਵਾਰ ਕਿਹਾ ਮੰਨਿਆ ਸੀ ਮੈਂ ਕਵਿਤਾ ਦਾ। ਕਵਿਤਾ ਦਾ ਕਿਹਾ ਮੰਨਕੇ ਹੀ ਤਾਂ ਫੋਨ ਕੀਤਾ ਸੀ ਮੈਂ ਸਾਹਿਰ ਨੂੰ। ਪਹਿਲੀ ਮੁਲਾਕਾਤ ਤੋਂ ਬਾਅਦ ਪਹਿਲਾ ਫੋਨ।... ਤੇ ਫਿਰ ਮੁਲਾਕਾਤਾਂ ਤੇ ਫੋਨਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਹੁਣ ਵੀ ਤਾਂ ਸਾਹਿਰ ਚਾਰ ਵਾਰ ਫੋਨ ਕਰ ਚੁੱਕਿਆ। ਨਹੀਂ ਕਰਨਾ ਚਾਹੁੰਦੀ ਮੈਂ ਉਸ ਨਾਲ ਗੱਲਾਂ, ਕੀ ਸਮਝੇ ਸਾਹਿਰ। ਇੰਝ ਵੀ ਕਰਦਾ ਹੈ ਇਨਸਾਨ ਕਦੇ-ਕਦੇ। ਮੁਕਤੀ ਚਾਹੁੰਦਾ ਹੈ ਸਭ ਕਾਸੇ ਤੋਂ। ਬਿਲਕੁਲ ਮੇਰੇ ਵਾਂਗ। ਜਿਵੇਂ ਹੁਣ ਮੈਂ ਚਾਹ ਰਹੀ ਹਾਂ। ਪਰ ਕਿਸ ਕੋਲੋਂ, ਇਹ ਫੈਸਲਾ ਕਰਨਾ ਮੁਸ਼ਕਿਲ ਹੈ ਮੇਰੇ ਲਈ।

ਕਿੰਨੀ ਖੂਬਸੂਰਤ ਸੀ ਉਹ ਸ਼ਾਮ।

ਕਿੰਨੀਆਂ ਗੱਲਾਂ ਕੀਤੀਆਂ ਸਨ ਮੈਂ ਸਾਹਿਰ ਨਾਲ਼। ਮੇਰੇ ਬਾਰੇ। ਡਾਇਮੰਡ ਬਾਰੇ। ਉਸਦੀ ਕਵਿਤਾ ਬਾਰੇ।... ਤੇ ਗ਼ਲਤੀ ਨਾਲ਼ ਵਿਵੇਕ ਬਾਰੇ ਵੀ।

ਪਰ ਹੁਣ ਵਿਵੇਕ ਦੇ ਨਾਮ ਤੋਂ ਹੀ ਚਿੜ ਜਾਂਦਾ ਹੈ ਸਾਹਿਰ।

ਮੈਂ ਜਾਣਦੀ ਹਾਂ। ਉਹ ਕਹਿੰਦਾ ਨਹੀਂ, ਪਰ ਬਹੁਤ ਕੁਝ ਚੱਲਦਾ ਹੈ ਉਸਦੇ ਅੰਦਰ। ਉਹ ਕਹਿਣਾ ਚਾਹੁੰਦਾ ਹੈ ਕਿ ਸਾਹਿਰ ਨੂੰ ਛੱਡ ਦੇ ਜਾਂ ਫਿਰ ਵਿਵੇਕ ਨੂੰ। ਦੋਹਾਂ 'ਚੋਂ ਕਿਸੇ ਇਕ ਨੂੰ ਚੁਣ ਲੈ। ਬੜਾ ਤਰਸ ਆਉਂਦਾ ਹੈ ਉਸ 'ਤੇ ਉਸ ਵੇਲ਼ੇ। ਪਰ ਕਿਵੇਂ ਸਮਝਾਵਾਂ ਉਸਨੂੰ ਕਿ ਸਾਰੇ ਇੰਨੇ ਵੀ ਖਾਸ ਨਹੀਂ ਹੁੰਦੇ। ਵਿਵੇਕ ਤੇ ਮੇਰਾ ਨੈੱਟ ਫਰੈਂਡ ਹੈ ਬਸ। ਸਾਹਿਰ ਦੇ ਹੀ ਸ਼ਹਿਰ ਦਾ। ਲਿਖਣ ਪੜ੍ਹਨ ਦੀ ਰੁਚੀ ਰੱਖਣ ਵਾਲ਼ਾ। ਨੈੱਟ 'ਤੇ ਹੀ ਦੋਸਤੀ ਹੋਈ ਸੀ ਸਾਡੀ। ... ਤੇ ਹੌਲ਼ੀ ਹੌਲ਼ੀ ਸੈੱਲ ਨੰਬਰ ਐਕਸਚੇਂਜ ਕਰ ਲਏ। ਮੈਨੂੰ ਚੰਗਾ ਲੱਗਦਾ ਹੈ ਵਿਵੇਕ। ਗੱਲ ਕਰਨੀ ਚੰਗੀ ਲੱਗਦੀ ਹੈ ਉਸ ਨਾਲ਼। ਇਸੇ ਲਈ ਤਾਂ ਵਿਵੇਕ ਬਾਰੇ ਦੱਸਿਆ ਸੀ ਮੈਂ ਸਾਹਿਰ ਨੂੰ। ਦੋਨਾਂ ਨੂੰ ਆਪਸ ਵਿਚ ਮਿਲਾਇਆ। ਸਾਹਿਰ ਵਿਵੇਕ ਨੂੰ ਉਸਦੇ ਆਫਸ ਜਾ ਕੇ ਮਿਲਿਆ ਸੀ। ਦੋਵੇਂ ਦੋਸਤ ਬਣੇ। ਪਰ ਗਿਣਤੀ ਦੀਆਂ ਕੁਲ ਚਾਰ ਮੁਲਾਕਾਤਾਂ ਵਿਚ ਹੀ ਸਾਹਿਰ ਵਿਵੇਕ ਦੇ ਨਾਮ ਤੋਂ ਵੀ ਖਿਝ ਗਿਆ। ਕਿਸੇ ਮਹਿਫਲ ਵਿਚ ਬੈਠਿਆਂ ਪਤਾ ਨਹੀਂ ਕੀ ਹੋ ਗਿਆ ਸੀ ਕਿ ਦੋਵੇਂ ਦੋਸਤ ਹੀ ਨਾ ਰਹੇ!

...ਤੇ ਉਸ ਦਿਨ ਪਹਿਲੀ ਵਾਰ ਵਿਵੇਕ ਨੂੰ ਲੈ ਕੇ ਬਹਿਸ ਹੋਈ ਸੀ ਸਾਡੇ ਦਰਮਿਆਨ। " ਤੂੰ ਜਾਣਦੀ ਕਿੰਨਾ ਕੁ ਏਂ ਉਸਨੂੰ? ਨੈੱਟ 'ਤੇ ਚਾਰ ਦਿਨ ਗੱਲਾਂ ਕਰ ਕੇ ਨੰਬਰ ਵਟਾ ਲਿਆ ਤੂੰ ਉਸ ਨਾਲ਼। ਰਿਸ਼ਤੇ ਬਣਾਉਣ ਦੀ ਜਾਚ ਤਾਂ ਕੋਈ ਤੇਰੇ ਤੋਂ ਸਿੱਖੇ। ਇੰਝ ਕਰ ਰੋਟੀ ਵਰਜ ਲੈ ਉਹਦੀ। ਤੇਰਾ 'ਆਪਣਾ' ਜੁ ਹੋਇਆ। ਤੇਰਾ ਉਹੀ ਆਪਣਾ ਤੇਰੇ ਬਾਰੇ..."।

ਸ਼ਾਹਿਰ ਨੇ ਗੱਲ ਅਧੂਰੀ ਛੱਡ ਦਿੱਤੀ ਸੀ।

ਭਹੁਤ ਪੁੱਛਿਆ ਸੀ ਮੈਂ! ਜਾਣਨਾ ਚਾਹੁੰਦੀ ਸਾਂ ਮੈਂ ਕਿ ਕੀ ਕਿਹਾ ਸੀ ਵਿਵੇਕ ਨੇ ਮੇਰੇ ਬਾਰੇ। ਪਰ ਹਰ ਵਾਰ ਇਕੋ ਹੀ ਜਵਾਬ ਦਿੱਤਾ ਸੀ ਸਾਹਿਰ ਨੇ।

"ਉਹ ਕੀ ਕਹਿੰਦਾ, ਇਹ ਗੱਲ ਬਹੁਤੀ ਵੱਡੀ ਨਹੀਂ। ਜ਼ਰੂਰੀ ਤਾਂ ਉਹ ਹੈ ਜੋ ਮੈਂ ਕਹਿ ਰਿਹਾਂ। ਦੂਰ ਰਹਿ ਉਸ ਤੋਂ। ਬਸ...। ਅਖੇ ਮੇਰਾ ਕਿਹੜਾ ਮੇਰਾ ਲਾਹ ਲਿਆ ਉਹਨੇ ਕੁਝ। ਉਡੀਕੀ ਚੱਲ ਬੈਠੀ। ਜਿਸ ਦਿਨ 'ਕੁਝ' 'ਲਾਹ' ਲਊ ਉਸ ਦਿਨ ਦੱਸੀਂ"।

ਮੈਂ ਸਾਹਿਰ ਕੋਲ ਵਿਵੇਕ ਦਾ ਕਦੀ ਨਾਮ ਨਹੀਂ ਲੈਂਦੀ। ਬੇਸ਼ੱਕ ਹੁਣ ਵੀ ਗੱਲ ਕਰਦੀ ਹਾਂ ਮੈਂ ਉਸ ਨਾਲ। ਪਤਾ ਨਹੀਂ ਐਸਾ ਕੀ ਕਹਿ ਦਿੱਤਾ ਸੀ ਵਿਵੇਕ ਨੇ ਕਿ ਸਾਹਿਰ...।

"ਐਵੇਂ ਸੋਚਿਆ ਨਾ ਕਰ। ਕਮਲੀਏ ਪਿੱਠ ਪਿੱਛੇ ਕੋਈ ਕੀ ਕਹਿੰਦਾ, ਇਹਦੀ ਬਹੁਤੀ ਪਰਵਾਹ ਨਹੀਂ ਕਰੀਦੀ। ਚਿੰਤਾ ਮੁਕਤ ਰਹਿਣ ਦਾ ਤਾਂ ਇਹੀ ਫਾਰਮੂਲਾ"।

ਕਵਿਤਾ ਆਖਦੀ ਹੈ ਇਹ।

ਕਿੰਨੀ ਬੇਸ਼ਰਮ ਹੈ ਉਹ। ਹਰ ਚੀਜ਼ 'ਚੋਂ ਲੁਤਫ ਲੈਣ ਨੂੰ ਲਾਈਫ ਦਾ ਫੰਡਾ ਦੱਸਦੀ ਹੈ ਉਹ। ਪਰ ਸਾਹਿਰ...।

ਉਸਦੇ ਤਾਂ ਫੰਡੇ ਹੀ ਅਲੱਗ ਨੇ। ਉਹ ਇਸ ਸਭ ਨੂੰ ਜ਼ਿੰਦਗੀ ਜਿਉਣਾ ਨਹੀਂ, ਜ਼ਿੰਦਗੀ ਭੋਗਣਾ ਆਖਦਾ ਹੈ। ਪਰ ਸਾਹਿਰ ਤਾਂ ਸਾਹਿਰ ਹੈ। ਹਜ਼ਾਰਾਂ ਦੀਵਾਨੇ ਨੇ ਉਸਦੇ। ਉਸਦੀ ਕਵਿਤਾ ਦੇ। ਜਿੰਨ੍ਹਾਂ ਵਿਚੋਂ ਕਦੇ ਮੈਂ ਵੀ ਇਕ ਸਾਂ। ਇਸੇ ਲਈ ਤਾਂ ਦੌੜੀ ਗਈ ਸਾਂ ਰੰਜਨਾ ਦੇ ਘਰ। ਇਸ ਲਈ ਤਾਂ ਪਹਿਲੀ ਮੁਲਾਕਾਤ ਤੋਂ ਬਾਅਦ ਮੈਂ ਫੋਨ ਕੀਤਾ ਸੀ ਸਾਹਿਰ ਨੂੰ। ਨੰਬਰ ਡਾਇਲ ਕਰਦਿਆਂ ਧੜਕਣ ਤੇਜ਼ ਹੋ ਗਈ ਸੀ ਮੇਰੀ। ਪਰ ਸਾਹਿਰ ਦੀ ਮਿੱਠੀ ਆਵਾਜ਼ ਨੇ ਕੀਲ ਲਿਆ ਸੀ ਜਿਵੇਂ ਮੈਨੂੰ। ਵਗਦੀ ਹਵਾ ਵੀ ਖਲੋ ਗਈ ਸੀ ਜਿਵੇਂ।... ਤੇ ਉਸ ਰਾਤ ਫੋਨ 'ਤੇ ਕੀਤੀਆਂ ਗੱਲਾਂ ਮੈਂ ਵਾਰ ਵਾਰ ਮਨ ਵਿਚ ਦਹੁਰਾਉਂਦੀ ਰਹੀ ਸੀ। ਫਿਰ ਹਰ ਰੋਜ਼ ਹੀ ਗੱਲਾਂ ਹੋਣ ਲੱਗੀਆਂ। ਅਸੀਂ ਵਧ ਰਹੇ ਸਾਂ ਇਕ ਦੂਜੇ ਵੱਲ। ਕਾਹਲੇ ਕਦਮੀਂ। ਅਚਾਨਕ ਇਕ ਦਿਨ ਪਹੁੰਚ ਗਏ ਸਾਂ ਉਸ ਬਿੰਦੂ 'ਤੇ, ਜਿਸ ਥਾਂ ਪੈਰ ਧਰਨ ਤੋਂ ਵੀ ਡਰਦੀ ਸੀ ਮੈਂ। ਸਾਰੀ ਉਮਰ ਉਸ ਗੱਲ ਤੋਂ ਡਰਦੀ ਰਹੀ ਸਾਂ। ਮੇਰੇ ਸਾਹਮਣੇ ਡਿੰਪਲ, ਰੰਮੀ ਤੇ ਰਾਜਬੀਰ ਵਰਗੇ ਕਿੰਨੇ ਹੀ ਨਾਮ ਸਨ, ਜੋ ਕਦੇ, ਕਿਸੇ ਵੇਲ਼ੇ ਹਾਵੀ ਹੋਣਾ ਚਾਹੁੰਦੇ ਸਨ, ਮੇਰੇ ਪੂਰੇ ਵਜੂਦ ਉੱਤੇ। ਪਰ ਹਮੇਸ਼ਾ ਖਾਰਜ ਕਰ ਦਿੰਦੀ ਸਾਂ ਮੈਂ ਐਸੀਆਂ ਸੋਚਾਂ ਨੂੰ। ਪਰ ਸਾਹਿਰ ਸਾਹਵੇਂ ਕੁਝ ਵੀ ਨਹੀਂ ਸਾਂ ਕਰ ਸਕੀ ਮੈਂ।

"ਮੈਨੂੰ ਤਾਂ ਡਰ ਲੱਗਦਾ... ਕਿਤੇ ਸਾਹਿਰ ਪਿਆਰ ਹੀ ਨਾ ਕਰਨ ਲੱਗ ਜਾਏ ਮੈਨੂੰ"।

ਇਕ ਦਿਨ ਮਜ਼ਾਕ ਵਿਚ ਕਿਹਾ ਸੀ ਮੈਂ।

ਸਾਹਿਰ ਖਾਮੋਸ਼ ਹੋ ਗਿਆ। ਫਿਰ ਬੜੀ ਸੰਜੀਦਾ ਆਵਾਜ਼ ਵਿਚ ਬੋਲਿਆ,

"ਰਾਵੀ! ਸਾਹਿਰ ਸੱਚਮੁਚ ਪਿਆਰ ਕਰਨ ਲੱਗਿਆ ਤੈਨੂੰ"।

ਮੈਂ ਹੱਸ ਪਈ ਸਾਂ ਉਸਦੀ ਗੱਲ ਸੁਣ ਕੇ।

"ਅੱਛਾ ਜੀ! ਕਹਿੰਦੇ ਸਾਰ ਹੀ ਪਿਆਰ ਹੋ ਗਿਆ ਜਨਾਬ ਨੂੰ?"

ਮੈਂ ਇਸ ਗੱਲ ਨੂੰ ਮਜ਼ਾਕ ਸਮਝ ਛੱਡਿਆ। ਹੱਸ ਲਿਆ ਤੇ ਵਿਸਾਰ ਦਿੱਤਾ। ਪਰ ਅੰਦਰ ਹਲਚਲ ਜਿਹੀ ਮੱਚ ਗਈ ਸੀ ਜਿਵੇਂ। ਸਾਹਿਰ ਕਈ ਦਿਨ ਇਕੋ ਗੱਲ 'ਤੇ ਅੜਿਆ ਰਿਹਾ। ਮੈਨੂੰ ਮਨਾਉਂਦਾ। ਸਮਝਾਉਂਦਾ। ਦਲੀਲਾਂ ਦਿੰਦਾ।

"ਸਾਡੀਆਂ ਉਮਰਾਂ ਦਾ ਫਰਕ ਹੈ ਸਾਹਿਰ। ਤੈਨੂੰ ਡਰ ਨਹੀਂ ਆਉਂਦਾ?"

"ਪਿਆਰ ਉਮਰਾਂ ਨਹੀਂ ਦੇਖਦਾ"।

ਉਹ ਦਲੀਲ ਦਿੰਦਾ।

"ਮੈਂ ਪੂਰੀ ਨਹੀਂ ਹੋ ਸਕਦੀ ਤੇਰੀ। ਕਿਉਂਕਿ ਪਤਨੀ ਹਾਂ ਮੈਂ ਕਿਸੇ ਦੀ"।

"ਮੈਨੂੰ ਰੂਹਾਂ ਦਾ ਸਾਥ ਚਾਹੀਦਾ। ਜਿਸਮਾਂ ਦਾ ਸੇਕ ਨਹੀਂ"।

ਉਹ ਤਰਕ ਦਿੰਦਾ।

"ਤਾਂ ਫਿਰ ਦੇ ਦਿੱਤਾ ਤੇਰਾ ਸਾਥ। ਹੁਣ ਮਾਣ ਰੱਖੀਂ ਇਸ ਰਿਸ਼ਤੇ ਦਾ"।

... ਤੇ ਆਖਰ, ਕਬੂਲ ਕਰ ਲਿਆ ਮੈਂ ਸਾਹਿਰ ਨੂੰ। ਉਸਦੀ ਮੁਹੱਬਤ ਨੂੰ।

ਪਰ ਸੋਚਾਂ ਦਾ ਤੂਫਾਨ ਹਰ ਪਲ ਦਿਮਾਗ਼ ਵਿਚ ਉਠਿਆ ਰਹਿੰਦਾ। ਕਿੰਨੇ ਹੀ ਸਵਾਲ ਬੇਚੈਨ ਕਰੀ ਰੱਖਦੇ ਮੈਨੂੰ। ਲੱਗਦਾ ਜਿਵੇਂ ਪਾਪ ਕਰ ਰਹੀ ਹੋਵਾਂ ਮੈਂ। ਕਿੰਨਾ ਕੁਝ ਸੀ ਜੋ ਮੇਰੇ ਦਿਮਾਗ਼ ਵਿਚ ਉਲਝਿਆ ਰਹਿੰਦਾ। ਇਸ ਉਲਝਣ ਵਿਚ ਉਲਝੀ ਮੈਂ ਕਵਿਤਾ ਕਦ ਬਣ ਗਈ ਸਾਂ, ਮੈਨੂੰ ਖੁਦ ਪਤਾ ਨਹੀਂ ਸੀ ਲੱਗਾ।

"ਨਾ ਤੂੰ ਮਿਸਿਜ਼ ਐਮੀ। ਨਾ ਪ੍ਰੋਫੈਸਰ ਰਾਵੀ। ਤੂੰ ਤਾਂ ਕਵਿਤਾ ਹੈਂ ਮੇਰੀ। ਕਵਿਤਾ ਰੂਹ ਵਿਚ ਰਮੀ ਹੋਈ ਏ ਮੇਰੇ।... ਤੇ ਕਵਿਤਾ ਵਾਂਗ ਹੀ ਤੇਰੀ ਮੁਹੱਬਤ। ਤੂੰ ਸਾਹਿਰ ਦੀ ਕਵਿਤਾ ਹੈਂ। ਸਿਰਫ ਤੇ ਸਿਰਫ ਮੇਰੀ"।

ਸਾਹਿਰ ਹਮੇਸ਼ਾ ਕਵਿਤਾ ਆਖ ਕੇ ਬੁਲਾਉਂਦਾ ਹੈ ਮੈਨੂੰ।

ਮੈਂ ਕਵਿਤਾ ਬਣ ਕੇ ਜਿਉਂਦੀ ਰਹੀ। ਪਰ ਹੁਣ...ਉਸੇ ਕਵਿਤਾ ਤੋਂ ਡਰ ਰਹੀ ਹਾਂ ਮੈਂ। ਖਿਝ ਰਹੀ ਹਾਂ ਮੈਂ। ਪਤਾ ਨਹੀਂ ਕਿਉਂ? ਬਹੁਤ ਸਾਰਾ ਕੁਝ ਹੈ, ਜਿਸਦਾ ਜਵਾਬ ਨਾ ਮੇਰੇ ਕੋਲ ਹੈ ਨਾ ਕਵਿਤਾ ਕੋਲ। ਬੱਚਿਆਂ ਵਾਂਗ ਰੋਣ ਲੱਗਦੀ ਹਾਂ ਮੈਂ, ਇਕੱਲੀ ਬੈਠੀ। ਬਿਨਾਂ ਕਿਸੇ ਗੱਲ ਤੋਂ। ਕਦੀ-ਕਦੀ ਹੱਸਣ ਲੱਗਦੀ ਹਾਂ। ਬਿਨਾਂ ਕਾਰਨ। ਉੱਚੀ- ਉੱਚੀ। ਪਾਗ਼ਲਾਂ ਵਾਂਗ। ਹੈ ਨਾ ਅਜੀਬ ਜਿਹੀ ਹਾਲਤ। ਪਤਾ ਨਹੀਂ ਕੈਸੀ ਗੰਢ ਹੈ ਮੇਰੇ ਅੰਦਰ ਜੋ ਖੁਲ੍ਹਦੀ ਨਹੀਂ।

ਕਦੇ ਐਸੇ ਹੀ ਹਾਲਾਤ ਵਿਚ ਵਿਵੇਕ ਨਾਲ਼ ਦੋਸਤੀ ਕੀਤੀ ਸੀ ਮੈਂ। ਬਹੁਤ ਉਦਾਸ ਸਾਂ ਮੈਂ ਉਹਨਾਂ ਦਿਨਾਂ 'ਚ। ਸੋਚਦੀ, ਜਿਵੇਂ ਮਰ ਜਾਣਾ ਹੈ ਮੈਂ। ਇਕੱਲੀ ਬੈਠੀ ਡਰ ਜਾਂਦੀ। ਬੇਜਾਨ ਚੀਜ਼ਾਂ ਭੰਨ ਸੁੱਟਦੀ। ਕਾਲਿਜ ਵਿਚ ਸਮਰ ਵੋਕੇਸ਼ਨ ਚੱਲ ਰਹੀ ਸੀ। ਮੈ ਸਾਰਾ ਦਿਨ ਉਦਾਸ ਅੰਦਰ ਪਈ ਰਹਿੰਦੀ। ਕਿੰਨਾ ਵੱਡਾ ਕਾਰਨ ਸੀ ਇਸ ਉਦਾਸੀ ਦਾ। ਮੇਰੇ ਭਰਾ ਦੀ ਮੌਤ। ਮੈਂ ਹਿੱਲ ਗਈ ਸਾਂ ਜਿਵੇਂ। ਮੈਨੂੰ ਰੁਝਾਉਣ ਲਈ ਐਮੀ ਲੈਪਟਾਪ ਲੈ ਆਏ। ਮੈਂ ਉਸ ਨਾਲ਼ ਮਨ ਪਰਚਾਉਣ ਦੀ ਕੋਸ਼ਿਸ਼।... ਤੇ ਫਿਰ ਕਿਸੇ ਸੋਸ਼ਲ ਨੈੱਟਵਰਕਿੰਗ ਸਾਈਟ 'ਤੇ ਕਈ ਸਾਰੇ ਦੋਸਤ ਬਣਾ ਲਏ। ਉਹਨਾਂ ਨਾਲ ਗੱਲਾਂ ਕਰਦਿਆਂ, ਸਾਰਾ ਕੁਝ ਭੁੱਲਣ ਦੀ ਕੋਸ਼ਿਸ਼ ਕਰਦੀ। ਇੰਝ ਹੀ ਇਕ ਦਿਨ ਫਰੈਂਡ ਲਿਸਟ ਵਿਚ ਵਿਵੇਕ ਨੂੰ ਐਡ ਕਰ ਲਿਆ। ਸਾਰਾ ਦਿਨ ਅਸੀਂ ਚੈਟਿੰਗ ਕਰਦੇ। ਬਹੁਤ ਹਸਾਇਆ ਕਰਦਾ ਸੀ ਵਿਵੇਕ ਮੈਨੂੰ। ਮੈਂ ਦੁੱਖ ਵਿਚੋਂ ਉਭਰਨ ਲੱਗੀ। ਇਸੇ ਲਈ ਤਾਂ ਚੰਗਾ ਲੱਗਦਾ ਹੈ ਉਹ ਮੈਨੂੰ। ਮਿਲ਼ੇ ਨਹੀਂ ਮੈਂ ਤੇ ਵਿਵੇਕ ਕਦੀ। ਬੱਸ ਗੱਲਾਂ ਕੀਤੀਆਂ ਨੇ। ਫੋਨ ਉਪਰ ਜਾਂ ਫਿਰ ਨੈੱਟ ਉਪਰ।... ਤੇ ਸਾਹਿਰ ਨੂੰ ਏਹੀ ਗੱਲ ਹੈਰਾਨ ਕਰਦੀ ਹੈ। ਉਹ ਆਖਦਾ ਹੈ ਜਿਸਨੂੰ ਜਾਣਦੀ ਨਹੀਂ, ਉਸ ਨਾਲ ਨੇੜਤਾ ਬਣਾਈ ਫਿਰਦੀ ਹੈਂ। ਬਥੇਰੀ ਦੁਨੀਆ ਬੈਠੀ ਹੈ ਐਸੀ, ਇਹਨਾਂ ਸਾਈਟਸ 'ਤੇ। ਸੋਸ਼ਲ ਦੇ ਨਾਂ 'ਤੇ ਸੋਸ਼ਣ ਤੇ ਚੈਟਿੰਗ ਦੇ ਨਾਂ 'ਤੇ ਚੀਟਿੰਗ ਕਰਨ ਵਾਲੀ।

ਮੈਂ ਜਾਣਦੀ ਹਾਂ ਇਹ ਗੱਲ ਹੈਰਾਨ ਨਹੀਂ, ਪਰੇਸ਼ਾਨ ਕਰਦੀ ਹੈ ਉਸਨੂੰ। ਵਿਚਾਰੇ ਦਾ ਮੂੰਹ ਲਾਲ ਹੋ ਜਾਂਦਾ ਇਕ ਦਮ ਵਿਵੇਕ ਦਾ ਨਾਮ ਸੁਣ ਕੇ। ਕਦੀ-ਕਦੀ ਤਰਸ ਵੀ ਆਉਣ ਲੱਗਦਾ ਮੈਨੂੰ। ਸੋਚਦੀ ਹਾਂ, ਬਹੁਤ ਪਿਆਰ ਕਰਦਾ ਹੈ ਮੈਨੂੰ। ਇਸੇ ਲਈ ਹੱਕ ਜਤਾਉਂਦਾ ਹੈ ਮੇਰੇ 'ਤੇ। ਪਰ ਕਦੀ ਲੱਗਦਾ ਹੱਕ ਨਹੀਂ ਇਹ ਤਾਂ ਕਬਜ਼ਾ ਹੈ। ਸਾਰੇ ਮਰਦ ਇਕੋ ਜਿਹੇ ਹੀ ਤਾਂ ਹੁੰਦੇ ਨੇ...। ਜੇਬ ਵਿਚ ਪਾ ਕੇ ਰੱਖਣਾ ਚਾਹੁੰਦੇ ਨੇ ਔਰਤ ਨੂੰ। ਜਦ ਕਦੇ ਮਰਦਾਂ ਦੀ ਇਸ ਫਿਤਰਤ ਬਾਰੇ ਸਾਹਿਰ ਨੂੰ ਕੁਝ ਆਖਦੀ ਹਾਂ, ਤਾਂ ਤੜਫ ਉਠਦਾ ਹੈ ਉਹ।

"ਸਾਰੇ ਮਰਦ... ਮਤਲਬ ਕਿੰਨੇ ਕੁ ਮਰਦਾਂ ਨੂੰ ਜਾਣਦੀ ਹੈਂ ਤੂੰ?"

ਬੜਾ ਤਿੱਖਾ ਵਾਰ ਕਰਦਾ ਹੈ ਉਹ।

"ਸਾਹਿਰ ਦਾ ਗ੍ਰੇਟ! ਮੇਰਾ ਤਾਂ ਦੋ ਜਾਣਿਆਂ ਨਾਲ਼ ਹੀ ਵਾਸਤਾ ਪਿਆ। ਤੂੰ ਤੇ ਐਮੀ। ਇਸੇ ਤਜਰਬੇ 'ਚੋਂ ਕਿਹਾ ਮੈਂ ਤਾਂ"।

ਮੇਰੀ ਗੱਲ ਸੁਣ ਬੜਾ ਮਾਸੂਮ ਜਿਹਾ ਚਿਹਰਾ ਬਣ ਜਾਏਗਾ ਉਸਦਾ।

"ਤੂੰ ਹੈਂ ਇੰਨੀ ਖੂਬਸੂਰਤ। ਮੈਨੂੰ ਡਰ ਆਉਂਦਾ। ਜੇ ਕੀਲ ਕੇ ਲੈ ਗਿਆ ਕੋਈ ਤੈਨੂੰ। ਮੈਂ ਕਿੱਥੇ ਜਾਊਂ"।

ਝੂਠਾ ਜਿਹਾ ਮੁਸਕਰਾ ਲੈਂਦੀ ਹਾਂ ਮੈਂ ਉਸਦੀ ਇਸ ਗੱਲ 'ਤੇ। ਪਰ ਮਨ ਵਿਚ ਆਖਦੀ ਹਾਂ, ਡਰ ਤਾਂ ਕੋਈ ਹੋਰ ਹੈ ਤੇਰੇ ਅੰਦਰ। ਜਿਹੜੀ ਆਪਣੇ ਪਤੀ ਨੂੰ ਧੋਖਾ ਦੇ ਕੇ ਤੈਨੂੰ ਪਿਆਰ ਕਰ ਰਹੀ ਹੈ, ਉਹ ਤੇਰੇ ਪ੍ਰਤੀ ਵੀ ਵਫਾਦਾਰ ਹੈ ਜਾਂ ਨਹੀਂ। ਇਸ ਗੱਲ ਦਾ ਧਰਵਾਸ ਨਹੀਂ ਹੈ ਤੈਨੂੰ।

ਕੰਬ ਤਾਂ ਮੈਂ ਵੀ ਜਾਂਦੀ ਹਾਂ। ਕਦੀ ਕਦੀ। ਇਹ ਸਭ ਕੁਝ ਸੋਚ ਕੇ। ਕਿਉਂ ਕਰ ਰਹੀ ਹਾਂ ਮੈਂ ਇਹ ਸਭ। ਮਾਂ ਹਾਂ ਮੈਂ ਕਿਸੇ ਦੀ। ਪਤਨੀ ਹਾਂ ਕਿਸੇ ਦੀ। ਇਹ ਧੋਖਾ ਨਹੀਂ ਤਾਂ ਹੋਰ ਕੀ ਹੈ?

ਪਰ ਉਸੇ ਹੀ ਪਲ... ਕਵਿਤਾ ਬੋਲਦੀ ਹੈ ਮੇਰੇ ਅੰਦਰੋਂ।

"ਕਮਲੀਏ! ਪਿਆਰ ਤਾਂ ਪਿਆਰ ਹੁੰਦਾ। ਪਿਆਰ ਵਿਚ ਪਹਿਲਾ, ਦੂਜਾ, ਤੀਜਾ ਕੁਝ ਨਹੀਂ ਹੁੰਦਾ। ਨਾ ਐਮੀ ਤੇਰਾ ਪਹਿਲਾ ਪਿਆਰ ਹੈ ਨਾ ਸਾਹਿਰ ਦੂਜਾ। ਅਹਿਸਾਸ ਕਿਤੇ ਇਹਨਾਂ ਗੱਲਾਂ ਦੇ ਮੁਥਾਜ ਹੁੰਦੇ ਨੇ। ਕਿੰਨਾ ਖੂਬਸੂਰਤ ਸ਼ਬਦ ਜਾਲ ਬੁਣਦੀ ਹੈ ਮਰ ਜਾਣੀ। ਇੰਨਾ ਖੂਬਸੂਰਤ ਸ਼ਬਦ ਜਾਲ ਹੀ ਸਾਹਿਰ ਨੇ ਬੁਣਿਆ ਸੀ। ਕਿੰਨੇ ਤਰਕ ਦਿੱਤੇ ਸੀ ਉਸਨੇ। ਉਸਦੀ ਦੱਸੀ ਪਰਿਭਾਸ਼ਾ ਵਿਚ ਅਹਿਸਾਸ ਦਾ ਦੂਜਾ ਨਾਂ ਹੀ ਪਿਆਰ ਸੀ। ਜਿਸਮਾਂ ਤੋਂ ਪਾਰ ਰੂਹ ਦੀ ਗੱਲ।... ਤੇ ਉਹੀ ਰੂਹਾਂ ਨੂੰ ਪਿਆਰ ਕਰਨ ਵਾਲਾ ਬੰਦਾ ਹੁਣ ਜਦ 'ਬਰਸਾਤ' ਨੂੰ ਪ੍ਰਤੀਕ ਬਣਾ ਕੇ 'ਗੁੱਝੀ' ਜਿਹੀ ਗੱਲ ਕਰਦਾ ਹੈ ਤਾਂ ਉਸਦੇ ਸਾਰੇ ਅਰਥ ਸਮਝ ਜਾਂਦੀ ਹਾਂ ਮੈਂ। ਖਿਝ ਚੜ੍ਹਦੀ ਹੈ ਉਦੋਂ। ਕਮੀਨਾ ਸਭਿਅਕ ਹੋਣ ਦਾ ਸਵਾਂਗ ਰਚਦਾ।

ਉਹ ਜਦ, 'ਰਾਤੀਂ ਬਰਸਾਤ ਹੋਈ ਸੀ ਜਾਂ ਨਹੀਂ' ਪੁੱਛਦਾ ਹੈ ਤਾਂ ਮੈਨੂੰ ਇਹ ਵਾਕ, 'ਰਾਤੀਂ ਸੈਕਸ ਕੀਤਾ ਸੀ ਜਾਂ ਨਹੀਂ' ਹੀ ਸੁਣਦਾ ਹੈ। ਪਤਾ ਨਹੀਂ, ਇਸ ਸਭ ਦੀ ਕਿਉਂ ਚਿੰਤਾ ਰਹਿੰਦੀ ਹੈ ਉਸਨੂੰ।

"ਦਿਮਾਗ਼ ਖਰਾਬ ਹੈ ਉਸਦਾ"। ਕਦੀ-ਕਦੀ ਇਹ ਆਖ ਕੇ ਸ਼ਾਂਤ ਕਰ ਲੈਂਦੀ ਹਾਂ ਮੈਂ ਖੁਦ ਨੂੰ।

"ਰੋਟੀ ਵਾਂਗ ਇਸਦੀ ਵੀ ਤਾਂ ਭੁੱਖ ਲੱਗਦੀ ਹੈ। ਟੇਕ ਇਟ ਈਜ਼ੀ"।

ਇੰਝ ਆਖਦਾ ਹੈ ਸਾਹਿਰ ਅਕਸਰ।

ਜਾਣਦੀ ਹਾਂ। ਕੀ ਚਾਹੁੰਦਾ ਹੈ ਉਹ। ਪਰ ਮੈਂ ਕਵਿਤਾ ਹਾਂ। ਨਹੀਂ ਬੁਝਾ ਸਕਦੀ ਮੈਂ ਉਸਦੀ ਪਿਆਸ। ਇਸ ਲਈ ਤਾਂ ਰਾਵੀ ਬਣਨਾ ਪੈਂਦਾ ਸੀ ਮੈਨੂੰ। ਉਹ ਰਾਵੀ ਜਿਸ ਵਿਚ ਐਮੀ ਡੁੱਬ ਚੁੱਕਾ ਸੀ। ਕਿਵੇਂ ਡੁਬੋ ਦਿਆਂ ਮੈਂ ਉਸ ਵਿਚ ਸੱਚੇ ਸੁੱਚੇ ਸਾਹਿਰ ਨੂੰ। ਆਖਰ ਪਾਣੀਆਂ ਦੀ ਵੀ ਤਾਂ ਮਰਯਾਦਾ ਹੁੰਦੀ ਹੈ ਕੋਈ। ਨਹੀਂ ਤਾਂ ਕੱਚੇ ਵੀ ਤਰ ਜਾਂਦੇ ਇਹਨਾਂ ਵਿਚ।

ਪਰ ਕੀ ਜਾਣੇ ਸਾਹਿਰ। ਔਰਤ ਸੈਕਸ ਦੀ ਨਹੀਂ ਪਿਆਰ ਦੀ ਵੀ ਭੁੱਖੀ ਹੁੰਦੀ ਹੈ। ਇਸੇ ਭੁੱਖ ਲਈ ਹੀ ਤਾਂ ਮੈਂ ਸਾਹਿਰ ਨੂੰ ਪਿਆਰ ਕੀਤਾ ਸੀ। ਕਿੰਨੀ ਖੁਸ਼ ਸਾਂ ਮੈਂ ਸਾਹਿਰ ਨੂੰ ਪਾ ਕੇ। ਪਰ ਅਫਸੋਸ।... ਰੂਹਾਂ ਨੂੰ ਪਿਆਰ ਕਰਨ ਵਾਲਾ ਇਨਸਾਨ ਜਿਸਮਾਂ ਦੀ ਪਰਿਕਰਮਾ ਕਰਨ ਲੱਗਿਆ ਸੀ।

"ਮਰਦ ਤਾਂ ਹੁੰਦਾ ਹੀ ਕਮੀਨਾ ਏ"। ਡਾਕਟਰ ਸੋਫੀਆ ਅਕਸਰ ਇੰਝ ਆਖਦੀ ਹੈ।

ਜ਼ਰਾ ਵੀ ਝੂਠ ਨਹੀਂ ਹੈ ਉਸਦੀ ਇਹ ਗੱਲ। ਪਰ ਮੈਂ ਤਾਂ ਝੂਠ ਨੂੰ ਹੀ ਸ ਚ ਸਮਝੀ ਬੈਠੀ ਸਾਂ। ਕਿੰਨਾ ਖੂਬਸੂਰਤ ਭਰਮ ਪਾਲ਼ੀ ਬੈਠੀ ਸਾਂ ਮੈਂ ਆਪਣੇ ਅੰਦਰ। ਪਰ ਹੁਣ...। ਜਿਵੇਂ ਸਾਰੇ ਹੀ ਭਰਮ ਟੁੱਟਦੇ ਜਾ ਰਹੇ ਨੇ ਮੇਰੇ।

"ਭਰਮ ਵਿਚ ਵੀ ਜਿਉਣਾ ਪੈਂਦਾ ਏ ਕਈ ਵਾਰ!" ਕਵਿਤਾ ਜਿਉਣਾ ਚਾਹੁੰਦੀ ਹੈ ਭਰਮ ਵਿਚ। ਪਰ ਮੈਂ ਨਹੀਂ। ਮੈਂ ਜਾਣਦੀ ਹਾਂ... ਸਾਹਿਰ ਦੂਰ ਜਾ ਰਿਹਾ ਹੈ ਮੈਥੋਂ। ਇਹ ਮੇਰਾ ਨਹੀਂ ਕਿਸੇ ਹੋਰ ਦਾ ਹੈ।

... ਤੇ ਇਹੀ ਸੱਚ ਹੈ।

ਨਵੀਂ ਜ਼ਿੰਦਗੀ ਸ਼ੁਰੂ ਕਰਨ ਜਾ ਰਿਹਾ ਹੈ ਉਹ। ਖੁੱਸ ਜਾਏਗਾ ਮੈਥੋਂ ਸਾਰਾ ਕੁਝ।

" ਆ ਜਾ ਐਮੀ ਨੂੰ ਛੱਡ ਕੇ। ਮੈਂ ਤਾਂ ਵੈਸੇ ਵੀ ਦੋ ਵਿਆਹ ਕਰਵਾ ਸਕਦਾਂ"।

ਕਿੰਨੀ ਬੇਸ਼ਰਮੀ ਨਾਲ਼ ਕਿਹਾ ਸੀ ਸਾਹਿਰ ਨੇ...।

ਸੰਭਾਲ ਨਹੀਂ ਸਾਂ ਸਕੀ ਮੈਂ ਖੁਦ ਨੂੰ। ਸੈੱਲ ਫੋਨ ਵਗਾਹ ਕੇ ਮਾਰਿਆ ਸੀ ਮੈਂ। ਕਵਿਤਾ ਖੜ੍ਹੀ ਸੀ ਮੇਰੇ ਸਾਹਮਣੇ।

"ਜੋ ਜਿੰਨਾ ਤੇਰੇ ਹਿੱਸੇ ਦਾ...!"

... ਤੇ ਪਤਾ ਨਹੀਂ ਕਦ... ਉਹ ਪਲ ਹਾਵੀ ਹੋ ਗਏ ਸੀ ਮੇਰੇ 'ਤੇ। ਜਦ ਹੋਸ਼ ਆਈ ਤਾਂ ਚੂਰ ਚੂਰ ਹੋਇਆ ਕੱਚ ਪਿਆ ਸੀ ਫਰਸ਼ 'ਤੇ।... ਤੇ ਮੱਥੇ 'ਤੇ ਬੰਨ੍ਹੀ ਹੋਈ ਡਾ. ਵਾਲੀਆ ਦੀ ਪੱਟੀ। ਡਾਇਮੰਡ ਦੌੜਿਆ ਆਇਆ ਸੀ ਆਪਣੇ ਰੂਮ 'ਚੋਂ। ਸਹਿਮ ਗਿਆ ਸੀ ਵਿਚਾਰਾ। ਵਾਲ਼ ਪੁੱਟ ਸੁੱਟੇ ਸੀ ਮੈਂ ਆਪਣੇ।

"ਪਾਪਾ! ਕੀ ਹੋ ਜਾਂਦਾ ਮੰਮਾ ਨੂੰ?" ਉਹ ਕਈ ਦਿਨ ਐਮੀ ਨੂੰ ਪੁੱਛਦਾ ਰਿਹਾ। ਮੈਂ ਗਹੁ ਨਾਲ਼ ਡਾਇਮੰਡ ਵੱਲ ਦੇਖਦੀ। ਲੱਗਦਾ ਜਿਵੇਂ ਸਾਹਿਰ ਖੜ੍ਹਾ ਹੋਵੇ ਮੇਰੇ ਸਾਹਵੇਂ। ਕਿੰਨਾ ਮਿਲ਼ਦਾ ਹੈ ਡਾਇਮੰਡ ਸਾਹਿਰ ਨਾਲ਼। ਉਹੀ ਸ਼ਕਲ ਸੂਰਤ। ਉਹੀ ਆਦਤਾਂ। ਬੋਲ ਚਾਲ ਦਾ ਉਹੀ ਅੰਦਾਜ਼।

... ਤੇ ਹੋਰ ਵੀ ਕਿੰਨੀਆਂ ਗੱਲਾਂ। ਐਮੀ ਵਰਗਾ ਤਾਂ ਹੈ ਹੀ ਨਹੀਂ ਡਾਇਮੰਡ।

ਸਭ ਤੋਂ ਪਿਆਰੀ ਮੈਨੂੰ ਉਸਦੀ ਕਹੀ ਗੱਲ ਲੱਗੀ ਸੀ।

"ਮੰਮਾ! ਆਈ ਵਾਂਟ ਟੂ ਬੀਕੰਮ ਏ ਪੋਇਟ"।

ਮੈਂ ਘੁੱਟ ਕੇ ਗਲ਼ੇ ਲਗਾ ਲਿਆ ਸੀ ਉਸਨੂੰ। ਕਿੰਨੇ ਚਾਅ ਨਾਲ ਦੱਸੀ ਸੀ ਮੈਂ ਇਹ ਗੱਲ ਸਾਹਿਰ ਨੂੰ।

"ਆਪਣਾ ਡਾਇਮੰਡ ਮੇਰੇ ਵਾਂਗ ਹੀ ਬਣੇਗਾ। ਬਾ-ਕਮਾਲ ਸ਼ਾਇਰ। ਉਹ ਤੇਰਾ ਤੇ ਮੇਰਾ ਬੇਟਾ ਹੈ। ਐਮੀ ਦਾ ਨਹੀਂ"।

ਕਿੰਨਾ ਖੁਸ਼ ਹੋਇਆ ਸੀ ਸਾਹਿਰ ਕੁਆਰਾ ਬਾਪ ਬਣ ਕੇ। ਹਮੇਸ਼ਾ ਡਾਇਮੰਡ ਨੂੰ ਬਹੁਤ ਕੁਝ ਬਣਾਉਣ ਦੀਆਂ ਗੱਲਾਂ ਕਰਦਾ। ਮੈਨੂੰ ਪਤਨੀ ਕਹਿਣ ਵਾਲਾ, ਪਤੀ ਵਾਂਗ ਹੀ ਜਾਇਦਾਦ ਸਮਝੀ ਬੈਠਾ ਸੀ ਮੈਨੂੰ। ਆਹ ਗ਼ਲਤ ਹੈ। ਇੰਝ ਨਹੀਂ ਕਰੀਦਾ। ਉਂਝ ਕਿਉਂ ਕੀਤਾ?

ਮੈਥੋਂ ਹੋਰ ਸਹਿ ਨਹੀਂ ਸੀ ਹੁੰਦਾ।

"ਬਹੁਤੇ ਸਿਆਣੇ ਬੰਦੇ ਨਾਲ਼ ਪਿਆਰ ਕਰਨਾ ਵੀ ਛੱਤੀਆਂ ਦਾ ਘਾਟਾ"।

ਇਕ ਦਿਨ ਮਜ਼ਾਕ ਵਿਚ ਕਹਿ ਹੋ ਗਿਆ ਸੀ ਮੈਥੋਂ।

ਭਖ ਗਿਆ ਸੀ ਸਾਹਿਰ ਦਾ ਚਿਹਰਾ।

"ਬੇਵਕੂਫਾਂ ਵਾਂਗ ਜਣੇ-ਖਣੇ ਨਾਲ਼ ਭਕਾਈ ਮਾਰੀ ਜਾਣਾ ਵੀ ਕਿੰਨੀ ਕੁ ਸਿਆਣੀ ਗੱਲ ਏ ਭਲਾ? ਕੋਈ ਤੇਰਾ 'ਫੇਸਬੁੱਕੀਆ'। ਕੋਈ ਤੇਰਾ 'ਅਲਾਪ ਗਰੁੱਪ' ਦਾ ਸਾਥੀ। ਕੋਈ ਤੈਨੂੰ ਜਾਣਦਾ। ਕਿਸੇ ਨੂੰ ਤੂੰ ਜਾਣਦੀ ਹੈਂ। ਮੈਂ ਤੇਰੇ ਵਾਂਗ ਸਕੀਰੀਆਂ ਨਹੀਂ ਗੰਢਦਾ ਫਿਰਦਾ। ਤੇਰੀਆਂ

ਇਹ ਸਾਂਝਾਂ ਤੈਨੂੰ ਮੁਬਾਰਕ"।

ਕਿੰਨਾ ਹੱਕ ਜਤਾਉਂਦਾ ਹੈ ਵਿਚਾਰਾ ਮੇਰੇ ਉੱਤੇ। ਜੋ ਕਹੇ ਉਹ ਕਰਾਂ। ਜਿੱਥੇ ਕਹੇ ਬੈਠਾਂ। ਜਿੱਥੇ ਕਹੇ ਖੜ੍ਹਾਂ।

ਹੱਸਦੀ ਹਾਂ ਮੈਂ ਉਸਦੀ ਇਸ ਹਾਲਤ 'ਤੇ। ਸਾਹਿਰ ਦਾ ਗ੍ਰੇਟ ਕਦੇ ਜੋ ਲਿਖਦਾ ਹੈ, ਉਹ ਜਿਉਂ ਕੇ ਤਾਂ ਦੇਖ। ਪਰ ਆਪਣੇ ਹੀ ਲਿਖੇ ਸ਼ਬਦਾਂ ਨੂੰ ਅਰਥ ਦੇਣਾ ਕੋਈ ਨਿੱਕੀ ਗੱਲ ਤਾਂ ਨਹੀਂ ਹੁੰਦੀ। ਔਰਤ ਦੀ ਆਜ਼ਾਦੀ ਦੀਆਂ ਗੱਲਾਂ ਕਰਨ ਵਾਲੇ ਦੀ ਜ਼ਹਿਨੀਅਤ ਖੁਦ ਕਿੰਨੀ ਗ਼ੁਲਾਮ ਹੈ। ਹੈਰਾਨ ਹੁੰਦੀ ਹਾਂ ਮੈਂ।

"ਕਮਲ਼ੀਏ! ਹੈਰਾਨ ਨਾ ਹੋ। ਇਸੇ ਨੂੰ ਤਾਂ ਜ਼ਿੰਦਗੀ ਕਹਿੰਦੇ ਨੇ। ਤੂੰ ਦੱਸ... ਕੌਣ ਏ ਇੱਥੇ... ਜੋ ਅੰਦਰੋਂ ਬਾਹਰੋਂ ਇਕ ਹੋਵੇ? ਤੂੰ ਕਿਹੜਾ ਇਕ ਏਂ। ਜ਼ਰਾ ਝਾਤ ਤਾਂ ਮਾਰ ਆਪਣੇ ਅੰਦਰ"।

ਅਚਾਨਕ ਕਿਧਰੋਂ ਕਵਿਤਾ ਬੋਲ ਉਠਦੀ ਹੈ। ਆਪਣੇ ਅੰਦਰ ਸੈਂਕੜੇ ਵਾਰ ਝਾਕ ਚੁੱਕੀ ਹਾਂ ਮੈਂ। ਕਿੱਥੇ ਹਾਂ ਮੈਂ ਇਕ ਸਾਰ। ਨਾ ਅੰਦਰੋਂ ਨਾ ਬਾਹਰੋਂ। ਬਾਹਰੋਂ ਦੁਨੀਆਂ ਲਈ ਪ੍ਰੋਫੈਸਰ ਰਾਵੀ ਹਾਂ ਤੇ ਮੇਰੇ ਅੰਦਰ ਬੈਠੀ ਹੈ ਕਵਿਤਾ। ਸਾਹਿਰ ਦੀ ਕਵਿਤਾ। ਕਵਿਤਾ ਵਾਂਗ ਹੀ ਸਾਰਾ ਕੁਝ ਸੰਵਾਰਿਆ ਤਰਾਸ਼ਿਆ ਚਾਹੁੰਦਾ ਹੈ ਮੇਰੇ ਵਿਚ ਸਾਹਿਰ। ਕੁਝ ਵੀ ਵੱਧ ਨਹੀਂ। ਕੁਝ ਵੀ ਘੱਟ ਨਹੀਂ।

"ਸਟਾਫ ਰੂਮ ਵਿਚ ਬੈਠ ਕੇ ਸੂਟਾਂ ਦੀਆਂ ਗੱਲਾਂ ਕਰ ਲੈਣੀਆਂ... ਮੈਡਮਾਂ ਦੀਆਂ ਮਸਾਲੇਦਾਰ ਗੱਲਾਂ ਸੁਣ ਲੈਣੀਆਂ ਹੀ ਜ਼ਿੰਦਗੀ ਨਹੀਂ। ਹੋਰ ਬੜਾ ਕੁਝ ਹੈ ਕਰਨ ਵਾਲਾ। ਆਮ ਲੋਕਾਂ ਵਾਂਗ ਸੋਚਣਾ ਛੱਡ ਦੇ। ਤੂੰ ਸਾਹਿਰ ਦੀ ਕਵਿਤਾ ਹੈਂ..."।

ਪਰ ਕੀ ਜਾਣੇ ਸਾਹਿਰ। ਆਮ ਲੋਕ ਤਾਂ 'ਆਮ ਜਿਹਾ' ਹੀ ਜਿਉਂਦੇ ਨੇ। ਸਾਹਿਰ ਮੈਨੂੰ ਆਮ ਤੋਂ ਖਾਸ ਬਣਾਉਣ ਵਿਚ ਲੱਗਾ ਰਿਹਾ ਜਾਂ ਫਿਰ ਬੰਦੀ ਬਣਾਉਣ ਵਿਚ, ਮੈਨੂੰ ਪਤਾ ਨਹੀਂ ਲੱਗਿਆ ਕਦੀ।

ਉਹ ਹਰ ਚੀਜ਼ ਆਪਣੇ ਅਨੁਸਾਰ ਭਾਲ਼ਦਾ ਹੈ। ਲੋਕਾਂ ਨਾਲੋਂ ਵੱਖਰੀ ਜ਼ਿੰਦਗੀ ਜਿਉਣ ਦੇ ਦਾਅਵੇ ਕਰਨ ਵਾਲਾ 'ਨਵੀਂ ਜ਼ਿੰਦਗੀ' ਸ਼ੁਰੂ ਕਰਨ ਜਾ ਰਿਹਾ ਹੈ। ਕਿੰਨਾ ਖੁਸ਼ ਹੈ ਸਾਹਿਰ।

ਪਰ ਮੈਂ?

ਪਤਾ ਨਹੀਂ ਕਿਉਂ, ਸਹਿ ਨਹੀਂ ਹੋ ਰਿਹਾ ਮੈਥੋਂ।

ਜਾਣਦੀ ਹਾਂ... ਇਹ ਤਾਂ ਹੋਣਾ ਹੀ ਸੀ। ਪਰ ਫਿਰ ਵੀ ਦਿਲ ਤੇ ਦਿਮਾਗ਼ ਵਿਚ ਸਮਤੋਲ ਨਹੀਂ ਬਣ ਰਿਹਾ। ਦਿਲ ਚਾਹੁੰਦਾ ਹੈ, ਸਾਹਿਰ ਸਿਰਫ ਮੇਰਾ ਰਹੇ। ਕਿਸੇ ਹੋਰ ਦੀਆਂ ਬਾਹਾਂ ਵਿਚ ਨਹੀ ਦੇਖ ਸਕਦੀ ਮੈਂ ਉਸਨੂੰ।

ਪਰ ਦਿਮਾਗ਼ ਆਖਦਾ ਹੈ, ਇਹ ਤਾਂ ਅਟੱਲ ਹੈ। ਖੁਦ ਮੈਂ ਵੀ ਤਾਂ...।

ਪਰ ਮੈਂ ਰਾਵੀ ਨਹੀਂ ਕਵਿਤਾ ਹਾਂ। ਜਿਸ ਨੇ ਬਸ ਸਾਹਿਰ ਨੂੰ ਚਾਹਿਆ ਹੈ।

"ਕਵਿਤਾ ਨਾਲ਼ ਭੁੱਖ ਨਹੀਂ ਮਿਟਦੀ। ਸੁਪਨੇ ਤੇ ਹਕੀਕਤ ਦਰਮਿਆਨ ਫਰਕ ਪਤਾ ਤੈਨੂੰ"।

ਮੈਂ ਜਾਣਦੀ ਹਾਂ, ਕਿਸ ਭੁੱਖ ਦੀ ਗੱਲ ਕਰਦਾ ਹੈ ਸਾਹਿਰ। ਪਰ ਉਸਨੂੰ ਤਾਂ ਬਸ ਪਿਆਰ ਦੀ ਹੀ ਭੁੱਖ ਸੀ। ਅਚਾਨਕ ਇਹ 'ਭੁੱਖ' ਕਿੱਥੋਂ ਆਣ ਪੈਦਾ ਹੋਈ ਉਸਦੇ ਅੰਦਰ। ਉਹ ਮੁਕੰਮਲ ਔਰਤ ਲਈ ਤੜਫਦਾ ਹੈ। ਇਸ ਲਈ ਤਾਂ ਸੁਪਨੇ ਤੇ ਹਕੀਕਤ ਦਰਮਿਆਨ ਫਰਕ ਸਮਝਾਉਣ ਲੱਗਿਆ ਹੈ ਉਹ ਮੈਨੂੰ।

ਜਦ ਇਹ ਗੱਲਾਂ ਯਾਦ ਆਉਂਦੀਆਂ ਨੇ ਤਾਂ ਸੰਤੁਲਨ ਹਿੱਲ ਜਾਂਦਾ ਹੈ ਮੇਰਾ। ਪਾਗ਼ਲਾਂ ਵਾਂਗ ਕਰਨ ਲੱਗਦੀ ਹਾਂ ਮੈਂ। ਕਵਿਤਾ ਦਿਸਣ ਲੱਗਦੀ ਹੈ ਮੈਨੂੰ। ਉਹੀ ਕਵਿਤਾ ਜੋ ਮੇਰੇ ਅੰਦਰ ਬੈਠੀ ਹੈ। ਉਹੀ ਕਵਿਤਾ ਜਿਸਨੂੰ ਜਗਾਉਣ ਵਾਲਾ ਸਾਹਿਰ ਹੈ। ਜੋ ਤਲਾਸ਼ਦਾ ਨਹੀਂ ਤਰਾਸ਼ਦਾ

ਹੈ। ਉਹੀ ਸਾਹਿਰ ਕਿਸੇ ਹੋਰ ਦਾ ਹੋਣ ਜਾ ਰਿਹਾ ਹੈ। ਨਹੀਂ ਸਹਿ ਹੁੰਦਾ ਮੈਥੋਂ। ਕਵਿਤਾ ਤੇ ਰਾਵੀ ਵਿਚਕਾਰ ਯੁੱਧ ਚਲਦਾ ਹੈ ਉਸ ਪਲ। ਹੈ ਨਾ ਅਜੀਬ ਜਿਹਾ ਉਲਝਾਵ। ਮੈਂ ਕਿਸ ਨਾਲ ਖੜ੍ਹਾਂ, ਸਮਝ ਨਹੀਂ ਪਾਉਂਦੀ ਮੈਂ। ਦੇਖਿਆ ਨਾ ਮੇਰਾ ਦੁਖਾਂਤ। ਇਕ ਦੀ ਹੋ ਕੇ ਵੀ ਨਾ ਹੋ ਸਕੀ ਮੈਂ ਤੇ ਇਕ ਨੂੰ ਪਾ ਕੇ ਵੀ ਨਾ ਪਾ ਸਕੀ। ਐਮੀ ਮਨੋਰੋਗੀ ਨੂੰ ਮਿਲਣ ਲਈ ਆਖਦਾ ਹੈ।

ਪਰ ਕੌਣ ਜਾਣਦਾ ਹੈ ਮੇਰਾ ਦੁੱਖ? ਉੱਚੀ ਉੱਚੀ ਰੋਣ ਲੱਗਦੀ ਹਾਂ। ਬਿਨਾ ਵਜਹ ਹੱਸਣ ਲੱਗਦੀ ਹਾਂ। ਕਵਿਤਾ ਬੋਲਦੀ ਹੈ ਉਸ ਪਲ।

"ਕਮਲ਼ੀਏ! ਤੂੰ ਵੀ ਤਾਂ ਕਿਸੇ ਹੋਰ ਦੀ ਹੈਂ। ਸਾਹਿਰ ਫਿਰ ਵੀ ਤਾਂ ਪਿਆਰ ਕਰਦਾ ਹੈ ਨਾ ਤੈਨੂੰ। ਤੂੰ ਕਿਉਂ ਸ਼ਰੀਕ ਬਣਦੀ ਹੈਂ ਉਸਦੀ"।

ਮੈਨੂੰ ਅੱਗਿਉਂ ਜਵਾਬ ਨਹੀਂ ਔੜਦਾ ਕੋਈ।

ਕਮਾਲ ਹਾਂ ਮੈਂ ਵੀ। ਕਿਉਂ ਕਰਦੀ ਹਾਂ ਮੈਂ ਇੰਝ। ਜਾਣਦੀ ਹਾਂ... ਪੂਰੀ ਤਰ੍ਹਾਂ ਨਹੀਂ ਅਪਨਾ ਸਕਦੇ ਅਸੀਂ ਇਕ ਦੂਜੇ ਨੂੰ। ਫਿਰ ਵੀ ਨਹੀਂ ਜਰ ਹੁੰਦਾ ਮੈਥੋਂ। ਨਹੀਂ ਵੰਡ ਸਕਦੀ ਮੈਂ ਸਾਹਿਰ ਨੂੰ ਕਿਸੇ ਹੋਰ ਨਾਲ਼। ਕੈਸੀ ਮਾਨਸਿਕਤਾ ਹੈ ਇਹ।

"ਤੂੰ ਵੀ ਤਾਂ ਕਬਜ਼ਾ ਚਾਹੁੰਦੀ ਹੈਂ। ਮਰਦ ਹੀ ਨਹੀਂ, ਔਰਤ ਵੀ ਕਬਜ਼ਾ ਭਾਲ਼ਦੀ ਹੈ। ਕਮਲ਼ੀਏ... ਇਹ ਤਾਂ ਜਾਇਜ਼ ਨਹੀਂ ਹੈ ਨਾ..."।

ਜਾਇਜ਼ ਨਾਜਾਇਜ਼ ਦੀ ਕਸ਼ਮਕਸ਼ ਵਿਚ ਉਲ਼ਝੀ ਰਹਿੰਦੀ ਹਾਂ ਮੈਂ ਅੱਜ ਕਲ।

ਕਦ ਕਵਿਤਾ ਬੋਲਦੀ ਹੈ, ਕਦ ਰਾਵੀ, ਪਤਾ ਨਹੀਂ ਲੱਗਦਾ ਮੈਨੂੰ।

ਕਦੇ ਦੋਨੋਂ ਹੀ ਚੁੱਪ ਰਹਿੰਦੀਆਂ ਨੇ...। ਫਿਰ ਵੀ ਸ਼ੋਰ ਮੱਚ ਉਠਦਾ ਹੈ ਮੇਰੇ ਅੰਦਰ। ਚੁੱਪ ਦਾ ਇਹ ਰਿਧਮ ਬੇਚੈਨ ਕਰੀ ਰੱਖਦਾ ਹੈ ਮੈਨੂੰ।

ਮੈਂ ਕਵਿਤਾ ਹਾਂ ਜਾਂ ਰਾਵੀ। ਫੈਸਲਾ ਨਹੀਂ ਕਰ ਪਾਉਂਦੀ ਮੈਂ। ਖੁਦ ਨਾਲ ਖੁਦ ਹੀ ਉਲ਼ਝੀ ਰਹਿੰਦੀ ਹਾਂ ਮੈਂ।

"ਕਮਲ਼ੀਏ! ਲੁਤਫ ਲੈ ਇਸ ਉਲਝਣ ਦਾ"।

ਮੈਂ ਰਾਵੀ ਹਾਂ?

ਕਵਿਤਾ ਹਾਂ?

ਕੌਣ ਹਾਂ ਮੈਂ?

ਕੋਈ ਦੱਸੇ ਤਾਂ ਸਹੀ।

ਪਰ ਦੇਖੋ...

ਸਾਹਿਰ ਦੂਰ ਹੁੰਦਾ ਜਾ ਰਿਹਾ ਹੈ ਮੈਥੋਂ।

ਦੂਰ... ਦੂਰ... ਹੋਰ ਦੂਰ...

ਮ੍ਰਿਗ ਤ੍ਰਿਸ਼ਨਾ ਵਾਂਗ।

ਮੈਂ ਦੌੜ ਰਹੀ ਹਾਂ। ਹਫ ਰਹੀ ਹਾਂ। ਇਸ ਅੰਨ੍ਹੇ ਮਾਰੂਥਲ ਵਿਚ।

ਦੇਖੋ...

ਹੈ ਨਾ ਮੇਰੀ ਹਾਲਤ ਪਾਗ਼ਲਾਂ ਵਾਲ਼ੀ।

ਦੱਸੋ...

ਰੋਕਾਂ ਜਾਂ ਫਿਰ ਜਾਣ ਦਿਆ ਉਸਨੂੰ।

ਤੁਸੀਂ ਹੀ ਦੱਸੋ। □□

[ਪਿੰਡ ਤੇ ਡਾਕ. ਧਾਰੀਵਾਲ, ਤਸੀਲ ਪੱਟੀ, ਜ਼ਿਲ੍ਹ ਅੰਮ੍ਰਿਤਸਰ-143 416, ਫੋਨ : 9463215168]

ਘੁਰਾੜੇ

ਤੌਕੀਰ ਚੁਗ਼ਤਾਈ

"ਬੱਟ ਸਾਹਿਬ ਹੁਣ ਤੁਹਾਡੇ ਨਾਲ ਸੌਣ ਦਾ ਮਜ਼ਾ ਨਹੀਂ ਆਂਦਾ!। ਬੈੱਡ 'ਤੇ ਲੰਮੇ ਹੁੰਦੇ ਸਾਰ ਈ ਤੁਸੀਂ ਘੁਰਾੜੇ ਮਾਰਨ ਲੱਗ ਜਾਂਦੇ ਓ ਤੇ ਮੈਂ ਪਾਸੇ ਪਰਤਦੀ ਨੂੰ ਸਾਰੀ ਰਾਤ ਅੱਖਾਂ 'ਚ ਲੰਘਾਣੀ ਪੈਂਦੀ ਏ, ਤੁਸੀਂ ਕਿਸੇ ਡਾਕਟਰ ਨੂੰ ਕਿਉਂ ਨਹੀਂ ਵਿਖਾਂਦੇ।"

" ਸਾਰਿਆਂ ਨੂੰ ਦੱਸ ਬੈਠਾਂ। ਹੋਮੀਉਪੈਥ ਤੋਂ ਲੈ ਕੇ ਐਲੋਪੈਥ ਤੇ ਇਕੋਪੰਕਚਰ ਤੋਂ ਲੈ ਕੇ ਹਕੀਮਾਂ ਕੋਲ ਗਿਆ। ਕਹਿੰਦੇ ਨੇ ਸਰੀਰ 'ਤੇ ਵਧਦੀ ਚਰਬੀ ਤੇ ਫੇਫੜਿਆਂ ਦੀ ਖ਼ਰਾਬੀ ਦੇ ਕਾਰਨ ਬੰਦਾ ਘੁਰਾੜੇ ਲੈਂਦਾ ਏ, ਮੈਂ ਕਲ ਫ਼ਿਰ ਡਾਕਟਰ ਕੋਲ ਜਾਵਾਂਗਾ।"

"ਘੁਰਾੜਿਆਂ ਦੀ ਨਹੀਂ ਮੈਂ ਸੌਣ ਦੀ ਗੱਲ ਕੀਤੀ ਏ," ਰੁਖ਼ਸਾਨਾ ਨੇ ਖਿਝ ਕੇ ਆਖਿਆ।

"ਚਲੋ ਸੌਣ ਦੇ ਬਾਰੇ ਵੀ ਪੁੱਛ ਲਵਾਂਗਾ।" ਬੱਟ ਸਾਹਿਬ ਦਾ ਜਵਾਬ ਸੁਣ ਕੇ ਰੁਖ਼ਸਾਨਾ ਨੇ ਮੂੰਹ ਲੇਫ 'ਚ ਵਾੜੀਆ ਤੇ ਮੂੰਹ ਦੂਜੇ ਬੰਨੇ ਮੋੜਦੀ ਉਹ ਦਿਹਾੜੇ ਚੇਤੇ ਕਰਨ ਲੱਗ ਪਈ ਜਦੋਂ ਰਾਤ ਪੈਂਦੇ ਈ ਉਹ ਨਿਆਣਿਆਂ ਨੂੰ ਸਵਾਣ ਦਾ ਜਤਨ ਕਰਦੀ ਪਰ ਉਹ ਸੌਂਦਿਆਂ ਸੌਂਦਿਆਂ ਵੀ ਅੱਧ ਰਾਤ ਕਰ ਦਿੰਦੇ ਤੇ ਬੱਟ ਸਾਹਿਬ ਕੁਚੀਚੀਆਂ ਵੱਟਦੇ ਕਦੀ ਓਹਨੂੰ ਤੇ ਕਦੀ ਬੱਚਿਆਂ ਨੂੰ ਵੇਖਦੇ ਕਿ ਉਹ ਕਦ ਸੌਣ ਤੇ ਅਸੀਂ ਬੈੱਡ 'ਤੇ ਲੰਮੇ ਹੋਈਏ।

ਰੁਖ਼ਸਾਨਾ ਦੀ ਵੱਡੀ ਧੀ ਵੀ ਹੁਣ ਭਾਵੇਂ ਬਾਰਾਂ ਵਰ੍ਹਿਆਂ ਦੀ ਹੋ ਗਈ ਸੀ ਪਰ ਉਹਦੇ ਸਰੀਰ 'ਚ ਲੁਕੀ ਸੋਲ੍ਹਾਂ ਸਾਲਾਂ ਦੀ ਉਸ ਕੁੜੀ 'ਤੇ ਸੌਲਾਂ ਸਾਲ ਲੰਘ ਜਾਣ ਮਗਰੋਂ ਵੀ ਸੋਲ੍ਹਾਂ ਸਾਲ ਹੀ ਜ਼ਿੱਦ ਲਾਈ ਖੜੋਤੇ ਸਨ, ਜਿਹੜੀ ਵਿਆਹ ਕਰਾਣ ਤੋਂ ਪਹਿਲਾਂ ਹੀ ਰਫ਼ੀਕ ਨਾਲ ਰਲ ਕੇ ਵਿਆਹ ਦਾ ਸਵਾਦ ਚੱਖ ਬੈਠੀ ਸੀ।

ਰਾਤ ਨੂੰ ਸੌਣ ਮਗਰੋਂ ਬੱਟ ਸਾਹਿਬ ਦੇ ਘੁਰਾੜੇ ਹੌਲੀ ਹੌਲੀ ਤੇਜ਼ ਹੁੰਦੇ ਉਸ ਮਾਲ ਗੱਡੀ ਦੀ 'ਵਾਜ ਵਾਂਗ ਹੋ ਜਾਂਦੇ ਜਿਹੜੀ ਅਪਣਾ ਸਾਰਾ ਮਾਲ ਕਿਸੇ ਦੂਰ ਦੁਰਾਡੇ ਟੇਸ਼ਣ 'ਤੇ ਲਾਹਣ ਮਗਰੋਂ ਖ਼ਾਲੀ ਛਕ ਛਕ ਕਰਦੀ ਮੁੜ ਰਹੀ ਹੋਵੇ ਤੇ ਕਦੇ ਕਦਾਈਂ ਅਪਣੀ ਹੋਂਦ ਸਾਬਤ ਕਰਨ ਲਈ ਇਕ ਅੱਧ ਸੀਟੀ ਵੀ ਮਾਰ ਦਿੰਦੀ ਹੋਵੇ। ਇਸ ਹਾਲਤ ਵਿਚ ਰੁਖ਼ਸਾਨਾ ਰੇਲਵੇ ਦੇ ਕੈਬਿਨ ਮੈਨ (ਛਅਬਨਿ ਅਨ) ਵਾਂਗੂੰ ਬੱਟ ਸਾਹਿਬ ਦਾ ਕਾਂਟਾ ਬਦਲਣ ਲਈ ਉਨ੍ਹਾਂ ਦੇ ਮੋਢਿਆਂ ਨੂੰ ਫੜ ਕੇ ਹਿਲਾਂਦੀ ਤੇ ਜਦੋਂ ਉਹ ਨੀਂਦਰ 'ਚ ਇਕ ਦਮ ਅੱਖ ਖੋਲ੍ਹਦੇ ਤਾਂ ਉਨ੍ਹਾਂ ਨੂੰ ਕਹਿੰਦੀ :

" ਬੱਟ ਸਾਹਿਬ! ਪਾਸਾ ਪਰਤ ਲੋ।" ਬੱਟ ਸਾਹਿਬ ਪਾਸਾ ਪਰਤ ਕੇ ਲੇਟ ਜਾਂਦੇ ਤੇ ਉਦੋਂ ਤੀਕਰ ਉਨ੍ਹਾਂ ਦੇ ਘੁਰਾੜਿਆਂ ਦੀ 'ਵਾਜ ਫ਼ੇਰ ਨਾ ਆਉਂਦੀ ਜਦੋਂ ਤੀਕਰ ਉਹ ਪਾਸਾ ਪਰਤ ਕੇ ਫਿਰ ਉਤਾਣੇ ਨਾ ਹੋ ਜਾਂਦੇ।

ਅੱਜ ਵੀ ਇੰਝ ਹੀ ਹੋਇਆ ਸੀ,ਤੇ ਜਦੋਂ ਉਨ੍ਹਾਂ ਪਾਸਾ ਪਰਤਿਆ ਤਾਂ ਰੁਖ਼ਸਾਨਾ ਨੂੰ ਮੀਂਹ 'ਚ ਭਿੱਜੀ ਉਹ ਸ਼ਾਮ ਯਾਦ ਆ ਗਈ ਜਦੋਂ ਉਹ ਫ਼ਸਟ ਯੀਅਰ ਦੀ ਸਟੂਡੈਂਟ ਸੀ ਤੇ ਛੁੱਟੀ ਮਗਰੋਂ ਮੀਂਹ ਠਹਿਰ ਜਾਣ ਨੂੰ ਉਡੀਕ ਰਹੀ ਸੀ। ਉਹਦੇ ਨਾਲ ਅੱਠ ਦਸ ਕਲਾਸ ਫ਼ੈਲੋ ਕੁੜੀਆਂ ਮੁੰਡੇ ਵੀ ਮੀਂਹ ਮੁੱਕ ਜਾਣ ਦੀ ਉਡੀਕ 'ਚ ਸਨ, ਜਿਨ੍ਹਾਂ ਵਿਚ ਰਫ਼ੀਕ ਵੀ ਸੀ। ਰਫ਼ੀਕ ਨਾਲ ਉਹਦਾ ਪਹਿਲਾ ਪਹਿਲਾ ਪਿਆਰ ਚੱਲ ਰਿਹਾ ਸੀ, ਪਰ ਹਾਲੀ ਤੀਕਰ ਇਕ ਹੱਦ 'ਚ ਰਹਿੰਦਿਆਂ ਹੀ ਉਹ ਇਕ ਦੂਜੇ ਨੂੰ ਮਿਲਦੇ ਸਨ। ਇਹਦਾ ਇਕ ਕਾਰਨ ਇਹ ਵੀ ਸੀ ਕਿ ਕਿਸੇ ਹੱਦ ਨੂੰ ਤੋੜਨ ਲਈ ਉਨ੍ਹਾਂ ਨੂੰ ਕੋਈ ਮੌਕਾ ਹੀ ਨਹੀਂ ਸੀ ਮਿਲਿਆ। ਰੁਖ਼ਸਾਨਾ ਦੇ ਦਿਲ ਦੀ ਧੜਕਣ ਵਾਂਗੂੰ ਮੀਂਹ ਕਦੀ ਤੇਜ਼ ਹੁੰਦਾ ਤੇ ਕਦੀ ਹੌਲਾ, ਤੇ ਇਹਦੇ ਵਿਚ ਜਦੋਂ ਕਿਸੇ ਦਾ ਵਸ ਚਲਦਾ ਤਾਂ ਉਹ ਘਰ ਤੁਰ ਜਾਂਦਾ। ਇੰਝ ਇਕ ਇਕ ਕਰ ਕੇ ਸਾਰੇ ਈ ਘਰ ਤੁਰ ਗਏ,ਬਸ ਉਹ ਤੇ ਰਫ਼ੀਕ ਈ ਕੱਲੇ ਰਹਿ ਗਏ।

"ਮੈਂ ਵੀ ਚੱਲਦੀ ਆਂ!" ਉਹਨੇ ਰਫ਼ੀਕ ਨੂੰ ਆਖਿਆ, ਪਰ ਓਹਦਾ ਦਿਲ ਜਾਣ ਨੂੰ ਨਹੀਂ ਕਰ ਰਿਹਾ ਸੀ। ਕਾਲੇ ਕਾਲੇ ਬੱਦਲਾਂ ਦੇ ਨ੍ਹੇਰੇ ਨਾਲ ਸ਼ਾਮਾਂ ਦਾ ਨ੍ਹਾ ਰਲ਼ ਕੇ ਕਲਾਸ ਰੂਮ ਨੂੰ ਵੀ ਆਪਣੀ ਬੁੱਕਲ਼ ਵਿਚ

ਲੁਕਾ ਰਿਹਾ ਸੀ, ਇਸ ਲਈ ਕਿ ਮੀਂਹ ਪੈਣ ਤੋਂ ਪਹਿਲਾਂ ਹਨੇਰੀ ਵੀ ਆਈ ਸੀ ਤੇ ਉਹਦੇ ਨਾਲ ਹੀ ਲਾਈਟ ਵੀ ਚਲੀ ਗਈ ਸੀ।

"ਬਹਿ ਜਾ! ਮੀਂਹ ਮੁੱਕ ਜਾਏ ਤਾਂ ਮੈਂ ਤੈਨੂੰ ਛੱਡ ਦਿਆਂ ਗਾ।"

"ਨਹੀਂ ਅੜਿਆ! ਮੈਂ ਕੱਲੀ ਈ ਤੁਰ ਜਾਵਾਂਗੀ, ਕਿਸੇ ਵੇਖ ਲਿਆ ਤਾਂ ਐਵੇਂ ਗੱਲਾਂ ਬਣਾਵੇਗਾ। ਅਸੀਂ ਕਾਲਿਜ 'ਚ ਪਹਿਲਾਂ ਈ ਮਸ਼ਹੂਰ ਹਾਂ, ਕਿਤੇ ਉਹ ਨਾ ਹੋਵੇ ਬਾਹਰ ਵੀ ਬਦਨਾਮ ਨਾ ਹੋ ਜਾਵਾਂ", ਕਹਿੰਦੇ ਜਦੋਂ ਉਹਨੇ ਅਪਣਾ ਬੈਗ ਚੁੱਕਿਆ ਤਾਂ ਰਫ਼ੀਕ ਨੇ ਅੱਗੇ ਵਧ ਕੇ ਉਹਦਾ ਮੂੰਹ ਚੁੰਮ ਲਿਆ।

ਪਾਲੇ ਦੇ ਦਿਨ ਨਹੀਂ ਸਨ,ਪਰ ਮੀਂਹ ਦੇ ਕਾਰਨ ਤੇ ਸ਼ਾਮਾਂ ਪੈਣ ਕਰ ਕੇ ਹਰ ਸ਼ੈਅ ਠੰਡੀ ਠਾਰ ਹੋ ਗਈ ਸੀ। ਉਹਦਾ ਪਿੰਡਾ ਵੀ ਠੰਡਾ ਕੱਕਰ ਹੋ ਰਿਹਾ ਸੀ, ਪਰ ਰਫ਼ੀਕ ਦੇ ਚੁੰਮੇ ਨੇ ਉਹਦੇ ਅੰਗ ਅੰਗ ਵਿਚ ਅੱਗ ਭਰ ਦਿੱਤੀ ਸੀ। ਇਸ ਤੋਂ ਪਹਿਲਾਂ ਉਹ ਰਫ਼ੀਕ ਦੇ ਪਿੰਡੇ ਦੀ ਅੱਗ ਤੇ ਆਪਣੇ ਸਾਹਵਾਂ ਦੀ ਗਰਮੀ ਨੂੰ ਕਿੰਨੀ ਵਾਰੀ ਇਕ ਦੂਜੇ ਦੇ ਲਾਗੇ ਲਾਗੇ ਬਲਦਿਆਂ ਵੇਖ ਚੁੱਕੀ ਸੀ, ਪਰ ਅੱਜ ਦੀ ਗਰਮੀ ਨੇ ਉਹਦੇ ਠੰਡੇ ਸਰੀਰ 'ਤੇ ਪਹਿਲੀ ਵਾਰੀ ਟਕੋਰ ਕੀਤੀ ਸੀ।

"ਇਹ ਕੀ ਕੀਤਾ ਈ ਰਫ਼ੀਕ! ਤੈਨੂੰ ਸ਼ਰਮ ਵੀ ਨਹੀਂ ਆਂਦੀ, ਜੇ ਕਿਸੇ ਨੇ ਵੇਖ ਲਿਆ ਤਾਂ?" ਉਹਨੇ ਹੱਥ ਛੁੜਾਇਆ ਤੇ ਕਲਾਸ ਰੂਮ 'ਚੋਂ ਬਾਹਰ ਨਿਕਲ ਗਈ। ਪਰ ਸਿਰ ਤੋਂ ਲੈ ਕੇ ਪੈਰਾਂ ਤੀਕਰ ਕੜਾਕੇ ਦੇ ਮੀਂਹ 'ਚ ਭਿੱਜੀ ਤੇ ਝੱਖੜ ਨਾਲ ਕੰਬਦੀ ਉਹ ਫ਼ਿਰ ਕਲਾਸ ਰੂਮ 'ਚ ਮੁੜ ਆਈ। ਬੱਦਲ ਇਕ ਵਾਰੀ ਫ਼ਿਰ ਜ਼ੋਰ ਨਾਲ ਗੱਜਿਆ, ਠਾਹ ਕਰਕੇ ਕਿਤੇ ਬਿਜਲੀ ਪੈਣ ਦੀ 'ਵਾਜ ਆਈ ਤੇ ਉਹਦੇ ਲਿਸ਼ਕਾਰੇ ਨੇ ਪੂਰਾ ਕਲਾਸ ਰੂਮ ਚਮਕਾ ਛੱਡਿਆ।

ਭਿੱਜੇ ਹੋਏ ਪਿੰਡੇ ਨਾਲ ਚੰਬੜੇ ਹੋਏ ਝੱਗੇ ਵਿਚੋਂ ਰੁਖ਼ਸਾਨਾ ਦੇ ਸਰੀਰ ਦਾ ਇਕ ਇਕ ਅੰਗ ਉਹਨੂੰ ਸਾਫ਼ ਨਜ਼ਰ ਆ ਰਿਹਾ ਸੀ। ਰਫ਼ੀਕ ਦਾ ਮਨ ਕੀਤਾ ਕਿ ਅੱਗੇ ਵਧ ਕੇ ਉਹਨੂੰ ਗਲਵੱਕੜੀ ਪਾ ਲਵੇ ਪਰ ਉਹਨੂੰ ਰੁਖ਼ਸਾਨਾ ਦੀ ਹੁਣੇ ਹੁਣੇ ਆਖੀ ਗੱਲ ਚੇਤੇ ਆਈ, "ਤੈਨੂੰ ਸ਼ਰਮ ਵੀ ਨਹੀਂ ਆਂਦੀ।" ਜੇ ਉਹਨੇ ਰੌਲ਼ਾ ਪਾ ਦਿੱਤਾ ਤੇ ਉਹਦੀ ਵਾਜ ਸੁਣ ਕੇ ਕਾਲਿਜ ਦਾ ਚਪੜਾਸੀ ਜਾਂ ਕੋਈ ਹੋਰ ਬੰਦਾ ਕਲਾਸ ਰੂਮ 'ਚ ਆ ਗਿਆ ਤਾਂ ਮੈਂ ਕਿਸੇ ਨੂੰ ਮੂੰਹ ਵਿਖਾਣ ਜੋਗਾ ਨਹੀਂ ਰਹਵਾਂਗਾ। ਫਿਰ ਉਹਨੇ ਸੋਚਿਆ ਕਿ ਰੁਖ਼ਸਾਨਾ ਨੇ ਇਹ ਵੀ ਤਾਂ ਕਹਿਆ ਸੀ, "ਜੇ ਕਿਸੇ ਨੇ ਵੇਖ ਲਿਆ ਤਾਂ"? ਜਿਹੜੀ ਕੁੜੀ ਜਾਂ ਔਰਤ ਆਪਣਾ ਸਭ ਕੁਝ ਕਿਸੇ ਨੂੰ ਦੇਣ ਲਈ ਤਿਆਰ ਹੋ ਜਾਏ ਉਹ ਇਕ ਵਾਰੀ ਇਹ ਗੱਲ ਜ਼ਰੂਰ ਕਹਿੰਦੀ ਐ, "ਅੜਿਆ ਕੋਈ ਵੇਖ ਨਾ ਲਵੇ" ਜਾਂ "ਕਿਸੇ ਨੇ ਵੇਖ ਲਿਆ ਤਾਂ ਕੀ ਹੋਵੇਗਾ?" ਜੇ ਉਹਦੀ ਮਰਜ਼ੀ ਨਾ ਹੁੰਦੀ ਤਾਂ ਇੰਝ ਕਦੀ ਵੀ ਨਾ ਕਹਿੰਦੀ।

ਉਹਨੇ ਅੱਗੇ ਵਧ ਕੇ ਰੁਖ਼ਸਾਨਾ ਨੂੰ ਆਪਣੀਆਂ ਬਾਹਵਾਂ 'ਚ ਭਰਿਆ ਤਾਂ ਉਹਨੇ ਇਧਰ ਉਧਰ ਵੇਖਦਿਆਂ ਝੱਟ ਕਹਿਆ:

"ਕੀ ਕਰਦਾ ਏਂ, ਕੋਈ ਵੇਖ ਨਾ ਲਵੇ।"

"ਕੋਈ ਨ੍ਹੀਂ ਵੇਖੇ ਗਾ, ਬੁੱਢਾ ਚਪੜਾਸੀ ਵੀ ਪ੍ਰਿੰਸੀਪਲ ਦੇ ਕਮਰੇ ਲਾਗੇ ਬਰਾਂਡੇ 'ਚ ਬੈਠਾ ਹੋਇਆ ਏ, ਜੇ ਉਹ ਇਧਰ ਆਇਆ ਵੀ ਤਾਂ ਦੂਰੋਂ ਹੀ ਪਤਾ ਲੱਗ ਜਾਏ ਗਾ," ਆਖਦੇ ਹੋਏ ਰਫ਼ੀਕ ਨੇ ਉਹਨੂੰ ਡੈਸਕ 'ਤੇ ਲੰਮਿਆਂ ਪਾ ਦਿੱਤਾ।

0000

ਪਹਿਲੀ ਤੀਵੀਂ ਦੇ ਮਰਨ ਮਗਰੋਂ ਬੱਟ ਸਾਹਿਬ ਨੂੰ ਦੂਜੀ ਤੀਵੀਂ ਦੀ ਲੋੜ ਇਸ ਕਰ ਕੇ ਵਹੁੰ ਜ਼ਿਆਦਾ ਸੀ ਕਿ ਉਹ ਘਰ ਵਿਚ ਕੱਲ ਮੁਕੱਲਾ ਸੀ। ਇਕ ਸਾਲ ਪਹਿਲਾਂ ਉਹਦੀ ਮਾਂ ਵੀ ਮਰ ਗਈ ਸੀ ਤੇ ਪਿਉ ਤਾਂ ਨਿੱਕੇ ਹੁੰਦਿਆਂ ਈ ਨ੍ਹੀਂ ਸੀ ਰਿਹਾ। ਨਾਲੇ ਔਲਾਦ ਵੀ ਕੋਈ ਨਹੀਂ ਸੀ, ਜਿਸ ਕਰ ਕੇ ਇਕਲਾਪਾ ਹੋਰ ਵੀ ਵਧ ਗਿਆ ਸੀ। ਯਾਰਾਂ ਦੋਸਤਾਂ ਨੇ ਵੱਖੋ ਵੱਖ ਸਲਾਹ ਦਿੱਤੀ। ਕਿਸੇ ਨੇ ਕਹਿਆ ਆਪਣੇ ਹਾਣ ਦੀ ਤੀਵੀਂ ਨਾਲ ਵਿਆਹ ਕਰ ਲੈ, ਕਿਸੇ ਆਖਿਆ ਕੋਈ ਛੁੱਟੜ ਰੰਨ ਵੇਖ ਲੈ, ਕਿਸੇ ਨੇ ਆਖਿਆ, ਕੋਈ ਬੇਵਾ ਔਰਤ ਵੇਖ ਲੈ, ਤੈਨੂੰ ਸਵਾਬ ਵੀ ਹੋਵੇਗਾ। ਇਕ ਦੋਸਤ ਜਿਹੜਾ ਆਪਣੀ ਤੀਵੀਂ ਤੋਂ ਕੁੱਝ ਜ਼ਿਆਦਾ ਈ

ਦੁਖੀ ਸੀ ਕਹਿਣ ਲੱਗਾ "ਮੇਰੀ ਮੰਨ ਤੇ ਵਿਆਹ ਕਰਵਾ ਹੀ ਨਹੀਂ, ਔਰਤ ਦੀ ਗ਼ੁਲਾਮੀ ਬਿਨਾਂ ਵੀ ਤਾਂ ਉਮਰ ਲੰਘਾਈ ਜਾ ਸਕਦੀ ਏ। ਜਿਹੜੇ ਇਹ ਸਮਝਦੇ ਨੇ ਸ਼ਾਦੀ ਬਹੁਤ ਜ਼ਰੂਰੀ ਹੈ ਉਹ ਬਹੁਤ ਹੀ ਮੂਰਖ ਹੁੰਦੇ ਨੇ।" ਇਕ ਦੋਸਤ ਨੇ ਕਹਿਆ ਸੀ, " ਇਕ ਗੱਲ ਮੇਰੀ ਵੀ ਯਾਦ ਰੱਖਣਾ ਬੱਟ ਸਾਹਿਬ! ਜਿਹੜੀ ਔਰਤ ਵਿਆਹ ਤੋਂ ਪਹਿਲਾਂ ਜਾਂ ਛੋਟੀ ਉਮਰੇ ਵਿਆਹ ਦਾ ਤਜਰਬਾ ਕਰ ਲੈਂਦੀ ਏ ਉਹਦੀ ਭੁਖਕ ਸਾਰੀ ਜ਼ਿੰਦਗੀ ਖ਼ਤਮ ਨਹੀਂ ਹੋਂਦੀ।"

ਦੌੜ ਭੱਜ ਮਗਰੋਂ ਮੁਹੱਲੇ ਦੀ ਰੁਖ਼ਸਾਨਾ ਈ ਬਚੀ ਸੀ ਪਰ ਉਹਦੀਆਂ ਜਵਾਨੀ ਦੇ ਹਨੇਰੇ 'ਚ ਡੁੱਬੀਆਂ ਚੋਖੀਆਂ ਕਹਾਣੀਆਂ ਵੀ ਮਸ਼ਹੂਰ ਸਨ। ਇਹ ਵੱਖਰੀ ਗੱਲ ਸੀ ਕਿ ਉਹ ਬੜੀ ਸੋਹਣੀ ਸੀ। ਰੁਖ਼ਸਾਨਾ ਨੂੰ ਉਹ ਉਦੋਂ ਦਾ ਜਾਣਦਾ ਸੀ ਜਦੋਂ ਉਹ ਨਿੱਕੀ ਜਿਹੀ ਗਲ਼ੀ ਵਿਚ ਖੇਡਦੀ ਸੀ। ਉਹਦੇ ਵੇਖਦਿਆਂ ਈ ਵੇਖਦਿਆਂ ਉਹ ਜਵਾਨ ਹੋ ਗਈ ਸੀ ਪਰ ਮੁਹੱਲੇ 'ਚ ਇਸ ਗੱਲੋਂ ਬਦਨਾਮ ਸੀ ਕਿ ਕਾਲਿਜ ਦੇ ਮੁੰਡਿਆਂ ਨਾਲ ਉਹਦੀ ਦੋਸਤੀ ਰਹਿੰਦੀ ਸੀ। ਘਰ ਦੀ ਕੱਲੀ ਕੱਲੀ ਧੀ ਹੋਣ ਕਰ ਕੇ ਉਹਨੂੰ ਕਿਸੇ ਗੱਲ ਦੀ ਰੋਕ ਟੋਕ ਨਹੀਂ ਸੀ, ਉਹਦੇ ਮਾਪਿਆਂ ਨੇ ਉਹਨੂੰ ਕੁੜੀ ਨਹੀਂ ਸਗੋਂ ਮੁੰਡਾ ਸਮਝ ਕੇ ਵੱਡਾ ਕੀਤਾ ਸੀ।

0000

ਦੂਜੇ ਦਿਨ ਬੱਟ ਸਾਹਿਬ ਨੇ ਰੁਖ਼ਸਾਨਾ ਨੂੰ ਕਹਿਆ, ਕਿਸੇ ਹੋਰ ਦਿਨ ਤਾਂ ਮੈਂ ਵਿਹਲਾ ਨਹੀਂ ਹੁੰਦਾ, ਕਲ੍ਹ ਡਾਕਟਰ ਕੋਲ ਜਾਵਾਂਗੇ। ਦਫ਼ਤਰ 'ਚੋਂ ਛੁੱਟੀ ਲੈ ਲਿੱਤੀ ਏ, ਤੂੰ ਵੀ ਤਿਆਰ ਹੋ ਜਾਵੀਂ, ਦੋਵੇਂ ਕੱਠੇ ਜਾਵਾਂਗੇ।

"ਮੈਂ ਕਿਉਂ ਜਾਵਾਂ, ਮੈਂ ਤਾਂ ਚੰਗੀ ਭਲੀ ਆਂ, ਤੁਸੀਂ ..."

"ਤੂੰ ਆਪੇ ਤਾਂ ਕਹਿੰਦੀ ਸੈਂ ਮੇਰੇ ਅੱਧੇ ਸਿਰ 'ਚ ਪੀੜ ਰਹਿੰਦੀ ਏ!"

"ਹਾਂ, ਉਹ ਤਾਂ ਹੈ। ਚਲੋ ਫ਼ਿਰ ਚਲੀ ਜਾਵਾਂਗੀ..."

ਦੂਜੇ ਦਿਨ ਉਹ ਦੋਵੇਂ ਹਸਪਤਾਲ ਤੁਰ ਗਏ। ਡਾਕਟਰ ਕਾਸ਼ਫ਼ ਸ਼ਹਿਰ ਦਾ ਮਸ਼ਹੂਰ ਸਾਈਕਾਲੋਜਿਸਟ ਪਸੇਚਹੋਲੋਗਸਿਟ ਸੀ ਤੇ ਸੈਕਸ ਸਪੈਸ਼ਲਿਸਟ ਂਏਣ ਸਪਏਚਅਿਲਸਿਟ ਵਜੋਂ ਵੀ ਜਾਣਿਆ ਜਾਂਦਾ ਸੀ। ਆਪਣਾ ਨੰਬਰ ਆਣ 'ਤੇ ਜਦੋਂ ਬੱਟ ਸਾਹਿਬ ਡਾਕਟਰ ਦੇ ਕਮਰੇ ਵਿਚ ਗਏ ਤਾਂ ਉਹਨੇ ਪੁੱਛਿਆ, "ਜੀ! ਕੀ ਮਸਲਾ ਏ ਤੁਹਾਡਾ?"

"ਮੇਰੀ ਬੀਵੀ ਕਹਿੰਦੀ ਐ ਮੈਂ ਰਾਤ ਨੂੰ ਘੁਰਾੜੇ ਮਾਰਦਾ ਮਾਰਦਾ ਛੇਤੀ ਸੌਂ ਜਾਂਦਾਂ ਤੇ ਉਹਦੀ ਪੂਰੀ ਰਾਤ ਅੱਖਾਂ 'ਚ ਲੰਘ ਜਾਂਦੀ ਏ।"

"ਤੁਸਾਂ ਆਪਣੇ ਘੁਰਾੜਿਆਂ ਬਾਰੇ ਕਿਸੇ ਹੋਰ ਡਾਕਟਰ ਨਾਲ ਮਸ਼ਵਰਾ ਕੀਤਾ ਸੀ?"

"ਜੀ ਮੈਂ ਵੱਖ ਵੱਖ ਡਾਕਟਰਾਂ ਨੂੰ ਦੱਸਿਆ"

"ਤੁਹਾਡੀ ਉਮਰ?"

"ਸੱਠ ਸਾਲ"

"ਵਿਆਹ ਨੂੰ ਕਿੰਨਾ ਚਿਰ ਹੋਇਆ?"

"ਵੀਹ ਸਾਲ"

"ਬੱਚੇ?"

"ਦੋ ਬੱਚੇ ਨੇ, ਇਕ ਪੁੱਤਰ ਤੇ ਇਕ ਧੀ।"

"ਤੁਹਾਡੀ ਤੀਵੀਂ ਦੀ ਉਮਰ?"

"ਚਾਲ੍ਹੀ ਕੁ ਸਾਲ ਹੋਣੀ!"

"ਆਪਣੀ ਉਮਰ ਤੋਂ ਏਨੀ ਘੱਟ ਉਮਰ ਦੀ ਕੁੜੀ ਨਾਲ ਤੁਸਾਂ ਵਿਆਹ ਕਿਉਂ ਕਰਵਾਇਆ ਸੀ ?"

"ਮੈਨੂੰ ਕੋਈ ਦਿੰਦਾ ਨਹੀਂ ਸੀ ਤੇ ਉਹਨੂੰ ਕੋਈ ਕਰਦਾ ਨਹੀਂ ਸੀ, ਨਾਲੇ ਮੇਰੀ ਪਹਿਲੀ ਤੀਵੀਂ ਮਰ

ਗਈ ਸੀ।"

"ਚਲੋ ਇਹ ਤਾਂ ਤੁਹਾਡਾ ਪਰਸਨਲ ਮੈਟਰ ਐ। ਅਸੀਂ ਅਸਲ ਗੱਲ ਵੱਲ ਆਉਂਦੇ ਹਾਂ, ਮੈਨੂੰ ਇਹ ਦੱਸੋ ਕਿ ਤੁਹਾਡਾ ਆਪਣੀ ਤੀਵੀਂ ਨਾਲ ਸੌਣ ਨੂੰ ਮਨ ਕਰਦਾ ਹੈ ਜਾਂ ਨਹੀਂ? ਸੌਣ ਦਾ ਮਤਲਬ ਤੁਸੀਂ ਸਮਝ ਗਏ ਓ ਨਾ?"

"ਜੀ ਸਮਝ ਗਿਆ ਹਾਂ।"

"ਅਸਲ 'ਚ ਉਹ ਪਹਿਲੇ ਜਿਹੀ ਨਹੀਂ ਰਹੀ।"

"ਕੀ ਹੋਇਆ ਉਹਨੂੰ?" ਡਾਕਟਰ ਨੇ ਪੁੱਛਿਆ।

"ਉਹਦੀ ਧੌਣ ਮੋਟੀ ਹੋ ਗਈ,ਢਿੱਡ ਵਧ ਗਿਆ, ਸੈਨਾ ਲਮਕ ਗਿਆ ਤੇ ਕੱਛਾਂ ਹੇਠ ਚਰਬੀ ਦੇ ਪੇੜੇ ਬਣ ਗਏ..."

"ਮੈਂ ਸਮਝ ਗਿਆ ... ਤੁਸੀਂ ਕੀ ਚਾਹੁੰਦੇ ਓ?" ਡਾਕਟਰ ਨੇ ਪੁੱਛਿਆ।

"ਮੈਂ ਚਾਹੁੰਦਾ ਕਿ ਰਾਤ ਨੂੰ ਕਿਸੇ ਸੋਹਣੀ ਜਿਹੀ ਜ਼ਨਾਨੀ ਨਾਲ ਗੱਲਾਂ ਕਰਦਾ ਕਰਦਾ ਨੇੜੇ ਹੋ ਕੇ ਗਲਵੱਕੜੀ ਪਾ ਲਵਾਂ,ਅਸੀਂ ਸਾਹਵਾਂ ਦੀ ਭੱਠੀ ਵਿਚ ਤੇਜ਼ ਛੁਰੀ ਵਾਂਗੂੰ ਲਾਲ ਹੋ ਕੇ ਇਕ ਦੂਜੇ ਦੇ ਪਿੰਡੇ ਦੀਆਂ ਮੋਰੀਆਂ ਕਰ ਕੇ ਆਰ ਪਾਰ ਹੋ ਜਾਈਏ ਤੇ ਜਦੋਂ ਹੋਸ਼ ਆਵੇ ਸਵੇਰ ਹੋ ਜਾਏ।"

"ਤੁਹਾਡੀ ਤੀਵੀਂ ਤੁਹਾਡੇ ਨਾਲ ਆਈ ਏ?"

"ਜੀ ਉਹਦੇ ਅੱਧੇ ਸਿਰ 'ਚ ਪੀੜ ਹੁੰਦੀ ਐ, ਤੁਹਾਡੇ ਕੋਲੋਂ ਵਿਹਲੇ ਹੋ ਕੇ ਉਹਨੂੰ ਵੀ ਦੂਜੇ ਡਾਕਟਰ ਕੋਲੋਂ ਚੈੱਕ ਕਰਵਾਣਾ ਏ।"

"ਉਹਨੂੰ ਜ਼ਰਾ ਅੰਦਰ ਤਾਂ ਸੱਦੋ।"

ਬੱਟ ਸਾਹਿਬ ਨੇ ਰੁਖ਼ਸਾਨਾ ਨੂੰ ਅੰਦਰ ਬੁਲਾਇਆ। ਡਾਕਟਰ ਨੇ ਉਹਨੂੰ ਸਿਰ ਤੋਂ ਲੈ ਪੈਰਾਂ ਤੀਕਰ ਵੇਖਿਆ ਤੇ ਕਹਿਆ, "ਬਹਿ ਜਾਓ।"

"ਤੁਸੀਂ ਮੇਰੇ ਪੇਸ਼ੈਂਟ ਤਾਂ ਨਹੀਂ, ਪਰ ਇਨ੍ਹਾਂ ਦੇ ਇਲਾਜ ਲਈ ਤੁਹਾਡੇ ਕੋਲੋਂ ਵੀ ਕੁਸ਼ ਜ਼ਾਤੀ ਸਵਾਲ ਪੁੱਛਣ ਦੀ ਲੋੜ ਐ, ਤੁਸੀਂ ਬੁਰਾ ਤਾਂ ਨਹੀਂ ਮਨਾਓਗੇ?" ਡਾਕਟਰ ਨੇ ਰੁਖ਼ਸਾਨਾ ਨੂੰ ਪੁੱਛਿਆ।

"ਨਹੀਂ ਨਹੀਂ ਡਾਕਟਰ ਸਾਹਿਬ! ਤੁਸੀਂ ਜੋ ਮਰਜ਼ੀ ਐ ਪੁੱਛੋ, ਮੈਂ ਤਾਂ ਇਨ੍ਹਾਂ ਦੇ ਬਦਲੇ ਹੋਏ ਵਿਹਾਰ ਤੇ ਵਿਗੜੀ ਹੋਈ ਸਿਹਤ ਨੂੰ ਵੇਖ ਕੇ ਬਹੁਤ ਪ੍ਰੇਸ਼ਾਨ ਰਹਿੰਦੀ ਹਾਂ, ਮੈਨੂੰ ਤੁਹਾਡੇ ਸਵਾਲਾਂ ਦੇ ਜਵਾਬ ਦੇ ਕੇ ਖ਼ੁਸ਼ੀ ਹੋਵੇਗੀ।" ਰੁਖ਼ਸਾਨਾ ਨੇ ਡਾਕਟਰ ਨੂੰ ਕਹਿਆ।

"ਤੁਹਾਡਾ ਲੱਕ ਕਿੰਨੇ ਇੰਚ ਏ?"

ਰੁਖ਼ਸਾਨਾ ਦੇ ਮੱਥੇ 'ਤੇ ਤੀਉੜੀਆਂ ਆ ਗਈਆਂ, ਪਰ ਉਹਨੇ ਮਾੜੀ ਜਿਹੀ ਚੁੱਪ ਮਗਰੋਂ ਕਿਹਾ, "ਚਾਲ੍ਹੀ ਇੰਚ।"

"ਦਸ ਸਾਲ ਪਹਿਲੇ ਕਿੰਨਾ ਸੀ?"

"ਪੈਂਤੀ ਛੱਤੀ ਹੋਣਾ।"

"ਜਦੋਂ ਵਿਆਹ ਹੋਇਆ ਉਦੋਂ ਕਿੰਨਾ ਸੀ ?"

"ਸਤਾਈ ਇੰਚ ਸੀ, ਮੈਨੂੰ ਇਸ ਕਰਕੇ ਯਾਦ ਏ ਕਿ ਉਦੋਂ ਮੈਂ ਜੀਨਜ਼ ਦੀ ਜੋ ਪੈਂਟ ਖ਼ਰੀਦੀ ਸੀ ਉਹਦੇ ਲੱਕ ਦਾ ਸਾਈਜ਼ ਸਤਾਈ ਇੰਚ ਸੀ।"

ਡਾਕਟਰ ਨੇ ਰੁਖ਼ਸਾਨਾ ਵੱਲ ਵੇਖਦਿਆਂ ਕਹਿਆ, "ਤੁਹਾਨੂੰ ਇਹ ਗੱਲ ਸੁਣ ਕੇ ਖ਼ੁਸ਼ੀ ਹੋਵੇਗੀ ਕਿ ਬੱਟ ਸਾਹਿਬ ਨੂੰ ਕੋਈ ਵੀ ਬਿਮਾਰੀ ਨਹੀਂ ਏ। ਇਹ ਚੰਗੇ ਭਲੇ ਨੇ ਪਰ ਇਨ੍ਹਾਂ ਨੂੰ ਹੋਰ ਵੀ ਠੀਕ ਕਰਨ ਲਈ ਤੁਹਾਨੂੰ ਕੁਝ ਦਵਾਈਆਂ ਖਾਣ ਦੇ ਨਾਲ ਨਾਲ ਅਪਣਾ ਭਾਰ ਤੇ ਲੱਕ ਦਾ ਸਾਈਜ਼ ਘਟਾਣਾ ਪਏ ਗਾ।" □□

[H /52 Gulfishan Society,Green Town,KARACHI - 43 Pakistan]

ਅੱਕ

ਹਰਜੀਤ ਅਟਵਾਲ

ਅਸੀਂ ਸੌਣ ਦੀ ਤਿਆਰੀ ਵਿਚ ਹਾਂ ਕਿ ਮੇਰਾ ਮੁਬਾਈਲ ਵੱਜ ਪੈਂਦਾ ਹੈ। ਬਿੰਦੀ ਭਾਬੀ ਦਾ ਫੋਨ ਹੈ। ਉਹ ਆਖਦੀ ਹੈ,

"ਜਲਦੀ ਆ, ਤੇਰਾ ਭਾਅ ਜੀ ਤਾਂ ਭਾਂਡੇ ਭੰਨੀ ਜਾਂਦਾ।"

"ਕੀ ਹੋ ਗਿਆ?"

"ਰਾਜੋ ਦਾ ਫੋਨ ਆਇਆ ਸੀ, ਓਹਨੇ ਕੁਸ਼ ਕਹਿ 'ਤਾ, ਤੈਨੂੰ ਆਏ ਨੂੰ ਦੱਸਦੀ ਆਂ।"

"ਇਹ ਰਾਜੋ ਦਾ ਵੀ ਮੂੰਹ ਬਹੁਤ ਖੁਲ੍ਹਾ! ...ਮੈਂ ਆਉਨਾਂ," ਮੈਂ ਰਾਜੋ ਨੂੰ ਕੋਸਦਾ ਹੋਇਆ ਆਖਦਾ ਹਾਂ।

ਰਾਜੋ ਭਾਅ ਜੀ ਦੇ ਪਿੰਡ ਦੀ ਹੀ ਕੁੜੀ ਹੈ। ਕੁੜੀ ਕਾਹਦੀ ਹੁਣ ਤਾਂ ਬੁੜ੍ਹੀ ਹੋ ਚੁੱਕੀ ਹੈ। ਹਰ ਵੇਲੇ ਉਸ ਦੀ ਵੱਡੀ ਭੈਣ ਬਣਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ ਤੇ ਭਾਅ ਜੀ ਦਾ ਸੁਭਾਅ ਹੈ ਕਿ ਕਿਸੇ ਤੋਂ 'ਓਏ' ਵੀ ਨਹੀਂ ਅਖਵਾ ਸਕਦਾ। ਰਾਜੋ ਵੀ ਭਾਅ ਜੀ ਵਰਗੀ ਹੀ ਅੜਬ ਜਿਹੀ ਹੈ। ਵੈਸੇ ਉਹਨਾਂ ਦਾ ਆਪਸ ਵਿਚ ਪਿਆਰ ਵੀ ਬਹੁਤ ਹੈ। ਨਿੱਕੀ ਜਿਹੀ ਹਾਕ 'ਤੇ ਭੱਜੀ ਆਉਂਦੀ ਹੈ। ਇਵੇਂ ਹੀ ਭਾਅ ਜੀ ਵੀ ਹਰ ਵੇਲੇ ਉਹਦੇ ਕੰਮ ਆਉਂਦਾ ਹੈ। ਉਸ ਦੇ ਪਤੀ ਦੀ ਮੌਤ ਤੋਂ ਬਾਅਦ ਭਾਅ ਜੀ ਉਹਦੇ ਨਾਲ ਭਰਾਵਾਂ ਵਾਂਗ ਹੀ ਖੜ੍ਹਿਆ ਸੀ।

ਮੈਂ ਭਾਅ ਜੀ ਦੇ ਘਰ ਜਾਣ ਲਈ ਤਿਆਰ ਹੋਣ ਲਗਦਾ ਹਾਂ। ਮੇਰੀ ਪਤਨੀ ਮੇਰੇ ਵੱਲ ਧਿਆਨ ਨਾਲ ਦੇਖਦੀ ਹੈ। ਉਸ ਦੀ ਆਦਤ ਹੈ ਕਿ ਤਾੜ ਰੱਖੇ ਕਿ ਕਿਸ ਦਾ ਫੋਨ ਆਇਆ ਤੇ ਕੀ ਗੱਲਬਾਤ ਹੋਈ। ਮੈਂ ਕਹਿੰਦਾ ਹਾਂ, "ਬਿੰਦੀ ਭਾਬੀ ਦਾ ਸੀ, ਭਜਨ ਭਾਅ ਜੀ ਲੜੀ ਜਾਂਦਾ।"

"ਤੇ ਅਸੀਂ ਇੱਥੇ ਐਂਗਰ-ਮੈਨੇਜਮੈਂਟ ਖੋਲ੍ਹੀ ਹੋਈ ਆ? ਅੱਧੀ ਰਾਤ ਹੋ ਗਈ, ਸਵੇਰੇ ਕੰਮਾਂ 'ਤੇ ਜਾਣਾਂ! ...ਬਹੁਤੀ ਗੱਲ ਐ ਤਾਂ ਭਾਅ ਜੀ ਨੂੰ ਡਾਕਟਰ ਕੋਲ ਲੈ ਕੇ ਜਾਣ।"

ਪਤਨੀ ਦੀ ਸੀ.ਡੀ. ਸ਼ੁਰੂ ਹੋ ਜਾਂਦੀ ਹੈ। ਅਸਲ ਵਿਚ ਉਹਦੀ ਬਿੰਦੀ ਭਾਬੀ ਨਾਲ ਬਿਲਕੁਲ ਨਹੀਂ ਬਣਦੀ। ਉਸ ਨੂੰ ਹਰ ਵੇਲੇ ਇਹੋ ਗੁੱਸਾ ਹੁੰਦਾ ਹੈ ਕਿ ਮੈਂ ਭਾਬੀ ਤੇ ਭਾਅ ਜੀ ਦੀਆਂ ਬੁੱਤੀਆਂ-ਨੱਤੀਆਂ ਕਰਦਾ ਫਿਰਦਾਂ। ਇਹ ਇਕ ਦੂਜੇ ਦੇ ਕੰਮ ਆਉਣ ਦੀ ਮਹੱਤਤਾ ਨੂੰ ਨਹੀਂ ਸਮਝਦੀ। ਮੈਂ ਉਸ ਦੀ ਕਿਸੇ ਗੱਲ ਦਾ ਜਵਾਬ ਦਿੱਤੇ ਬਿਨਾਂ ਜੈਕਟ ਪਾ ਕੇ ਕਾਰ ਵਿਚ ਜਾ ਬੈਠਦਾ ਹਾਂ।

ਭਾਅ ਜੀ ਬਹੁਤ ਖਰਾ ਬੰਦਾ ਹੈ, ਦਿਲ ਦਾ ਸਾਫ। ਸੰਤੁਲਤ ਵਿਚਾਰਾਂ ਦਾ ਮਾਲਕ। ਹਰ ਥਾਂ ਨਾਲ ਖੜ੍ਹਨ ਵਾਲਾ। ਇਕ ਗੱਲ ਮਾੜੀ ਹੈ ਕਿ ਉਸ ਨੂੰ ਗੁੱਸਾ ਬਹੁਤ ਆਉਂਦਾ ਹੈ। ਜੇ ਕਦੇ ਸ਼ਰਾਬ ਪੀਤਿਆਂ ਕੋਈ ਗੱਲ ਕਹਿ ਦੇਵੇ ਤਾਂ ਇਹ ਗੁੱਸਾ ਦੂਣ-ਸਵਾਇਆ ਹੋ ਕੇ ਨਿਕਲਦਾ ਹੈ। ਇਸ ਮੌਕੇ 'ਤੇ ਉਸ ਨੂੰ ਸੰਭਾਲਣਾ ਮੁਸ਼ਕਲ ਹੋ ਜਾਂਦਾ ਹੈ। ਮੇਰੇ ਕੋਲ ਇਸ ਦਾ ਤਰੀਕਾ ਹੈ। ਮੈਂ ਉਸ ਦੇ ਗੁੱਸੇ ਨੂੰ ਘਟਾਉਣ ਦੀ ਕੋਸ਼ਿਸ਼ ਕਰਦਾ ਉਸ ਨਾਲ ਗੱਲਾਂ ਕਰਨ ਲਗਦਾ ਹਾਂ। ਉਸ ਦਾ ਧਿਆਨ ਹੋਧਰੇ ਪਾਉਂਦਾ ਹਾਂ। ਪਿੰਡ ਦੀਆਂ, ਉਸ ਦੇ ਬਚਪਨ ਦੀਆਂ ਗੱਲਾਂ। ਉਸ ਦੇ ਇੱਥੇ ਆ ਕੇ ਫੈਕਟਰੀ ਵਿਚ ਕੰਮ ਕਰਨ ਦੀਆਂ ਗੱਲਾਂ ਜਾਂ ਹੋਰ ਰਾਜਨੀਤਕ ਜਿਹੀ ਗੱਲਬਾਤ। ਕੁਝ ਲਤੀਫੇ ਆਦਿ। ਇਵੇਂ ਕੁਝ ਦੇਰ ਬਾਅਦ ਉਹ ਸੰਭਲ ਜਾਇਆ ਕਰਦਾ ਹੈ।

ਭਜਨ ਭਾਅ ਜੀ ਮੇਰੇ ਮਾਮੇ ਦਾ ਪੁੱਤ-ਭਰਾ ਹੈ। ਮੇਰੇ ਤੋਂ ਦਸ ਸਾਲ ਵੱਡਾ ਹੋਵੇਗਾ ਪਰ ਹੈ ਮੇਰੇ ਦੋਸਤਾਂ ਵਾਂਗ। ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬੰਦਾ ਹੈ। ਸਦਾ ਉਮੀਦ ਦਾ ਪੱਲਾ ਫੜੀ ਰੱਖਣ

ਵਾਲਾ। ਥੋੜ੍ਹੇ ਕੀਤੇ ਉਸ ਨੂੰ ਗੁੱਸਾ ਨਹੀਂ ਆਉਂਦਾ, ਜ਼ਰੂਰ ਰਾਜੋ ਨੇ ਕੋਈ ਬਹੁਤ ਹੀ ਚੁਭਵੀਂ ਗੱਲ ਕਹਿ ਦਿੱਤੀ ਹੋਵੇਗੀ।

ਰਾਜੋ ਦੇ ਟੱਬਰ ਦਾ ਭਾਅ ਜੀ ਦੇ ਪਰਿਵਾਰ ਨਾਲ ਪੁਰਾਣਾ ਰਿਸ਼ਤਾ ਹੈ। ਰਾਜੋ ਦੇ ਪਿਉ ਕਰਤਾਰੇ ਨੂੰ ਵੀ ਦੇਖਿਆ ਹੈ ਤੇ ਭਰਾ ਚੰਨੇ ਨੂੰ ਵੀ। ਚੰਨਾ ਮੇਰੇ ਮਾਮੇ ਨਾਲ ਭਾਵ ਭਾਅ ਜੀ ਦੇ ਪਿਤਾ ਦਾ ਸਾਂਝੀ ਸੀ। ਖੇਤੀ ਦਾ ਕੰਮ ਉਹੀ ਸਾਂਭਦਾ ਸੀ। ਤੇ ਪਿਉ ਕਰਤਾਰਾ ਝੋਕਿਆ ਕਰਦਾ ਸੀ। ਪਸ਼ੂਆਂ ਨੂੰ ਪਾਣੀ ਵੀ ਡਾਹ ਦਿਆ ਕਰਦਾ। ਰਾਜੋ ਮੇਰੀ ਹੋਸ਼ ਤੋਂ ਵੀ ਪਹਿਲਾਂ ਦੀ ਇੰਗਲੈਂਡ ਆਈ ਹੋਈ ਹੈ। ਇਹਨੂੰ ਮੈਂ ਏਥੇ ਆ ਕੇ ਹੀ ਦੇਖਿਆ ਹੈ। ਰਾਜੋ ਆਪ ਹੀ ਦੱਸਣ ਲਗਦੀ ਹੈ ਕਿ ਜਦ ਉਸ ਦਾ ਰਿਸ਼ਤਾ ਇੰਗਲੈਂਡ ਹੋਇਆ ਤਾਂ ਉਸ ਦੇ ਪਿਉ ਕੋਲ ਤਾਂ ਟਿਕਟ ਜੋਗੇ ਵੀ ਪੈਸੇ ਨਹੀਂ ਸੀ। ਭਾਅ ਜੀ ਦੇ ਪਿਤਾ ਨੇ ਹੀ ਮੱਦਦ ਕੀਤੀ ਸੀ। ਫਿਰ ਭਾਅ ਜੀ ਇੰਗਲੈਂਡ ਆਇਆ ਤਾਂ ਰਾਜੋ ਨੇ ਉਸ ਨੂੰ ਏਥੇ ਸੈਟਲ ਹੋਣ ਵਿਚ ਪੂਰੀ ਸਹਾਇਤਾ ਕੀਤੀ। ਸੋ ਦੋਨਾਂ ਧਿਰਾਂ ਵਿਚ ਇਕ ਵਿਸ਼ੇਸ਼ ਨੇੜ ਹੈ। ਇਕ ਦੂਜੇ ਉਪਰ ਮਾਣ ਵੀ ਹੈ। ਇਸੇ ਮਾਣ ਵਿਚ ਹੀ ਰਾਜੋ ਕੁਝ ਕਹਿ ਜਾਂਦੀ ਹੈ। ਕੁਝ ਮਹੀਨੇ ਪਹਿਲਾਂ ਵੀ ਰਾਜੋ ਨੇ ਭਾਅ ਜੀ ਨੂੰ ਕਹਿ ਦਿੱਤਾ ਸੀ ਕਿ ਭਜਨਿਆਂ, ਤੂੰ ਕੁਤੀ ਘਰ ਬਿਠਾ ਕੇ ਬੁੜ੍ਹੀ ਕਰ ਲੈਣੀ ਆਂ। ਭਾਅ ਜੀ ਕਈ ਦਿਨ ਤਕ ਤੜਫਦਾ ਰਿਹਾ ਸੀ। ਸ਼ਰਾਬ ਪੀ ਕੇ ਕੰਧਾਂ ਵਿਚ ਮੁੱਕੇ ਮਾਰਨ ਲਗਦਾ। ਜਾਪਦਾ ਹੈ ਕਿ ਹੁਣ ਵੀ ਰਾਜੋ ਉਸ ਨੂੰ ਅਜਿਹੀ ਹੀ ਕੋਈ ਗੱਲ ਕਹਿ ਗਈ ਹੋਵੇਗੀ।

ਰਾਜੋ ਤੇ ਭਜਨ ਭਾਅ ਜੀ ਵਿਚਕਾਰ ਜਿੱਥੇ ਵਧੀਆ ਰਿਸ਼ਤੇ ਹਨ ਉੱਥੇ ਇਕ ਬਹੁਤ ਵੱਡੀ ਕੜਵਾਹਟ ਹਰ ਵੇਲੇ ਉਹਨਾਂ ਵਿਚਕਾਰ ਤੈਰਦੀ ਰਹਿੰਦੀ ਹੈ। ਉਹ ਹੈ ਕਿ ਭਜਨ ਭਾਅ ਜੀ ਰਾਜੋ ਦੇ ਘਰ ਜਾ ਕੇ ਰੋਟੀ ਨਹੀਂ ਖਾਂਦਾ ਉਸ ਦੀ ਜ਼ਾਤ ਕਾਰਨ। ਗੁੱਸੇ ਵਿਚ ਰਾਜੋ ਵੀ ਭਜਨ ਭਾਅ ਜੀ ਦੇ ਘਰ ਆ ਕੇ ਪਾਣੀ ਦੀ ਘੁੱਟ ਤਕ ਨਹੀਂ ਪੀਂਦੀ। ਮੈਂ ਰਾਜੋ ਨੂੰ ਕਈ ਵਾਰ ਕਹਿੰਦੀ ਨੂੰ ਸੁਣਿਆਂ ਹੈ ਕਿ ਜੇ ਇਹ ਸੰਧੂ ਹੈ ਤਾਂ ਮੈ ਕਟਾਰੀਆ ਹਾਂ। ਦੇਖਣ ਵਾਲੇ ਨੂੰ ਇਹ ਗੱਲ ਬਹੁਤ ਹੀ ਓਪਰੀ ਲਗਦੀ ਹੈ ਕਿ ਇਕ ਪਾਸੇ ਏਨਾ ਪਿਆਰ ਤੇ ਦੂਜੇ ਪਾਸੇ ਏਨੀ ਨਫਰਤ। ਮੈਂ ਵੀ ਪਹਿਲੀ ਵਾਰੀ ਇਹ ਗੱਲ ਨੋਟ ਕੀਤੀ ਤਾਂ ਭਾਅ ਜੀ ਕੋਲ ਉਸ ਦੀ ਸੋਚ ਬਾਰੇ ਆਪਣਾ ਵਿਰੋਧ ਪ੍ਰਗਟ ਕੀਤਾ ਸੀ। ਉਹ ਬੋਲਿਆ ਸੀ, "ਬਈ, ਮੈਂ ਤਾਂ ਸੁੱਚਮ ਨੂੰ ਜ਼ਰੂਰੀ ਚੀਜ਼ ਮੰਨਦਾਂ, ਏਨੀਆਂ ਸਦੀਆਂ ਇਹਨਾਂ ਨੇ ਗੰਦਗੀ ਢੋਈ ਐ, ਸੋ ਗੰਦਗੀ ਇਹਨਾਂ ਦੇ ਡੀ ਐਨ ਏ ਵਿਚ ਬੈਠੀ ਐ। ਫਿਰ ਸੰਸਕਾਰ ਵੀ ਤਾਂ ਕੋਈ ਚੀਜ਼ ਆ ਜਿਹੜੇ ਬੰਦੇ ਦੀਆਂ ਰਗਾਂ ਵਿਚ ਵਹਿੰਦੇ ਨੇ।"

ਮੈਨੂੰ ਉਸ ਦੀ ਦਲੀਲ ਬਹੁਤ ਬੇਹੂਦਾ ਲੱਗੀ ਸੀ ਪਰ ਉਸ ਨਾਲ ਬਹੁਤੀ ਬਹਿਸ ਨਾ ਕੀਤੀ। ਭਜਨ ਭਾਅ ਜੀ ਸਦਾ ਹੀ ਆਪਣੀ ਗੱਲ ਨੂੰ ਆਖਰੀ ਮੰਨਿਆਂ ਕਰਦਾ ਹੈ।

ਭਾਅ ਜੀ ਅੱਜ ਕਲ ਜ਼ਰਾ ਪਰੇਸ਼ਾਨ ਰਹਿੰਦਾ ਹੈ। ਪਰੇਸ਼ਾਨੀ ਦਾ ਕਾਰਨ ਉਸ ਦੀ ਕੁੜੀ ਪ੍ਰੀਤੀ ਦਾ ਵਿਆਹ ਨਾ ਹੋਣਾ ਹੈ। ਪ੍ਰੀਤੀ ਚੌਤੀ ਸਾਲ ਦੀ ਹੋ ਗਈ ਹੈ ਪਰ ਹਾਲੇ ਤਕ ਕੋਈ ਢੰਗ ਦਾ ਮੁੰਡਾ ਨਹੀਂ ਮਿਲਿਆ, ਹਾਲਾਂ ਕਿ ਕੁੜੀ ਨੇ ਡਿਗਰੀ ਕੀਤੀ ਹੋਈ ਹੈ, ਬੈਂਕ ਦੀ ਨੌਕਰੀ ਕਰ ਰਹੀ ਹੈ। ਕਿੰਨੇ ਹੀ ਮੁੰਡੇ ਉਹ ਦੇਖ ਚੁੱਕੀ ਹੈ ਤੇ ਕਿੰਨੇ ਹੀ ਮੁੰਡੇ ਉਸ ਨੂੰ ਦੇਖ ਚੁੱਕੇ ਹਨ ਪਰ ਕਿਤੇ ਵੀ ਗੱਲ ਨਹੀਂ ਬਣ ਰਹੀ। ਇਹ ਮਸਲਾ ਇਕੱਲੀ ਪ੍ਰੀਤੀ ਦਾ ਹੀ ਨਹੀਂ ਸਗੋਂ ਇੰਗਲੈਂਡ ਵਿਚ ਜੰਮੀਆਂ ਬਹੁਤ ਸਾਰੀਆਂ ਕੁੜੀਆ ਦਾ ਹੈ। ਭਾਅ ਜੀ ਇਸ ਮਸਲੇ ਨੂੰ ਸਮਝਦਾ ਹੈ। ਕੋਈ ਵੇਲਾ ਸੀ ਮੁੰਡੇ ਇੰਡੀਆ ਤੋਂ ਮੰਗਵਾ ਲਏ ਜਾਂਦੇ ਸਨ ਪਰ ਉਦੋਂ ਕੁੜੀਆਂ ਅੱਜ ਵਾਲੀਆਂ ਨਹੀਂ ਸੀ ਹੁੰਦੀਆਂ। ਉਹ ਕੁੜੀਆਂ ਇੰਡੀਆਂ ਦੀਆਂ ਹੀ ਜੰਮਪਲ ਹੁੰਦੀਆਂ ਸਨ। ਇੱਥੋਂ ਦੀਆਂ ਜੰਮੀਆਂ ਕੁੜੀਆਂ ਲਈ ਇੰਡੀਆ ਦੇ ਮੁੰਡੇ ਬਿਲਕੁਲ ਠੀਕ ਨਹੀਂ ਬੈਠਦੇ। ਪਾਲਣ-ਪੋਸਣ ਦਾ ਬਹੁਤ ਫਰਕ ਹੈ। ਹਾਲੇ ਇੱਥੋਂ ਦੇ ਮੁੰਡਿਆਂ ਲਈ ਇੰਡੀਆ ਤੋਂ ਆਈਆਂ ਕੁੜੀਆਂ ਫਿਟ ਬੈਠ ਜਾਂਦੀਆਂ ਹਨ। ਕਾਰਨ ਇਹ ਕਿ ਮੁੰਡਿਆਂ ਦੇ ਮੁਕਾਬਲੇ ਵਿਚ ਕੁੜੀਆਂ ਨਵੀਆਂ ਪਰਿਸਥਿਤੀਆਂ ਵਿਚ ਸਹਿਜੇ ਢਲ਼ ਜਾਂਦੀਆਂ ਹਨ। ਭਾਅ ਜੀ ਨੇ ਪ੍ਰੀਤੀ ਨੂੰ ਬਹੁਤ ਵਾਰ ਕਿਹਾ ਕਿ ਇੱਥੋਂ ਤਾਂ ਮੁੰਡਾ ਨਹੀਂ ਮਿਲਦਾ,

ਇੰਡੀਆ ਤੋਂ ਦੇਖ ਲਵੇ ਪਰ ਪ੍ਰੀਤੀ ਇਕ ਦਮ ਕਹਿ ਦਿੰਦੀ ਹੈ ਕਿ ਡੈਡ, ਨੋ ਫਰੈਂਝ਼ੀ। ਜਿਵੇਂ ਜਿਵੇਂ ਉਮਰ ਨਿਕਲ ਰਹੀ ਹੈ, ਮੁੰਡਾ ਲੱਭਣਾ ਔਖਾ ਹੋ ਰਿਹਾ ਹੈ।

ਮੇਰੇ ਕੋਲ ਇਸ ਦਾ ਇਕ ਹੱਲ ਹੈ। ਹੱਲ ਤਾਂ ਨਹੀਂ ਕਿਹਾ ਜਾ ਸਕਦਾ ਇਕ ਯਤਨ ਹੈ। ਉਹ ਇਹ ਕਿ ਜੇ ਅਸੀਂ ਜ਼ਾਤ-ਪਾਤ ਜਾਂ ਰੰਗ ਦੀ ਵਾੜ ਤੋੜ ਦੇਈਏ ਤਾਂ ਇਸ ਮੁਲਕ ਵਿਚ ਆਪਣੇ ਬੱਚੇ ਲਈ ਵਰ ਲੱਭਣ ਦੇ ਮੌਕੇ ਬਹੁਤ ਵਧ ਜਾਂਦੇ ਹਨ ਪਰ ਇਹ ਗੱਲ ਭਾਅ ਜੀ ਨੂੰ ਕੌਣ ਸਮਝਾਵੇ। ਉਹ ਤਾਂ ਸੁਫਨੇ ਵਿਚ ਵੀ ਨਹੀਂ ਸੋਚ ਸਕਦਾ ਕਿ ਉਹ ਆਪਣੇ ਕਿਸੇ ਬੱਚੇ ਦਾ ਵਿਆਹ ਆਪਣੀ ਜ਼ਾਤ ਤੋਂ ਬਾਹਰ ਜਾ ਕੇ ਕਰੇਗਾ। ਮੈਂ ਆਪਣੀ ਗੱਲ ਭਾਅ ਜੀ ਨੂੰ ਸਿੱਧੀ ਕਹਿ ਵੀ ਨਹੀਂ ਸਕਦਾ। ਮੈਂ ਕੋਈ ਨਾ ਕੋਈ ਕਹਾਣੀ ਘੜ ਕੇ ਜਾਂ ਕਿਸੇ ਦੀ ਉਦਾਹਰਣ ਦੇ ਕੇ ਹੀ ਕਹਿਣ ਦੀ ਕੋਸ਼ਿਸ਼ ਕਰਦਾ ਹਾਂ। ਵੀਕ ਐਂਡ 'ਤੇ ਅਸੀਂ ਪੱਬ ਵਿਚ ਇਕੱਠੇ ਹੁੰਦੇ ਹਾਂ ਤੇ ਮੈਂ ਉਸ ਨੂੰ ਦੋ ਚਾਰ ਕਹਾਣੀਆਂ ਸੁਣਾਉਣੀਆਂ ਹੀ ਹੁੰਦੀਆਂ ਹਨ ਤਾਂ ਜੁ ਉਹ ਸਥਿਤੀ ਨੂੰ ਮੇਰੀ ਦ੍ਰਿਸ਼ਟੀ ਤੋਂ ਦੇਖ ਸਕੇ। ਇਕ ਦਿਨ ਮੈਂ ਕਹਿੰਦਾ ਹਾਂ,"ਭਾਅ ਜੀ, ਓਹ ਨਿਰਮਲ ਨੂੰ ਜਾਣਦੇ ਓ?"

"ਜਿਹਨੇ ਕੁੜੀ ਬਾਹਮਣਾਂ ਦੇ ਮੁੰਡੇ ਨਾਲ ਵਿਆਹ ਦਿੱਤੀ, ਉਹ?"

"ਹਾਂ, ਉਹੀ। ਮੈਂ ਓਸ ਵਿਆਹ ਗਿਆ ਸੀ। ਨਿਰਮਲ ਦੇ ਮੂੰਹ 'ਤੇ ਤਾਂ ਸਾਰੇ ਹੀ ਇਹ ਕਹਿੰਦੇ ਸੀ ਕਿ ਉਹ ਨੇ ਕਾਸਟ ਦਾ ਬੈਰੀਅਰ ਲੰਘ ਕੇ ਬਹੁਤ ਚੰਗਾ ਕੀਤਾ ਪਰ ਉਹਦੀ ਪਿੱਠ ਪਿੱਛੇ ਕਚੀਰਾ ਜਿਹਾ ਕਰੀ ਜਾਂਦੇ ਸੀ।"

"ਗੱਲ ਤਾਂ ਲੋਕਾਂ ਦੀ ਠੀਕ ਐ, ਜ਼ਾਤ ਤੋਂ ਬਾਹਰ ਵਿਆਹ ਕਰਨ ਜਿਹੀ ਬਦਨਾਮੀ ਤੋਂ ਵਧ ਕੀ ਹੋ ਸਕਦੈ!"

"ਇਹ ਗੱਲ ਆਪਣੇ ਥਾਂ ਪਰ ਮੈਨੂੰ ਤਾਂ ਇਕ ਦਿਨ ਮੁੰਡਾ-ਕੁੜੀ ਹਾਈ ਸਟਰੀਟ 'ਤੇ ਮਿਲ ਗਏ, ਦੋਵੇਂ ਬਹੁਤ ਹੀ ਖੁਸ਼। ਹੁਣ ਤਾਂ ਉਹ ਕੁੜੀ ਮਾਂ ਬਣਨ ਵਾਲੀ ਐ।"

ਮੇਰੇ ਕਹਿਣ ਦਾ ਭਾਵ ਭਾਅ ਜੀ ਸਮਝ ਜਾਂਦਾ ਹੈ ਤੇ ਆਖਦਾ ਹੈ,"ਤੇਰੀ ਗੱਲ ਨਾਲ ਮੈਂ ਬਿਲਕੁਲ ਸਹਿਮਤ ਨਹੀਂ, ਹੁਣ ਓਸ ਕੁੜੀ ਦਾ ਬੱਚਾ ਵੀ ਤਾਂ ਸ਼ਰਮਾ-ਵਰਮਾ ਹੀ ਹੋਏਗਾ।

"ਕੀ ਫਰਕ ਪੈਂਦਾ ਇਹਦੇ ਨਾਲ ਭਾਅ ਜੀ, ਘੱਟੋ-ਘੱਟ ਕੁੜੀ ਤਾਂ ਖੁਸ਼ ਐ।"

"ਖਾਨਦਾਨ 'ਤੇ ਕਲੰਕ ਲੁਆ ਕੇ ਖੁਸ਼ੀ ਹਾਸਲ ਕੀਤੀ ਤਾਂ ਕੀ ਕੀਤੀ!" ਆਖਦਿਆਂ ਉਹ ਮੂੰਹ ਹੋਰਵੇਂ ਬਣਾ ਲੈਂਦਾ ਹੈ। ਮੈਨੂੰ ਪਤਾ ਹੈ ਕਿ ਇਹ ਗੱਲ ਉਸ ਨੂੰ ਹਜ਼ਮ ਨਹੀਂ ਹੋ ਰਹੀ ਪਰ ਕਹਿਣੀ ਵੀ ਜ਼ਰੂਰੀ ਹੈ। ਇਹ ਵੀ ਸੱਚ ਹੈ ਕਿ ਜੇ ਪ੍ਰੀਤੀ ਦਾ ਦੋ ਕੁ ਸਾਲ ਹੋਰ ਵਿਆਹ ਨਾ ਹੋਇਆ ਤਾਂ ਫਿਰ ਵਿਆਹ ਦਾ ਕੋਈ ਫਾਇਦਾ ਵੀ ਨਹੀਂ ਹੋਣ ਲੱਗਿਆ। ਪਤਾ ਨਹੀਂ ਕਿਉਂ ਮੇਰੀ ਸੋਚ ਹੈ ਕਿ ਬੰਦੇ ਦਾ ਗ੍ਰਿਹਸਥੀ ਨਾਲ ਬੱਝੇ ਹੋਣਾ ਜ਼ਰੂਰੀ ਹੈ ਜਿਸ ਵਿਚ ਘਰ-ਬੱਚੇ ਜ਼ਰੂਰੀ ਹੁੰਦੇ ਹਨ। ਬੇਸ਼ੱਕ ਅੱਜ ਕਲ ਬਹੁਤ ਸਾਰੇ ਲੋਕ ਵਿਆਹ ਕਰਾ ਕੇ ਖੁਸ਼ ਨਹੀਂ, ਬੱਚੇ ਵੀ ਨਹੀਂ ਲੈਣੇ ਚਾਹੁੰਦੇ ਪਰ ਫਿਰ ਵੀ ਜੋੜਿਆਂ ਵਿਚ ਰਹਿੰਦੇ ਹਨ। ਔਰਤ-ਮਰਦ ਦਾ ਰਿਸ਼ਤਾ ਸਿਹਤਵੰਦ ਸਮਾਜ ਲਈ ਜ਼ਰੂਰੀ ਹੈ। ਸੋਚਦਾ ਤਾਂ ਭਾਅ ਜੀ ਵੀ ਇਵੇਂ ਹੀ ਹੈ। ਉਹ ਪ੍ਰੀਤੀ ਨੂੰ ਇਕੱਲੀ ਦੇਖ ਕੇ ਬਹੁਤ ਉਦਾਸ ਹੋ ਜਾਂਦਾ ਹੈ ਪਰ ਕਰ ਕੁਝ ਨਹੀਂ ਸਕਦਾ।

ਇਕ ਦਿਨ ਭਾਬੀ ਮੇਰੇ ਨਾਲ ਇਹੋ ਦੁਖੜਾ ਸਾਂਝਾ ਕਰਨ ਲਗਦੀ ਹੈ। ਉਸ ਨੂੰ ਮੈਂ ਸਾਫ ਕਹਿ ਦਿੰਦਾ ਹਾਂ,"ਕਿਉਂ ਨਹੀਂ ਪ੍ਰੀਤੀ ਕਿਸੇ ਮੁੰਡੇ ਨਾਲ ਡੇਟਿੰਗ ਸ਼ੁਰੂ ਕਰਦੀ ਤੇ ਵਿਆਹ ਕਰਾ ਲੈਂਦੀ।"

ਉਹ ਆਖਦੀ ਹੈ,"ਤੇਰਾ ਭਰਾ ਤਾਂ ਨਿਰਾ ਭੱਬੂ ਐ, ਪਤਾ ਨਹੀਂ ਕਿਹੜੇ ਵੇਲੇ ਬਉਂ ਕਰਕੇ ਪੈ ਜਾਣਾਂ, ਚਾਰ-ਪੰਜ ਸਾਲ ਹੋ ਗਏ ਇਕ ਮੁੰਡਾ ਸਿਗਾ, ਈਸਟਰਨ ਯੋਰਪ ਦਾ ਸੀ। ਪ੍ਰੀਤੀ ਨੂੰ ਲਾਈ ਕਰਦਾ ਸੀ। ...ਮੈਂ ਤੇਰੇ ਭਾਅ ਜੀ ਨੂੰ ਗੱਲਾਂ ਗੱਲਾਂ ਵਿਚ ਟੋਹਿਆ ਸੀ ਪਰ ਉਹ ਤਾਂ ਏਦਾਂ ਕਰੇ ਜਿੰਦਾਂ ਮੇਰਾ ਸਿਰ ਪਾੜ ਦੇਣਾ ਹੁੰਦਾ।"

"ਫਿਰ ਇਹਦਾ ਹੱਲ ਕੀ ਹੋਏਗਾ?"

"ਸੱਚੀ ਗੱਲ ਦੱਸਾਂ, ਮੈਂ ਤਾਂ ਇਕ ਦਿਨ ਪ੍ਰੀਤੀ ਨੂੰ ਕਹਿ ਦਿੱਤਾ ਕਿ ਜੇ ਕੋਈ ਮੁੰਡਾ ਮਿਲਦਾ ਤਾਂ ਵਿਆਹ ਕਰਾ ਲੈ, ਛੱਡ ਜਾ ਏਸ ਘਰ ਨੂੰ ਪਰ ਉਹ ਵੀ ਵਿਚਾਰੀ ਮੇਰੇ ਵਰਗੀ ਆ, ਡਰਦੀ ਆ ਆਪਣੇ ਪਿਉ ਤੋਂ", ਆਖਦੀ ਭਾਬੀ ਉਦਾਸ ਹੋ ਜਾਂਦੀ ਹੈ।...

ਅਸੀਂ ਪੱਬ ਵਿਚ ਬੈਠੇ ਹਾਂ। ਮੇਰਾ ਇਕ ਦੋਸਤ ਸਿਕੰਦਰ ਅਚਾਨਕ ਆ ਜਾਂਦਾ ਹੈ ਤੇ ਸਾਡੇ ਕੋਲ ਆ ਬੈਠਦਾ ਹੈ। ਘਰੇਲੂ ਗੱਲਾਂ ਚੱਲ ਪੈਂਦੀਆਂ ਹਨ। ਉਹ ਦੱਸਣ ਲਗਦਾ ਹੈ,

"ਸਾਡੀ ਵੀ ਭਾਣਜੀ ਆ ਵਿਆਹੁਣ ਵਾਲੀ, ਕੱਲ ਹੀ ਮੁੰਡਾ ਦੇਖ ਕੇ ਆਏ ਆਂ, ਕੋਈ ਚੁਕਵਾਂ ਵਰ ਨਹੀਂ ਲੱਭ ਰਿਹਾ, ਮੈਂ ਤਾਂ ਕੁੜੀ ਨੂੰ ਕਿਹਾ ਸੀ ਕਿ ਜਾਹ ਆਪ ਹੀ ਲੱਭ ਲੈ, ਤੇਰਾ ਮਾਂ ਪਿਉ ਓਬਜੈਕਟ ਕਰਨਗੇ ਤਾਂ ਮੈਂ ਦੇਖ ਲਵਾਂਗਾ ਤਾਂ ਕੁੜੀ ਬੋਲੀ ਕਿ ਮਾਮਾ ਜੀ, ਜਦ ਮੁੰਡਾ ਲੱਭਣ ਦਾ ਟੈਮ ਸੀ ਯੂਨੀ ਵੇਲੇ ਤਾਂ ਤੁਸੀਂ ਸਾਰਾ ਟੱਬਰ ਫੋਨ ਕਰ ਕਰ ਕੇ ਕਹਿੰਦੇ ਸੀ ਕਿ ਕਿਸੇ ਨਾਲ ਇਨਵੌਲਵ ਨਾ ਹੋ ਜਾਵੀਂ, ਹੁਣ ਮੈਂ ਕਿੱਥੋਂ ਲੱਭ ਲਵਾਂ?"

ਸਿਕੰਦਰ ਦੀ ਗੱਲ ਨੂੰ ਸਹੀ ਕਹਿਣ ਲਈ ਮੈਂ ਆਖਦਾ ਹਾਂ,"ਯੂਨੀ ਸਭ ਤੋਂ ਵਧੀਆ ਜਗਾਹ ਹੁੰਦੀ ਐ ਜੀਵਨ ਸਾਥੀ ਲੱਭਣ ਲਈ, ਮੈਂ ਤਾਂ ਆਪਣੇ ਨਿਆਣਿਆਂ ਨੂੰ ਸਾਫ ਕਹਿ ਦੇਣਾ ਬਈ ਨਾਲ ਪੜ੍ਹਦਾ ਹੀ ਕੋਈ ਦੇਖ ਲਿਓ।"

ਮੇਰੀ ਗੱਲ 'ਤੇ ਭੁੜਕਦਾ ਭਾਅ ਜੀ ਬੋਲਦਾ ਹੈ,"ਬੜੀ ਬੇਵਕੂਫੀ ਦੀ ਗੱਲ ਐ, ਨਿਆਣਾ ਕੋਈ ਮੁਸਲਮਾਨ ਲੈ ਆਊ, ਕੋਈ ਕਾਲ਼ਾ-ਪੀਲ਼ਾ, ਜ਼ਾਤ-ਕੁਜ਼ਾਤ! ...ਹੋ ਗਿਆ ਨਾ ਤੁਹਾਡਾ ਖਾਨਦਾਨ ਖਰਾਬ! ਏਸ ਮੁਲਕ ਵਿਚ ਨਿਆਣੇ ਤਾਂ ਪਹਿਲਾਂ ਹੀ ਰੱਸੇ ਤੁੜਾਈ ਫਿਰਦੇ ਆ, ਤੁਸੀਂ ਹੋਰ ਖੁਲ੍ਹਾਂ ਦੇਣ ਦੀ ਗੱਲ ਕਰਦੇ ਓ!" ਭਾਅ ਜੀ ਝਿੜਕਣ ਵਾਂਗ ਆਖਦਾ ਹੈ...

ਸੋਚਾਂ ਵਿਚ ਫਸਿਆ ਮੈਂ ਭਾਅ ਜੀ ਦੇ ਘਰ ਪੁੱਜਦਾ ਹਾਂ। ਭਾਬੀ ਇਕ ਦਮ ਦਰਵਾਜ਼ਾ ਖੋਲ੍ਹਦੀ ਬੋਲਦੀ ਹੈ,

"ਕਰ ਕੁਝ, ਰਾਜੋ ਨੇ ਮੁੰਡੇ ਦੀ ਦੱਸ ਪਾਈ ਸੀ ਫੋਨ ਉਪਰ, ਬੱਸ ਇਸੇ ਗੱਲ ਤੋਂ ਭੜਕ ਉਠਿਆ ਤੇਰਾ ਭਾਅ ਜੀ।"

ਮੈਂ ਅੰਦਰ ਜਾਂਦਾ ਹਾਂ ਤਾਂ ਭਾਅ ਜੀ ਦਾਰੂ ਨਾਲ ਰੱਜਿਆ ਰਾਜੋ ਨੂੰ ਗੰਦੀਆਂ ਗਾਲ਼ਾਂ ਕੱਢੀ ਜਾ ਰਿਹਾ ਹੈ ਤੇ ਆਖਣ ਲਗਦਾ ਹੈ,

"ਛੋਟੀ ਜਾਤ ਨੇ ਛੋਟੀ ਹੀ ਰਹਿਣਾ! ਦਿਲ ਕਰਦਾ ਏਸ ਕੁੱਤੀ ਦੇ ਗੋਲ਼ੀ ਮਾਰ ਦੇਵਾਂ, ਭੈ....., ਸਾਲ਼ੀ ਮੇਰੀ ਕੁੜੀ ਲਈ ਆਪਣੀ ਦਰਾਣੀ ਦੇ ਮੁੰਡੇ ਦਾ ਰਿਸ਼ਤਾ ਲੈ ਕੇ ਆਈ ਐ।"

"ਤਾਂ ਇਹ ਮਸਲਾ ਹੈ", ਮੈਂ ਸੋਚਦਾ ਹਾਂ ਤੇ ਉਸ ਨੂੰ ਸ਼ਾਂਤ ਕਰਨ ਲਈ ਆਖਦਾ ਹਾਂ,"ਭਾਅ ਜੀ, ਏਹਦੇ ਵਿਚ ਏਨਾ ਕਲਪਣ ਦੀ ਕਿਹੜੀ ਗੱਲ ਐ, ਨਾਂਹ ਕਰ ਦਿਓ ਬਸ।"

"ਗੱਲ ਤਾਂ ਏਹ ਆ ਕਿ ਓਹਦੀ ਹਿੰਮਤ ਕਿੱਦਾਂ ਪਈ ਏਨੀ ਗੱਲ ਕਹਿਣ ਦੀ! ਪਿਉ ਇਹਦਾ ਸਾਡੇ ਝੋਕਦਾ ਮਰ ਗਿਆ! ਮੈਲ਼ ਇਹਨਾਂ ਦੀਆਂ ਰਗਾਂ ਵਿਚੋਂ ਹਾਲੇ ਨਿਕਲ਼ੀ ਨਹੀਂ ਤੇ ਇਹ ਆਹ ਗੱਲਾਂ ਕਰਨ ਲੱਗ ਪਈ! ਮੈਨੂੰ ਕਿਤੇ ਦਿਸ ਪਏ ਹੁਣ, ਸਾਲ਼ੀ ਦੀ ਗੁੱਤ ਨਾ ਮੁੰਨੀ ਤਾਂ ਮੈਂ ਜੱਟ ਦਾ ਪੁੱਤ ਨਹੀਂ!"

ਮੈਂ ਹੌਲੀ ਹੌਲੀ ਆਪਣੀ ਬੈਰਪੀ ਵਰਤਣ ਲਗਦਾ ਹਾਂ। ਉਸ ਨੂੰ ਗੱਲਾਂ ਵਿਚ ਪਾ ਕੇ ਉਸ ਦਾ ਧਿਆਨ ਹੋਰ ਪਾਸੇ ਲੈ ਜਾਂਦਾ ਹਾਂ। ਦੋ ਕੁ ਘੰਟੇ ਉਸ ਕੋਲ ਬੈਠਾ ਰਹਿੰਦਾ ਹਾਂ। ਅਗਲੇ ਦਿਨ ਫਿਰ ਉਸ ਨਾਲ ਕੁਝ ਸਮਾਂ ਬਿਤਾਉਂਦਾ ਹਾਂ। ਹੌਲੀ ਹੌਲੀ ਉਸ ਦਾ ਗੁੱਸਾ ਖੁਰ ਜਾਂਦਾ ਹੈ।

ਇਕ ਦਿਨ ਟੈਸਕੋ ਵਿਚ ਸ਼ੌਪਿੰਗ ਕਰਦਿਆਂ ਰਾਜੋ ਮੈਨੂੰ ਦਿਸ ਪੈਂਦੀ ਹੈ। ਮੈਂ ਗਿਲਾ ਕਰਨ

ਲਈ ਉਸ ਕੋਲ ਜਾਂਦਾ ਹਾਂ ਤੇ ਆਖਦਾ ਹਾਂ ਕਿ ਉਸ ਨੇ ਭਾਅ ਜੀ ਨੂੰ ਇਹ ਗੱਲ ਕਿਉਂ ਕਹੀ। ਉਹ ਬੋਲਦਾ ਹੈ,

"ਤੇਰੇ ਭਰਾ ਨੇ ਸੱਚ ਵੱਲੋਂ ਪਿੱਠ ਮੋੜੀ ਹੋਈ ਐ, ਮੈਨੂੰ ਵੀ ਪ੍ਰੀਤੀ ਦਾ ਓਨਾ ਹੀ ਦੁੱਖ ਆ ਜਿਹੇ ਅਜਿਹੇ ਸਮੇਂ ਪ੍ਰੀਤੀ ਦੇ ਅੰਦਰ ਕੀ ਚੱਲ ਰਿਹਾ ਹੋ ਸਕਦਾ, ਕਦੇ ਸੋਚਿਆ? ਤੁਸੀਂ ਠਹਿਰੇ ਆਦਮੀ, ਦਾਰੂ ਨਾਲ ਰੱਜ ਕੇ ਸੌਂ ਜਾਂਦੇ ਓ ਪਰ ਮੈਂ ਇਕ ਔਰਤ ਆਂ ਤੇ ਪ੍ਰੀਤੀ ਦੇ ਮਨ ਨੂੰ ਸਮਝਦੀ ਆਂ।"

"ਉਹ ਤਾਂ ਠੀਕ ਐ ਪਰ ਤੂੰ ਇਹ ਕਿੰਦਾਂ ਸੋਚ ਲਿਆ ਕਿ ਆਪਣੇ ਦੇਰ ਦੇ ਮੁੰਡੇ ਦਾ ਰਿਸ਼ਤਾ ਪ੍ਰੀਤੀ ਨੂੰ ਕਰਾ ਦੇਵੇਂਗੀ?

"ਓਹ ਗੁਰੂ, ਮੈਂ ਨਹੀਂ ਸੋਚਿਆ ਇਹ, ...ਅਸਲ ਵਿਚ ਗੱਲ ਇਹ ਆ ਕਿ ਮੁੰਡਾ ਲੰਡਨ ਵ ਬੈਂਕ ਵਿਚ ਕੰਮ ਕਰਦਾ ਤੇ ਪ੍ਰੀਤੀ ਵੀ ਉਸੇ ਬੈਂਕ ਦੀ ਹੰਸਲੋ ਵਾਲੀ ਬਰਾਂਚ ਵਿਚ ਜਾਂਦੀ ਆ, ਦੋਨਾਂ ਦ ਆਪਸ ਵਿਚ ਵਾਹ ਪੈਂਦਾ ਰਹਿੰਦਾ, ...ਡੇਟਿੰਗ ਵੀ ਕਰਨ ਲੱਗ ਪਏ ਆ। ਤੇਰੀ ਭਾਬੀ ਨੂੰ ਸਾਰੀ ਗੱਲ ਦ ਪਤਾ ਪਰ ਏਸ ਰਾਖਸ਼ ਬੰਦੇ ਨੂੰ ਕੌਣ ਸਮਝਾਵੇ। ਮੈਂ ਤਾਂ ਏਸ ਕਰਕੇ ਸਾਰੀ ਗੱਲ ਉਹਨੂੰ ਨਹੀਂ ਦੱਸੀ ਕਿ ਕਿਤੇ ਕੁੜੀ ਜਾਂ ਮੁੰਡੇ ਨੂੰ ਕੋਈ ਨੁਕਸਾਨ ਨਾ ਪਹੁੰਚਾ ਦੇਵੇ। ਕੀ ਪਤਾ ਹੁੰਦਾ ਏਦਾਂ ਦੇ ਪਾਗਲ ਦਾ! ਮੈਂ ਘੁਮ ਕੇ ਗੱਲ ਨੂੰ ਨਰਮ ਬਣਾ ਕੇ ਕਿਹਾ ਸੀ ਪਰ ਇਹ ਤਾਂ ਚਾਰੇ ਪੈਰ ਚੁੱਕ ਕੇ ਪੈ ਤੁਰਿਆ! ...ਹੁਣ ਕੋਈ ਤ ਬਿੱਲੀ ਦੇ ਗਲ਼ ਵਿਚ ਘੰਟੀ ਬੰਨ੍ਹੇਗਾ ਹੀ, ਨਹੀਂ ਤਾਂ ਕੁੜੀ ਦੀ ਜ਼ਿੰਦਗੀ ਏਦਾਂ ਹੀ ਖਰਾਬ ਹੋ ਜਾਣੀ ਆਂ।"

ਰਾਜੋ ਚਲੇ ਜਾਂਦੀ ਹੈ।

ਇਸ ਮਾਮਲੇ ਵਿਚ ਮੈਂ ਵੀ ਕੁਝ ਨਹੀਂ ਕਰ ਸਕਦਾ। ਸੋ ਮੈਂ ਚੁੱਪ ਹੀ ਭਲੀ ਸਮਝਦਾ ਹਾਂ। ਕਈ ਦਿਨ ਨਿਕਲ ਜਾਂਦੇ ਹਨ। ਇਹ ਗੱਲ ਜ਼ਰੂਰ ਹੈ ਕਿ ਭਾਅ ਜੀ ਹੁਣ ਬੁਝਿਆ ਬੁਝਿਆ ਰਹਿਣ ਲੱਗਿਆ ਹੈ ਪਹਿਲਾਂ ਵਾਂਗ ਹੱਸ-ਖੇਡ ਨਹੀਂ ਰਿਹਾ। ਸਾਹਮਣੇ ਬੀਅਰ ਦਾ ਗਲਾਸ ਭਰਿਆ ਪਿਆ ਹੁੰਦਾ ਹੈ ਤਾਂ ਉ ਟਿਕਟਿਕੀ ਲਗਾ ਕੇ ਇਕ ਪਾਸੇ ਨੂੰ ਹੀ ਦੇਖੀ ਜਾਂਦਾ ਹੈ। ਮੈਂ ਪੁੱਛਦਾ ਹਾਂ, "ਭਾਅ ਜੀ, ਕੀ ਗੱਲ ਐ?"

"ਯਾਰ, ਪ੍ਰੀਤੀ ਬਾਰੇ ਹੀ ਸੋਚਦਾਂ, ਅਗਲੇ ਮਹੀਨੇ ਓਹਨੇ ਪੈਂਤੀ ਦੀ ਹੋ ਜਾਣਾਂ। ਰਿਸ਼ਤੇ ਦ ਗੱਲ ਕਿਤੇ ਬਣ ਨਹੀਂ ਰਹੀ। ਮੈਨੂੰ ਲਗਦਾ ਕਿਤੇ ਕੁੜੀ ਕੁਆਰੀ ਹੀ ਨਾ ਰਹਿ ਜਾਵੇ!"

"ਭਾਅ ਜੀ, ਜ਼ਿੰਦਗੀ ਵਿਚ ਬਹੁਤ ਸਾਰੇ ਫੈਸਲੇ ਲੈਣੇ ਪੈਂਦੇ ਆ। ਫੈਸਲਾ ਲੈਣ ਤੇ ਫੈਸਲਾ ਨ ਲੈ-ਸਕਣ ਵਿਚ ਇਕ ਖਾਲ਼ ਜਿਹੀ ਹੁੰਦੀ ਆ, ਬਸ ਤੁਸੀਂ ਉਹ ਖਾਲ਼ ਹੀ ਟੱਪਣੀ ਹੁੰਦੀ ਆ, ਜ਼ਰਾ ਹਿੰਮ ਕਰ ਕੇ ਪ੍ਰੀਤੀ ਬਾਰੇ ਕੋਈ ਫੈਸਲਾ ਲੈ ਲਵੋ।"

ਗੱਲ ਤਾਂ ਮੈਂ ਵੀ ਰਾਜੋ ਵਾਲੀ ਹੀ ਕਹਿਣੀ ਚਾਹੁੰਦਾ ਹਾਂ ਪਰ ਕਹਿਣੀ ਨਹੀਂ ਆ ਰਹੀ।

ਇਕ ਦਿਨ ਭਾਅ ਜੀ ਮਿਲਦਾ ਹੈ। ਉਹ ਕੁਝ ਕੁਝ ਖੁਸ਼ ਦਿਸ ਰਿਹਾ ਹੈ। ਮੈਨੂੰ ਭਾਬੀ ਤੋਂ ਸੋ ਲੱਗ ਚੁੱਕੀ ਹੈ ਪਰ ਮੈਂ ਪੁੱਛਦਾ ਹਾਂ, "ਅੱਜ ਤਾਂ ਮੂਡ ਠੀਕ ਜਾਪਦੈ!"

"ਹਾਂ, ਪ੍ਰੀਤੀ ਲਈ ਮੁੰਡਾ ਮਿਲ ਗਿਆ।"

"ਵਧਾਈਆਂ ਫੇਰ ਤਾਂ!"

"ਵਧਾਈਆਂ ਵਧੂਈਆਂ ਤਾਂ ਕਾਹਦੀਆਂ! ...ਮੁੰਡਾ ਕਿਸੇ ਹੋਰ ਜ਼ਾਤ ਦਾ ਐ।"

"ਤਾਂ ਕੀ ਹੋ ਗਿਆ ਭਾਅ ਜੀ, ਕੁੜੀ ਤਾਂ ਆਪਣੇ ਘਰ ਜਾਏਗੀ।"

"ਇਹਦੇ ਨਾਲ ਹੀ ਕੰਮ ਕਰਦਾ, ਬਹੁਤ ਸੋਚਿਆ ਮੈਂ ਬਹੁਤ ਸੋਚਿਆ! ਹਾਰ ਕੇ ਇਹ...!"□□

[67, Hillside Road, Southall, Middx, UB1 2PE U.K.

ਔਲੇ ਦਾ ਬੂਟਾ

ਜਸਵੀਰ ਕਲਸੀ

"ਵਾਹੇ-ਗੁਰੂ ਜੀ ਕਾ ਖਾਲਸਾ-ਅ, ਵਾਹੇ-ਗੁਰੂ ਜੀ ਕੀ ਫ਼-ਤੇ-ਅ, ਪਰਮ ਸਤਿਕਾਰਯੋਗ, ਗੁਰੂ ਪਿਆਰੀ, ਸਾਧ ਸੰਗਤ ਜੀਓ, ਆਪ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਦੇ ਸੇਵਾਦਾਰ, ਸਰਦਾਰ ਸੁਰਜੀਤ ਸਿੰਘ ਕਾਮਰੇਡ, ਜਿਨ੍ਹਾਂ ਦੀ ਧਰਮਪਤਨੀ ਬੀਬੀ ਨਿਹਾਲ ਕੌਰ ਜੀ, ਅੱਜ ਅਕਾਲ-ਚਲਾਣਾ ਕਰ ਗਏ ਹਨ, ਜਿਨ੍ਹਾਂ ਦੇ ਪੰਜ ਭੌਤਿਕ ਸਰੀਰ ਦਾ ਸਸਕਾਰ, ਢਾਈ-ਤਿੰਨ ਵਜੇ ਨੂੰ ਹੋਵੇਗਾ, ਸੋ, ਜਿਨ੍ਹਾਂ ਵੀ ਸੱਜਣਾਂ-ਸਨੇਹੀਆਂ ਨੇ, ਸਸਕਾਰ ਵਿਚ ਸ਼ਾਮਲ ਹੋਣਾ ਹੈ, ਉਹ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ। ਦੁਬਾਰਾ ਫ਼ਿਰ ਬੇਨਤੀ ਕੀਤੀ ਜਾਂਦੀ ਹੈ ਕਿ...ਸਸਕਾਰ ਵਿਚ ਸ਼ਾਮਲ ਹੋਣਾ ਹੈ, ਉਹ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ, ਵਾਹੇ-ਗੁਰੂ ਜੀ ਕਾ ਖਾਲਸਾ-ਅ, ਵਾਹੇ-ਗੁਰੂ ਜੀ ਕੀ ਫ਼-ਤੇ-ਅ।"

ਸਸਕਾਰ ਦਾ ਸੁਨੇਹਾ, ਸਾਰੇ ਅਗਵਾੜ ਉਪਰੋਂ ਦੀ ਗੜ੍ਹਕਦੇ ਬੱਦਲ ਤਰ੍ਹਾਂ ਲੰਘ ਗਿਆ ਸੀ। ਫੱਫੜ ਕਿਨਾਰੇ ਘਰ ਸੀ ਸਰਦਾਰ ਸੁਰਜੀਤ ਸਿੰਘ ਕਾਮਰੇਡ ਦਾ। ਘਰ ਦਾ ਵਿਹੜਾ ਤੇ ਦਰਵਾਜ਼ੇ ਅੱਗੋਂ ਲੰਘਦਾ ਕੱਚਾ ਰਾਹ ਲੋਕਾਂ ਦੇ ਇਕੱਠ ਨਾਲ, ਸੁਨੇਹਾ ਮਿਲਣ ਤੋਂ ਇਕ-ਦੋ ਘੰਟੇ ਵਿਚ-ਵਿਚ ਭਰ ਗਿਆ ਸੀ।

"ਵਿਚਾਰੀ ਦੀ ਜਾਨ ਛੁੱਟ-ਗੀ?" ਜਨਾਨਾ ਬੋਲ ਸੀ।

"ਹਾਂ ਭਾਈ, ਸੱਚੀਂ ਜਾਨ ਛੁੱਟ-ਗੀ।" ਜਵਾਬ ਵੀ ਜਨਾਨਾ ਬੋਲ ਦਾ ਸੀ।

"ਬਲਾ ਚਿਰ ਮੰਜੇ ਉੱਤੇ ਤੜਫ਼ਦੀ ਰਹੀ ਐ ਭਾਈ?"

"ਤੜਫ਼ਣਾ ਈ ਸੀ ਭਾਈ, ਜਦੋਂ ਬਮਾਰੀ ਈ ਚੰਦਰੀ ਲੱਗੀ ਸੀ।"

"ਭਾਵੇਂ ਬਮਾਰੀ ਤਾਂ ਲੱਗੀ ਸੀ ਚੰਦਰੀ, ਪਰ ਬੁੜ੍ਹੀ ਸੀ ਬੜੀ ਚੀੜ੍ਹੀ।"

"ਚੀੜ੍ਹੀ ਕਿਵੇਂ ਸੀ?"

"ਚੀੜ੍ਹੀ ਇਉਂ ਸੀ, ਲੈ ਸੁਣ ਲੈ, ਇਕ ਤਾਂ ਸੀਗੀ ਮੇਰੀ ਗੁਆਂਢਣ, ਦੂਜਾ ਸਾਡਾ ਪੇਕਾ ਪਿੰਡ ਇਕੋ ਈ ਐ, ਮੇਰੀ ਵਚੋਲਣ ਵੀ ਇਹੋ ਈ ਸੀਗੀ, ਇਉਂ ਐ ਸਾਰੀ ਗੱਲ, ਏਸ ਕਰਕੇ ਮੈਨੂੰ ਸਾਰਾ ਪਤਾ ਕਿ ਉਹ ਕੇਹੋ ਜੇਹੀ ਬੁੜ੍ਹੀ ਸੀਗੀ।"

"ਅੱਛਾ-ਅ, ਏਹ ਗੱਲ ਐ, ਪਰ ਉਹ ਚੀੜ੍ਹੀ ਕਿਵੇਂ ਸੀਗੀ?"

"ਲੈ ਚੀੜ੍ਹੀ ਵਾਲੀ ਗੱਲ ਸੁਣ ਲੈ, ਤੂੰ ਉਹਦਾ ਵਿਤ ਤਾਂ ਵੇਖਿਆ ਈ ਸੀਗਾ? ਜਵਾਂ ਤੂਤ ਦੀ ਛਮਕ ਵਰਗਾ ਸੀਗਾ। ਤੇ ਜਿਵੇਂ ਤੂਤ ਦੀ ਛਮਕ ਕਮਾਨ ਤਾਂ ਬਣ ਜਾਂਦੀ ਐ ਪਰ ਚੀੜ੍ਹੀ ਹੋਣ ਕਰਕੇ ਟੁੱਟਦੀ ਨਈਂ-ਗੀ, ਨਿਹਾਲ ਕੌਰ ਵੀ ਜਵਾਂ ਇਉਂ ਈਂ ਸੀਗੀ। ਏਹਦਾ ਜੇਹੜਾ ਪਿਉ ਸੀਗਾ, ਉਹ ਸੀਗਾ ਘਰ ਵਿਚ ਕੀ, ਸਾਡੇ ਸਾਰੇ ਪਿੰਡ ਵਿਚ ਈਂ ਮੰਨਿਆ-ਪਰਮੰਨਿਆ ਬੰਦਾ ਸੀਗਾ। ਇਕ ਤਾਂ ਉਹ ਗਿਆਨੀ ਮਾਸਟਰ ਸੀਗਾ, ਤੇ ਦੂਜਾ ਤੇਰਾ ਰੱਬ ਭਲਾ ਕਰੇ, ਉਹ ਲਿਖਾਰੀ ਵੀ ਸੀਗਾ। ਉਹ ਚਿੱਟੇ ਧੋਤੇ ਹੋਏ, ਨੀਲ ਲੱਗੇ ਹੋਏ ਲੀੜੇ ਪਾ ਕੇ ਰੱਖਦਾ ਸੀਗਾ, ਕੁਰਮ ਦੀ ਕਾਲੀ ਜੁੱਤੀ ਪਾਉਂਦਾ ਤੇ ਸਿਰ 'ਤੇ ਚਿੱਟੀ ਪੱਗ ਬੰਨ੍ਹਦਾ ਸੀਗਾ, ਉਹ ਵੀ ਪਤਲਾ ਛਮਕ ਜੇਹਾ ਤੂਤ ਦੀ ਛਮਕ ਵਰਗਾ ਈ ਸੀਗਾ ਲੰਮਾ-ਲੰਝਾ। ਉਹਦੇ ਵਿਚ ਬਲਾ ਗੁਣ ਸੀਗੇ, ਇਕ ਤਾਂ ਉਹਦੀ ਬੋਲੀ ਬਲਾ ਮਿੱਠੀ ਸੀਗੀ, ਸਾਰਾ ਕੰਮ ਹੱਥੀਂ ਕਰਦਾ ਤੇ ਕਰਵਾਉਂਦਾ, ਸਾਰੇ ਟੱਬਰ ਨੂੰ ਕੰਮ ਲਾਈ ਰੱਖਦਾ ਸੀਗਾ, ਘਰੇ ਮਹੀਆਂ ਰੱਖੀਆਂ ਸੀਗੀਆਂ, ਤੇ ਉਹਦਾ ਪਿਉ ਜੁੱਤੀਆਂ ਬਣਾਉਣ ਦਾ ਕੰਮ ਕਰਦਾ ਹੁੰਦਾ ਸੀਗਾ, ਪਿਉ ਨਾਲ ਵੀ ਕੰਮ ਕਰਵਾਉਣ ਲੱਗ ਜਾਂਦਾ ਹੁੰਦਾ ਸੀਗਾ, ਉਦੋਂ ਜ਼ਮਾਨਾ ਏਹੋ ਜੇਹਾ ਸੀਗਾ ਕਿ ਲੋਕ ਕੁੜੀਆਂ ਨੂੰ ਨਹੀਂ ਪੜ੍ਹਾਉਂਦੇ ਹੁੰਦੇ ਸੀਗੇ, ਪਰ ਏਹਦੇ ਪਿਉ ਨੇ ਆਵਦੀਆਂ ਤਿੰਨਾਂ ਕੁੜੀਆਂ ਨੂੰ ਦਸ-ਦਸ ਜਮਾਤਾਂ ਪੜ੍ਹਾਇਆ, ਲੋਕ ਪਿੰਡ ਵਿਚ ਗੱਲਾਂ ਕਰਨ

ਲੱਗ ਪਏ ਸੀਗੇ ਕਿ ਗਿਆਨੀ ਮਾਸਟਰ ਕਮਲਾ ਹੋ ਗਿਆ, ਪਰ ਉਹਨੂੰ ਜਦੋਂ ਪਤਾ ਲੱਗਾ
ਕਹਿੰਦਾ,'ਜੇ ਇਕ ਕੁੜੀ ਅੱਠ- ਦਸ ਜਮਾਤਾਂ ਪੜ੍ਹੀ-ਲਿਖੀ ਹੋਊਗੀ ਤਾਂ ਉਹ ਅੱਗੇ ਆਵ
ਸਾਰਾ ਟੱਬਰ ਪੜ੍ਹਾਊਗੀ। ਤੇ ਗੱਲ ਵੀ ਏਵੇਂ ਈਂ ਹੋਈ ਐ। ਨਿਹਾਲੋ ਨੂੰ ਏਹਦੇ ਪਿਉ ਨੇ ਪੜ੍ਹੇ
ਲਿਖੇ ਨਾਲ ਵਿਆਹਿਆ। ਅੱਗੇ ਨਿਹਾਲੋ ਦੇ ਚਾਰ ਜੁਆਕ ਹੋਏ, ਨਿਹਾਲੋ ਨੇ ਚਾਰਾਂ
ਪੜ੍ਹਾਇਆ। ਸਾਰਾ ਟੱਬਰ ਈਂ ਪੜ੍ਹਿਆਂ-ਲਿਖਿਆਂ ਦਾ ਹੋਇਆ ਕਿ ਨਹੀਂ ਹੋਇਆ ਦੱਸ
ਫ਼ਿਰ ਐਥੇ ਵੀ ਏਸ ਨਿਹਾਲ ਕੌਰ ਨੇ ਦੋ-ਤਿੰਨ ਹੱਥਣੀਆਂ ਵਰਗੀਆਂ ਮਹੀਆਂ ਵੀ ਰੱਖੀਆਂ
ਏਹ ਕਾਮਰੇਡ ਤਾਂ ਜਲਸੇ ਜਲੂਸਾਂ ਵਿਚ ਤੁਰਿਆ ਰਹਿੰਦਾ ਸੀਗਾ, ਏਸ ਨਿਹਾਲ ਕੌਰ ਨੇ ਈ
ਜੁਆਕ ਪਾਲ਼ੇ-ਪੋਸੇ, ਪੜ੍ਹਾਏ-ਲਿਖਾਏ, ਘਰ ਸਾਂਭਿਆ, ਮਹੀਆਂ ਸਾਂਭੀਆਂ, ਦੱਸ ਫ਼ਿਰ ਬੁੜ੍ਹੀ
ਨਿਹਾਲ ਕੌਰ ਚੀੜ੍ਹੀ ਹੋਈ ਕਿ ਨਈਂ ਹੋਈ?''

''ਕਿਵੇਂ ਕਹਿ ਦੇਵਾਂ ਨਹੀਂ ਹੋਈ ਚੀੜ੍ਹੀ, ਉਹ ਤਾਂ ਬਲਾ ਚੀੜ੍ਹੀ ਹੋਈ, ਜੇਹੜੀ ਐਨਾ ਕੰ
ਕਰਦੀ ਸੀ ਭਾਈ। ਸੁਖ ਨਾਲ ਉਮਰ ਵੀ ਵਾਹਵਾਂ ਭੋਗ-ਗੀ ਲੱਗਦੀ ਐ?''

''ਸੁਖ ਨਾਲ ਪੁੱਤਾਂ ਪੋਤਿਆਂ ਵਾਲੀ ਸੀ, ਦੋਹਤੇ ਦੋਹਤੀਆਂ ਵਾਲੀ ਸੀ।''

'' ਪਰ ਜਿਹੜਾ ਪੁੱਤ ਦਾ ਦੁੱਖ ਸੀ, ਅਸਲ ਵਿਚ ਉਹ ਲੈ ਬੈਠਾ ਉਸਨੂੰ।''

''ਲੈ, ਤੂੰ ਆਪ ਸਿਆਣੀ ਐਂ, ਪੁੱਤਾਂ ਦੇ ਦੁੱਖ ਈ ਐਹੋ-ਜੇਹੇ ਹੁੰਦੇ ਨੇ। ਪੁੱਤ ਲੱਖੀਂ ਨੀ, ਹਜ਼ਾਰੀ
ਨੀ ਥਿਆਉਂਦੇ। ਜੀਹਦਾ ਕੜੀ ਵਰਗਾ ਪੁੱਤ ਜੁਆਨ, ਉਹ ਵੀ ਵਿਆਹਿਆ-ਵਰਿਆ ਤੁਰ-ਜੇ, ਓ
ਮਾਂ ਦਾ ਕਾਲ਼ਜਾ ਈ ਦੱਸ ਸਕਦੈ ਕਿ ਕਿੰਨੀ ਕੁ ਦੁੱਖ-ਪੀੜ ਐ।'' ਬੋਲ ਦੁੱਖ ਭਰਿਆ ਸੀ।

ਘਰ ਦੇ ਵਿਹੜੇ ਵਿਚਕਾਰ ਸਿੜ੍ਹੀ ਪਈ ਸੀ। ਕੋਲ ਬੈਠਾ ਕਾਮਰੇਡ ਰੋ ਰਿਹਾ ਸੀ। ਉਸਦੇ ਹੰਝੂ
ਉਸਦੀਆਂ ਖ਼ਤ ਕਢਵਾਈਆਂ ਗੱਲ੍ਹਾਂ ਨੂੰ ਤਰ ਕਰੀ ਜਾ ਰਹੇ ਸਨ। ਕਤਰੀ ਦਾਹੜੀ ਦੇ ਵਾਲ਼ਾਂ ਵਿਚੋਂ ਦੀ
ਹੰਝੂਆਂ ਦਾ ਪਾਣੀ ਲੰਘ ਕੇ ਤ੍ਰਿਪ-ਤ੍ਰਿਪ ਚੋ ਰਿਹਾ ਸੀ। ਰਿਸ਼ਤੇਦਾਰ, ਸੱਜਣ-ਸਨੇਹੀ, ਉਸਨੂੰ
ਬੁਲਾਉਣ ਦਾ ਯਤਨ, ਕੋਈ ਨਾ ਕੋਈ ਗੱਲ ਕਰਕੇ ਕਰ ਰਹੇ ਸਨ। ਪਰ ਹਾਲੇ ਤਕ ਕਾਮਰੇਡ ਦਾ ਮੂੰਹ
ਬਿਲਕੁਲ ਹੀ ਬੰਦ ਸੀ। ਪਰ ਇਸ ਮਾਹੌਲ ਵਿਚ ਇਕ ਗੜੁਕਵਾਂ ਬੋਲ ਬਾਹਰ ਆਇਆ,

''ਕਾਮਰੇਡ ਨੇ ਨਿਹਾਲ ਕੋਰ ਨੂੰ ਆਪਣੇ ਬਰੋਬਰ ਰੱਖਿਆ ਸਾਰੀ ਉਮਰ। ਜਦੋਂ ਕਦੇ ਗੱਲ
ਚੱਲਣੀਆਂ ਤਾਂ ਕਾਮਰੇਡ ਕਹਿੰਦਾ ਹੁੰਦਾ ਸੀ, 'ਬੰਦਾ, ਆਪਣੀ ਔਰਤ ਨੂੰ ਹਮੇਸ਼ਾ ਆਪਣੇ ਬਰਾ-
ਬਰੋਬਰ ਰੱਖੇ, ਤਾਂ ਫ਼ਿਰ, ਘਰ ਵਿਚ ਕੋਈ ਲੜਾਈ ਨਈਂਓ ਹੁੰਦੀ, ਸਮਝਗੇ ਮੇਰੀ ਗੱਲ? ਜੇ
ਸਮਝੋਗੇ ਤਾਂ, ਤਾਂ ਫ਼ਿਰ ਮੌਜਾਂ ਵੀ ਤੁਸੀਂ ਈ ਕਰੋਗੇ।' ਤੇ ਜਵਾਬ ਵਿਚ ਕੋਈ ਦੂਜਾ ਤਾਂ ਘੱਟ ਈ
ਬੋਲ ਸਕਦਾ ਸੀ ਏਹਦੇ ਮੂਹਰੇ, ਕਿਉਂ ਕਿ ਕਾਮਰੇਡ ਤਾਂ ਆਵਦੀਆਂ ਈ ਦਬੱਲ ਤੁਰਦਾ ਸੀ।''
ਬੋਲ ਚੁੱਪ ਹੋਇਆ ਤਾਂ ਜਵਾਬ ਵਿਚ ਦੂਸਰਾ ਬੋਲਿਆ,

''ਇਹ ਜੇਹੜੇ ਕਾਮਰੇਡ ਹੁੰਦੇ ਨੇ, ਇਹਨਾਂ ਨੂੰ ਗੱਲਾਂ ਬਹੌਤ ਆਉਂਦੀਆਂ। ਕਾਮਰੇਡ ਦੀ
ਨਿਹਾਲੋ ਨਾਲ ਕਈ ਵਾਰ ਲੜੇ-ਵੜਾਈ ਹੁੰਦੀ ਮੈਂ ਆਵਦੇ ਅੱਖੀਂ ਵੇਖੀ ਐ।''

ਤੇ ਦੂਜਾ ਫ਼ਿਰ ਤੁਰੰਤ ਬੋਲਿਆ, ''ਲੈ ਮੈਨੂੰ ਯਾਦ ਆਈ ਏ ਗੱਲ, ਆਹ ਜਦੋਂ ਨਿਹਾਲ ਕੌਰ ਨੂੰ,
ਇਹ ਕਾਮਰੇਡ ਵਿਆਹੁਣ ਗਿਆ ਸੀ, ਉਦੋਂ ਇਹ ਸਾਈਕਲ ਉੱਤੇ ਗਿਆ ਸੀ, ਤੇ ਸਾਈਕਲ ਉੱਤੇ
ਈ ਨਿਹਾਲ ਕੌਰ ਨੂੰ ਬਠਾ ਲਿਆਇਆ ਸੀ। ਜੰਨ ਵੀ ਬਲਾ ਥੋੜ੍ਹੀ ਗਈ ਸੀ। ਉਦੋਂ ਸਾਰੇ ਪਿੰਡ ਵਿਚ
ਬਲਾ ਗੱਲਾਂ ਹੋਈਆਂ ਸੀ। ਸਾਰਾ ਪਿੰਡ ਹੈਰਾਨ ਰਹਿ ਗਿਆ ਸੀ। ਕੁਝ ਬੰਦੇ ਕਹਿੰਦੇ ਸੀ ਕਿ ਕਾਮਰੇਡ
ਨੇ ਬਲਾ ਘੱਟ ਖਰਚੇ ਵਿਚ ਵਿਆਹ ਕਰਵਾ ਕੇ ਪਿੰਡ ਵਿਚ ਰਕਾਟ ਕੈਮ ਕਰਤੈ। ਤੇ ਕਈ ਕਹਿੰਦੇ ਸੀ
ਕਿ ਬਈ ਏਹ ਤਾਂ ਜਾਣੀ-ਦੀ ਬਲਾ ਸੂਮ ਨਿਕਲਿਆ ਕਾਮਰੇਡ, ਏਹ ਵੀ ਕੋਈ ਵਿਆਹ ਹੋਇਆ?
ਵਿਆਹ ਹੋਵੇ ਵਾਜਿਆਂ-ਗਾਜਿਆਂ ਨਾਲ, ਧਮਾਲਾਂ ਪਈਆਂ ਪੈਣ, ਲਲਕਾਰੇ ਵੱਜਣ, ਏਹ ਕਾਮਰੇਡ
ਵਾਲਾ ਵਿਆਹ ਨਈਂ, ਏਹ ਤਾਂ ਵਿਆਹੀ-ਜੀ ਹੋਈ!?''

''ਬਾਈ ਰੁਲਦੂ, ਗੱਲ ਤਾਂ ਤੈਨੂੰ ਵੀ ਕਰਨੀ ਆਉਂਦੀ ਐ, ਤੇਰੀ ਤੇ ਕਾਮਰੇਡ ਦੀ ਗੱਲਾਂ-
ਗੱਲਾਂ ਵਿਚ ਟੱਕਰ ਤਾਂ ਲੱਗੀ ਹੋਊਗੀ? ਮੇਰੀ ਇਕ ਵਾਰ ਲੱਗ-ਗੀ ਸੀ, ਬਈ ਮੈਥੋਂ ਤਾਂ ਦੋ-ਚਾਰ

ਗੱਲਾਂ ਈ ਹੋ ਸਕੀਆਂ, ਏਹ ਕਾਮਰੇਡ ਤਾਂ ਲਾਊਡ ਸਪੀਕਰ ਤਰ੍ਹਾਂ ਬੋਲੀ ਤੁਰਿਆ ਜਾਂਦੈ, ਰੁਕਦਾ
ਨਈਂ ਫ਼ਿਰ। ਬਾਈ ਰੁਲਦੂ, ਤੂੰ ਸੁਣਾ ਕੋਈ?''

''ਲੈ, ਸੁਣ ਲੈ ਫ਼ਿਰ, ਇਕ ਵਾਰ ਦੀ ਗੱਲ ਐ, ਐਮ ਐਲ-ਏ ਦੀਆਂ ਵੋਟਾਂ ਸੀ, ਮੈਂ ਸੀ-ਗਾ
'ਕਾਲੀਂ ਪਾਲਟੀ ਵੱਲੋਂ ਜੰਟ, ਤੇ ਇਹ ਸੀ ਕਾਮਰੇਡ ਪਾਲਟੀ ਵੱਲੋਂ ਜੰਟ। ਵੋਟਾਂ ਪਵਾਉਣ ਆਏ
ਅਪਸਰਾਂ ਲਈ ਮੰਜੇ-ਬਿਸਤਰੇ, ਰੋਟੀ-ਪਾਣੀ ਤੇ ਸ਼ਰਾਬ ਦਾ ਪ੍ਰਬੰਦ ਸਾਡੀ ਪਾਲਟੀ ਵੱਲੋਂ ਵਾਹਵਾ
ਚੰਗਾ ਕੀਤਾ ਹੋਇਆ ਸੀ, ਤੇ ਏਨ੍ਹਾਂ ਕਾਮਰੇਡਾਂ ਵੱਲੋਂ ਤਾਂ ਕੋਈ ਪ੍ਰਬੰਦ ਈ ਨਈਂ ਸੀ-ਗਾ। ਬਈ
ਉਥੇ ਤਾਂ ਹੋ ਗਈ ਸਾਡੀ ਜਿੱਦ-ਜਦਾਈ, ਕਾਮਰੇਡ ਕਹੇ,'ਤੁਸੀਂ ਰਿਸ਼ਵਤਾਂ ਦਿੰਨੇ ਓ? ਤੁਸੀਂ
ਸ਼ਰਾਬਾਂ ਪੀਓਨੇਓ, ਮੀਟ ਖਵਾਓਨੇਓ, ਅਸੀਂ, ਏਹਨਾਂ ਨੂੰ ਕੁਝ ਨਈਂਓ ਦੇਣਾਂ, ਅਸੀਂ ਛਕੈਤ
ਕਰਾਂਗੇ, ਬਈ ਏਹ ਰਲੇ ਹੋਏ ਨੇ, ਮੈਂ ਤਾਂ ਏਹ ਵੋਟਾਂ ਕੈਸਲ ਕਰਵਾ-ਕੇ ਛੱਡੂ-ਗਾ, ਏਥੇ ਹੁਣੇ ਡੀ
ਸੀ ਆਊ ਭੱਜਿਆ, ਤੁਸੀਂ 'ਕਾਲੀਂ ਪਾਲਟੀ ਵਾਲੇ ਧਰਮ ਦੇ ਨਾਂ ਉਤੇ ਲੋਕਾਂ ਨੂੰ ਗੁੰਮਰਾਹ ਕਰਦੇ-
ਓ, ਤੁਸੀਂ ਰਾਜਨੀਤੀ ਵਿਚ ਧਰਮ ਨੂੰ ਵਿਚ ਵਾੜ ਲੈਂਨੇ ਓ, ਏਹ ਲੋਕ ਈ ਮਾੜੇ ਨੇ, ਅਸੀਂ ਬਥੇਰਾ
ਮੱਥਾ ਮਾਰਦੇ ਆਂ, ਇਉਂ ਲੱਗਦੈ ਜਿਵੇਂ ਮੱਝ ਮੂਹਰੇ ਬੀਨ ਵਜਾਉਂਦੇ ਹੋਈਏ, ਕਿਉਂ ਕਿ ਏਹਨਾਂ
ਲੋਕਾਂ ਨੂੰ ਅਕਲ ਨਈਂਓ ਆਈ ਹਲੇ ਤਕ, ਤੇ ਤੁਸੀਂ 'ਕਾਲੀ ਪਾਲਟੀ ਵਾਲੇ ਉਹਨਾਂ ਨੂੰ ਧਰਮ ਦੇ
ਨਾਂ ਉਤੇ ਲੁੱਟੀ ਜਾਂਨੇ ਓ, ਏਹ ਕੇਹੜਾ ਲੋਕਤੰਤਰ ਹੋਇਆ? ਅਸੀਂ ਲਿਆਵਾਂ-ਗੇ ਅਸਲੀ
ਲੋਕਤੰਤਰ....।' ਤੇ ਮੈਂ, ਕਾਮਰੇਡ ਦੀਆਂ ਗੱਲਾਂ ਦਾ ਜਵਾਬ ਨਾ ਦੇ ਸਕਿਆ। ਕਾਮਰੇਡ ਨੂੰ
ਗੱਲਾਂ-ਗੱਲਾਂ ਵਿਚ ਪਿੰਡ ਵਿਚੋਂ ਹਲੇ ਤਕ ਕੋਈ ਨਈਂਓ ਜਿੱਤ ਸਕਿਆ।''

''ਬਾਈ ਰੁਲਦੂ, ਆਹ ਤਾਂ ਤੂੰ ਜਵਾਂ ਈਂ ਕਾਮਰੇਡ ਦੀ ਨਕਲ ਲਾ-ਹ-ਤੀ ਏ, ਫ਼ੇਰ ਵੀ ਤੂੰ
ਉਹਦੇ ਤੋਂ ਹਾਰ ਮੰਨ ਗਿਆ?''

''ਚੱਲ ਛੱਡ ਤੂੰ, ਐਵੇਂ ਫ਼ੁਕ ਨਾ ਛਕਾ-ਅ। ਚੱਲ ਛੱਡ, ਆਹ ਵੇਲ਼ਾ ਵੀ ਦੇਖ ਲੈ? ਆਪਾਂ
ਕੇਹੋ ਜੇਹੇ ਥਾਂ ਬੈਠੇ ਆਂ? ਆ ਪਤਾ ਕਰੀਏ, ਛਸਕਾਰ ਕੇਹੜੀ ਗੱਲੋਂ ਲੇਟ ਕਰੀ ਜਾਂਦੇ ਨੇ।'' ਰੁਲਦੂ
ਉਠ ਖੜੋਇਆ ਸੀ।

''ਨਿਹਾਲੀ ਦਾ ਭਰਾ-ਭਰਜਾਈ ਨਈਂ ਆਏ ਹਲੇ ਤਕ।''

ਇਕੱਠ ਵਿਚੋਂ ਵੰਨ ਸੁਵੰਨੀਆਂ ਆਵਾਜ਼ਾਂ ਧੁੰਏਂ ਤਰ੍ਹਾਂ ਉਠ ਰਹੀਆਂ ਸਨ।

'' ਬਈ ਸੁਰਜੀਤ ਸਿੰਹਾਂ, ਆਹ ਮੈਨੂੰ ਤਾਂ ਅੱਜ ਈ ਪਤਾ ਲੱਗਿਐ, ਨਿਹਾਲ ਕੌਰ ਵਾਹਵਾ
ਬਮਾਰ ਹੋਗੀ ਸੀ। ਬਮਾਰੀ ਕੀ ਸੀ-ਗੀ?'' ਇਕ ਪਤਲੀ ਆਵਾਜ਼ ਦਾ ਬੋਲ ਸੀ।

''ਤੂੰ ਤਾਂ ਆਵਦੀ ਬੈਠਕ ਵਿਚੋਂ ਬਾਹਰ ਈ ਨਈਂ ਨਿਕਲਦਾ, ਤੈਨੂੰ ਕਿਵੇਂ ਪਤਾ ਲੱਗੂ ਕਿ
ਪਿੰਡ ਵਿਚ ਕੀ-ਕੀ ਹੋਈ ਜਾਂਦਾ ਏ।'' ਇਹ ਹੁਣ ਸੁਰਜੀਤ ਸਿੰਘ ਦਾ ਕਰਾਰਾ ਬੋਲ ਸੀ।

''ਮੈਂ ਤਾਂ ਬੈਠਕ ਵਿਚ ਬੈਠਾ ਰੱਬ ਨੂੰ ਧੀਆਈ ਜਾਨੈ, ਆਵਦਾ ਵਾ-ਗੁਰੂ,ਵਾ-ਗੁਰੂ ਕਰੀ
ਜਾਈ-ਦੈ, ਕੀ ਲੈਣਾਂ ਪਿੰਡ ਦੀਆਂ ਸੁਣ ਕੇ। ਕਿਸੇ ਦੀ ਚੁਗਲੀ ਸੁਣਾਂਗੇ ਤੇ ਕਿਸੇ ਦੀ ਚੁਗਲੀ
ਕਰਾਂਗੇ, ਏਹਨਾਂ ਕੰਮਾਂ ਤੋਂ ਸਾਡੇ ਵੱਡੇ ਵਡੇਰੇ ਵੀ ਦੂਰ ਰਹੇ ਤੇ ਮੈਂ ਵੀ ਦੂਰ ਈ ਰ੍ਹੈਨਾਂ, ਬੈਠਕ ਵਿਚ
ਬਹਿ ਕੇ ਆਵਦਾ ਮਸਤ ਰਹੀਦੈ, ਨਾ ਹੈਅ-ਹੈਅ, ਨਾ ਖੈਅ-ਖੈਅ ਕਿਸੇ ਦੀ।''

''ਚਾਨਣ ਸਿੰਹਾਂ, ਨਾ ਤੈਨੂੰ ਰੱਬ ਦਾ ਚਾਨਣ ਹੋਇਆ ਲੱਗਦੈ ਤੇ ਨਾ ਤੈਨੂੰ ਦੁਨੀਆਂਦਾਰੀ ਦਾ।
ਲੈ ਸੁਣ ਲੈ, ਨਿਹਾਲ ਕੌਰ ਨੂੰ ਸੀ ਕੈਂਸਰ। ਧੁੰਨੀ ਕੋਲ ਫ਼ੋੜਾ ਸੀ। ਕਈ ਵਰ੍ਹੇ ਰਿਸਦਾ ਰਿਹਾ,
ਬਥੇਰਾ 'ਲਾਜ ਕਰਵਾਇਆ, ਕੋਈ ਕਸਰ ਨਈਂ ਛੱਡੀ, ਤੇ ਆਹ ਪਿਛਲੇ ਦਸਾਂ-ਬਾਰਾਂ ਦਿਨਾਂ ਦਾ
ਬਾਲ੍ਹਾ ਮਾੜਾ ਹਾਲ ਸੀ। ਮੋਗੇ ਲੈ-ਗੇ, ਪਹਿਲਾਂ ਡਾਕਟਰਾਂ ਨੇ ਗ਼ੋਲੀਆਂ, ਟੀਕਿਆਂ ਨਾਲ
ਬਥੇਰੀਆਂ ਕੋਸ਼ਿਸ਼ਾਂ ਕੀਤੀਆਂ, ਪਰ ਭੋਰਾ ਭਰ ਮੋੜ ਨਾ ਪਿਆ। ਤੇ ਫ਼ਿਰ ਆਹ ਸੰਦਾਂ ਨਾਲ ਫ਼ੋੜੇ
ਨੂੰ ਛੇੜ-ਤਾ, ਚਾਨਣ ਸਿੰਹਾਂ! ਫ਼ੋੜੇ ਨੂੰ ਛੇੜ ਕੀ ਦਿੱਤਾ, ਜਾਣੀ-ਦੀ ਜਿਵੇਂ ਕਿ ਨਿਹਾਲ ਕੌਰ ਦੇ
ਢਿੱਡ ਵਿਚ ਬਰਛਾ ਵੱਜ ਗਿਆ ਤੇ ਨਿਹਾਲੋ ਦਾ ਬੌਤ ਬੁਰਾ ਹਾਲ ਹੋ ਗਿਆ। ਬਸ! ਓਸ ਦਿਨ ਤੋਂ
ਪਿੱਛੋਂ ਤਾਂ ਦਿਨੋ-ਦਿਨ ਘਟਦੀ ਗਈ, ਘਟਦੀ ਗਈ। ਆਹ ਅੱਜ ਸਵੇਰੇ ਦਿਨ ਚੜ੍ਹਾ ਵੇਲ਼ੇ ਨੂੰ ਝੱਟ

ਸੰਜੀਦਾ ਆਲੋਚਕ ਡਾ. ਤੇਜਵੰਤ ਸਿੰਘ ਗਿੱਲ

ਅਵਤਾਰ ਸਿੰਘ ਬਿਲਿੰਗ

ਅੰਗਰੇਜ਼ੀ ਸਾਹਿਤ ਨਾਲ ਡੂੰਘੀ ਵਾਕਫੀਅਤ ਰੱਖਣ ਵਾਲੇ ਡਾ. ਤੇਜਵੰਤ ਸਿੰਘ ਗਿੱਲ ਉਹਨਾਂ ਗਿਣਵੇਂ-ਚੁਣਵੇਂ ਚਿੰਤਕਾਂ ਵਿਚੋਂ ਹਨ ਜਿਹਨਾਂ ਨੇ ਮਾਰਕਸਵਾਦੀ ਨਜ਼ਰੀਏ ਤੋਂ ਪੰਜਾਬੀ ਸਭਿਆਚਾਰ, ਕਲਾ ਅਤੇ ਸਾਹਿਤ ਦੀ ਤਰਕ-ਆਧਾਰਤ ਨਿਰਖ- ਪਰਖ ਕਰਦਿਆਂ ਨਵੀਆਂ ਪੈੜਾਂ ਹੀ ਨਹੀਂ ਪਾਈਆਂ ਸਗੋਂ ਇਸ ਪੱਖ ਤੋਂ ਰਾਸ਼ਟਰੀ, ਅੰਤਰ ਰਾਸ਼ਟਰੀ ਪੱਧਰ ਉੱਤੇ ਆਪਣੀ ਨਵੇਕਲੀ ਪਛਾਣ ਵੀ ਬਣਾਈ ਹੈ। ਪੇਂਡੂ ਪਿਛੋਕੜ ਵਿਚੋਂ ਉਭਰੀ ਇਸ ਅਤਿ ਉਦਮੀ ਹਸਤੀ ਵੱਲੋਂ ਦੇਸ ਬਦੇਸ ਦੀਆਂ ਸਾਹਿਤਕ ਕਾਨਫਰੰਸਾਂ ਵਿਚ ਪੜ੍ਹੇ ਪਰਚੇ ਅੰਤਰ ਰਾਸ਼ਟਰੀ ਪ੍ਰਸਿੱਧੀ ਵਾਲੇ ਮੈਗਜ਼ੀਨਾਂ ਵਿਚ ਪ੍ਰਕਾਸ਼ਤ ਹੋਏ ਹਨ। ਜਰਮਨੀ ਸਰਕਾਰ ਵੱਲੋਂ ਉਹਨਾਂ ਨੂੰ - 'ਟਰੰਪ ਦੁਆਰਾ ਆਦਿ ਗਰੰਥ ਦਾ ਟੀਕਾ ਤੇ ਆਲੋਚਨਾ' ਅਤੇ ਬ੍ਰਿਟਿਸ਼ ਸਰਕਾਰ ਦੀ ਤਰਫੋਂ 'ਰੇਮੈਂਡ ਵਿਲੀਅਮਜ਼:ਇਕ ਸਾਹਿਤਕ ਆਲੋਚਕ' - ਵਿਸ਼ਿਆਂ ਉੱਤੇ ਖੋਜ ਕਰਨ ਲਈ ਫੈਲੋਸ਼ਿਪ ਮਿਲੀ ਹੈ। ਅਸੀਂ ਤਾਂ ਆਪਣੇ ਇਸ ਸਿਰੜੀ ਅਧਿਆਪਕ ਪਾਸੋਂ 1973-74 ਦੇ ਦੋ ਸਾਲਾਂ ਦੌਰਾਨ ਸਤੀਸ਼ ਧਵਨ ਸਰਕਾਰੀ ਕਾਲਿਜ ਲੁਧਿਆਣਾ ਵਿਖੇ ਐੱਮ.ਏ. ਕਰਦਿਆਂ, ਅੰਗਰੇਜ਼ੀ ਸਾਹਿਤ ਦੀ ਸਮੀਖਿਆ ਸੁਣਦਿਆਂ ਹੀ ਉਹਨਾਂ ਦੇ ਗਹਿਨ ਚਿੰਤਨ ਦਾ ਸਿੱਕਾ ਮੰਨਣ ਲੱਗ ਪਏ ਸਾਂ। ਉਸਤੋਂ ਮਗਰੋਂ ਵੀ ਮੈਂ ਜਦੋਂ ਕਦੇ ਸਾਹਿਤ ਚਿੰਤਨ ਨੂੰ ਪਰਨਾਈ ਇਸ ਸ਼ਖ਼ਸੀਅਤ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਉਹਨਾਂ ਦੇ ਨਿਵਾਸ ਲੁਧਿਆਣੇ ਜਾਂ ਮਨੀਮਾਜਰੇ ਮਿਲਿਆ ਹਾਂ, ਤਾਂ ਹਮੇਸ਼ਾ ਪੜ੍ਹਨ-ਲਿਖਣ ਵਿਚ ਮਸਰੂਫ ਦੇਖਿਆ ਹੈ। ਉਮਰ ਦੇ ਅੱਠਵੇਂ ਦਹਾਕੇ ਦੀਆਂ ਦਹਿਲੀਜ਼ਾਂ ਉਪਰ ਖੜ੍ਹੇ ਹੋਣ ਦੇ ਬਾਵਜੂਦ ਉਹ ਅੱਜ ਵੀ ਕਿਸੇ ਸਾਧਕ ਵਾਂਗ ਹਰ ਰੋਜ਼ ਦਸ-ਬਾਰਾਂ ਘੰਟੇ ਅਧਿਐਨ ਜਾਂ ਲਿਖਣ-ਕਾਰਜ ਕਰਨ ਦੇ ਆਦੀ ਹਨ। ਉਮਰ ਭਰ ਦੀ ਇਸ ਕਰੜੀ ਸਾਧਨਾ ਸਦਕਾ ਹੀ ਉਹ ਸਾਹਿਤ, ਕਲਾ ਅਤੇ ਸਭਿਆਚਾਰ-ਸਮੀਖਿਆ, ਇਤਿਹਾਸ, ਜੀਵਨੀ-ਸਾਹਿਤ, ਅਨੁਵਾਦ, ਸਕੰਲਨ ਅਤੇ ਸੰਪਾਦਨਾ ਸੰਬੰਧੀ ਅੰਗਰੇਜ਼ੀ ਪੰਜਾਬੀ ਵਿਚ ਦੋ ਦਰਜਨ ਤੋਂ ਵੱਧ ਪੁਸਤਕਾਂ ਲਿਖ ਚੁੱਕੇ ਹਨ। ਪੰਜਾਬੀ-ਅੰਗਰੇਜ਼ੀ ਦੇ ਇਸ ਗਹਿਰ-ਗੰਭੀਰ ਚਿੰਤਕ ਅਤੇ ਆਲੋਚਕ ਨਾਲ ਕੀਤੀਆਂ ਕੁਝ ਖੁੱਲ੍ਹੀਆਂ ਗੱਲਾਂ 'ਸਿਰਜਣਾ' ਦੇ ਪਾਠਕਾਂ ਨਾਲ ਸਾਂਝੀਆਂ ਕਰਨ ਦੀ ਖੁਸ਼ੀ ਲੈ ਰਿਹਾ ਹਾਂ - ਅਵਤਾਰ ਸਿੰਘ ਬਿਲਿੰਗ

ਡਾਕਟਰ ਸਾਹਿਬ,ਗੱਲ ਤੁਹਾਡੇ ਮੁੱਢਲੇ ਜੀਵਨ ਤੋਂ ਹੀ ਸ਼ੁਰੂ ਕਰਦੇ ਹਾਂ?

ਮੇਰਾ ਜਨਮ ਪਿੰਡ ਗਿੱਲ (ਲੁਧਿਆਣਾ) ਵਿਚ 22-1-1938 ਨੂੰ ਹੋਇਆ। ਦਸਵੀਂ ਤਕ ਪੜ੍ਹਾਈ ਪਿੰਡ ਦੇ ਖਾਲਸਾ ਹਾਈ ਸਕੂਲ ਤੋਂ ਹੀ ਕੀਤੀ। ਉਚੇਰੀ ਵਿੱਦਿਆ ਗੌਰਮਿੰਟ ਕਾ9ਲਜ ਲੁਧਿਆਣਾ ਵਿਚ ਪਾਈ। ਐੱਮ. ਏ. 1961 ਵਿਚ ਕਰਕੇ ਇਕ ਦਮ ਲਾਇਲਪੁਰ ਖਾਲਸਾ ਕਾਲਿਜ ਜਲੰਧਰ ਵਿਖੇ ਲੈਕਚਰਾਰ ਲੱਗ ਗਿਆ। ਛੇ ਕੁ ਮਹੀਨੇ ਅੰਦਰ ਸਰਕਾਰੀ ਨੌਕਰੀ ਮਿਲ ਗਈ ਅਤੇ ਪਹਿਲੀ ਨਿਯੁਕਤੀ ਬਰਜਿੰਦਰਾ ਕਾਲਿਜ ਫਰੀਦਕੋਟ ਹੋਈ।

ਮੈਡਮ ਮਨਜੀਤਪਾਲ ਕੌਰ ਨਾਲ ਸੰਜੋਗ ਉੱਥੇ ਹੀ ਭਿੜਿਆ?

ਹਾਂ, ਅਵਤਾਰ, ਮੇਰਾ ਵਿਆਹੁਤਾ ਜੀਵਨ ਪ੍ਰੇਮ-ਸੰਬੰਧ ਦਾ ਨਤੀਜਾ ਹੈ।

ਕੀ ਤੁਸੀਂ ਇਸਨੂੰ ਸਫਲ ਸੰਜੋਗ ਸਮਝਦੇ ਹੋ?

ਜਦ ਮੈਂ ਬਾਹਰੀ ਤੌਰ 'ਤੇ ਆਪਣੇ ਵਧ ਰਹੇ ਪਰਿਵਾਰ ਨੂੰ ਦੇਖਦਾ ਹਾਂ ਤਾਂ ਮੈਨੂੰ ਵੱਡੀ ਸਫਲਤਾ ਦਾ ਅਹਿਸਾਸ ਹੁੰਦੈ।ਪਰ ਜਦ ਮੈਂ ਆਪਣੇ ਅੰਦਰ ਝਾਤੀ ਮਾਰਦਾ ਹਾਂ ਤਾਂ ਅਸਫਲਤਾ ਦਾ ਅਨੁਭਵ

ਹੁੰਦੈ। ਬੇਸ਼ੱਕ, ਮੇਰੇ ਅਸਫਲਤਾ ਦੇ ਮਿਆਰ ਕੁਝ ਹੋਰ ਤਰ੍ਹਾਂ ਦੇ ਹਨ।

ਉਹ ਕਿਵੇਂ, ਸਰ?

ਸਾਡਾ ਦੋਹਾਂ ਦਾ ਨਿੱਜੀ ਜੀਵਨ ਮੇਰਾ ਸਾਹਿਤ ਸਮੀਖਿਆ, ਅਨੁਵਾਦ ਅਤੇ ਇਤਿਹਾਸਕਾਰੀ ਨਾਲ ਸੰਬੰਧਤ ਰਿਹਾ ਹੈ ਜਦੋਂ ਕਿ ਮਨਜੀਤਪਾਲ ਦਾ ਕਵਿਤਾ ਅਤੇ ਨਾਟਕ ਰਿਹਾ ਹੈ। ਅਜਿਹੇ ਬੁਨਿਆਦੀ ਵਖਰੇਵੇਂ ਕਰਕੇ ਉਤਰਾਅ-ਚੜ੍ਹਾਅ ਵੀ ਆਉਂਦੇ ਰਹੇ ਹਨ।

ਇਸ ਸੰਜੋਗ ਦੇ ਸਫਲ ਪੱਖ ਬਾਰੇ ਜੇ ਕੁਝ ਹੋਰ ਦੱਸਣਾ ਚਾਹੋ?

ਸਾਡੇ ਦੋ ਬੇਟੇ-ਜਸਦੀਪ ਅਤੇ ਜਸਪ੍ਰੀਤ ਹਨ, ਜਿਹੜੇ ਅਮਰੀਕਾ ਵਿਖੇ ਸਰਕਾਰੀ ਨੌਕਰੀਆਂ ਉੱਤੇ ਬੜੇ ਸਫਲ ਹਨ। ਜਸਦੀਪ ਸਿੰਘ ਦੇ ਇਕੋ ਇਕ ਪੁੱਤਰੀ ਮੇਘਨਾ (ਬਾਰਸ਼) ਹੈ ਜਦੋਂ ਕਿ ਜਸਪ੍ਰੀਤ ਦੇ ਦੋ ਪੁੱਤਰ- ਅਦਿੱਤਯ (ਸੂਰਜ) ਅਤੇ ਅਰਨਵ (ਸਾਗਰ) ਹਨ। ਇੰਝ ਸਾਡੀ ਪੋਤੀ ਤੇ ਪੋਤਿਆਂ ਦੇ ਨਾਵਾਂ ਦੀ ਇਹ ਚੋਣ ਧਰਤੀ ਅਤੇ ਆਕਾਸ਼ ਤਕ ਦਾ ਨਾਤਾ ਜੋੜਦੀ ਹੈ।

ਸੁਣਿਐਂ, ਤੁਸੀਂ ਮਾਇਕ ਪੱਖ ਤੋਂ ਬੜੇ ਸਮਰੱਥ ਪਰਿਵਾਰ ਵਿਚੋਂ ਉੱਭਰੇ ਹੋ?

- ਨਹੀਂ ਨਹੀਂ। ਸਾਡਾ ਟੱਬਰ ਚੰਗੇ ਗੁਜ਼ਾਰੇ ਵਾਲਾ ਜ਼ਰੂਰ ਸੀ। ਮੇਰੇ ਬਾਬਾ ਜੀ ਫੁੱਮਣ ਸਿੰਘ ਪਿੰਡ ਦੇ ਲੰਬੜਦਾਰ ਸਨ, ਬਾਪੂ ਜੀ ਚਰਨ ਸਿੰਘ ਫੌਜ ਵਿਚੋਂ ਸੂਬੇਦਾਰ ਮੇਜਰ ਪੈਨਸ਼ਨ ਆਏ ਸਨ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਦੀ ਸੰਗਤ ਮਾਣਨ ਦਾ ਕਿੰਨਾ ਕੁ ਸੁਭਾਗ ਤੁਹਾਨੂੰ ਪ੍ਰਾਪਤ ਹੋਇਆ?

ਉਹ ਮੇਰੇ ਮਾਮਾ ਜੀ ਸਨ। ਜਦੋਂ ਤੋਂ ਉਹ 1951 ਵਿਚ ਮਾਡਲ ਟਾਊਨ ਲੁਧਿਆਣਾ ਵਿਖੇ ਆ ਵਸੇ, ਮੈਂ ਉਹਨਾਂ ਕੋਲ ਨਿੱਤ ਹੀ ਜਾਣ ਲੱਗ ਪਿਆ। ਉਹਨਾਂ ਦਾ ਮੇਰੇ ਵਿਚ ਬੇਹੱਦ ਭਰੋਸਾ ਬਣ ਗਿਆ। ਬਿਨਾਂ ਝਿਜਕ ਉਹ ਆਪਣੇ ਭੇਦ ਵੀ ਮੇਰੇ ਨਾਲ ਸਾਂਝੇ ਕਰਦੇ।

ਕਿਸੇ ਨੇ ਦੱਸਿਐ ਕਿ ਉਹਨਾਂ ਨੇ ਆਪਣੇ ਅਤਿ ਨਿੱਜੀ ਖ਼ਤ ਜਿਊਂਦੇ ਜੀਅ ਤੁਹਾਨੂੰ ਸੌਂਪ ਦਿੱਤੇ?

ਬਿਲਕੁਲ। ਮੇਰੇ ਕੋਲ ਕੋਈ ਚਾਰ ਸੌ ਅਣਛਪੇ ਪੱਤਰ ਹਨ ਤਿੰਨ ਸੌ ਤੋਂ ਵੱਧ ਉਨ੍ਹਾਂ ਦੀ ਅਮਰੀਕਨ ਪ੍ਰੇਮਕਾ ਦੇ ਹਨ ਜਦੋਂ ਕਿ ਚਾਲੀ ਕੁ ਜੋ ਸੇਖੋਂ ਹੋਰਾਂ ਉਸਨੂੰ ਲਿਖੇ। ਕੁਝ ਹੋਰ ਮੈਨੂੰ ਲਿਖੇ ਵੀ ਨੇ।

ਤੁਸੀਂ ਉਹਨਾਂ ਨੂੰ ਪ੍ਰਕਾਸ਼ਤ ਕਿਉਂ ਨ੍ਹੀ ਕਰ ਦਿੰਦੇ। ਕੋਈ ਅੜਿੱਕਾ ਹੈ?

ਨਹੀਂ। ਮੈਂ ਹੀ ਨਿਰਣਾ ਨਹੀਂ ਕਰ ਸਕਿਆ। ਉਹਨਾਂ ਅੰਗਰੇਜ਼ੀ ਵਿਚ ਲਿਖਿਆਂ ਨੂੰ ਮੂਲ ਰੂਪ ਵਿਚ ਛਾਪਾਂ, ਜਾਂ ਅੰਗਰੇਜ਼ੀ-ਪੰਜਾਬੀ ਦੋ ਭਾਸ਼ਾਵਾਂ ਵਿਚ। ਹਾਲਾਂਕਿ ਉਸ ਔਰਤ ਦੀ ਪੋਤਰੀ ਜੋ ਹਾਲੀਵੁੱਡ ਦੀ ਅਦਾਕਾਰਾ ਹੈ, ਇਸ ਲਈ ਬੜੀ ਉਤਸੁਕ ਹੈ। ਅਜੇ ਮੈਨੂੰ ਇਸ ਗੱਲ ਦੀ ਖ਼ਾਸ ਖੁਸ਼ੀ ਹੈ ਕਿ 'ਲਹੂ ਮਿੱਟੀ' ਨਾਵਲ ਜਿਹੜਾ ਉਹਨਾਂ ਅੰਗਰੇਜ਼ੀ ਵਿਚ 'ਬਲੱਡ ਐਂਡ ਅਰਥ' ਦੇ ਨਾਂ ਥੱਲੇ ਲਿਖਿਆ ਸੀ, ਨੈਸ਼ਨਲ ਬੁੱਕ ਟਰਸਟ ਵੱਲੋਂ ਮੂਲ ਰੂਪ ਵਿਚ ਛਪ ਰਿਹਾ ਹੈ।

ਤੁਸੀਂ ਸਾਰੀ ਉਮਰ ਅੰਗਰੇਜ਼ੀ ਆਲੋਚਨਾ ਤੇ ਸਾਹਿਤ ਪੜ੍ਹਿਆ ਪੜ੍ਹਾਇਆ ਅਤੇ ਵਾਚਿਆ ਹੈ। ਤੁਹਾਨੂੰ ਜ਼ਾਤੀ ਤੌਰ 'ਤੇ ਇਸ ਦਾ ਕੀ ਲਾਭ ਹੋਇਆ?

ਦੇਖ, ਅਵਤਾਰ, ਮੈਂ ਜੋ ਕੁਝ ਵੀ ਹਾਂ, ਅੰਗਰੇਜ਼ੀ ਦੀ ਪੜ੍ਹਾਈ ਕਰਕੇ ਹੀ ਹਾਂ। ਗੌਰਮਿੰਟ ਕਾਲਿਜ ਲੁਧਿਆਣਾ ਵਿਚ ਇੰਗਲਿਸ਼ ਪੜ੍ਹਾਉਂਦਿਆਂ ਹੀ ਮੈਂ 1974 ਵਿਚ 'ਪਰੌਬਲਮਜ਼ ਔਵ ਦ ਪੋਇਟਕ ਡਰਾਮਾ ਇਨ ਡਬਲਿਊ. ਬੀ.ਯੀਟਸ ਐਂਡ ਟੀ.ਐੱਸ.ਇਲੀਅਟ'- ਉੱਤੇ ਪੀਐੱਚ.ਡੀ ਕੀਤੀ। ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਬਤੌਰ ਰੀਡਰ ਚਲਾ ਗਿਆ। ਕੁੱਲ ਮਿਲਾਕੇ 37 ਸਾਲ ਅੰਗਰੇਜ਼ੀ ਸਾਹਿਤ-ਸਮੀਖਿਆ ਨਾਲ ਹੀ ਵਾਹ ਪਿਆ ਹੈ। ਮੇਰੇ ਬਾਰੇ ਮੇਰੇ ਵਿਦਿਆਰਥੀ ਕਹਿੰਦੇ ਹੁੰਦੇ ਸਨ,"ਇੰਗਲਿਸ਼ ਇਜ਼ ਹਿਜ਼ ਮਿਸਟ੍ਰੈਸ ਬਟ ਪੰਜਾਬੀ ਹਿਜ਼ ਬੀਲਵਡ !' English is his mistress but Punjabi his beloved (ਹੱਸ ਕੇ) ...ਅੱਛਾ,ਫੇਰ ਉੱਥੇ ਜੁੜੀਏ।

...ਥੀਸਿਸ ਲਿਖਦਿਆਂ, ਬਹੁਤੀ ਸੇਧ ਅਤਾਲਵੀ ਚਿੰਤਕ ਅਨਤੋਨੀਓ ਗ੍ਰਾਮਸ਼ੀ ਅਤੇ ਜਰਮਨ ਸਾਹਿਤ ਸਮੀਖਿਅਕ ਵਾਲਟਰ ਬੈਂਜਾਮਿਨ ਦੀਆਂ ਲਿਖਤਾਂ ਤੋਂ ਮਿਲੀ। ਗ੍ਰਾਮਸ਼ੀ ਉੱਪਰ ਤਾਂ ਮੇਰੀ ਲਿਖੀ ਕਿਤਾਬ- 'ਅਨਤੋਨੀਉ ਗ੍ਰਾਮਸ਼ੀ'- ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪਿਛਲੇ ਸਾਲ ਛਾਪੀ ਹੈ, ਜੋ ਕਹਿੰਦੇ, ਚੰਗੀ ਵਿਕ ਰਹੀ ਹੈ। ਧਰਮ, ਮਿਥਿਹਾਸ, ਦਰਸ਼ਨ, ਸਭਿਆਚਾਰ, ਲੋਕਧਾਰਾ, ਭਾਸ਼ਾ ਅਤੇ ਸਾਹਿਤ ਨੂੰ ਉਹ ਸਿਧਾਂਤ ਅਤੇ ਅਸਲ ਜੀਵਨ ਦੀ ਅੰਤਰ ਕਿਰਿਆ ਮੰਨਦਾ ਸੀ। ਦੂਜਿਆਂ ਦੇ ਬੁੱਧ ਵਿਵੇਕ ਵਿਚ ਲਹਿ ਜਾਣਾ ਅਤੇ ਉਨ੍ਹਾਂ ਦੀਆਂ ਧਾਰਨਾਵਾਂ ਨੂੰ ਆਪਣੇ ਬੁੱਧ ਵਿਵੇਕ ਵਿਚ ਉਤਾਰ ਲੈਣਾ ਉਸਦਾ ਮੀਰੀ ਗੁਣ ਸੀ। ਨਾਟ ਸਮੀਖਿਆ ਕਰਨ ਵੇਲੇ ਉਹ ਕੇਵਲ ਪਾਠ ਨਾਲ ਹੀ ਨ੍ਹੀਂ ਸੀ ਜੁੜਦਾ, ਸਗੋਂ ਇਸ ਦੇ ਮੰਚਨ, ਸਰੋਤਿਆਂ ਲਈ ਇਸਦੀ ਕਸ਼ਿਸ਼ ਜਾਂ ਉਕਤਾਹਟ ਨੂੰ ਵੀ ਵਾਚਦਾ। ਇਸਨੇ ਮੈਨੂੰ ਇਹ ਸਿੱਧ ਕਰਨ ਦੇ ਯੋਗ ਕੀਤਾ ਕਿ ਇਤਿਹਾਸ ਨੂੰ ਪਰਨਾਏ ਲੋਰਕਾ ਅਤੇ ਬਰਤੋਲਤ ਬਰੈਖਤ ਕਿਉਂ ਅਤੇ ਕਿਵੇਂ ਯੇਟਸ ਅਤੇ ਇਲੀਅੱਟ ਨਾਲੋਂ ਵਧੇਰੇ ਸਮਰੱਥ ਨਾਟਕਕਾਰ ਸਨ। ਆਦਿ ਕਾਲ ਤੋਂ ਚਲੀਆਂ ਆ ਰਹੀਆਂ ਮਾਨਤਾਵਾਂ ਦੀ ਥਾਂ ਨਵੀਨ ਕਾਢਾਂ ਨਾਲ ਜੀਵਨ ਦੀ ਥਾਹ ਪਾਉਣ ਵਾਲੇ ਬੈਂਜਾਮਿਨ ਬਾਰੇ ਵੀ ਮੇਰੀ ਪੁਸਤਕ ਪ੍ਰੈੱਸ ਵਿਚ ਹੈ।

ਡਾਕਟਰ ਸਾਹਿਬ, ਗ੍ਰਾਮਸ਼ੀ ਦਾ ਚਿੰਤਨ ਅੱਜੋਕੇ ਪੰਜਾਬ ਜਾਂ ਭਾਰਤ ਨੂੰ ਸਮਝਣ ਲਈ ਵੀ ਕੋਈ ਮਹੱਤਵ ਰੱਖਦਾ ਹੈ?

ਕਿਉਂ ਨਹੀਂ। ਪੁਰਾਤਨ ਜਾਂ ਅੱਜੋਕੇ ਪੰਜਾਬ ਨੂੰ ਸਮਝਣ ਲਈ ਗ੍ਰਾਮਸ਼ੀ ਤੋਂ ਤਿੰਨ ਤਰ੍ਹਾਂ ਦੀ ਰੋਸ਼ਨੀ ਮਿਲਦੀ ਹੈ। ਪੰਜਾਬ ਇਕ ਖੇਤਰੀ ਇਲਾਕਾ ਹੈ ਜਿਸ ਉਪਰ ਕਈ ਪਾਸਿਆਂ ਤੋਂ ਦਬਾਅ ਅਤੇ ਪ੍ਰਭਾਵ ਪੈਂਦੇ ਰਹੇ ਹਨ, ਜਿਸ ਕਾਰਨ ਅਸਥਿਰਤਾ ਬਣੀ ਰਹੀ। ਅਜਿਹੇ ਸੰਕਟ ਸਮੇਂ ਬੁੱਧੀਜੀਵੀਆਂ ਖ਼ਾਸ ਕਰਕੇ ਬਾਣੀਕਾਰਾਂ - ਗੁਰੂ ਸਾਹਿਬਾਨ, ਸੂਫੀ ਸੰਤਾਂ, ਕਿੱਸਾਕਾਰਾਂ - ਨੇ ਤਾਂ ਆਪਣਾ ਕਰਤੱਵ ਨਿਭਾਇਆ, ਪਰ ਰਾਜਨੀਤੀ ਹਰੇਕ ਸਮੇਂ 'ਤੇ ਅਸਫਲ ਰਹੀ। ਆਦਿ ਕਾਲ ਦੇ ਕਬਾਇਲੀ ਸਰਦਾਰਾਂ ਤੇ ਪ੍ਰਾਚੀਨ ਸਮੇਂ ਦੇ ਪੋਰਸ ਵਰਗੇ ਰਾਜਿਆਂ ਤੋਂ ਲੈਕੇ ਮੱਧ ਕਾਲ ਦੇ ਸੂਬੇਦਾਰਾਂ ਅਤੇ ਅੱਜੋਕੇ ਮੁੱਖ ਮੰਤਰੀਆਂ ਅਰਥਾਤ ਰਾਜਸੀ ਲੀਡਰਾਂ ਤਕ ਕਿਸੇ ਨੇ ਬਾਣੀਕਾਰਾਂ ਵਾਲੀ ਵਫ਼ਾ ਨਹੀਂ ਨਿਭਾਈ। ਪੰਜਾਬ ਪ੍ਰਤੀ ਸਾਰੇ ਸਿਰਫ ਭੇਖੀ ਬਣੇ ਰਹੇ, ਜਿਸ ਕਰਕੇ ਅਸੀਂ ਪੰਜਾਬੀ ਲੋਕ ਵੀ ਭਾਵੁਕ ਪੱਖੋਂ ਤਾਂ ਬੜੇ ਅਗਰਗਾਮੀ ਬਣਕੇ ਦਿਖਾਉਂਦੇ ਹਾਂ ਪਰ ਵਾਸਤਵਿਕ ਤੌਰ 'ਤੇ ਸਾਡਾ ਪੰਜਾਬ ਪ੍ਰਤੀ ਕੋਈ ਨਿੱਗਰ ਵਜੂਦ ਨਹੀਂ ਬਣਦਾ। ਬੁੱਧੀਜੀਵੀ ਵਰਗ ਪੱਖ ਤੋਂ ਵੱਡੀਆਂ ਦੋ ਘਾਟਾਂ ਇਹ ਰਹੀਆਂ ਕਿ ਬਾਣੀਕਾਰ ਤੇ ਕਿੱਸਾਕਾਰ ਸਿਰਫ ਕਾਵਿ ਤਕ ਸੀਮਿਤ ਸਨ। ਗਿਆਨ-ਵਿਗਿਆਨ ਦੇ ਹੋਰ ਖੇਤਰਾਂ ਵਿਚ ਕੁੱਲ ਮਿਲਾਕੇ ਬੁੱਧੀਜੀਵੀ ਵਰਗ ਦੀ ਗੈਰਹਾਜ਼ਰੀ ਹੀ ਰੜਕਦੀ ਰਹੀ। ਜਦੋਂ ਕਿ ਸਾਡੇ ਅੱਜੋਕੇ ਬੁੱਧੀਜੀਵੀ ਹਰ ਵਿਧਾ ਵਿਚ ਯਥਾਸ਼ਕਤ ਹਾਜ਼ਰੀ ਲਵਾਉਂਦੇ ਹੋਏ ਵੀ, ਸਿਆਸੀ ਨੇਤਾਵਾਂ ਵਰਗੇ ਬਣਦੇ ਜਾ ਰਹੇ ਹਨ। ਬਾਣੀਕਾਰਾਂ ਜਾਂ ਕਿੱਸਾਕਾਰਾਂ ਵਰਗੇ ਨਿਰਛੱਲ ਅਤੇ ਸੱਚੇ-ਸੁੱਚੇ ਨਹੀਂ ਰਹੇ। ਆਜ਼ਾਦੀ ਤੋਂ ਪਹਿਲਾਂ ਭਾਰਤ ਦੀ ਸਥਿਤੀ ਵੀ ਲਗਪਗ ਅਜਿਹੀ ਹੀ ਸੀ ਪਰ ਆਜ਼ਾਦੀ ਪਿੱਛੋਂ ਦੇਸ ਨੂੰ ਨਹਿਰੂ ਦੇ ਰੂਪ ਵਿਚ ਇਕ ਅਜਿਹਾ ਨੇਤਾ ਨਸੀਬ ਹੋਇਆ ਜਿਹੜਾ ਅਗਰਗਾਮੀ ਵੀ ਸੀ ਅਤੇ ਬੜਾ ਜਾਗਰੂਕ ਵੀ। ਅਜਿਹੇ ਦਵੰਦ ਨੂੰ ਤੇ ਸਾਹਿਤ ਦੇ ਮਨੋਰਥ ਨੂੰ ਸਮਝਣ ਲਈ ਗ੍ਰਾਮਸ਼ੀ ਦਾ ਚਿੰਤਨ ਬਹੁਤ ਪ੍ਰਸੰਗਕ ਹੈ।

ਸਾਹਿਤ ਦਾ ਅਸਲ ਮੰਤਵ ਕੀ ਹੁੰਦੈ, ਡਾਕਟਰ ਸਾਹਿਬ?

ਸਾਹਿਤ ਨੇ ਮਨੁੱਖੀ ਜੀਵਨ ਦੀ ਵਿਰਾਟ ਤਸਵੀਰਕਸ਼ੀ ਕਰਦੇ ਹੋਏ,ਵਿਅਕਤੀਗਤ ਜਾਂ ਸਮਾਜਕ ਅਮਲ ਦੇ ਦਵੰਦ ਵਿਚਲੇ ਖੱਪਿਆਂ ਜਾਂ ਨੁਕਸਾਂ ਨੂੰ ਵੀ ਸਮਝਣਾ ਹੁੰਦਾ ਹੈ। ਇਹ ਪੇਸ਼ਕਾਰੀ ਸਿਰਫ ਜਾਣਕਾਰੀ ਹੀ ਨਾ ਦਿੰਦੀ ਹੋਵੇ ਸਗੋਂ ਸੋਹਜ ਜਾਂ ਮਨੋਰੰਜਨ ਦੀਆਂ ਨਵੀਆਂ ਪਰਤਾਂ ਵੀ

ਉਜਾਗਰ ਕਰਦੀ ਹੋਵੇ। ਦੂਜੇ ਸ਼ਬਦਾਂ ਵਿਚ ਸਾਹਿਤ ਨੇ ਜੀਵਨ ਦੀਆਂ ਅੰਤਰੀਵ ਭਾਵਨਾਵਾਂ ਅਤੇ ਦੂਰਰਸੀ ਅਨੁਭਵਾਂ ਦਾ ਚਿਤਰਨ ਤੇ ਨਿਰਵੇਚਨ ਵੀ ਕਰਨਾ ਹੁੰਦੈ।

ਇਹ ਨਿਰਵੇਚਨ ਤੁਹਾਡੀ ਘੜੀ ਧਾਰਨਾ ਤਾਂ ਨਹੀਂ?

ਸੇਖੋਂ ਸਾਹਬ ਦੀ ਹੈ। ਤੂੰ ਅੰਗਰੇਜ਼ੀ 'ਚ ਸ਼ਾਇਦ ਸੌਖਾ ਸਮਝ ਜਾਵੇਂ। ਦੇਖੋ ਇੰਟਰਪਰੈੱਟੇਸ਼ਨ, ਰੀ-ਇੰਟਰਪਰੈੱਟੇਸ਼ਨ ਅਤੇ ਇਲੈਬੋਰੇਸ਼ਨ। ਵਿਵੇਚਨ, ਪੁਨਰ-ਵਿਵੇਚਨ ਅਤੇ ਨਿਰਵਿਵੇਚਨ ਅਰਥਾਤ ਨਿਰਵੇਚਨ। ਇਸਦੇ ਦੋ ਅਰਥ ਹਨ -ਨਵੀਂ ਵਿਆਖਿਆ ਕਰਨੀ ਅਤੇ ਪਹਿਲੀ ਦੀਆਂ ਕਮੀਆਂ ਨੂੰ ਪੇਸ਼ ਕਰਨਾ।

ਕੀ ਇਹ ਸਾਹਿਤਕ ਆਲੋਚਨਾ ਦਾ ਮਨੋਰਥ ਨਹੀਂ?

ਤੂੰ ਸਾਹਿਤ ਸਮੀਖਿਆ ਦੀ ਗੱਲ ਛੋਹ ਲਈ ਹੈ। ਸਾਹਿਤ ਸਮੀਖਿਆ ਦਾ ਕਾਰਜ ਵੀ ਏਹੀ ਹੁੰਦੈ। ਕਿਸੇ ਰਚਨਾ ਦਾ ਵਿਸ਼ਲੇਸ਼ਨ ਜਾਂ ਚੀਰ ਫਾੜ ਕਰਨ ਤੋਂ ਚੱਲ ਕੇ ਮੁੱਲਾਂਕਣ ਕਰਨ ਤੱਕ ਅਪੜਨਾ ਹੈ। ਉਸਦਾ ਮੁੱਲ ਪਾਉਣਾ ਹੈ। ਉਸਦੇ ਵਿਸ਼ੇ, ਵਿਧਾ, ਵਿਧੀ, ਸ਼ੈਲੀ, ਬੋਲੀ ਆਦਿ ਸਾਰੀਆਂ ਸਿਫਤਾਂ ਨੂੰ ਧਿਆਨ ਵਿਚ ਰੱਖਦੇ ਹੋਏ, ਕੀਤੇ ਵਿਸ਼ਲੇਸ਼ਨ ਦੇ ਆਧਾਰ ਉਪਰ ਮੁੱਲ ਨੂੰ ਦਰਸਾਉਣਾ ਹੈ। ਖੰਡਨ ਮੰਡਨ ਨਹੀਂ ਕਰਨਾ।

'ਮੈਂ ਅਜਿਹਾ ਕਮਿਊਨਿਸਟ ਹਾਂ ਜੋ ਕਿਸੇ ਪਾਰਟੀ ਦਾ ਅੰਗ ਨਹੀਂ, ਅਜਿਹਾ ਸਿੱਖ ਜਿਹੜਾ ਪਰਮਾਤਮਾ ਅਤੇ ਸਿੱਖ ਮੱਤ ਦੇ ਹੋਰ ਬੰਧਨਾਂ ਵਿਚ ਵਿਸ਼ਵਾਸ ਨਹੀਂ ਰੱਖਦਾ, ਅਜਿਹਾ ਹਿੰਦੂ ਜਿਸਨੂੰ ਕਰਮ ਕਾਂਡ, ਜਾਤਪਾਤ ਅਤੇ ਗਊ ਮਾਤਾ ਦੀ ਪਾਵਨਤਾ ਨਾਲ ਕੋਈ ਸਰੋਕਾਰ ਨਹੀਂ' - ਸੇਖੋਂ ਸਾਹਿਬ ਦੇ ਇਸ ਕਥਨ ਦੀ ਰੋਸ਼ਨੀ ਵਿਚ ਉਹਨਾਂ ਦੇ ਨਿਰਾਲੇ ਜੀਵਨ ਦਰਸ਼ਨ ਬਾਰੇ ਦੱਸੋਗੇ?

ਏਥੋਂ ਏਹ ਪਤਾ ਚੱਲਦੈ ਕਿ ਉਹਨਾਂ ਨੂੰ ਆਪਣੇ ਅਤੀਤ ਦੀ ਪੂਰੀ ਸੋਝੀ ਸੀ। ਕਮਿਊਨਿਸਟ ਪਾਰਟੀ, ਹਿੰਦੂ ਤੇ ਸਿੱਖ ਧਰਮ ਅਤੇ ਸਮਾਜ ਦੀਆਂ ਊਣਤਾਈਆਂ ਦਾ ਅਹਿਸਾਸ ਸੀ। ਦੂਜੇ, ਉਹ ਆਪ ਅਤੀਤ ਵਿਚ ਨਹੀਂ, ਵਰਤਮਾਨ ਵਿਚ ਜਿਊਣ ਨੂੰ ਪਹਿਲ ਦਿੰਦੇ ਸਨ। ਪਰ ਇਸ ਪਹਿਲ ਨੂੰ ਸਸਤੇ ਅਨੁਭਵਾਂ ਜਾਂ ਨਿਰੀ ਐਸ਼-ਪ੍ਰਸਤੀ ਤਕ ਸੀਮਿਤ ਨਹੀਂ ਸੀ ਕਰਨਾ ਚਾਹੁੰਦੇ। ਭਰਮ-ਭੁਲੇਖਿਆਂ ਤੋਂ ਮੁਕਤ ਧਰਮ ਦੇ ਸਿਹਤਮੰਦ ਪੱਖ ਦੇ ਤਾਂ ਕਦਰਦਾਨ ਸਨ, ਫੋਕੀ ਰਵਾਇਤ ਅਤੇ ਦਿਖਾਵੇ ਦੀ ਮਾਣ ਮਰਯਾਦਾ ਦੇ ਫਜ਼ੂਲ ਬੰਧਨਾਂ ਦਾ ਬੋਝ ਨਹੀਂ ਸੀ ਢੋਹਣਾ ਚਾਹੁੰਦੇ।

'ਜਗਤ ਇਕ ਭਰਮ ਜਾਲ ਹੈ। ਮਾਨਵ ਦਾ ਕਰਤੱਵ ਇਸ ਭਰਮ ਜਾਲ ਵਿਚ ਲੋਪ ਹੋਣ ਤੋਂ ਬਚੇ ਰਹਿਣਾ ਹੈ' - ਸੇਖੋਂ ਫਲਸਫੇ ਅਨੁਸਾਰ ਇਹ ਭਰਮ ਜਾਲ ਕੀ ਹੈ?

ਭਰਮ-ਭੁਲੇਖਿਆਂ ਭਰਿਆ ਐਸ਼-ਇਸ਼ਰਤ ਦਾ ਜੀਵਨ। ਜ਼ਿੰਦਗੀ ਦੇ ਵੱਡੇ ਸਰੋਕਾਰਾਂ ਵੱਲੋਂ ਧਿਆਨ ਲਾਂਭੇ ਕਰਕੇ ਆਪਦੀ ਮੰਤਵ ਪੂਰਤੀ ਲਈ ਹੀ ਜਿਊਣਾ। ਸੇਖੋਂ ਸਾਹਿਬ ਨੇ ਨਿਮਨ ਕਿਰਸਾਨੀ ਵਿਚ ਜਨਮ ਲੈਕੇ ਭਰਮਜਾਲ ਤੋਂ ਨਿਰਲੇਪ ਰਹਿਣ ਦਾ ਬੜਾ ਉੱਚਾ ਨਿਸ਼ਾਨਾ ਮਿੱਥਿਆ।

ਪਰ ਕੀ ਉਹ ਸੱਚਮੁਚ ਇਸ ਤੋਂ ਨਿਰਲੇਪ ਰਹਿ ਸਕੇ?

ਪੂਰੀ ਤਰ੍ਹਾਂ ਨਹੀਂ। ਲਕਸ਼ ਉੱਚਾ-ਸੁੱਚਾ ਸੀ। ਪ੍ਰਾਪਤੀਆਂ ਵੀ ਜ਼ਿਕਰਜੋਗ ਸਨ। ਪਰ ਗ੍ਰਹਿਸਤ ਦੀਆਂ ਮਜਬੂਰੀਆਂ, ਜ਼ਿੰਮੇਵਾਰੀਆਂ, ਬੰਧਨਾਂ, ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਵੀ ਉਹਨਾਂ ਦਾ ਫਰਜ਼ ਬਣਦਾ ਸੀ, ਜਿਸ ਕਰਕੇ ਰਿਸ਼ੀਆਂ ਮੁਨੀਆਂ ਵਾਂਗ ਤਿਆਗ ਤੋਂ ਕੰਮ ਨਹੀਂ ਸੀ ਲਿਆ ਜਾ ਸਕਦਾ। ਸੋ ਜੀਵਨ ਦੀਆਂ ਤਲਖ਼ ਹਕੀਕਤਾਂ ਨਾਲ ਜੂਝਣਾ ਬਣਿਆਂ ਰਹਿੰਦਾ ਸੀ, ਜਿੱਥੇ ਕਦੇ ਕਦਾਈਂ ਝੋਲ ਵੱਜਣੀ ਵੀ ਸੁਭਾਵਕ ਸੀ।

ਚਿੰਤਨ ਦੇ ਉਹ ਦੋ ਵਹਿਣ ਕਿਹੜੇ ਸਨ, ਜਿਹਨਾਂ ਦਾ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਸੰਜੋਗ

ਕਰਨਾ ਲੋੜਿਆ?

ਪਹਿਲਾ, ਮਾਰਕਸੀ ਚਿੰਤਨ, ਜਿਸ ਅਨੁਸਾਰ ਉਹ ਸਮਾਜਕ ਜੀਵਨ ਨੂੰ ਇਸਦੇ ਇਤਿਹਾਸਕ ਸੰਦਰਭ ਵਿਚ ਸਮਝਣ ਦਾ ਜਤਨ ਕਰਦੇ ਸਨ। ਦੂਜੀ, ਮਨੋਵਿਗਿਆਨਕ ਸੋਝੀ, ਖ਼ਾਸ ਤੌਰ 'ਤੇ ਫਰਾਇਡ ਦਾ ਚਿੰਤਨ, ਜਿਸ ਅਨੁਸਾਰ ਬੰਦੇ ਨੂੰ ਸਮਝਣਾ ਸੀ। ਮਨੁੱਖ ਦੇ ਨਿੱਜੀ ਭਾਵਾਂ, ਔਕੜਾਂ, ਸੰਕਟਾਂ ਨੂੰ ਸਮਝਣਾ ਅਤੇ ਸੁਲਝਾਉਣਾ। ਜਿਵੇਂ ਡੀ. ਐੱਚ. ਲਾਰੰਸ ਨੇ ਆਪਣੇ ਸਾਹਿਤ ਵਿਚ ਇਹਨਾਂ ਗੁੰਝਲਾਂ ਦੀ ਪੇਸ਼ਕਾਰੀ ਕੀਤੀ, ਉਵੇਂ ਸੇਖੋਂ ਹੋਰਾਂ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ।

ਤੁਸੀਂ ਵੀ ਸੇਖੋਂ ਸਾਹਬ ਵਾਂਗ ਮਾਰਕਸਵਾਦੀ ਫਲਸਫੇ ਨੂੰ ਪਰਨਾਏ ਹੋਏ ਹੋ। ਤੁਹਾਡੇ ਅਤੇ ਉਹਨਾਂ ਦੇ ਦ੍ਰਿਸ਼ਟੀਕੋਣ ਵਿਚ ਵਿਹਾਰਕ ਅੰਤਰ ਕੀ ਹੈ?

ਸੇਖੋਂ ਹੋਰਾਂ ਦੀ ਰੁਚੀ ਪਲੈਖਾਨੌਵ, ਲੈਨਿਨ ਅਤੇ ਲੂਕਾਚ ਅਦਿ ਦੇ ਚਿੰਤਨ ਵਿਚ ਵਧੇਰੇ ਸੀ। ਉਨ੍ਹਾਂ ਦਾ ਅਰਥ ਵਿਵਸਥਾ, ਰਾਜਸੀ ਚੇਤਨਾ ਅਤੇ ਇਤਿਹਾਸਕ ਸੂਝ ਬੂਝ ਨਾਲ ਵੱਧ ਲਗਾਵ ਸੀ। ਕਲਾਸਕੀ, ਯਥਾਰਥਵਾਦੀ ਅਤੇ ਪ੍ਰਗਤੀਵਾਦੀ ਸਾਹਿਤ ਨਾਲ ਉਨ੍ਹਾਂ ਦੀ ਪ੍ਰਤੀਬੱਧਤਾ ਸੀ। ਜਿਵੇਂ ਮੈਂ ਪਹਿਲਾਂ ਕਿਹਾ, ਫਰਾਇਡ ਦਾ, ਉਹ ਵੀ ਡੀ. ਐੱਚ. ਲਾਰੰਸ ਦੀਆਂ ਲਿਖਤਾਂ ਰਾਹੀਂ, ਬਹੁਤਾ ਪ੍ਰਭਾਵ ਸੀ। ਇਸ ਕਾਰਨ ਉਹ ਸਿਧਾਂਤਕ ਜਕੜ ਤੋਂ ਤਾਂ ਮੁਕਤ ਸਨ ਪਰ ਉਹ ਵੰਗਾਰ ਜਿਸਨੂੰ ਗ੍ਰਾਮਸ਼ੀ ਅਤੇ ਬੈਂਜਾਮਿਨ ਆਵਾਜ਼ ਦਿੰਦੇ ਸਨ, ਉਸਦੀ ਉਨ੍ਹਾਂ ਦੀ ਸਾਹਿਤਸਮੀਖਿਆ ਵਿਚ ਘਾਟ ਸੀ। ਮੈਂ ਗ੍ਰਾਮਸ਼ੀ ਤੇ ਬੈਂਜਾਮਿਨ ਵਾਂਗ ਖੰਡਨ ਅਤੇ ਮੰਡਨ ਤੋਂ ਪਾਰ ਲਿਖਤ ਦੇ ਗੁਣਵਾਚਕ ਅਧਿਐਨ ਵਿਚ ਯਕੀਨ ਰੱਖਦਾ ਹਾਂ। ਇਹਨਾਂ ਦੋਹਾਂ ਦੇ ਸੁਮੇਲ ਤੋਂ ਮੇਰੀ ਇਹ ਧਾਰਨਾ ਬਣੀ ਹੈ ਕਿ ਕਿਸੇ ਲਿਖਤ ਰਾਹੀਂ ਅਤੀਤ ਦਾ ਸਾਰ ਲੈ ਕੇ, ਇਸਦਾ ਵਰਤਮਾਨ ਲਈ ਮਹੱਤਵ ਦਰਸਾ ਕੇ, ਭਵਿੱਖ ਦੇ ਮੁੱਲ ਵੱਲ ਸੰਕੇਤ ਕਰਨਾ ਹੁੰਦਾ ਹੈ, ਕਿਉਂਕਿ ਹਰੇਕ ਯੁਗ ਵਿਚ ਭੂਤਕਾਲ ਦੇ ਨਾਲ ਵਰਤਮਾਨ ਦਾ ਭਵਿੱਖ ਬਣਿਆ ਆਇਆ ਹੈ। ਦੂਜੇ, ਸੇਖੋਂ ਹੋਰੀਂ ਨਿਰਵੇਚਨ ਦੇ ਭਾਵਾਰਥ ਨੂੰ ਸੀਮਾਬੱਧ ਕਰ ਦਿੰਦੇ ਹਨ। ਉਹ ਇਹ ਧਾਰ ਲੈਂਦੇ ਹਨ ਕਿ ਕਿਸੇ ਮਿੱਥਕ ਕਥਾ ਜਾਂ ਲੋਕ ਧਾਰਾਈ ਵਾਰਤਾ ਦੇ ਨਿਰਵੇਚਨ ਤੋਂ ਭਾਵ ਉਸਨੂੰ ਸਮਕਾਲੀ ਜੀਵਨ ਬੋਧ, ਭਾਵ ਮਾਰਕਸੀ ਚਿੰਤਨ ਅਨੁਸਾਰ ਹੀ ਪੇਸ਼ ਕਰਨਾ ਹੈ। ਪਰ ਮੇਰੇ ਅਨੁਸਾਰ, ਇਸ ਪੇਸ਼ਕਾਰੀ ਮੁਤਾਬਕ ਹੋਏ ਸਮਕਾਲੀ ਬੋਧ ਦਾ ਨਿਰਵੇਚਨ ਵੀ ਨਾਲ ਹੀ ਹੋਣਾ ਚਾਹੀਦਾ ਹੈ ਜਿਸਨੂੰ ਕੇਵਲ ਵਿਧੀ ਵਜੋਂ ਹੀ ਨਹੀਂ, ਪ੍ਰਕਿਰਿਆ ਵਜੋਂ ਵੀ ਸਾਕਾਰ ਕਰਨਾ ਜਰੂਰੀ ਹੈ।

ਫੇਰ ਸੇਖੋਂ ਸਾਹਬ ਦਾ ਸਿੱਧਾ ਪ੍ਰਭਾਵ ਤੁਸੀਂ ਨਹੀਂ ਕਬੂਲਿਆ?

ਇੰਨ ਬਿੰਨ ਨ੍ਹੀਂ ਕਬੂਲਿਆ। ਇਸ ਪ੍ਰਸੰਗ ਵਿਚ ਜੇ ਅੱਗੇ ਹੋਰ ਗੱਲ ਕਰਨੀ ਹੈ, ਤਾਂ ਏਹੀ ਕਹਾਂਗਾ ਕਿ ਮੇਰੀ ਸਾਹਿਤ-ਸਮੀਖਿਆ ਲਈ ਸੇਖੋਂ ਹੋਰਾਂ ਦੀ ਰਹਿਨੁਮਾਈ ਉਦਭਵ ਦੇ ਨਾਲ ਆਰੰਭ ਦਾ ਮਹੱਤਵ ਵੀ ਰੱਖਦੀ ਹੈ...

(ਵਿਚੋਂ ਟੋਕਦੇ ਹੋਏ) **ਸਰ, ਇਹ 'ਉਦਭਵ' ਮੇਰੀ ਸਮਝ ਤੋਂ ਬਾਹਰਲੀ ਗੱਲ ਹੈ। ਸ਼ਾਇਦ ਇਸੇ ਕਾਰਨ ਤੁਹਾਡੇ ਬਾਰੇ ਆਮ ਇਹ ਧਾਰਨਾ ਬਣੀ ਹੋਈ ਹੈ ਕਿ ਤੁਸੀਂ ਬਹੁਤ ਔਖੀ ਭਾਸ਼ਾ ਨੂੰ ਪ੍ਰਨਾਏ ਹੋਏ ਹੋ। ਤੁਹਾਡੀਆਂ ਪੁਸਤਕਾਂ-'ਪੰਜਾਬੀ ਸਭਿਆਚਾਰ:ਪ੍ਰਮਾਣ ਤੇ ਪ੍ਰਤੀਮਾਨ', 'ਪੰਜਾਬੀ ਸਭਿਆਚਾਰ:ਭਾਸ਼ਾ ਤੇ ਸਾਹਿਤ','ਸੰਤ ਸਿੰਘ ਸੇਖੋਂ', 'ਪਾਸ਼:ਜੀਵਨ ਤੇ ਰਚਨਾ', 'ਸੁਰਜੀਤ ਪਾਤਰ', 'ਅੰਮ੍ਰਿਤਾ ਸ਼ੇਰਗਿੱਲ' ਆਦਿ ਪੜ੍ਹਦਿਆਂ ਵੀ ਮੈਨੂੰ ਇਸ ਸਮੱਸਿਆ ਨਾਲ ਜੂਝਣਾ ਪਿਆ ਹੈ। ਇਸਦਾ ਕੀ ਕਾਰਨ ਹੈ?**

ਪਹਿਲਾਂ, 'ਉਦਭਵ' ਨੂੰ ਸਮਝ ਲੈ। ਜੇ ਫਸਲ ਦਾ ਅਲੰਕਾਰ ਲੈ ਕੇ ਗੱਲ ਕਰਨੀ ਹੋਵੇ ਤਾਂ 'ਉਦਭਵ' ਤੋਂ ਭਾਵ ਬੀਜ ਦਾ ਬੋਇਆ ਜਾਣਾ ਹੈ। ਉਦਭਵ, ਆਰੰਭ ਤੋਂ ਪਹਿਲਾਂ ਦੀ ਅਵਸਥਾ ਹੈ ਜਿਸ ਦੌਰਾਨ ਫਸਲ ਉੱਗ ਆਉਂਦੀ ਹੈ। ਹੁਣ ਔਖੀ ਭਾਸ਼ਾ ਵੱਲ ਆਈਏ। ਜਦੋਂ ਸੱਠਵਿਆਂ ਦੇ

ਆਰੰਭ ਵਿਚ ਮੈਂ ਸਮੀਖਿਆ ਦਾ ਕਾਰਜ ਸਿਰ ਲਿਆ ਤਾਂ ਜਾਤੀ ਮਜਬੂਰੀ ਦੀ ਮੈਂ ਪਕੜ ਵਿਚ ਸਾਂ। ਅੰਗਰੇਜ਼ੀ ਦਾ ਸ਼ਬਦ ਭੰਡਾਰ ਅਥਾਹ ਹੋਣ ਕਾਰਨ ਸ਼ਬਦ ਚੋਣ ਕਰਨ ਅਤੇ ਵਾਕ ਬਣਤਰ ਘੜਨ ਵਿਚ ਔਖ ਮਹਿਸੂਸ ਨਹੀਂ ਸੀ ਹੁੰਦੀ। ਪੰਜਾਬੀ ਘੱਟ ਪੜ੍ਹੀ ਹੋਣ ਕਰਕੇ ਪ੍ਰਬੀਨਤਾ ਦੀ ਘਾਟ ਰੜਕਦੀ ਰਹਿੰਦੀ ਸੀ। ਇਸ ਅਵਸਥਾ ਵਿਚ ਸੰਕਲਪ ਸ਼ਬਦਾਂ 'ਤੇ ਨਿਰਭਰ ਕਰਨਾ ਜਰੂਰੀ ਸੀ।

ਮਾਫ਼ ਕਰਨਾ ਜੀ। ਸੇਖੋਂ ਸਾਹਬ ਆਪ ਤੋਂ ਪਹਿਲੀ ਪੀੜ੍ਹੀ ਦੇ ਸਨ ਅਤੇ ਅੰਗਰੇਜ਼ੀ ਸਾਹਿਤ ਤੇ ਅਰਥ ਵਿਗਿਆਨ ਪੜ੍ਹਾਉਂਦੇ ਸਨ। ਉਹਨਾਂ ਨੂੰ ਇਹ ਮੁਸ਼ਕਲ ਕਿਉਂ ਪੇਸ਼ ਨਾ ਆਈ?

ਉਨ੍ਹਾਂ ਦੇ ਲਿਖਣ ਕਾਰਜ ਦਾ ਆਰੰਭ ਕਹਾਣੀ ਅਤੇ ਇਕਾਂਗੀ ਤੋਂ ਹੋਇਆ ਜਿਸ ਖਾਤਰ ਇਕਾਗਰਤਾ ਨੂੰ ਪ੍ਰਣਾਈ ਰਚਨਾਤਮਕ ਭਾਸ਼ਾ ਦੀ ਲੋੜ ਸੀ, ਬੌਧਿਕ ਪ੍ਰਚੰਡਤਾ ਨੂੰ ਅਰਪਤ ਬੌਧਿਕ ਭਾਸ਼ਾ ਦੀ ਨਹੀਂ। ਪਰ ਪੰਜਾਹਵਿਆਂ ਵਿਚ ਜਦ ਉਹਨਾਂ ਸਮੀਖਿਆ ਲਿਖਣੀ ਸ਼ੁਰੂ ਕੀਤੀ, ਤਾਂ ਉਨ੍ਹਾਂ ਦੀ ਭਾਸ਼ਾ ਵੀ ਬਹੁਤ ਦੀਰਘ ਹੋ ਗਈ। ਇਹ ਪ੍ਰਯਾਸ ਉਹਨਾਂ ਮਜਬੂਰੀ ਦੀ ਥਾਂ ਵੰਗਾਰ ਵੱਸ ਵਿੱਢਿਆ, ਜਿਸਦਾ ਇਕ ਇਤਿਹਾਸਕ ਕਾਰਨ ਵੀ ਸੀ।

ਇਤਿਹਾਸਕ ਮਜਬੂਰੀ ਕੀ ਸੀ, ਡਾਕਟਰ ਸਾਹਬ?

ਇਹ ਸੀ, ਦੇਸ ਦੇ ਆਜ਼ਾਦ ਹੋ ਜਾਣ ਉਪਰੰਤ ਸੰਸਾਰ ਦੇ ਚਿੱਤਰਪਟ 'ਤੇ ਆਪਣਾ ਵਿਲੱਖਣ ਸਥਾਨ ਬਣਾਉਣ ਦੀ ਤਾਂਘ ਜਿਸਨੂੰ ਜਵਾਹਰ ਲਾਲ ਨਹਿਰੂ ਦੀ ਅਗਵਾਈ ਤੋਂ ਬਹੁਤ ਬਲ ਮਿਲਦਾ ਸੀ। ਇਹ ਤਾਂਘ ਉਹ ਪ੍ਰਾਂਤਾਂ ਵਿਚ ਵੀ ਤੀਬਰ ਹੋਈ ਦੇਖਣ ਦਾ ਚਾਹਵਾਨ ਸੀ ਅਤੇ ਇਸ ਨੂੰ ਹੁੰਗਾਰਾ ਵੀ ਤਕੜਾ ਮਿਲ ਰਿਹਾ ਸੀ। ਸਾਹਿਤ ਰਚਨਾ ਅਤੇ ਇਸਦੀ ਸਮੀਖਿਆ ਅਜਿਹੀ ਧਾਰਾ ਵਿਕਸਤ ਕਰਨ ਲਈ ਉਤਾਵਲੀਆਂ ਸਨ ਜਿਸਦੀ ਆਪਣੀ ਆਭਾ ਤੇ ਨੁਹਾਰ ਹੋਵੇ। ਪ੍ਰਗਤੀਵਾਦੀ ਦਿੱਖ ਅਤੇ ਦੱਖ ਵਾਲੀ ਧਾਰਾ, ਮਾਰਕਸੀ ਜੀਵਨ ਬੋਧ ਜਿਸਦਾ ਪ੍ਰੇਰਣਾ ਸਰੋਤ ਸਿੱਧ ਹੋ ਸਕਦਾ ਸੀ। ਇਸ ਬਹੁ-ਆਕਾਰੀ ਵੰਗਾਰ ਨੂੰ ਪੰਜਾਬੀ ਵਿਚ ਵਿਕਸਤ ਕਰਨ ਦਾ ਬੀੜਾ ਸੇਖੋਂ ਹੋਰਾਂ ਨੇ ਚੁੱਕਿਆ।

ਸਰ, ਭਾਸ਼ਾ ਦੇ ਔਖੀ ਜਾਂ ਸੌਖੀ ਹੋਣ ਨਾਲ ਇਸ ਵੰਗਾਰ ਦਾ ਕੀ ਸੰਬੰਧ ਸੀ?

ਗਹਿਰਾ ਸੰਬੰਧ ਸੀ, ਬਿਲਿੰਗ। ਸਮੀਖਿਆ ਖਾਤਰ ਗਹਿਰ ਗੰਭੀਰ ਭਾਸ਼ਾ ਦੀ ਲੋੜ ਸੀ। ਪਹਿਲਾਂ ਸਾਰਾ ਕੁਝ ਉੱਘੜ- ਦੁੱਘੜ ਸੀ। ਲੇਖਕ ਜਾਂ ਕਵੀ ਦੇ ਜੀਵਨ ਨੂੰ ਸਪਾਟ ਜਿਹੇ ਢੰਗ ਨਾਲ ਖੰਡਨ ਮੰਡਨ ਦਾ ਆਧਾਰ ਬਣਾ ਲਿਆ ਜਾਂਦਾ। ਉਰਦੂ ਅਤੇ ਫਾਰਸੀ ਦੇ ਕੁਝ ਸ਼ਬਦ- ਅਦਬ, ਮੁਖਤਸਰ, ਤਵਾਰੀਖ, ਤਬਸਰਾ- ਆਦਿ ਨਾਲ ਹੀ ਬੁੱਤਾ ਸਾਰ ਲੈਂਦੇ।

ਮੈਨੂੰ ਇਸ ਸੰਬੰਧ ਵਿਚ ਸੇਖੋਂ ਸਾਹਬ ਦਾ ਕਿਤੇ ਲਿਖਿਆ ਯਾਦ ਆ ਰਿਹੈ, ਸਰ, ਕਿ 'ਹੁਣ ਸਾਨੂੰ ਪ੍ਰੇਰਨਾ ਤੇ ਭਾਸ਼ਾਈ ਸਾਂਝ ਲਈ ਵਾਹਗੇ ਤੋਂ ਪਾਰ ਝਾਕਣ ਦੀ ਬਜਾਏ ਅੰਬਾਲੇ ਤੋਂ ਪਾਰਲੇ ਭਾਰਤ ਵੱਲ ਦੇਖਣਾ ਚਾਹੀਦਾ'।

ਮੈਂ ਏਹੀ ਕਹਿਣ ਜਾ ਰਿਹਾ ਸੀ। ਹੁਣ ਸਮੀਖਿਆ ਕੰਮ ਚਲਾਈ ਤਕ ਸੀਮਿਤ ਨਹੀਂ ਸੀ ਰਹਿ ਸਕਦੀ। ਸਮਕਾਲੀ ਚਿੰਤਨ ਅਤੇ ਸਿਧਾਂਤ ਦੇ ਸਹਾਰੇ ਹੁਣ ਉਸਨੇ ਬੌਧਿਕ ਅਤੇ ਵਿਚਾਰਧਾਰਕ ਮੰਡਲਾਂ ਵਿਚ ਵਿਚਰਨਾ ਸੀ। ਪਾਕਿਸਤਾਨ ਦੇ ਵੱਖਰਾ ਹੀ ਨਹੀਂ ਵਿਰੋਧੀ ਦੇਸ ਵਜੋਂ ਹੋਂਦ ਵਿਚ ਆ ਜਾਣ ਕਾਰਨ ਉਰਦੂ ਫਾਰਸੀ ਸਾਡੇ ਲਈ ਓਪਰੇ ਹੋ ਗਏ ਸਨ। ਇਸ ਸਥਿਤੀ ਵਿਚ ਸੰਸਕ੍ਰਿਤ ਨੂੰ ਸਰੋਤ ਮੰਨਣਾ ਜਰੂਰੀ ਹੀ ਨਹੀਂ, ਕਾਰਗਰ ਵੀ ਸੀ। ਇਹ ਬੀੜਾ ਵੀ ਸੇਖੋਂ ਸਾਹਬ ਨੇ ਹੀ ਚੁੱਕਿਆ ਜਿਸਦਾ ਸੋਹਨ ਸਿੰਘ ਜੋਸ਼ ਵਰਗਿਆਂ ਨੇ ਵਿਰੋਧ ਵੀ ਕੀਤਾ। ਪਰ ਸਮੀਖਿਆ ਵਿਚ ਰੁਚੀ ਰੱਖਣ ਵਾਲੇ ਬੁੱਧੀਜੀਵੀ ਅਤੇ ਉਚੇਰੀ ਵਿੱਦਿਆ ਪ੍ਰਦਾਨ ਕਰਨ ਵਾਲੇ ਪ੍ਰਾਧਿਆਪਕ ਖ਼ਾਸ ਕਰਕੇ- ਡਾ.ਪ੍ਰੇਮ ਪ੍ਰਕਾਸ਼ ਸਿੰਘ, ਡਾ.ਅਤਰ ਸਿੰਘ, ਪ੍ਰੋ.ਵਿੱਦਿਆ ਭਾਸਕਰ ਅਰੁਣ,

ਪ੍ਰੋਫੈਸਰ ਗੁਲਵੰਤ ਸਿੰਘ ਇਸੇ ਰਾਹ ਚੱਲ ਪਏ। ਮੈਂ ਪਿੱਛੇ ਕਿਵੇਂ ਰਹਿ ਜਾਂਦਾ।

ਹੋਰ ਵਿਰੋਧ ਵੀ ਤਾਂ ਜਰੂਰ ਹੋਇਆ ਹੋਊ, ਜੀ?

ਮੈਂ ਕਿਹਾ ਤਾਂ ਹੈ, ਸੋਹਨ ਸਿਹੁੰ ਜੋਸ਼ ਆਪਣੀ 'ਗੁਫ਼ਤਗੂ', 'ਪੜਚੋਲ', 'ਪੜਚੋਲੀਆ', 'ਪਰਖ-ਪਾਰਖੂ' ਆਦਿ ਧਾਰਨਾਵਾਂ ਉੱਤੇ ਅੜਿਆ ਸੀ। ਪਰ ਸੇਖੋਂ ਸਾਹਬ ਨੂੰ ਇਹ ਸ਼ਬਦ ਹਲਕੇ ਪੱਧਰ ਦੇ ਲੱਗਦੇ। ਅੰਗਰੇਜ਼ੀ ਦੀ ਸਰਪ੍ਰਸਤੀ ਕਰਨ ਵਾਲਿਆਂ ਦਾ ਵਿਰੋਧ ਇਹ ਸੀ ਕਿ ਪੰਜਾਬੀ ਤਾਂ ਆਲੋਚਨਾ ਦੀ ਭਾਸ਼ਾ ਹੀ ਨਹੀਂ ਹੋ ਸਕਦੀ। ਉਹ ਪੰਜਾਬੀ ਸਮੇਤ ਸਾਰੀਆਂ ਭਾਰਤੀ ਬੋਲੀਆਂ ਨੂੰ ਸਿਰਫ ਬੋਲਚਾਲ ਦੇ ਹੀ ਯੋਗ ਸਮਝਦੇ। ਉਹਨਾਂ ਅਨੁਸਾਰ ਬੌਧਿਕ ਪ੍ਰਕਾਰ ਦੀ ਲਿਖਤ ਲਈ ਪ੍ਰਾਂਤਕ ਭਾਸ਼ਾਵਾਂ ਅਯੋਗ ਸਨ।

ਮੇਰਾ ਪ੍ਰਸ਼ਨ ਤਾਂ ਉੱਥੇ ਹੀ ਖੜ੍ਹਾ ਰਹਿ ਗਿਆ ਕਿ ਆਲੋਚਨਾ ਦੀ ਭਾਸ਼ਾ, ਮੰਨ ਲੈਂਦੇ ਹਾਂ ਸਾਹਿਤ ਨਾਲੋਂ, ਬੋਲ ਚਾਲ ਨਾਲੋਂ ਕੁਝ ਵੱਖਰੀ ਹੋਵੇ, ਪਰ ਆਮ ਲੇਖਕ ਤੇ ਗੰਭੀਰ ਪਾਠਕ ਦੀ ਸਮਝ ਵਿਚ ਆਉਣ ਯੋਗ ਕਿਉਂ ਨ੍ਹੀਂ ਹੋ ਸਕਦੀ?

(ਹੱਸ ਕੇ)-- ਹੋਣੀ ਚਾਹੀਦੀ ਹੈ। ਬਾਅਦ ਵਿਚ ਸੇਖੋਂ ਹੋਰਾਂ ਨੇ ਵੀ ਤੇਰੇ ਜੇਹਿਆਂ ਦੀ ਇਸ ਔਕੜ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਹੀ ਨਹੀਂ ਕੀਤਾ, ਸਗੋਂ ਇਸਨੂੰ ਕਾਰਗਰ ਕਰਨ ਦੀ ਪਹਿਲ ਵੀ ਉਹਨਾਂ ਨੇ ਹੀ ਕੀਤੀ। ਪਹਿਲਾਂ ਉਹਨਾਂ ਦਾ ਰੁਝਾਨ ਸੰਸਕ੍ਰਿਤ ਤੋਂ ਤਤਸਮ ਰੂਪ ਲੈਣ ਦਾ ਵਧੇਰੇ ਸੀ। ਆਪਣੇ ਲੇਖ 'ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਕਾਸ ਦੀਆਂ ਸਮੱਸਿਆਵਾਂ' ਵਿਚ ਇਸਦਾ ਦਾਅਵਾ ਵੀ ਬੜੇ ਧੜੱਲੇ ਨਾਲ ਕੀਤਾ ਸੀ, ਜਿਸ ਅਨੁਸਾਰ ਸੰਬੰਧਤ ਸ਼ਬਦ ਦੇ ਜੋੜ, ਉਚਾਰਨ ਅਤੇ ਭਾਵਾਰਥ ਨੂੰ ਬਦਲਣਾ ਉਚਿਤ ਨਹੀਂ ਸੀ। ਪਰ ਸੱਠਵਿਆਂ ਤੋਂ ਉਹਨਾਂ ਗੁਰਬਾਣੀ ਨੂੰ ਆਪਣਾ ਸਰੋਤ ਮੰਨ ਕੇ ਸੰਕਲਪ ਸ਼ਬਦ ਤਦਭਵ ਰੂਪ ਵਿਚ ਘੜਨੇ ਆਰੰਭ ਕਰ ਦਿੱਤੇ। 'ਨਿਰਵੇਚਨ' ਇਸੇ ਤਰ੍ਹਾਂ ਦੀ ਕਾਢ ਸੀ ਕਿਉਂਕਿ ਗੁਰੂ ਨਾਨਕ ਨੇ ਵੀ ਪੰਜਾਬੀ ਦੇ ਲਿਖਤੀ ਰੂਪ ਨੂੰ ਭਰਪੂਰ ਤੇ ਵਿਸ਼ਾਲ ਕਰਨ ਖਾਤਰ ਇਹ ਦੋਨੋਂ ਵਿਧੀਆਂ ਵਰਤੀਆਂ। ਇਸ ਅਨੁਸਾਰ 'ਹਸਤ' ਤੋਂ 'ਹੱਥ' ਅਤੇ 'ਮਸਤਕ' ਤੋਂ 'ਮੱਥਾ' ਘੜਨਾ ਬਿਲਕੁਲ ਸਹੀ ਸੀ। ਪਰ ਸੇਖੋਂ ਹੋਰਾਂ ਦੀ ਰਾਏ ਅਨੁਸਾਰ ਹੁਣ ਵੀ ਜੇ ਅਸੀਂ ਕਿਸੇ ਦੀਰਘ ਵਿਸ਼ੇ 'ਤੇ ਵਿਚਾਰ ਕਰਨਾ ਹੋਵੇ ਤਾਂ ਪੰਜਾਬੀ ਮੁਹਾਵਰੇ ਨੂੰ ਸ਼ੁੱਧ ਰੱਖਣ ਖਾਤਰ ਗੁਰੂ ਸਾਹਿਬ ਦੇ ਸਿਰਜੇ ਸ਼ਬਦਭੰਡਾਰ ਦਾ ਆਸਰਾ ਲੈਣਾ ਉਚਿਤ ਹੀ ਨਹੀਂ, ਜਰੂਰੀ ਵੀ ਹੈ।

ਪੰਜਾਬੀ ਸਾਹਿਤ ਜਗਤ ਦੇ 'ਬਾਬਾ ਬੋਹੜ' ਬਾਰੇ ਕੋਈ ਅਜਿਹੀ ਗੱਲ, ਜਿਹੜੀ ਅਜੇ ਤਕ ਤੁਹਾਥੋਂ ਬਿਨਾਂ ਕਿਸੇ ਹੋਰ ਨੂੰ ਨਾ ਪਤਾ ਹੋਵੇ?

(ਸੋਚਦੇ ਹੋਏ) ...ਮੇਰੇ ਨਾਲ ਉਹਨਾਂ ਦਾ ਮੋਹ, ਜਿਵੇਂ ਬੇਬੇ ਜੀ ਨੇ ਮੈਨੂੰ ਦੱਸਿਆ, ਇਸ ਲਈ ਵੀ ਬਹੁਤਾ ਸੀ ਕਿ ਉਹਨਾਂ ਦਾ ਇਕ ਵੱਡਾ ਪੁੱਤਰ ਵੀ ਸੀ ਜਿਸਦਾ ਲਾਡ ਦਾ ਨਾਂ 'ਨੌਢੂ' ਸੀ, ਜਿਹੜਾ ਇੰਨਬਿੰਨ ਮੇਰਾ ਹਾਣੀ ਸੀ, ਪਰ ਉਹ ਬਚਪਨ ਵਿਚ ਹੀ ਕਾਲਵੱਸ ਹੋ ਗਿਆ ਸੀ। ਉਦੋਂ ਸੇਖੋਂ ਸਾਹਿਬ ਖਾਲਸਾ ਕਾਲਿਜ ਅੰਮ੍ਰਿਤਸਰ 'ਚ ਪੜ੍ਹਾਉਂਦੇ ਸਨ..।

ਕੋਈ ਹੋਰ ਗੁੱਝਾ ਭੇਤ?

ਅਜੇ ਰਹਿਣ ਹੀ ਦੇਈਏ।

ਅੱਛਾ ਜੀ, ਇਹ ਤਾਂ ਹੋਈ ਮੋਹ ਦੇ ਰਿਸ਼ਤੇ ਦੀ ਗੱਲ। ਵੈਸੇ, ਜਿਸ ਵਿਵੇਕ ਨਾਲ ਤੁਸੀਂ ਸੇਖੋਂ ਫਲਸਫੇ, ਸਮੀਖਿਆ ਅਤੇ ਸਾਹਿਤ-ਸਿਰਜਣਾ ਨੂੰ ਸਮਝਿਆ ਹੈ, ਉਹ ਪ੍ਰਸ਼ੰਸਾਜੋਗ ਹੈ। ਕੀ ਅੰਮ੍ਰਿਤਾ ਸ਼ੇਰਗਿੱਲ ਬਾਰੇ ਪੂਰੀ ਪੁਸਤਕ ਲਿਖਣ ਪਿੱਛੇ ਵੀ ਕੋਈ ਭਾਵੁਕਤਾ ਭਾਰੂ ਸੀ, ਜਾਂ ਸੱਚਮੁਚ ਤੁਹਾਨੂੰ ਉਸਦੀ ਕਲਾ ਨੇ ਪ੍ਰਭਾਵਤ ਕੀਤਾ ?

ਉਦਭਵ ਅਰਥਾਤ ਜਨਮ ਤਾਂ ਇਸਦਾ ਰਸਿਕਤਾ ਵਿਚੋਂ ਹੀ ਹੋਇਆ। ਜਦ ਮੈਂ ਅਜੇ ਸਕੂਲ

ਵਿਚ ਹੀ ਪੜ੍ਹਦਾ ਸਾਂ, ਸਾਡੇ ਗੁਆਂਢ ਰਹਿੰਦੀ ਇਕ ਵਿਧਵਾ ਔਰਤ ਦੀ ਮੁਟਿਆਰ ਧੀ, ਬੰਬਈ ਤੋਂ, ਜਿੱਥੇ ਉਹ ਪੜ੍ਹਦੀ ਸੀ, ਮਿਲਣ ਲਈ ਪਿੰਡ ਆਈ। ਮੇਰੇ ਨਾਲੋਂ ਉਮਰ ਵਿਚ ਅੱਠ ਸਾਲ ਵੱਡੀ, ਪਰ ਦੇਖਣ ਨੂੰ ਛੋਟੀ ਬਹੁਤ ਪਿਆਰੀ ਲੱਗਦੀ ਸੀ। ਆਉਂਦੀ ਹੋਈ ਉਹ ਆਪਣੇ ਨਾਲ 'ਇਲੱਸਟ੍ਰੇਟਿਡ ਵੀਕਲੀ' ਦੀ ਇਕ ਕਾਪੀ ਲਿਆਈ ਜਿਸ ਵਿਚ ਅੰਮ੍ਰਿਤਾ ਸ਼ੇਰਗਿੱਲ ਦੀ ਤਸਵੀਰ ਸੀ। ਮੋਟੀਆਂ ਅੱਖਾਂ ਜੋ ਬਾਹਰ ਵੱਲ ਝਾਕਦੀਆਂ, ਅੰਦਰ ਉਸਦੇ ਮਨ ਵਿਚ ਵੀ ਝਾਤ ਪਾਉਂਦੀਆਂ ਲੱਗੀਆਂ। ਫੁੱਲਵਾਂ ਨੱਕ, ਭਰਵੇਂ ਬੁੱਲ੍ਹਾਂ ਵਾਲੀ ਉਸ ਤਸਵੀਰ ਵਿਚੋਂ ਉਸ ਲੜਕੀ ਦਾ ਹੀ ਝਲਕਾਰਾ ਪੈਂਦਾ ਰਿਹਾ। ਜਾਣ ਵੇਲੇ ਇਹ ਰਿਸਾਲਾ ਉਹ ਮੈਨੂੰ ਦੇ ਗਈ ਜਿਹੜਾ ਮੈਂ ਹੁਣ ਤਕ ਵੀ ਸੰਭਾਲਿਆ ਹੋਇਆ ਹੈ।

ਪਰ ਕਿਤਾਬ ਵਿਚ ਤੁਸੀਂ ਕਾਫ਼ੀ ਮੁੱਲਵਾਨ ਸਮੱਗਰੀ ਪਰੋਸੀ ਹੋਈ ਹੈ?

ਪੰਜਾਹਵਿਆਂ ਦੇ ਅੰਤਲੇ ਸਾਲਾਂ ਦੌਰਾਨ ਸੇਖੋਂ ਹੋਰਾਂ ਦੇ ਨਾਟਕ 'ਕਲਾਕਾਰ' ਬਾਰੇ ਭਰਪੂਰ ਬਹਿਸ ਛਿੜ ਪਈ। ਪ੍ਰੋ. ਕਿਸ਼ਨ ਸਿੰਘ ਨੇ ਇਸਦੇ ਬਹੁਤ ਵਿਰੁੱਧ ਲਿਖਿਆ। ਪਰ ਡਾ. ਅਤਰ ਸਿੰਘ ਅਤੇ ਵਿਦਿਆ ਭਾਸਕਰ ਅਰੁਣ ਨੇ ਇਸ ਨੂੰ ਖ਼ੂਬ ਸਲਾਹਿਆ। ਬੜੀ ਲਗਨ ਨਾਲ ਮੈਂ ਇਹ ਨਾਟਕ ਪੜ੍ਹਿਆ ਜਿਸ ਵਿਚ ਇੰਦਰ ਦੀ ਕਲਾਕਾਰ ਭੈਣ ਚੰਦਰਮਾ ਦਾ ਅੰਮ੍ਰਿਤਾ ਸ਼ੇਰਗਿੱਲ ਬਾਰੇ ਇਕ ਕਥਨ ਸੀ ਕਿ ਉਸ ਰਾਹੀਂ ਪੰਜਾਬੀ ਕਲਾ ਦਾ ਅਦਭੁੱਤ ਆਰੰਭ ਹੋ ਰਿਹਾ ਸੀ। ਇਹ ਉਸਦੇ ਪੰਜਾਬੀ ਖ਼ੂਨ ਕਾਰਨ ਸੀ ਜਿਸਨੂੰ ਯੂਰਪੀ ਮਾਂ ਦੇ ਪੇਟੋਂ ਹੋਇਆ ਉਸਦਾ ਜਨਮ ਵੀ ਝੁਠਲਾ ਨਹੀਂ ਸੀ ਸਕਿਆ। ਇਸ ਕਥਨ ਨੇ ਮੇਰੇ ਸਾਹਮਣੇ ਉਸਦੀ ਕਲਾ ਨੂੰ ਪਛਾਣਨ ਦੇ ਦੁਆਰ ਖੋਲ ਦਿੱਤੇ। ਫੇਰ 'ਮਾਰਗ' ਨਾਮਕ ਰਿਸਾਲੇ ਦੇ ਅੰਮ੍ਰਿਤਾ ਸ਼ੇਰਗਿੱਲ ਅੰਕ ਅਤੇ ਜਵਾਹਰ ਲਾਲ ਨਹਿਰੂ ਨੂੰ ਲਿਖੇ ਇਕ ਪੱਤਰ ਵਿਚਲੇ ਅੰਮ੍ਰਿਤਾ ਦੇ ਕਥਨ ਕਿ ਬੰਦੇ ਨੂੰ ਸਾਗਰ ਵੱਲ ਵਧਣਾ ਚਾਹੀਦਾ ਹੈ, ਨੇ ਮੈਨੂੰ ਚਿਤੱਰਕਲਾ ਦੇ ਇਸ ਸੋਮੇ ਵੱਲ ਵਧਣ ਲਈ ਹੋਰ ਉਤਸ਼ਾਹ ਦਿੱਤਾ ।

ਅੱਜ ਤਕ ਆਪਣੇ ਵੱਲੋਂ ਕੀਤੇ ਜਾਂ ਭਾਰਤੀ ਸਾਹਿਤ ਅਕਾਦਮੀ ਤੇ ਪੰਜਾਬੀ ਯੂਨੀਵਰਸਿਟੀ ਲਈ ਕੀਤੇ ਕਾਰਜਾਂ ਵਿਚੋਂ ਤੁਹਾਨੂੰ ਸਭ ਤੋਂ ਨਿੱਗਰ ਕਾਰਜ ਕਿਹੜਾ ਜਾਪਦਾ ਹੈ?

ਮੇਰਾ ਕਾਰਜ ਪੰਜ ਦਿਸ਼ਾਵਾਂ ਵਿਚ ਫੈਲਿਆ ਹੈ- ਸਮੀਖਿਆ ਸਿਧਾਂਤ ਜਿਸਨੂੰ ਸਿਰਜਣ ਖਾਤਰ ਮੈਂ ਆਧੁਨਿਕ ਤੋਂ ਆਧੁਨਿਕ ਧਾਰਾਵਾਂ ਨਾਲ ਸਿੱਝਿਆ ਹਾਂ-ਉੱਤਰ ਸਰੰਚਨਾਵਾਦ, ਉੱਤਰ ਆਧੁਨਿਕਤਾਵਾਦ ਅਤੇ ਵਿਰਚਨਾਵਾਦ। ਜਦੋਂ ਕਿ ਮੇਰੇ ਤੋਂ ਪਹਿਲਾਂ ਦੇ ਸਮੀਖਿਅਕ ਸੇਖੋਂ ਹੋਰੀਂ ਅਤੇ ਡਾ. ਅਤਰ ਸਿੰਘ ਆਪਣਾ ਸੰਵਾਦ ਆਦਰਸ਼ਵਾਦ, ਅਧਿਆਤਮਵਾਦ ਅਤੇ ਗੌਣ ਰੂਪ ਵਿਚ ਸਰੰਚਨਾਵਾਦ ਤੇ ਅਸਤਿੱਤਵਵਾਦ ਨਾਲ ਰਚਾਉਂਦੇ ਸਨ। ਅੱਗੇ ਹੈ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਜਿਸ ਵਿਚ ਸੇਖੋਂ ਰਚਨਾਵਲੀ, ਹੀਰ ਵਾਰਿਸ ਸ਼ਾਹ, ਜੰਗਨਾਮਾ ਸ਼ਾਹ ਮੁਹੰਮਦ ਪ੍ਰਮੁੱਖ ਹਨ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਸੇਖੋਂ ਹੋਰਾਂ ਸਮੇਤ ਹੁਣ ਤਕ ਜੋ ਕੰਮ ਹੋਇਆ ਹੈ, ਉਸ ਵਿਚ ਤਿੰਨ ਧਾਰਾਵਾਂ- ਬਾਣੀ, ਸੂਫੀ ਕਾਵਿ ਤੇ ਕਿੱਸਾ ਕਾਵਿ ਪਮੁੱਖ ਹਨ। ਪਰ ਮੇਰੇ ਅਨੁਸਾਰ ਵਾਰ ਕਾਵਿ ਦੀ ਚੌਥੀ ਵੱਖਰੀ ਧਾਰਾ ਬਣਦੀ ਹੈ। ਇਹਨਾਂ ਦੇ ਅੱਗੇ ਦੋ ਗੁੱਟ- ਬਾਣੀ ਤੇ ਵਾਰ ਕਾਵਿ, ਵਾਰ ਕਾਵਿ ਤੇ ਕਿੱਸਾ ਕਾਵਿ- ਬਣਦੇ ਹਨ। ਪੰਜਾਬੀ ਵਿਚ ਇਹਨਾਂ ਵਿਚ ਅੰਤਰ ਕਿਰਿਆ ਬਹੁਤ ਘੱਟ ਹੋਈ ਹੈ, ਜਿਸਦਾ ਕਾਰਨ ਸਾਡੇ ਸਭਿਆਚਾਰ ਵਿਚ ਵਿਆਪਕ ਸੰਕਟ ਤੋਂ ਪ੍ਰਤੱਖ ਹੋ ਜਾਂਦਾ ਹੈ। ਅਤੇ ਫੇਰ ਲੇਖਕਾਂ-ਚਿੰਤਕਾਂ ਦੀਆਂ ਜੀਵਨੀਆਂ ਜਿਵੇਂ ਗ੍ਰਾਮਸ਼ੀ, ਸੇਖੋਂ, ਅਤੇ ਹੋਰ ਜੀਵਨੀਆਂ ਹਨ। ਚੌਥੇ, ਤੁਲਨਾਤਮਕ ਸਾਹਿਤ ਵਿਚ ਲੋਰਕਾ, ਪਾਬਲੋ ਨੈਰੂਦਾ, ਵਲੈਖੇ ਬਾਰੇ ਲਿਖਤਾਂ ਹਨ। ਫੇਰ ਦੇਸੀ ਬਦੇਸੀ ਲੇਖਕਾਂ ਦੀਆਂ ਰਚਨਾਵਾਂ ਜਿਵੇਂ 'ਸੌ ਸਾਲ ਦਾ ਇਕਲਾਪਾ', 'ਜੁੱਗ ਬਦਲ ਗਿਆ', ਮਨਜੀਤਪਾਲ ਦਾ ਨਾਟਕ 'ਸੁੰਦਰਾਂ' ਅਤੇ ਭਾਈ ਕਾਹਨ ਸਿੰਘ ਨਾਭਾ ਦੇ 'ਮਹਾਨ ਕੋਸ਼' ਸਮੇਤ ਅੰਗਰੇਜ਼ੀ ਅਨੁਵਾਦ ਹਨ। ਸੰਤ ਸਿੰਘ ਸੇਖੋਂ ਦੇ

ਇਤਿਹਾਸਕ ਨਾਟਕਾਂ ਦਾ ਮੇਰੇ ਕੋਲੋਂ ਭਾਰਤੀ ਸਾਹਿਤ ਅਕਾਦਮੀ ਵੱਲੋਂ ਅੰਗਰੇਜ਼ੀ ਵਿਚ ਕਰਵਾਇਆ ਅਨੁਵਾਦ। ਬਈ, ਸਭ ਤੋਂ ਨਿੱਗਰ ਕਾਰਜ ਕਿਹੜਾ ਹੈ, ਇਹ ਨਿਰਣਾ ਤਾਂ ਮੈਂ ਨੀ ਕਰ ਸਕਦਾ। ਆਲੋਚਕ ਜਾਂ ਪਾਠਕ ਜਗਤ ਹੀ ਕਰੇਗਾ ।

ਡਾਕਟਰ ਸਾਹਬ, ਤੁਹਾਡੇ ਸੰਰਚਨਾਵਾਦ ਤੋਂ ਮੈਨੂੰ ਯਾਦ ਆਇਆ ਕਿ ਡਾ. ਹਰਿਭਜਨ ਸਿੰਘ ਦਾ ਇਸ ਸੰਬੰਧ ਵਿਚ ਕੋਈ ਸਥਾਨ ਨਹੀਂ ਬਣਦਾ?

ਕਿਉਂ ਨਹੀਂ। ਨਿਰਸੰਦੇਹ, ਉਹ ਚੋਟੀ ਦੇ ਸ਼ਾਇਰ ਅਤੇ ਸਮੀਖਿਅੱਕ ਸਨ। ਪਰ ਜਿਸ ਤਰ੍ਹਾਂ ਦਾ ਸੰਵਾਦ ਸੇਖੋਂ ਸਾਹਬ ਦਾ, ਜਾਂ ਡਾ. ਅਤਰ ਸਿੰਘ ਦਾ, ਜਾਂ ਮਗਰੋਂ ਡਾ. ਰਵਿਦੰਰ ਰਵੀ ਜਾਂ ਮੇਰਾ ਸੀ; ਡਾ. ਹਰਿਭਜਨ ਸਿੰਘ ਦਾ ਨਹੀਂ ਸੀ। ਹਰਿਭਜਨ ਸਿੰਘ ਦੀ ਖ਼ੂਬੀ ਇਹ ਰਹੀ ਕਿ ਉਹ ਕਿਸੇ ਚਿੰਤਨ ਧਾਰਾ ਵਿਚੋਂ ਮਨਇੱਛਿਤ ਹਿੱਸਾ ਲੈਕੇ ਆਪਣੀ ਖ਼ੂਬਸੂਰਤ ਭਾਸ਼ਾ ਵਿਚ ਢਾਲ ਲੈਂਦੇ, ਅਤੇ ਪਾਠਕਾਂ ਨੂੰ ਮਾਇਲ ਕਰ ਲੈਂਦੇ। ਪਰ ਇਹ ਗੁਣ ਉਹਨਾਂ ਦੇ ਪ੍ਰਸ਼ਸੰਸਕਾਂ ਤੇ ਸ਼ਾਗਿਰਦਾਂ 'ਚੋਂ ਕਿਸੇ ਦੇ ਹਿੱਸੇ ਨਹੀਂ ਆਇਆ।

ਮਰਹੂਮ ਡਾ. ਰਵਿੰਦਰ ਰਵੀ ਦੀ ਘਾਲਣਾ ਬਾਰੇ ਕੁਝ ਸ਼ਬਦ?

ਉਹ ਬਹੁਤ ਜ਼ਹੀਨ ਬੁੱਧੀਜੀਵੀ ਅਤੇ ਮੇਰਾ ਗੂੜ੍ਹਾ ਮਿੱਤਰ ਸੀ। ਨਵ-ਆਲੋਚਨਾ ਨਾਲ ਉਸ ਵੱਲੋਂ ਰਚਾਇਆ ਸੰਵਾਦ ਉਸਦੀ ਨਿਸਚਤ ਪ੍ਰਾਪਤੀ ਸੀ। ਬਾਅਦ ਵਿਚ ਉਸਨੇ ਰੂਸੀ, ਖ਼ਾਸ ਕਰਕੇ ਰੋਲਾਂ ਬਾਰਤ ਦੇ ਫਰਾਂਸੀਸੀ ਚਿਹਨਵਾਦ ਨਾਲ ਵੀ ਦਸਤ ਪੰਜਾ ਲੈਣਾ ਆਰੰਭ ਕਰ ਦਿੱਤਾ। ਇਹ ਅਜੇ ਮੁੱਢਲੇ ਦੌਰ ਵਿਚ ਸੀ ਕਿ ਉਸਦੀ ਹੱਤਿਆ ਹੋ ਗਈ। ਉਸਦੇ ਸ਼ੋਕ ਸਮਾਗਮ ਮੌਕੇ ਮੈਂ ਉਸਦੀ ਸਭ ਤੋਂ ਪ੍ਰੌਢ ਲਿਖਿਤ - 'ਵਿਰਸਾ ਤੇ ਵਰਤਮਾਨ'- ਉੱਤੇ ਪੇਪਰ ਪੜ੍ਹਿਆ ਸੀ ਅਤੇ ਇਹਨੂੰ ਆਪਣੀ ਪੁਸਤਕ 'ਪੰਜਾਬੀ ਸਭਿਆਚਾਰ:ਪਰਮਾਣ ਤੇ ਪ੍ਰਤੀਮਾਨ'- ਨਾਲ ਤੁਲਨਾਇਆ ਵੀ ਸੀ, ਕਿਉਂਕਿ ਇਹ ਦੋਵੇਂ ਪੁਸਤਕਾਂ ਇਕੋ ਸਾਲ ਸ਼ਾਇਦ 1986 ਵਿਚ ਛਪੀਆਂ ਸਨ।

ਪੰਜਾਬੀ ਪਿਛੋਕੜ ਵਾਲਾ ਕੋਈ ਵਿਦਵਾਨ ਜਾਂ ਸਮੀਖਿਅਕ ਜਿਸਦੇ ਤੁਸੀਂ ਕਦਰਦਾਨ ਹੋ?

ਵਿਦਵਾਨ ਪ੍ਰੋਫੈਸਰ ਰੋਮਿਲਾ ਥਾਪਰ ਅਤੇ ਆਲੋਚਕ ਪ੍ਰੋ. ਜਸਬੀਰ ਜੈਨ। ਆਦਿ ਕਾਲ ਦੇ ਪੰਜਾਬ ਬਾਰੇ ਸੰਸਾਰ ਪ੍ਰਸਿੱਧ ਇਤਿਹਾਸਕਾਰ ਰੋਮਿਲਾ ਥਾਪਰ ਦੋ ਲੇਖ ਹਨ। ਜਿਸ ਸੂਝ ਅਤੇ ਸੋਝੀ ਨਾਲ ਉਹਨਾਂ ਭਾਰਤੀ ਇਤਿਹਾਸ, ਸਭਿਆਚਾਰ ਅਤੇ ਦਰਸ਼ਨ ਦਾ ਨਿਰਵੇਚਨ ਕੀਤਾ, ਉਹ ਮੈਨੂੰ ਬਹੁਤ ਟੁੰਬਦਾ ਹੈ। 'ਸ਼ਕੁੰਤਲਾ' ਨਾਮੀਂ ਕਿਤਾਬ ਉਹਨਾਂ ਨੇ ਮਿਥਿਹਾਸਕ ਪਾਤਰ ਸਕੁੰਤਲਾ ਨਾਲ ਉਸੇ ਪ੍ਰਕਾਰ ਦੇ ਮੋਹ ਵੱਸ ਲਿਖੀ ਲਗਦੀ ਜਿਸਦੇ ਵਹਿਣ ਵਿਚ ਮੈਂ ਅੰਮ੍ਰਿਤਾ ਸ਼ੇਰਗਿੱਲ ਬਾਰੇ ਲਿਖੀ ਸੀ। ਭਾਰਤੀ ਭਾਸ਼ਾਵਾਂ ਦੇ ਸਾਹਿਤ ਦਾ ਤੁਲਨਾਤਮਕ ਅਧਿਐਨ ਕਰਨ ਕਰਕੇ ਪ੍ਰੋ. ਜਸਬੀਰ ਜੈਨ ਦਾ ਵੱਡਾ ਨਾਂ ਹੈ। ਅਸੀਂ ਪੰਜਾਬ ਦੀਆਂ ਭਾਸ਼ਾਵਾਂ ਦੇ ਤੁਲਨਾਤਮਕ ਅਧਿਐਨ ਕਰਨ ਦੀ ਸਾਂਝੀ ਯੋਜਨਾ ਬਣਾਈ ਹੋਈ ਹੈ। ਇਸ ਅਧੀਨ ਉਸਨੇ ਪੰਜਾਬ ਦੇ ਹਿੰਦੀ ਤੇ ਅੰਗਰੇਜ਼ੀ ਸਾਹਿਤ, ਜਦੋਂ ਕਿ ਮੈਂ ਪੰਜਾਬੀ ਤੇ ਉਰਦੂ ਸਾਹਿਤ ਬਾਰੇ ਲਿਖਣਾ ਹੈ। ਅੰਮ੍ਰਿਤਾ ਸ਼ੇਰਗਿੱਲ ਸਮੇਤ ਉਸਨੇ ਮੇਰੀਆਂ ਕਈ ਪੁਸਤਕਾਂ ਦੇ ਉੱਚ ਪਾਏ ਦੇ ਰੀਵੀਊ ਕੀਤੇ ਹਨ।

'ਜੰਗਨਾਮਾ ਸ਼ਾਹ ਮੁਹੰਮਦ' ਦੀ ਰਣਜੀਤ ਸਿੰਘ ਦੇ ਰਾਜ ਬਾਰੇ ਦਰਸਾਈ ਕਿਹੜੀ ਵਿਸ਼ੇਸ਼ਤਾ ਨੇ ਤੁਹਾਨੂੰ ਪ੍ਰਭਾਵਤ ਕੀਤਾ?

ਉਸਨੇ ਮਹਾਰਾਜਾ ਰਣਜੀਤ ਸਿੰਘ ਦੇ ਚਿਤਰਨ ਰਾਹੀਂ ਪਹਿਲੀ ਬਾਰ ਇਹ ਦਰਸਾਇਆ ਕਿ ਪੰਜਾਬ ਉਦਾਲਿਉਂ ਪੈਂਦੇ ਦਬਾਵਾਂ ਤੋਂ ਮੁਕਤ ਕਿਵੇਂ ਰਹਿ ਸਕਦਾ ਹੈ। ਡੂੰਘੇ ਅਰਥਾਂ ਅਤੇ ਦੂਰਰਸ਼ੀ ਪ੍ਰਭਾਵਾਂ ਵਾਲੀ ਇਸ ਰਚਨਾ ਦੁਆਰਾ ਉਸਨੇ ਅੰਗਰੇਜ਼ੀ ਰਾਜ ਤੋਂ ਪਹਿਲਾਂ ਦੇ ਪੰਜਾਬ ਦੇ ਦੁਖਾਂਤ ਨੂੰ ਇਉਂ ਚਿਤਰਨ ਦੀ ਪਹਿਲ ਕੀਤੀ ਜਿਸ ਕਰਕੇ ਉਹ ਸਹੀ ਅਰਥਾਂ ਵਿਚ ਪੰਜਾਬ ਦਾ ਪਹਿਲਾ ਕੌਮੀ ਸ਼ਾਇਰ ਅਖਵਾਉਣ ਦਾ ਹੱਕਦਾਰ ਬਣਦਾ ਹੈ। ਪਰ ਨਾਲ ਹੀ ਸ਼ਾਹ ਮੁਹੰਮਦ ਦੇ ਅਚੇਤ

ਵਿਚ ਇਹ ਗੱਲ ਵੀ ਬੈਠੀ ਹੋਈ ਸੀ ਕਿ ਰਣਜੀਤ ਸਿੰਘ ਦਾ ਰਾਜ ਕੇਵਲ ਰਾਜਸੀ ਤਾਕਤ ਦਾ ਹੀ ਕ੍ਰਿਸ਼ਮਾ ਸੀ, ਜਿੱਥੇ ਕਿਸੇ ਸਪਸ਼ਟ ਵਿੱਦਿਅਕ ਨੀਤੀ ਜਾਂ ਸਮਾਜ ਸੁਧਾਰ ਦੀ ਕੋਈ ਵਿਸ਼ੇਸ਼ ਗੱਲ ਨਹੀਂ ਸੀ। 'ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ/ਨਾਲ ਜ਼ੋਰ ਦੇ ਧਰਤਿ ਹਿਲਾਏ ਗਿਆ'। ਇੰਝ ਉਹ ਮਹਾਰਾਜੇ ਦਾ ਮੁਕਾਬਲਾ ਮੱਧਕਾਲੀ ਜੋਧਿਆਂ ਨਾਲ ਤਾਂ ਕਰਦਾ ਹੈ ਪਰ ਅਸ਼ੋਕ ਵਰਗੇ ਸ਼ਾਂਤੀ ਪਸੰਦ ਤੇ ਨੇਕ ਸਮਰਾਟਾਂ ਨਾਲ ਨਹੀਂ।

ਨਾਵਲ ਦੇ ਤਿੰਨ ਰੂਪ ਕਿਹੜੇ ਹਨ ਜਿਹਨਾਂ ਦਾ ਤੁਸੀਂ 'ਪੰਜਾਬੀ ਸਭਿਆਚਾਰ:ਪਰਮਾਣ ਤੇ ਪ੍ਰਤੀਮਾਨ' ਵਿਚ ਜ਼ਿਕਰ ਕੀਤਾ ਹੈ?

ਮਹਾਂ ਕਾਵਿਕ ਨਾਵਲ ਜਿਹੜਾ ਕਿਸੇ ਇਤਿਹਾਸਕ ਮੋੜ 'ਤੇ ਪਹੁੰਚੇ ਸਮਾਜ ਨੂੰ ਪੂਰਾ ਚਿੱਤਰੇ, ਜਿਵੇਂ ਮਹਾਂਕਾਵਾਂ ਵਿਚ ਕੀਤਾ ਗਿਆ ਹੈ। ਦੂਜਾ, ਵਿਗਠਤ ਜਾਂ ਸਪਲਿੱਟ ਨਾਵਲ ਜਿਹੜਾ ਸਮਾਜਕ ਚਿਤਰਨ ਅਤੇ ਮਾਨਸਿਕ ਚਿਤਰਨ ਵਿਚਲੀ ਅੰਤਰ ਕਿਰਿਆ ਦਾ ਤਵਾਜ਼ਨ ਕਾਇਮ ਨਾ ਰੱਖ ਸਕੇ। ਤੀਜਾ, ਅਨਿਉਕਤੀਮਈ ਜਾਂ ਐਲੀਗੌਰੀਕਲ ਨਾਵਲ, ਜਿਸ ਵਿਚ ਲੰਬੀ, ਸਾਧਾਰਨ ਕਥਾ ਰਾਹੀਂ ਜੀਵਨ ਯਥਾਰਥ ਨੂੰ ਚਿੱਤਰਿਆ ਜਾਵੇ, ਜਿਵੇਂ ਕਾਫਕਾ ਨੇ ਕੀਤਾ।

ਕੀ ਅੱਜੋਕਾ ਪੰਜਾਬੀ ਨਾਵਲ ਵੀ ਜੀਵਨ ਦੇ ਇਕ-ਅੱਧ ਪੱਖ ਦਾ ਹੀ ਸਰਲੀਕਰਨ ਕਰਦਾ ਹੈ?

ਜਿਹੜੇ ਪੰਜਾਬੀ ਨਾਵਲ ਜ਼ਿਆਦਾ ਚਰਚਿਤ ਹੋਏ ਹਨ, ਉਹ ਇਸੇ ਵੰਨਗੀ ਵਿਚ ਆਉਂਦੇ ਹਨ। ਐਪਰ ਕੁਝ ਨਾਵਲ ਇਸ ਸੀਮਾ ਤੋਂ ਪਾਰ ਵੀ ਜਾਂਦੇ ਹਨ ਜਿਵੇਂ ਗੁਰਦਿਆਲ ਸਿੰਘ ਦਾ 'ਪਰਸਾ', ਮਨਮੋਹਨ ਬਾਵਾ ਦਾ 'ਯੁੱਧਨਾਦ' ਅਤੇ ਤੇਰਾ 'ਖੇੜੇ ਸੁੱਖ ਵਿਹੜੇ ਸੁੱਖ'।

ਭਲਾ ਪੰਜਾਬੀ ਵਿਚ ਮਹਾਂ ਕਾਵਿਕ ਨਾਵਲ ਕਿਉਂ ਨ੍ਹੀਂ ਰਚਿਆ ਗਿਆ ?

ਜਿਸ ਸਮਾਜ ਤੇ ਸਭਿਆਚਾਰ ਨੇ ਕੋਈ ਬਹੁਤ ਵੱਡੀ ਇਤਿਹਾਸਕ ਚੁਣੌਤੀ ਸਵੀਕਾਰ ਨਾ ਕੀਤੀ ਹੋਵੇ, ਉੱਥੇ ਮਹਾਂ ਕਾਵਿਕ ਨਾਵਲ ਦੀ ਰਚਨਾ ਕਿਵੇਂ ਹੋ ਸਕਦੀ ਹੈ। ਮਿਸਾਲ ਵਜੋਂ, ਪੰਜਾਬ ਉੱਤੇ ਪੱਛਮ ਵੱਲੋਂ ਲਗਾਤਾਰ ਹਮਲੇ ਹੁੰਦੇ ਰਹੇ ਪਰ ਅਠਾਰਵੀਂ ਸਦੀ ਤਕ ਕੋਈ ਦੁਸ਼ਮਣ ਮੂਹਰੇ ਡੱਟਿਆ ਹੀ ਨਹੀਂ। ਅਠਾਰਵੀਂ ਸਦੀ ਵਿਚ ਇਕ ਦੋ ਵਾਰੀ ਸਿੱਖਾਂ ਨੇ ਜ਼ਰੂਰ ਮੁਕਾਬਲਾ ਕੀਤਾ। ਪਰ ਇਹ ਟਾਕਰਾ ਉਸ ਪੱਧਰ ਦਾ ਨਹੀਂ ਸੀ ਜਿਵੇਂ ਨਪੋਲੀਅਨ ਦੇ ਹਮਲੇ ਸਮੇਂ ਰੂਸੀਆਂ ਨੇ, ਜਾਂ ਮੁਸਲਮਾਨਾਂ ਦੇ ਆਕਰਮਣ ਵੇਲੇ ਸਪੇਨੀਆਂ ਨੇ ਕੀਤਾ। ਜਾਂ ਲਾਤੀਨੀ ਅਮਰੀਕਾ ਵਿਚ ਕੋਲੰਬੀਆ ਦੇ ਲੋਕ ਹਰ ਤਰਫੋਂ ਹੁੰਦੇ ਜ਼ੁਲਮ ਦੀ ਚੁਣੌਤੀ ਨੂੰ ਸਦੀਆਂ ਤਕ ਜਿਉਂਦੇ ਰਹੇ, ਜਿਸ ਵਿਚੋਂ ਮਾਰਕੇਜ਼ ਦਾ 'ਵੰਨ ਹੰਡਅਰਡ ਯੀਅਰਜ਼ ਔਵ ਸੌਲੀਟਿਊਡ' ਨਿਕਲਿਆ। ਤਾਲਸਤਾਇ ਦਾ 'ਵਾਰ ਐਂਡ ਪੀਸ' ਵੀ ਨਪੋਲੀਅਨ ਦੇ ਹਮਲੇ ਸਮੇਂ ਦੇ ਰੂਸ ਦੇ ਹਾਲਾਤ ਦੀ ਉਪਜ ਸੀ ਜਦੋਂ ਕਿ ਸਰਵਨਤੇ ਦਾ 'ਡੌਨ ਕਹੋਤੇ' ਸਪੇਨੀਆਂ ਦੀ ਮੁਸਲਮਾਨਾਂ ਵਿਰੁੱਧ ਜੱਦੋਜਹਿਦ ਨੂੰ ਦਰਸਾਉਂਦਾ ਹੈ, ਜਿਹੜਾ ਯੂਰਪ ਦਾ ਪਹਿਲਾ ਨਾਵਲ ਹੈ ਪਰ ਜਿਸਦੀ ਵਿਕਰੀ ਸ਼ੇਕਸਪੀਅਰ ਦੀਆਂ ਸਾਰੀਆਂ ਕ੍ਰਿਤਾਂ ਦੀ ਵਿਕਰੀ ਤੋਂ ਵੱਧ ਹੋਈ ਦੱਸੀ ਜਾਂਦੀ ਹੈ।

ਇੰਗਲੈਂਡ ਦਾ ਅੱਜੋਕਾ ਅੰਗਰੇਜ਼ੀ ਸਾਹਿਤ ਪਹਿਲਾਂ ਵਾਂਗ ਮਕਬੂਲ ਕਿਉਂ ਨਹੀਂ ਹੋਇਆ?

ਅਵਤਾਰ, ਤੂੰ ਵੀ ਜਾਣਦਾ ਹੋਏਂਗਾ ਕਿ ਸਾਹਿਤ ਸਿਰਜਣਾ ਲਈ ਤਿੰਨ ਬੁਨਿਆਦੀ ਚੀਜ਼ਾਂ ਦੀ ਲੋੜ ਹੈ- ਅਨੁਭਵ, ਸਿਮਰਤੀ ਅਤੇ ਕਲਪਨਾ। ਅਨੁਭਵ ਆਪਣਾ ਹੁੰਦਾ ਹੈ। ਉਸਦੀ ਸਿਮਰਤੀ ਅਨੁਭਵ ਨੂੰ ਪਿਛਾਂਹ ਲੈ ਜਾਂਦੀ ਹੈ ਜਦਕਿ ਕਲਪਨਾ ਉਸ ਅਨੁਭਵ ਦੀਆਂ ਅਗਲੀਆਂ ਸੰਭਾਵਨਾਵਾਂ ਨੂੰ ਦਰਸਾਉਂਦੀ ਹੈ। ਉਦਯੋਗੀਕਰਨ ਕਰਕੇ ਉੱਥੇ ਏਨੀ ਤਬਦੀਲੀ ਆ ਗਈ ਕਿ ਅਨੁਭਵ ਦਾ ਖੇਤਰ ਬੜਾ ਸੀਮਿਤ ਹੋ ਗਿਆ। ਜਿਸ ਕਾਰਨ ਮੈਮਰੀ memory ਜਾਂ ਸਿਮਰਤੀ ਵੀ ਸੁੰਗੜ ਗਈ। ਕਿਸੇ ਵੇਲੇ ਉੱਚੀਆਂ ਉਡਾਰੀਆਂ ਲਾਉਣ ਵਾਲੀ ਕਲਪਨਾ, ਹੁਣ ਸੂਚਨਾ ਦਾ ਸ਼ਿਕਾਰ ਹੋ ਗਈ। ਸੋ ਸਤਹੀ ਜਾਂ ਤਕਨੀਕੀ ਸਾਹਿਤ ਦੀ ਪੈਦਾਇਸ਼ ਹੀ ਸੰਭਵ ਹੋ ਸਕੀ।

ਪਾਸ਼ ਅਤੇ ਪਾਤਰ, ਦੋਹਾਂ ਬਾਰੇ ਤੁਸੀਂ ਬੜੇ ਮੋਹ ਨਾਲ ਲਿਖਿਆ ਹੈ। ਦੋਹਾਂ ਵਿਚੋਂ ਕਿਸਨੂੰ ਤੁਸੀਂ ਦੂਰ ਰਸੀ ਪ੍ਰਭਾਵ ਪਾਉਣ ਵਾਲਾ ਸ਼ਾਇਰ ਮੰਨਦੇ ਹੋ?

ਦੋਹਾਂ ਨਾਲ ਮੈਨੂੰ ਬੜਾ ਮੋਹ ਹੈ, ਜਿਵੇਂ ਤੂੰ ਆਖਿਐ। ਪਾਸ਼ ਕ੍ਰਾਂਤੀਕਾਰੀ ਕਵੀ ਸੀ। ਸਮਾਜਕ ਸੰਸਥਾਵਾਂ, ਰਾਜਸੀ ਅਦਾਰਿਆਂ, ਰਵਾਇਤੀ ਮਾਨਤਾਵਾਂ ਅਤੇ ਮਨੋਗ੍ਰੰਥੀਆਂ ਦਾ ਵਿਰੋਧੀ ਹੁੰਦਾ ਹੋਇਆ, ਉਹ ਇਹਨਾਂ ਨੂੰ ਉਖਾੜ ਦੇਣ ਵਿਚ ਵਿਸ਼ਵਾਸ ਰੱਖਦਾ ਸੀ। ਰਾਜਸੀ ਚੇਤਨਾ ਰੱਖਣ ਵਾਲੇ ਸਰੋਤੇ ਉਸਦੀ ਕਵਿਤਾ ਵਿਚਲੇ ਠਾਠਾਂ ਮਾਰਦੇ ਸੰਵਾਦ ਨਾਲ ਇਕ ਵਾਰੀ ਤਾਂ ਹਲੂਣੇ ਜਾਂਦੇ ਹਨ। ਸੰਕਟ ਵਾਲੇ ਸਮੇਂ ਅਜਿਹਾ ਸਾਹਿਤ ਬੜਾ ਸਮਰੱਥ ਹੁੰਦਾ ਹੋਇਆ, ਪਾਠਕਾਂ ਨੂੰ ਬੇਚੈਨ ਕਰਦਾ ਹੈ। ਬਾਕੀ ਸਮੇਂ ਕਵੀ ਬੇਸ਼ੱਕ ਮੁੱਖ ਭੂਮੀ ਵਿਚ ਰਹਿੰਦਾ ਹੈ ਪਰ ਉਸਦਾ ਸਾਹਿਤ ਪਿੱਠ ਭੂਮੀ ਵਿਚ ਚਲਾ ਜਾਂਦਾ ਹੈ। ਪਾਤਰ ਨਿਰਵੇਚਨੀ ਕਵੀ ਹੈ। ਸੰਸਥਾਵਾਂ, ਅਦਾਰਿਆਂ, ਮਾਨਤਾਵਾਂ ਤੇ ਮਨੋਗ੍ਰੰਥੀਆਂ 'ਤੇ ਉਹ ਸੂਖਮ ਚੋਟਾਂ ਲਾਉਂਦਾ ਹੈ। ਸੰਵਾਦ ਦੇ ਨਾਲ ਉਸਦੀ ਕਵਿਤਾ ਵਿਚ ਪ੍ਰਗੀਤ ਨਿੱਗਰ ਥਾਂ ਬਣਾ ਲੈਂਦਾ ਹੈ। ਉਸਦੇ ਸਰੋਤੇ ਮੰਤਰ ਮੁਗਧ ਹੋਏ, ਉਸਦੇ ਬੋਲਾਂ ਨੂੰ ਆਪਣੇ ਚੇਤੰਨ ਅਤੇ ਅਚੇਤ ਵਿਚ ਸੰਭਾਲ ਲੈਂਦੇ ਹਨ। ਜੇ ਉਸਦੀ ਸੁਰ ਨਿਰਵੇਚਨੀ ਰਹੇਗੀ ਤਾਂ ਉਸਦਾ ਪ੍ਰਭਾਵ ਬਣਿਆ ਰਹੇਗਾ। ਪਾਠਕਾਂ ਨੂੰ ਉਹ ਆਪਣੀ ਸੰਵਾਦੀ ਜਾਂ ਪ੍ਰਗੀਤਮਈ ਕਵਿਤਾ ਨਾਲ ਕਾਇਲ ਕਰਦਾ ਰਹੇ, ਮਾਇਲ ਹੋਣ ਦਾ ਮੌਕਾ ਨਾ ਦੇਵੇ, ਇਸੇ ਵਿਚ ਉਸਦੀ ਦੂਰਵਰਤੀ ਅਪੀਲ ਨਿਹਿਤ ਹੈ।

ਡਾ. ਸਾਹਬ, ਕੀ ਸੁਰਜੀਤ ਪਾਤਰ ਦਾ ਝੁਕਾਅ ਤੁਹਾਨੂੰ ਵੀ ਸਥਾਪਤੀ ਪੱਖੀ ਹੋ ਗਿਆ ਜਾਪਦਾ ਹੈ, ਜਿਵੇਂ ਕੁਝ ਢੁੱਚਰੀ ਕਿਸਮ ਦੇ ਲੋਕ ਕਹਿੰਦੇ ਸੁਣੀਂਦੇ ਹਨ?

ਅਸਲ ਵਿਚ ਜਿਸ ਤਰ੍ਹਾਂ ਦਾ ਸ਼ਾਇਰ ਪਾਤਰ ਹੈ, ਉਸਦਾ ਕਰਤੱਵ ਉਸ ਜਲਧਾਰਾ ਵਰਗਾ ਹੁੰਦੈ, ਜੋ ਪੱਥਰ ਉੱਤੇ ਡਿਗਦੀ, ਉਸ ਨਾਲ ਲਗਾਤਾਰ ਖਹਿੰਦੀ ਹੋਈ, ਉਸਨੂੰ ਖੋਰ ਦਿੰਦੀ ਹੈ। ਪਰ ਉਹੀ ਪਥਰੀਲੀ ਚਟਾਨ ਉਹਦੇ ਵਹਾਅ ਸਾਹਮਣੇ ਰੁਕਾਵਟ ਵੀ ਬਣੀ ਰਹਿੰਦੀ ਹੈ। ਇਸ ਤਰ੍ਹਾਂ ਦੇ ਕੈਰੀਅਰ ਵਾਲਾ ਸੁਰਜੀਤ ਪਾਤਰ, ਸੰਸਥਾਵਾਂ ਜਾਂ ਮਾਨਤਾਵਾਂ ਨੂੰ ਖੋਰਦਾ ਤਾਂ ਹੈ, ਪਰ ਉਸਦੇ ਪ੍ਰਗੀਤ ਉੱਤੇ ਲੋਕ ਏਨੇ ਮਾਇਲ ਹੋ ਜਾਂਦੇ ਨੇ ਕਿ ਉਹ ਕਈ ਵਾਰੀ ਉਹਨਾਂ ਨੂੰ ਕਾਵਿ ਰਚਨਾ ਅਤੇ ਆਪਣੇ ਨਿੱਜੀ ਕਿਰਦਾਰ ਦੀ ਰਿਆਇਤ ਵੀ ਦੇ ਹੀ ਦਿੰਦਾ ਹੈ।

ਡਾ. ਸਾਹਬ, ਤੁਹਾਡਾ ਕਾਰਜ ਖੇਤਰ ਬੜਾ ਵਿਸ਼ਾਲ ਅਤੇ ਸਾਰਥਕ ਕੰਮ ਹੀ ਬਹੁਤ ਮੁੱਲਵਾਨ ਹੈ। ਪਰ ਆਪਣੇ ਅਨੁਵਾਦਾਂ, ਇਤਿਹਾਸਕਾਰੀ ਜਾਂ ਜੀਵਨੀ ਸਾਹਿਤ ਵਿਚੋਂ ਕੁਝ ਸਮਾਂ ਕੱਢ ਕੇ ਸਾਹਿਤ ਤੇ ਕਲਾ ਦੇ ਸਿਧਾਂਤ ਨਾਲ ਸੰਬੰਧਤ ਕੋਈ ਹੋਰ ਯਾਦਗਾਰੀ ਪੁਸਤਕ ਵੀ ਸਾਨੂੰ ਦਿਓਗੇ?

ਨਿਰਾਸ ਨਾ ਹੋ, ਅਵਤਾਰ! ਇਹ ਵੀ ਹੋ ਜਾਵੇਗਾ। ਪਰ ਪਹਿਲਾਂ, ਸੇਖੋਂ ਸਾਹਿਬ ਦਾ ਵਿੱਢਿਆ, ਛੇ ਜਿਲਦਾਂ ਵਿਚ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਦਾ ਕਾਰਜ ਫਤਿਹ ਹੋ ਜਾਵੇ, ਜਿਸਦੀ ਸਾਰੀ ਜਿੰਮੇਵਾਰੀ ਮੇਰੇ 'ਤੇ ਆਣ ਪਈ ਹੈ। ਨਵੀਨ ਕਵਿਤਾ ਬਾਰੇ ਜਿਲਦ ਛਪ ਚੁੱਕੀ ਹੈ। ਵਾਰਤਕ ਬਾਰੇ ਤਿਆਰ ਹੈ। ਨਾਵਲ, ਨਾਟਕ, ਕਹਾਣੀ, ਸਮੀਖਿਆ ਤੇ ਭਾਸ਼ਾ ਬਾਰੇ ਅਜੇ ਲਿਖਣਾ ਹੈ। ਗੁਰੂ ਨਾਨਕ ਦੀ ਭਾਸ਼ਾ ਅਤੇ ਕਾਵਿ ਕਲਾ ਬਾਰੇ ਮੈਂ ਅੰਗਰੇਜ਼ੀ, ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਵਿਸਤਾਰ ਨਾਲ ਲਿਖਣਾ ਚਾਹੁੰਦਾ ਹਾਂ। ਤੇਰਾ ਉਲਾਂਭਾ ਭੀ ਲਾਹ ਦੇਵਾਂਗੇ ।

ਬਹੁਤ ਮਿਹਰਬਾਨੀ ਤੁਹਾਡੀ, ਡਾਕਟਰ ਸਾਹਬ! ਕੋਈ ਹੋਰ ਗੱਲ ਜੋ ਕਹਿਣੋਂ ਰਹਿ ਗਈ ਹੋਵੇ?

ਮਿਰਜ਼ਾ ਗ਼ਾਲਿਬ ਦਾ ਇਹ ਸ਼ਿਅਰ ਇਕ ਹਰਫ਼ (ਨਜ਼ਰ) ਬਦਲ ਕੇ ਬੋਲ ਰਿਹਾਂ:

ਹੈ ਜੁਸਤਜੂ ਕਿ ਖ਼ੂਬ ਸੇ ਹੈ ਖ਼ੂਬਤਰ ਕਹਾਂ,
ਅਬ ਦੇਖੀਏ ਯੇ (ਕਲਮ) ਰੁਕਤੀ ਹੈ ਜਾ ਕਰ ਕਹਾਂ □□

(ਪਿੰਡ+ਡਾ. ਸੇਹ, ਤਸੀਲ ਖੰਨਾ, ਜ਼ਿਲ੍ਹਾ ਲੁਧਿਆਣਾ - ਮੋਬਾਈਲ 8284909596)

ਅਮਰੀਕਾ ਵਿਚ ਨਸਲ-ਵਾਦ; ਭਾਰਤ ਵਿਚ ਸੰਪਰਦਾਯਕਤਾ

ਸੁਰਜੀਤ ਹਾਂਸ

The Machinery of Whiteness: Studies in Structure of Racialization, Steve Martinot, Temple University Press, Philadelphia, 2010, Rs. 1190/-

ਅਮਰੀਕਾ ਵਿਚ ਨਸਲ-ਵਾਦ ਬੜਾ ਪੁਰਾਣਾ ਹੈ ਜੋ ਮਿਟਣ ਦਾ ਨਾਉਂ ਨਹੀਂ ਲੈਂਦਾ; ਭਾਰਤ ਦੀ ਸੰਪਰਦਾਯਕਤਾ ਵਿਧਾਰਮਿਕ (secular) ਦਮਗਜਿਆਂ ਦੇ ਬਾਵਜੂਦ ਵਾਧੇ ਪਈ ਜਾਂਦੀ ਹੈ। ਅਮਰੀਕੀ ਨਸਲ-ਵਾਦ ਦੇ ਅਧਿਐਨ ਤੋਂ ਦੋ ਗੱਲਾਂ ਸਾਹਮਣੇ ਆਈਆਂ ਹਨ। ਇਕ ਤਾਂ ਰਿਆਸਤ ਵਿਚ ਨੀਮ-ਰਿਆਸਤ (para-state) ਦੀ ਹੋਂਦ ਹੈ ਜਿਸ ਦਾ ਆਧਾਰ ਵਿਧਾਨ ਨਹੀਂ ਸਗੋਂ ਵਿਅਕਤੀਆਂ, ਸੰਸਥਾਵਾਂ ਦਾ ਅਭਿਨਯ-ਨ (performance) ਅਤੇ ਵਿਚਰਦੀ ਉਪ-ਕਲਪਨਾ (imaginary) ਹੈ, ਜਿਹੜੀ ਗਹਿਣ, ਤਰਕ-ਆਧਾਰਤ ਸ਼ੈਣਿਕ ਚੇਤਨਾ ਤੋਂ ਵੱਖਰੀ ਹੈ, ਜੋ ਅ-ਜਟਲ ਦ੍ਰਿਸ਼ਟਮਾਨ ਹੈ।

ਨਾਨਕ ਸਿੰਘ ਦੇ ਨਾਵਲ 'ਮੀਝਧਾਰ' ਵਿਚ ਹਿੰਦੂ ਸਿੱਖ ਸੰਪਰਦਾਵਾਂ ਦੀ ਖਿੱਚੋਤਾਣ ਆਜ਼ਾਦੀ ਮਗਰੋਂ ਆਉਂਦੇ ਮਹੀਨੇ ਹੀ ਸ਼ੁਰੂ ਹੋ ਜਾਂਦੀ ਹੈ ਜਿਸ ਦਾ ਸੰਯੁਕਤ ਅਖਾੜਾ ਪੰਜਾਬ ਦੀ ਸਮੱਸਿਆ ਤਕ ਪਹੁੰਚ ਜਾਂਦਾ ਹੈ। ਮੁਸਲਿਮ-ਵਿਰੋਧੀ ਹਿੰਦੂ ਸੰਪਰਦਾਯਕਤਾ ਬਾਬਰੀ ਮਸਜਿਦ ਢਾਉਂਦੀ ਗੁਜਰਾਤ ਦੰਗਿਆਂ ਤੋੜੀ ਅੱਪੜ ਜਾਂਦੀ ਹੈ। ਜੰਮੂ-ਕਸ਼ਮੀਰ ਦੇ ਕਸ਼ਮੀਰ ਭਾਗ ਵਿਚ ਮੁਸਲਿਮ ਫਿਰਕਾ-ਪ੍ਰਸਤੀ ਦੀ ਪੰਡਿਤ-ਵਿਰੋਧੀ ਕਾਰਵਾਈ ਦੀ ਮੈਨੂੰ ਖ਼ਾਸ ਖ਼ਬਰ ਨਹੀਂ।

ਇਕ ਦੋ ਗੱਲਾਂ ਲਫ਼ਜ਼ਾਂ ਬਾਰੇ। ਫਿਰਕਾ (ਫਿਰਕਹ) ਅਰਬੀ ਵਿਚ 'ਕੌਮ' 'ਗਰੋਹ' ਨੂੰ ਕਹਿੰਦੇ ਹਨ ('ਲੁਗਾਤ ਕਿਸ਼ਵਰੀ', 533); ਸੰਪਰਦਾਯ ਦਾ ਮਤਲਬ ਹੈ 'ਪਰੰਪਰਾ ਤੋਂ ਚਲੀ ਆਈ ਧਰਮ ਰੀਤਿ' (ਮਹਾਨ ਕੋਸ਼, 247)। ਇਨ੍ਹਾਂ ਦੋਵੇਂ ਲਫ਼ਜ਼ਾਂ ਦਾ ਅਰਥ communalism ਨਹੀਂ। ਉੱਤਰ-ਅੰਗਰੇਜ਼ ਰਾਜ ਵਿਚ ਅਜਿਹਾ ਸਮਾਜੀ ਯਥਾਰਥ ਪੈਦਾ ਹੋਇਆ ਜਿਸ ਦੇ ਨਾਮਕਰਨ ਲਈ ਪੁਰਾਣੇ ਲਫ਼ਜ਼ ਵਰਤ ਲਏ ਗਏ। ਜੇ ਸਾਡੀ ਬੋਲੀ ਵਿਚ ਕਿਸੇ ਯਥਾਰਥ ਲਈ ਸ਼ਬਦ ਨਹੀਂ ਹੈ ਤਾਂ ਉਹ ਕਿਸੇ ਹੱਦ ਤਕ ਯਥਾਰਥ ਵੀ ਨਹੀਂ ਹੈ, ਉਹਨੂੰ ਅਣਗੌਲਿਆ ਯਥਾਰਥ ਕਹਿ ਸਕਦੇ ਹਾਂ ਜਿਸ ਦੀ ਸਮਕਾਲੀ ਪੁੱਛ ਪੜਤਾਲ ਨਹੀਂ ਹੋ ਸਕੀ। ਜਿਵੇਂ ਅੱਜ ਇਰਾਕ 'ਤੇ ਵਿਦੇਸ਼ੀ ਰਾਜ ਕਾਰਨ ਅਣਹੋਂਦੀ ਸ਼ੀਆ ਸੁੰਨੀ ਫਿਰਕਾ-ਪ੍ਰਸਤੀ ਪ੍ਰਗਟ ਹੋਈ, ਇੰਝੇ ਸੰਪਰਦਾਯਕਤਾ ਹਿੰਦੋਸਤਾਨ ਵਿਚ ਅੰਗਰੇਜ਼ੀ ਰਾਜ ਦੇ ਸੰਦਰਭ ਦੀ ਦੇਣ ਹੈ।

ਨਸਲਪ੍ਰਸਤੀ ਯੌਰਪ ਦੀ ਕਾਢ ਅਤੇ ਦੇਣ ਹੈ।

000

ਸਨ 1776 ਵਿਚ ਅਮਰੀਕਨ ਆਜ਼ਾਦੀ ਦੇ ਐਲਾਨ ਅਨੁਸਾਰ 'ਸਾਰੇ ਮਾਣਸ ਬਰਾਬਰ ਹਨ' ਪਰ ਇਹਦਾ ਅਰਥ ਸੀ ਸਾਰੇ ਸ਼ਵੇਤ (White) ਮਾਣਸ ਬਰਾਬਰ ਹਨ।

ਫੇਰ 1800 ਵਿਚ ਪੈਨਸਿਲਵੇਨੀਆ ਦੇ ਆਜ਼ਾਦ ਕਾਲ਼ਿਆਂ ਨੇ ਕਾਂਗਰਸ ਨੂੰ ਅਪੀਲ ਕੀਤੀ ਕਿ ਮੁਲਕ 'ਚੋਂ ਗ਼ੁਲਾਮੀ ਖ਼ਤਮ ਕਰ ਦਿੱਤੀ ਜਾਵੇ ਤਾਂ ਫ਼ੈਸਲਾ ਹੋਇਆ ਕਿ ਅਸ਼ਵੇਤ ਕਾਂਗਰਸ ਨੂੰ ਅਪੀਲ ਨਹੀਂ ਕਰ ਸਕਦੇ।

ਸਨ 1806 ਵਿਚ ਕਾਂਗਰਸ ਵਿਚ ਕਿਸੇ ਦੱਖਣ (South) ਦੇ ਕਾਂਗਰਸਮੈਨ ਦਾ ਕਹਿਣਾ ਸੀ ਕਿ ਆਜ਼ਾਦ ਕਾਲ਼ੇ (ਗ਼ੁਲਾਮ) 'ਕਤਲ, ਚੋਰੀ, ਆਤਿਸ਼-ਜ਼ਨੀ' ਬਰ-ਪਾ ਕਰ ਦੇਣਗੇ। 'ਗ਼ੁਲਾਮੀ ਭਾਵੇਂ ਕਰੂਰਤਾ-ਰਹਿਤ ਹੈ ਪਰ ਸ਼ਵੇਤ ਗ਼ਲਬਾ-ਮਾਨ (Community) ਦੀ ਰਕਸ਼ਾ ਲਈ ਅਵੱਸ਼ਕ'। ਅਸ਼ਵੇਤ ਉੱਤੇ ਵਰਤਦਾ ਦਮਨ ਹੀ ਸ਼ਵੇਤ ਦੇ ਪ੍ਰਤਿ-ਭਾਵ ਅਰਥਾਤ

ਅਨਯ-ਤ੍ਰਾਸ' (paranoia) ਦਾ ਕਾਰਨ ਬਣਦਾ ਹੈ। ਇੰਝ ਮਜ਼ਲੂਮ 'ਤੇ ਜ਼ੁਲਮ ਕਰਨਾ ਜ਼ਾਲਿਮ ਦੀ ਨੇਕੀ ਹੈ ਜੋ ਉਹਦੀ 'ਹੱਕੀ' ਉੱਤਮਤਾ ਹੋਰ ਵੀ ਪੱਕੀ ਹੋ ਜਾਂਦੀ ਹੈ।

ਅੱਗੇ 1857 ਵਿਚ Dred Scot ਦੇ ਮੁਕੱਦਮੇ ਦੇ ਫ਼ੈਸਲੇ ਵਿਚ ਵਾਕ ਦਰਜ ਹੈ ਕਿ no black person has any rights that a white man is bound to respect ਕਿਸੇ ਅਸ਼ਵੇਤ ਦਾ ਕੋਈ ਅਜਿਹਾ ਹੱਕ ਨਹੀਂ ਜਿਸ ਦੀ ਮਾਨਤਾ ਕਿਸੇ ਸ਼ਵੇਤ ਲਈ ਜ਼ਰੂਰੀ ਹੋਵੇ।

ਅਮਰੀਕਨ ਸਿਵਲ ਵਾਰ (1861-65) ਸਦਕੇ ਗ਼ੁਲਾਮੀ ਦੇ ਖਾਤਮੇ ਦਾ ਐਲਾਨ ਤਾਂ ਹੋ ਗਿਆ ਪਰ ਦੱਖਣੀ ਸੂਬਿਆਂ (Southern States) ਦੀਆਂ ਸਾਂਝੀਆਂ ਸਰਕਾਰਾਂ ਖ਼ਤਮ ਹੋ ਗਈਆਂ ਅਤੇ 'ਸਿਵਲ ਵਾਰ'-ਉਤਰ ਨਸਲੀ ਨੇੜਤਾ ਦੀਆਂ ਨਸ਼ਾਨੀਆਂ ਦੀ ਅਲਹਿਦਗੀ (segregation) ਅਤੇ ਰਾਏ ਦੀ ਹੱਕ-ਤਲਫੀ (disenfranchisment) ਦੇ ਕਾਨੂੰਨਾਂ ਰਾਹੀਂ ਮੁਕਾਉਣ ਉਪਰੰਤ ਇਹਨਾਂ ਦੀ Ku Klux Klan ਦੀ ਹਿੰਸਾ ਰਾਹੀਂ ਪੁਸ਼ਟੀ ਕੀਤੀ ਗਈ ਹੈ। ਅਸ਼ਵੇਤ ਦੀ ਗੁਲਾਮੀ ਨੂੰ ਕਰਜ਼ੇ ਦੀ ਗੁਲਾਮੀ ਵਿਚ ਬਦਲ ਦਿੱਤਾ ਜਿਸ ਦੀ ਆਰਥਿਕਤਾ ਨੂੰ ਇਕ ਸੰਗਲ 'ਚ ਬੰਨ੍ਹੇ ਕਈ ਕੈਦੀਆਂ ਦੀ ਤਕਾਵੀ ਦਿੱਤੀ ਗਈ, ਨਾਲ਼ੇ ਮਨੋਰੰਜਨੀ ਹਿੰਸਾ ਦੀ ਕਾਢ ਨਿੱਕਲੀ।

ਸੰਨ 2000 ਵਿਚ ਫਲੋਰੇਡਾ ਵਿਚ ਇਕ ਲੱਖ ਅਸ਼ਵੇਤ ਨੂੰ ਵੋਟ ਤੋਂ ਵੰਚਿਤ ਕੀਤਾ ਗਿਆ।

ਹੁਣ ਵੀ ਰਿਹਾਇਸ਼ੀ ਅਲਹਿਦਗੀ ਅਤੇ ਰੋਜ਼ਗਾਰ ਵਿਚ ਦਵੈਸ਼ ਮੁੱਕਿਆ ਨਹੀਂ। 1950-60ਵਿਆਂ ਦੇ ਸਿਵਲ ਹੱਕਾਂ ਦੇ ਅੰਦੋਲਨ (Civil Rights Compaign) ਦੇ ਸਦਕੇ Affirmative Action ਸ਼ੁਰੂ ਹੋਇਆ ਸੀ ਜਿਸ ਦਾ ਕਾਨੂੰਨੀ ਅਤੇ ਸੰਸਥਾਈ ਭੋਗ ਪਾ ਦਿੱਤਾ ਹੈ, ਕਿਉਂਕਿ ਇਹ ਸ਼ਵੇਤਾਂ ਨਾਲ ਵਿਤਕਰਾ ਕਰਦਾ ਹੈ।

000

ਮੇਰਾ ਮਨੋਰਥ ਕਿਸੇ ਫਿਰਕਾ-ਪ੍ਰਸਤੀ ਦੀ ਹਮਾਇਤ ਕਰਨ ਦਾ ਨਹੀਂ, ਸਗੋਂ ਦੇਸ਼ ਨੂੰ ਇਹਦੇ ਕੋਲੋਂ ਮੁਕਤ ਕਰਨ ਦਾ ਹੈ। ਅਸੀਂ ਫਿਰਕਾ-ਪ੍ਰਸਤੀ ਨੂੰ ਖ਼ਤਮ ਕਰਨ ਵਿਚ ਕਾਮਯਾਬ ਨਹੀਂ ਹੋਏ; ਕਿਸੇ ਹੱਦ ਤਕ ਨਾਕਾਮਯਾਬੀ ਦੀ ਵਜਾਹ ਹੈ ਕਿ ਅਸੀਂ ਇਹਨੂੰ ਗਹਿਣ ਯੋਗਤਾ ਨਾਲ ਸਮਝ ਨਹੀਂ ਸਕੇ। ਅਮਰੀਕੀ ਨਸਲਵਾਦ ਦੀ ਸਥਿਰਤਾ ਸਾਡੇ ਲਈ ਚੇਤਾਵਨੀ ਹੈ - ਇਹਦੀ ਸਮਕਾਲ ਵਿਚ ਭਾਸ਼ਾ ਹੀ ਬਦਲਦੀ ਹੈ ਪਰ ਯਥਾਰਥ ਦਾ ਪ੍ਰਨਾਲਾ ਉੱਥੇ ਦਾ ਉੱਥੇ ਰਹਿੰਦਾ ਹੈ। ਨਸਲਵਾਦ ਦੀ ਆਪਣੀ ਸਰਚਨਾ ਹੈ ਜੋ ਆਚਾਰਕ ਅਪੀਲ ਅਤੇ ਰਾਜਨੀਤਕ ਬਰਾਬਰੀ ਦੀ ਬਹਿਸ ਨਾਲ ਢਹਿਣ ਵਾਲੀ ਨਹੀਂ। ਇਹਦੇ ਦੋ ਮਹੱਤਵਪੂਰਨ ਥੰਮ੍ਹ ਹਨ, 'ਨੀਮ-ਰਿਆਸਤ' ਅਤੇ 'ਉਪ-ਕਲਪਨਾ'। ਇਹ ਦੋਵੇਂ ਵਿਕਲਪ (concept) ਦਰ-ਅਸਲ ਦੁਖਦਾਈ ਯਥਾਰਥ ਨੂੰ ਬਿਹਤਰ ਸਮਝਣ ਦੀ ਕੋਸ਼ਿਸ਼ ਹਨ।

ਕੀ 'ਨੀਮ-ਰਿਆਸਤ' ਅਤੇ 'ਉਪ-ਕਲਪਨਾ' ਦੇ ਵਿਕਲਪ ਸਾਨੂੰ ਫਿਰਕਾ-ਪ੍ਰਸਤੀ ਸਮਝਣ ਵਿਚ ਵੀ ਸਹਾਈ ਹੋਣਗੇ?

ਫਿਰਕਾ-ਪ੍ਰਸਤੀ ਕਹਿਣ ਸੁਣਨ ਨੂੰ ਤਾਂ ਭਾਵੁਕ ਪ੍ਰਤਿਕਰਮ ਹੈ ਪਰ ਇਹਦਾ ਸਮਾਜੀ ਯਥਾਰਥ ਵਿਤਕਰਾ ਕਰਨਾ ਅਤੇ ਵਿਤਕਰਾ ਹੰਢਾਉਣਾ ਹੈ।

ਦੇਸ਼ ਦੀ ਆਬਾਦੀ ਵਿਚ ਕਿਸੇ ਫਿਰਕੇ ਦੀ ਸੰਖਯਾ ਦਾ ਅਨੁਪਾਤ (proportion) ਵਿਤਕਰੇ ਦਾ ਯਥਾਰਥਕ ਫੈਸਲਾ ਕਰਦਾ ਹੈ। ਜੇ ਅਨੁਪਾਤ ਅਨੁਸਾਰ ਸੁਵਿਧਾਵਾਂ ਜ਼ਿਆਦਾ ਅਤੇ ਸਜ਼ਾਵਾਂ ਘੱਟ ਹਨ ਤਾਂ ਇਹ ਫਿਰਕਾ ਵਿਤਕਰਾ ਕਰਨ ਵਾਲਾ ਹੈ; ਜੇ ਸਜ਼ਾਵਾਂ ਵੱਧ ਅਤੇ ਸੁਵਿਧਾਵਾਂ ਘੱਟ, ਤਾਂ ਇਹ ਵਿਤਕਰਾ ਸਹਿਣ ਵਾਲਾ ਹੈ। ਸਾਡਾ secularism ਪੱਛਮੀ ਲੌਕਿਕਤਾ ਨਹੀਂ ਸਗੋਂ ਵਿਧਾਰਮਿਕਤਾ ਅਰਥਾਤ ਧਰਮਾਂ ਦੀ ਬਰਾਬਰੀ ਹੈ ਜੋ ਨੇਕ ਖਾਹਿਸ਼ ਤਾਂ

ਜ਼ਰੂਰ ਹੈ ਪਰ ਇਸ ਤੋਂ ਅੱਗੇ ਕੁਝ ਨਹੀਂ। ਜੇ ਧਰਮਾਂ ਦੇ ਪੈਰੋਕਾਰਾਂ ਦੀ ਬੋਲ-ਬਾਣੀ, ਵਿਹਾਰ ਅਤੇ ਸੰਤੁਸ਼ਟੀ ਵਿਚ ਗੜਬੜ ਆਵੇ ਤਾਂ ਕੀ ਕਰਨਾ ਚਾਹੀਦਾ ਹੈ? ਇਹਦਾ ਕੋਈ ਜਵਾਬ ਨਹੀਂ!

ਸਿਧਾਂਤਕ ਦਲੀਲ ਦਾ ਘਾਟਾ ਨਹੀਂ; ਪਰ ਸਪਸ਼ਟਤਾ ਹਿਤ ਯਥਾਰਥ ਹੀ ਪੇਸ਼ ਹੈ। ਕੀ ਅਚੰਭਾ ਹੈ ਕਿ ਹਰ ਫਿਰਕਾਦਾਰਾਨਾ ਫਸਾਦ ਵਿਚ ਅਲਪ ਬਹੁਤੇ ਮਰਦੇ ਹਨ? ਬੰਬਈ ਦੰਗਿਆਂ ਦੀ ਕ੍ਰਿਸ਼ਨਾ ਰਿਪੋਰਟ ਕਿੱਧਰ ਚਲੀ ਗਈ? ਚਿੱਟੀ ਸਿੰਘਪੁਰਾ ਵਿਚ ਮਾਰੇ ਸਿੱਖਾਂ ਦਾ DNA record (ਰਿਕਾਰਡ) ਕਿਵੇਂ ਗੁੰਮ ਹੋ ਗਿਆ?

ਪੰਜਾਬ ਸਮੱਸਿਆ ਦੇ ਸਮੇਂ ਆਤੰਕਵਾਦੀ ਤਾਂ ਸਿੱਖ ਸਨ, ਪਰ ਸਮੱਸਿਆ ਦੌਰਾਨ ਮਰਨ ਵਾਲੇ ਸਿੱਖਾਂ ਦੀ ਗਿਣਤੀ ਹਿੰਦੂਆਂ ਤੋਂ ਜ਼ਿਆਦਾ ਕਿਵੇਂ ਹੋ ਗਈ?

(ਇਕ ਤਰੀਕੇ ਨਾਲ ਬਹੁ-ਮੱਤ ਦੀ ਗ਼ੈਰ-ਰਸਮੀ (informal) ਨੀਮ-ਰਿਆਸਤ ਹੋਣੀ 'ਪ੍ਰਤਿਨਿਧਤਾ' ਦਾ ਅੰਸ਼ ਕਿਹਾ ਜਾ ਸਕਦਾ ਹੈ) ਵਿਧਾਨ, ਕਾਨੂੰਨ, ਇੰਤਜ਼ਾਮੀਆ, ਮੱਧਯਮਾਨ (media) ਗੜਬੜ-ਗਣ (mob) ਦੀ ਵਰਤੋਂ, ਜਿਵੇਂ ਮਾਰਟੀਨਟ (Martinot) ਦੀ ਕਿਤਾਬ ਤੋਂ ਸਪਸ਼ਟ ਹੈ, ਏਸ ਅੰਸ਼ ਦੀ ਦਕਸ਼ਤਾ ਦੀ ਲਖਾਇਕ ਹੈ।

ਮੇਰਾ ਮਤਲਬ ਸਾਡੇ ਦੇਸ਼ ਵਿਚ ਨੀਮ-ਰਿਆਸਤ ਦੀ ਹੋਂਦ ਦੇ ਪਸਾਰ ਜਾਂ ਇਹ ਦੀ ਕਾਰਜਤਾ ਦੀ ਗਹਿਰਾਈ ਵਿਚ ਜਾਣ ਦਾ ਨਹੀਂ ਸਗੋਂ ਚਿੰਤਕਾਂ ਅਤੇ ਜਨ ਨੂੰ ਸਾਵਧਾਨ ਕਰਨਾ ਹੈ ਕਿ ਸਮਾਜ ਦੇ ਯਥਾਰਥ ਵਿਚ ਅਜਿਹਾ ਮੋੜ ਆਇਆ ਹੈ ਜਿਸ ਦੀ ਉਪਜ ਆਪ ਨਵੇਂ ਵਿਕਲਪ ਹਨ।

ਧਰਮ ਅਤੇ ਸੰਪਰਦਾਯਕਤਾ ਦੋ ਵੱਖਰੀਆਂ ਗੱਲਾਂ ਹਨ। ਧਰਮ ਸਾਰਵ (universal) ਅਰਥਾਤ ਸਾਰਿਆਂ ਨੂੰ ਭਲਾਈ ਅਤੇ ਬ੍ਰਹਮ ਬਾਰੇ ਦੱਸਦਾ ਹੈ। ਸੰਪਰਦਾਯਕਤਾ ਕਲੱਬ ਜਿਹੀ ਸੰਸਥਾ ਹੈ ਜਿਸ ਵਿਚ ਭਰਤੀ ਹੋਣ ਜਾਂ ਕਰਨ ਲਈ, ਧਰਮ ਦਾ ਕੋਈ ਨਾ ਕੋਈ ਚਿੰਨ੍ਹ ਹੀ ਜ਼ਰੂਰੀ ਹੈ। ਧਰਮ ਤਾਂ ਸੰਪਰਦਾਯਕਤਾ ਲਈ entry ticket ਹੈ। ਸੰਪਰਦਾਯਕਤਾ ਦਾ ਮਨੋਰਥ ਮੁਕਤੀ, ਨੇਕੀ, ਮਾਨਵੀ ਸਹਾਨੁਭੂਤੀ ਨਹੀਂ। ਇਹਦਾ ਮੰਤਵ ਵਿਤਕਰਾ ਹੈ; ਆਪਣੇ ਸੰਘ ਲਈ ਚੰਗਾ, ਹੋਰ ਸੰਘਾਂ ਲਈ ਮੰਦਾ ਜੋ ਸਮਕਾਲ ਵਿਚ ਸੁਲੱਭ ਸਹੂਲਤਾਂ ਅਤੇ ਵਿਗੋਚੇ ਹਨ। ਧਰਮ ਦੇ ਪ੍ਰਤਿਪੱਖ ਵਿਚ ਸੰਪਰਦਾਯਕਤਾ ਦੇਸਕ ਅਰਥਾਤ ਸਥਾਨਕ ਹੁੰਦੀ ਹੈ। ਇਹਦੀਆਂ ਦੋ ਮਿਸਾਲਾਂ ਧਿਆਨਯੋਗ ਹਨ। ਜਦੋਂ ਭਾਰਤ ਨੇ ਸ੍ਰੀਲੰਕਾ ਦੇ ਤਾਮਿਲ ਹਿੰਦੂਆਂ ਖ਼ਿਲਾਫ਼ ਫੌਜ ਭੇਜੀ ਤਾਂ ਭਾਰਤੀ ਹਿੰਦੂ ਸੰਪਰਦਾਯਕਤਾ ਨੂੰ ਕੋਈ ਤਕਲੀਫ਼ ਨਹੀਂ ਹੋਈ। ਹੰਗਰੀ ਵਿਚ ਜਨਮਤ (plebiscite) ਹੋਇਆ ਜੋ ਗੁਆਂਢੀ ਰੁਮਾਨੀਆ ਦੇ Transylvania ਦੇ ਹੰਗਰੀਆਂ ਨੂੰ ਹੰਗਰੀ ਵਿਚ ਸੱਦ ਲਿਆ ਜਾਵੇ ਤਾਂ ਨਾਂਹ ਹੋ ਗਈ। ਕਿਉਂ? ਹੰਗਰੀ ਵਾਸੀ ਸਹੂਲਤਾਂ ਵਿਚ ਘਾਟਾ ਅਤੇ ਵਿਗੋਚਿਆਂ ਵਿਚ ਵਾਧਾ ਕਿਉਂ ਕਰਾਉਣ। ਬਹੁਤ ਸਾਰੇ ਪੱਛਮੀ ਵਿਦਵਾਨ ਭਾਰਤ ਵਿਚ ਹਿੰਦੂ ਸੰਪਰਦਾਯਕਤਾ ਤੋਂ ਡਰਦੇ ਨਹੀਂ ਕਿਉਂਕਿ ਇਹ ਤਾਂ ਸਹੂਲਤਾਂ ਦੀ ਵੰਡ ਜਾਂ ਆਧੁਨਿਕ ਹੋਣ ਦਾ ਸਵਾਲ ਹੈ। ਇਹਦਾ ਫ਼ਿਕਰ ਤਾਂ ਮੈਨੂੰ ਤੈਨੂੰ ਹੈ ਜਿਹਨਾਂ ਨੂੰ ਵਿਤਕਰੇ ਦੇ ਦੁੱਖ ਵਾਲੀ ਆਧੁਨਿਕਤਾ ਸੁਣ ਕੇ ਇਹਦੇ ਵਿਚੋਂ ਕੁਝ ਲੱਭਣ ਦਾ ਨਹੀਂ।

ਸਾਡੇ ਦੇਸ਼ ਵਿਚ ਸੰਪਰਦਾਯਕਤਾ ਦੀ ਪੜਚੋਲ ਧਰਮ ਦੀ ਦ੍ਰਿਸ਼ਟੀ ਤੋਂ ਕੀਤੀ ਗਈ ਹੈ ਜੋ ਗ਼ਲਤ ਨਿਸ਼ਾਨੇ ਦੀ ਗੋਲਾਬਾਰੀ ਹੁੰਦੀ ਰਹੀ ਹੈ। ਰਤਾ ਹੈਰਾਨੀ ਹੁੰਦੀ ਹੈ ਜੋ ਸੰਪਰਦਾਯਕਤਾ ਦੀ ਨੁਕਤਾਚੀਨੀ ਦੰਗਿਆਂ ਵੇਲੇ ਹੀ ਹੁੰਦੀ ਹੈ ਪਰ ਵਿਧਾਰਮਿਕਤਾ (secularism) ਨਿਤਾਪ੍ਰਤੀ 'ਵਿਤਕਰੇ' ਬਾਰੇ ਚੁੱਪ ਰਹਿੰਦੀ ਹੈ।

ਕਈ ਵਾਰ ਸੰਪਰਦਾਯਕਤਾ ਦੇ ਆਗੂ ਨਾਸਤਕ ਵੀ ਹੁੰਦੇ ਹਨ।

ਮੇਰੇ ਵਿਭਾਗ ਦਾ ਮੁਖੀ ਮੈਨੂੰ ਕਹਿੰਦਾ, ਕਦੇ ਨਾ ਕਦੇ ਧਰਮ ਦੀ ਖਾਤਰ ਝੂਠ ਬੋਲਣਾ

ਪੈਂਦਾ ਹੈ- ਉਹਦਾ ਧਰਮ ਤੋਂ ਮਤਲਬ ਸੰਪਰਦਾਯਕਤਾ ਸੀ। ਮੈਂ ਗ਼ਲਤ ਹੀ ਗੁੱਸਾ ਕੀਤਾ ਕਿ ਜੇ ਧਰਮ ਨੇ ਝੂਠ ਹੀ ਸਿਖਾਉਣਾ ਹੈ, ਫਿਰ ਇਹਦੀ ਕੀ ਲੋੜ ਹੈ?

000

ਅਮਰੀਕੀ ਨਸਲਵਾਦ ਅਤੇ ਭਾਰਤੀ ਸੰਪਰਦਾਯਕਤਾ ਦੀ ਕਈ ਗੱਲਾਂ ਵਿਚ ਸਾਂਝ ਹੈ, ਕੇਵਲ ਇਹਦੇ ਪੈਮਾਨੇ (scale) ਦੀਆਂ ਭਿੰਨ ਰਾਵਾਂ ਹੋ ਸਕਦੀਆਂ ਹਨ। ਦਮਨਕਾਰ ਦਮਿਤ ਕੋਲੋਂ ਅੰਦਰੋਂ ਅੰਦਰੀਂ ਡਰਦਾ ਹੈ। ਇਤਿਹਾਸਕ ਯੌਰਪ ਹੀਣਜਨਾਂ ਕੋਲੋਂ ਡਰਦਾ ਰਿਹਾ। ਭਾਰਤੀ ਰਾਜਨੀਤੀ ਗ੍ਰੰਥ ਜਨਤਾ ਨੂੰ ਬੇ-ਵਫ਼ਾ ਕਹਿੰਦੇ ਹਨ। ਮਨੋਵਿਗਿਆਨ ਅਨੁਸਾਰ ਹੋਰਾਂ ਸਿਰ ਲਾ ਕੇ ਆਪਣੀ ਕਰਨੀ ਤੋਂ ਡਰਨਾ ਅਨਯ-ਤ੍ਰਾਸ (paranoia) ਹੈ।

ਸਤ੍ਰਾਰਵੀਂ ਸਦੀ ਤੋਂ ਹੀ ਅਮਰੀਕਾ ਵਿਚ ਅੰਗਰੇਜ਼ ਬਸਤੀਵਾਦੀਆਂ ਨੇ ਆਦਿਵਾਸੀਆਂ ਤੋਂ ਜ਼ਮੀਨ ਤਾਂ ਖੋਹ ਲਈ ਪਰ ਚਾਰੇ ਪਾਸਿਓਂ ਘਿਰੇ ਹੋਈ ਸੀ; ਜਦੋਂ ਕਾਲ਼ੇ ਰੰਗ ਦੀ ਗੁਲਾਮੀ ਸ਼ੁਰੂ ਹੋਈ ਤਾਂ ਅੰਦਰੂਨੀ ਖਤਰਾ ਕਦੇ ਵੀ ਬਾਹਰੀ ਖ਼ਤਰੇ ਨਾਲ਼ ਜੁੜ ਸਕਦਾ ਸੀ। ਇੰਝ ਗੁਲਾਮਾਂ 'ਤੇ ਢਹਿੰਦਾ ਜ਼ੁਲਮ ਮਾਨਸਿਕ ਕ੍ਰਾਂਤੀ ਰਾਹੀਂ ਦ੍ਰਿੜ ਅਨਯ-ਤ੍ਰਾਸ ਦਾ ਮਨੋਵਿਗਿਆਨ ਹੋ ਗਿਆ।

ਨੰਬਰ ਦੋ, ਕਾਨੂੰਨ ਅਨੁਸਾਰ ਨਸਲ-ਸ਼ੰਕਰ (ਵਰਣ ਸ਼ੰਕਰ ਵਾਂਗੂੰ) ਦੀ ਔਲਾਦ ਅਸ਼ਵੇਤ ਹੀ ਸਮਝੀ ਜਾਵੇਗੀ। ਇਸ ਕਰਕੇ ਸ਼ਵੇਤ ਮਦੀਨ ਦੀ ਪਾਕ-ਦਾਮਨੀ ਦਾ ਆਦਰਸ਼ ਹੋ ਗਿਆ; ਜੋ ਇਕ ਤਰ੍ਹਾਂ ਉਹ ਅਸ਼ਵੇਤ ਲਈ ਟਾਬੂ (taboo) ਅਰਥਾਤ ਅਤਿ-ਪੂਤ-ਅਛੂਤ ਸ਼ੈਅ ਹੋ ਗਈ। ਇੰਝ ਸ਼ੈਣਿਕ ਦਮਨ ਅਤੇ ਲੈਂਗੀ ਟਾਬੂ ਦੀ ਹੌਲਨਾਕ ਜ਼ੋਰਾਵਰੀ ਹੋ ਗਈ।

ਅਨਯ-ਤ੍ਰਾਸ ਲਈ ਆਪਣੀ ਕਲਪਨਾ ਉਸਾਰਨਾ ਜ਼ਰੂਰੀ ਹੈ ਜਿਸ ਨੂੰ ਅੰਗਰੇਜ਼ੀ ਵਿਚ imaginary ਕਿਹਾ ਗਿਆ ਹੈ।

'ਕਤਲ, ਚੋਰੀ ਅਤੇ ਆਤਿਸ਼-ਜ਼ਨੀ' ਦੇ ਖ਼ਦਸ਼ੇ ਦੀ ਚੇਤਾਵਨੀ 19ਵੀਂ ਸਦੀ ਵਿਚ ਦੱਖਣੀ ਕਾਂਗਰਸਮੈਨ ਨੇ ਕਰ ਦਿੱਤੀ ਸੀ। ਆਧੁਨਿਕ ਵਾਧਾ ਜਮਾ' ਬਿਲ-ਜਬਰ, ਡਰੱਗਜ਼ (drugs) ਅਤੇ ਅਪਰਾਧ ਦਾ ਹੈ।

ਸ਼ਵੇਤ ਨੇ ਆਪਣੇ ਆਪ ਦਾ ਸਾਮਾਨਯ-ਨ (universalize) ਕਰ ਲਿਆ ਹੈ, ਅਰਥਾਤ ਕਿਸੇ ਦੇਸ਼ ਕੌਮ ਦੇ ਵਿਅਕਤੀ ਦਾ ਸਮੁੱਲ (value) ਇਸ ਮਿਣਤੀ ਵਿਚ ਹੈ ਕਿ ਉਹ ਸ਼ਵੇਤ ਮਾਣਸ ਦੇ ਕਿੰਨਾ ਨੇੜੇ ਹੈ। ਸਮੇਂ ਨਾਲ ਅਮਰੀਕੀ ਸ਼ਵੇਤ ਨੇ ਹੁਣ ਆਪਣੇ ਰਾਸ਼ਟਰ ਨੂੰ ਹੀ ਸਾਮਾਨਯ ਕਰ ਲਿਆ ਹੈ ਜੋ ਦੁਨੀਆ ਦਾ ਇਕੋ ਇਕ ਸਰਵ-ਸ਼ਕਤੀਮਾਨ (Sovereign) ਮੁਲਕ ਹੈ।

ਉਪ-ਕਲਪਨਾ ਸਮੇਂ-ਸਥਾਨ ਦੇ ਜਨ ਦੇ ਵਤੀਰੇ ਦਾ ਵਰਣਨ ਹੈ ਜੋ ਸਿਆਸੀ ਸੂਝ ਨਾਲੋਂ ਭਿੰਨ ਹੈ। ਸਿਆਸੀ ਸੂਝ ਦਾਰਸ਼ਨਿਕ ਪ੍ਰਤਿਮਾਨ (standard)ਹੈ, ਜਿਸ ਨਾਲ ਤੁਸੀਂ ਜਨਤਕ ਚਿੰਤਨ ਦਾ ਨਾਪ ਤੋਲ ਕਰ ਸਕਦੇ ਹੋ। ਪ੍ਰਤਿਮਾਨ ਇਹ ਨਹੀਂ ਦੱਸ ਸਕਦਾ ਹੈ ਕਿ ਪਰਖਣ ਵਾਲੀ ਚੀਜ਼ ਵਿਚ ਹੈ ਕੀ। ਰਾਜਨੀਤੀ ਵਿਗਿਆਨ ਸਿਆਸੀ ਸੂਝ ਨਾਲ ਇਸ ਕਰਕੇ ਖਚਿਤ ਹੈ ਜੋ ਸ਼੍ਰੇਣੀਆਂ ਨੂੰ ਕਿਸੇ ਹੱਦ ਤਕ ਸਥਿਰ ਮੰਨਿਆ ਜਾ ਸਕਦਾ ਹੈ ਜਿਹਨਾਂ ਦੀ ਸੋਚ ਦੀ ਤਾਰਕਿਕ ਤਰੀਕੇ ਨਾਲ ਉਸਾਰੀ ਕੀਤੀ ਜਾ ਸਕਦੀ ਹੈ। ਉਪ-ਕਲਪਨਾ ਨਿਤਾਪ੍ਰਤੀ ਅਸਥਿਰ ਜਨਤਕ ਵਿਹਾਰ ਹੈ ਜਿਸ ਦਾ ਰਿਕਾਰਡ (record) ਰੱਖਣਾ ਵੀ ਮੁਸ਼ਕਿਲ ਹੈ।

ਯੌਰਪ ਵਿਚ ਪਾਠ ਪੁਸਤਕਾਂ ਅਤੇ ਲਾਜ਼ਮੀ ਤਾਲੀਮ ਬਾਰੇ Le Monde diplomatique, ਸਤੰਬਰ 2013 (ਅੰਗਰੇਜ਼ੀ ਸੰਸਕਰਨ) ਪੰਨਾ 15 'ਤੇ ਸੰਦੇਹ-ਮਾਨ ਹੈ ਜੇ ਕੋਈ "ਬੁਨਿਆਦੀ ਸਿੱਖਿਆ ਦਾ ਕਾਰਜ ਸਿਰੇ ਚੜ੍ਹਦਾ ਹੋਵੇ। ਇਹੋ ਜੇਹੀ ਸਿੱਖਿਆ ਜਲਦੀ ਭੁੱਲ ਜਾਂਦੀ ਹੈ ਜੋ ਉਦਯੋਗੀ ਦੇਸ਼ਾਂ ਵਿਚ ਨਵੀਂ ਬਦ-ਚੈਨੀ ਪੈਦਾ ਹੋਈ ਹੈ। ਨਿਰੱਖਰਤਾ

(illiteracy) ਮੁੜ ਆਉਂਦੀ ਹੈ। ਅਭਿਆਸ ਬਾਝੋਂ, ਸਕੂਲ ਛੱਡਣ 'ਤੇ, ਲਿਖਣ ਅਤੇ ਪਠਣ ਦੀ ਯੋਗਤਾ ਨਹੀਂ ਰਹਿੰਦੀ। ਇਹਦੇ ਕਰਕੇ ਆਂਸ਼ਿਕ ਗਿਆਨ, ਪੱਖ-ਪਾਤ, ਮਿਥਿਆਸ ਤਾਂ ਕੀ ਸਰਾਸਰ ਝੂਠ (ਜਿਹਨਾਂ ਨੂੰ ਝੁਠਲਾਉਣਾ ਵੀ ਮੁਸ਼ਕਿਲ ਹੈ) ਮਨ ਦੇ ਟਿਮਕਣੇ ਬਣ ਜਾਂਦੇ ਹਨ।... ਫੇਰ ਕਿਸ ਤਰ੍ਹਾਂ ਦਾ ਮਾਨਵ ਅਤੇ ਨਾਗਰਕ ਹੋਣਾ ਹੈ? ਇਹਦੀ ਤਾਂ ਕਦੇ ਚਰਚਾ ਨਹੀਂ ਹੁੰਦੀ।"

000

ਅਸੀਂ ਚਾਹੇ ਆਪਣੇ ਪੇਸ਼ਾਵਰ ਗਾਇਕਾਂ ਬਾਰੇ ਖਾਸ ਧਿਆਨ ਨਹੀਂ ਦਿੱਤਾ ਪਰ ਅਮਰੀਕਾ ਇੰਗਲੈਂਡ ਵਿਚ ਇਨ੍ਹਾਂ ਬਾਰੇ ਮਾਹਰਾਨਾ (expert) ਦਿਲਚਸਪੀ ਸੁਲੱਭ ਹੈ। ਇਹ ਕਿਸੇ ਹੱਦ ਤਕ ਜਨ-ਗਾਇਕੀ ਦਾ ਇਤਿਹਾਸਕ ਰੂਪ ਹੈ; ਇਸ ਤੋਂ ਵਧੀਕ ਇਹ ਗੱਲ ਹੈ ਕਿ ਪੇਸ਼ਾਵਰ ਗਾਇਕ ਸੀਮਤ ਪੰਜ ਚਾਰ ਵਿਸ਼ਿਆਂ ਤੋਂ ਬਾਹਰ ਨਹੀਂ ਜਾਂਦੇ।

ਅਜਿਹੇ ਮਾਨਸਿਕ ਵਾਤਾਵਰਨ ਨੂੰ ਉਪ-ਕਲਪਨਾ ਕਿਹਾ ਜਾਂਦਾ ਹੈ ਜਿਸ ਵਿਚ ਰਾਜਨੀਤੀ ਵਿਗਿਆਨ ਨੇ ਨਵੀਂ ਨਵੀਂ ਦਿਲਚਸਪੀ ਲੈਣੀ ਸ਼ੁਰੂ ਕੀਤੀ ਹੈ।

000

ਮੱਧਯਮਾਨ (media) ਉਪ-ਕਲਪਨਾ ਨੂੰ ਬਿਹਤਰ ਸਮਝਦਾ ਹੈ, ਜਿਹੜਾ ਇਹਨੂੰ ਪ੍ਰਗਟ ਕਰਦਾ ਹੈ, ਨਾਲੇ ਇਹਨੂੰ ਬਣਾਉਂਦਾ ਰਹਿੰਦਾ ਹੈ। ਚੋਣ ਲੜ ਰਹੇ ਉਮੀਦਵਾਰ ਨੂੰ ਉਪ-ਕਲਪਨਾ ਦੀ ਤਕੜੀ ਸੂਹ ਹੁੰਦੀ ਹੈ।

000

ਪੰਚਸ਼ੀਲ ਦਹਾਕਿਆਂ ਵਿਚ ਭਾਰਤੀ ਰਾਸ਼ਟਰਵਾਦ ਪ੍ਰਾਧੀਨ ਦੇਸ਼ਾਂ ਦੀ ਜਨਤਾ ਨਾਲ ਹਮਦਰਦੀ ਅਤੇ ਆਪਣੇ ਆਰਥਿਕ ਸਮਾਜਕ ਵਿਕਾਸ ਦਾ ਰਾਸ਼ਟਰਵਾਦ ਸੀ। ਸਨ '62 ਦੀ ਹਿੰਦ-ਚੀਨੀ ਜੰਗ ਦਾ ਹਿੰਦੂ ਸੰਪਰਦਾਯਕਤਾ ਨੂੰ ਵਾਯੂ-ਫਲ-ਪਾਤ (windfall) ਦਾ ਫਾਇਦਾ ਹੋਇਆ ਜੋ ਇਹਦੇ ਅਨੁਸਾਰ ਮੁਸਲਮਾਨ-ਅੰਗਰੇਜ਼ੀ ਰਾਜ ਦੇ ਹਜ਼ਾਰ ਸਾਲ ਬਾਅਦ ਹਿੰਦੂ ਰਾਸ਼ਟਰਵਾਦ 'ਆਪ' ਹੀ ਜਾਗ ਪਿਆ ਹੈ। ਇਹ ਵੇਲ਼ੇ ਦਾ ਨਹੀਂ, ਸਗੋਂ delayed response (ਦੇਰ-ਲਾ ਪ੍ਰਤਿਕਰਮ) ਦਾ ਰਾਸ਼ਟਰਵਾਦ ਹੈ। ਇਹਨੇ ਬਾਬਰੀ ਮਸਜਿਦ ਢਾਹ ਕੇ ਵੀ ਦੇਰ-ਲਾ ਬਹਾਦਰੀ ਵਿਖਾਈ ਸੀ।

ਹਿੰਦੂ ਸੰਪਰਦਾਯਕਤਾ ਨੂੰ ਹਿੰਦੂ ਮਾਨਸਿਕਤਾ ਦਾ ਸਹਾਰਾ ਹੈ। ਹਿੰਦੂ ਆਪਣੇ ਜੈਤਿਆਂ ਦੇ ਉਲਟ ਆਪ ਨੂੰ ਉਤਮ ਸਮਝਦਾ ਰਿਹਾ (An Intimate History of Humanity, Theodore Zeldin, Minerva, 1995, 312) ਨਾਲੇ ਅੰਗਰੇਜ਼ ਨੂੰ ਇਹ ਗੱਲ ਚੁਭਦੀ ਵੀ ਸੀ। ਮੇਰੀ ਤਾਂ ਭਾਰਤੀ ਬਕ੍-ਭਾਵ 'ਤੇ ਹੈਰਾਨੀ ਹੈ ਜਿਹੜੀ ਅਜੇ ਪ੍ਰਸ਼ੰਸਾ ਵਿਚ ਨਹੀਂ ਬਦਲੀ।

ਹਰ ਬਹੁ-ਸੰਖਿਆ ਨੂੰ ਨਯਾਯ ਦੇ ਘਚੋਲੇ ਦਾ ਫ਼ਾਇਦਾ ਹੁੰਦਾ ਹੈ। ਬਹਿਸ ਦੀ ਸਿਆਸੀ ਕਾਰਗੁਜ਼ਾਰੀ ਵਾਲੀ ਰਾਵਾਂ ਦੀ ਗਿਣਤੀ ਵਾਲੀ ਬਹੁ-ਮਤ ਅਤੇ ਅਲਪ-ਮਤ ਨੂੰ ਸਮਾਜ ਵਿਚ ਬਹੁ-ਸੰਖਿਆ ਅਤੇ ਅਲਪ-ਸੰਖਿਆ 'ਚ ਬਦਲ ਦਿੱਤਾ ਜਾਂਦਾ ਹੈ, ਮਤਲਬ ਜੋ ਬਹੁ-ਸੰਖਿਆ ਦਾ ਦਮ ਭਰਦੀ ਹਿੰਦੂ ਸੰਪਰਦਾਯਕਤਾ ਅਲਪਾਂ ਬਾਰੇ ਕਹੇ ਉਹ ਸੁੱਤੇ-ਸਿੱਧ ਹੈ, ਭਾਵੇਂ ਅਲਪਾਂ ਨੇ ਤਾਂ ਕੁਝ ਕਿਹਾ ਸੁਣਿਆ ਨਹੀਂ ਹੁੰਦਾ।

ਬਹੁ-ਸੰਖਿਆ ਅਲਪਾਂ ਬਾਰੇ ਅਕਸਰ ਬਦ-ਕਲਾਮੀ ਕਰਦੀ ਹੈ, ਜਿਸ ਦਾ ਮੱਧਯਮਾਨ ਵਿਚ ਨਿਰਸੰਕੋਚ ਵਰਣਨ ਹੁੰਦਾ ਹੈ। ਬਦ-ਕਲਾਮੀ ਤਾਂ ਹਿੰਸਾ ਦਾ ਸੂਖਮ ਰੂਪ ਹੈ। ਗ਼ਰੀਬ ਅਤੇ ਦਮਿਤ ਲਈ ਪੰਜਾਬੀ ਮੁਹਾਵਰਾ 'ਨਿਕੀ ਸੁੱਕੀ' ਜਾਤ ਹੈ। ਸੁੱਕੀ ਅਸਲ ਵਿਚ 'ਸੁਕਚੀ' ਹੈ ਜੋ ਦਰਿੱਦਰ ਅੰਗਧਾਰਨ ਵਿਚ ਹੀ 'ਘੁੱਟਿਆ ਘੁੱਟਿਆ' ਰਹਿੰਦਾ ਹੈ। ਦੂਜੇ ਪਾਸੇ

ਅਸੀਂ ਕਹਿ ਸਕਦੇ ਹਾਂ ਕਿ ਹਿੰਸਕ ਸੰਪਰਦਾਯਕ 'ਚੋਂਣੇ' ਹੋਏ ਫਿਰਦੇ ਹਨ। Biology Under The Influence, Aakar, 2209, page 80 ਉੱਤੇ ਅਨੁਮਾਨ ਹੈ ਕਿ ਅਮਰੀਕਾ ਵਿਚ ਦੁਰਵਿਹਾਰ ਕਾਰਨ ਅਸ਼ਵੇਤ ਔਰਤ ਦੀ ਉਮਰ ਪੰਜ ਸਾਲ ਘਟ ਜਾਂਦੀ ਹੈ ਅਤੇ ਅਸ਼ਵੇਤ ਆਦਮੀ ਦੀ ਸੱਤ ਸਾਲ। ਪਹਿਲਾਂ ਵੀ 'ਸਿਰਜਣਾ' ਵਿਚ ਜ਼ਿਕਰ ਹੋਇਆ ਸੀ ਕਿ ਭਾਰਤ ਵਿਚ ਮੁਸਲਮਾਨ ਦੀ ਪ੍ਰਕਿਰਤਕ ਆਯੂ ਅਲਪ ਹੋਣ ਦੇ ਨਾਤੇ ਘਟਣੀ ਚਾਹੀਦੀ ਹੈ ਪਰ ਇਹਦਾ ਕਿਸੇ ਨੇ ਅਜੇ ਠੀਕ ਹਿਸਾਬ ਨਹੀਂ ਲਾਇਆ।

ਹਿਸਾਬ ਲਾ ਕੇ ਵੇਖੀਏ ਤਾਂ ਭਾਰਤ ਦੇ ਸਾਰੇ ਹਿੰਦੂ ਸੰਪਰਦਾਯੀ ਨਹੀਂ, ਸੰਪਰਦਾਯੀ ਹਿੰਦੂ ਸਮੂਹ ਦਾ ਭਾਗ ਹਨ; ਇੰਝੇ ਮੁਸਲਿਮ ਫਿਰਕਾ-ਪ੍ਰਸਤ ਮੁਸਲਿਮ ਆਬਾਦੀ ਦਾ ਹਿੱਸਾ ਹਨ, ਕੁੱਲ ਨਹੀਂ; ਇਸੇ ਤਰ੍ਹਾਂ ਸਿੱਖ ਸੰਪਰਦਾਯਕ ਸਾਰੇ ਸਿੱਖ ਨਹੀਂ। ਤਿੰਨੇ ਸੰਪਰਦਾਯਕਤਾਵਾਂ ਦੇ ਭਾਸ਼ਨੀ ਅਡੰਬਰਾਂ ਦੀ ਸਾਂਝ ਹੈ। ਹਰ ਸੰਪਰਦਾਯੀ ਭਾਗ ਪ੍ਰਤਿਪੱਖੀ ਭਾਗ ਦੀ ਨਹੀਂ ਸਗੋਂ ਸਮੂਹ ਦੀ ਗੱਲ ਕਰਦਾ ਹੈ। ਹਿੰਦੂ ਸੰਪਰਦਾਯਕਤਾ ਅਨੁਸਾਰ ਸਾਰੇ ਮੁਸਲਮਾਨ... ਸਾਰੇ ਸਿੱਖ; ਫੇਰ ਮੁਸਲਿਮ ਫਿਰਕਾ-ਪ੍ਰਸਤੀ ਸਾਰੇ ਹਿੰਦੂਆਂ ਦੀ ਕਹਿੰਦੀ ਹੈ। ਭਾਗ ਭਾਗ ਦੀ ਨਹੀਂ ਕਹਿੰਦਾ। ਇੰਝ ਤਾਂ ਕਾਰੋਬਾਰ ਨਹੀਂ ਚੱਲ ਸਕਦਾ।

ਇਹਨਾਂ ਦੀ ਇਕ ਹੋਰ ਦੁਖਦਾਈ ਸਾਂਝ ਹੈ। ਹਿੰਦੂ-ਮੁਸਲਿਮ ਉਪ-ਕਲਪਨਾਵਾਂ ਸਮਾਨੰਤਰ (ਮੁਤਵਾਜ਼ੀ) ਪਰ ਦਿਸ਼ਾ-ਪ੍ਰਤੀ (directionally opposite) ਹਨ। ਹਿੰਦੂ-ਸੰਪਰਦਾਯਕ ਉਪ-ਕਲਪਨਾ ਅਨੁਸਾਰ ਦੇਸ਼ ਦੇ ਮੁਸਲਮਾਨ ਵਿਦੇਸ਼ ਦੇ (fifth column) ਜਾਸੂਸੀ ਅੰਗ ਹਨ ਜਿਹਨਾਂ ਕੋਲੋਂ ਦੇਸ਼ ਦੀ ਆਜ਼ਾਦੀ ਨੂੰ ਖ਼ਤਰਾ ਹੈ। ਮੁਸਲਮਾਨ ਫ਼ਿਰਕਾ-ਪ੍ਰਸਤੀ ਮੁਤਾਬਿਕ ਹਿੰਦੂ ਨੂੰ ਆਜ਼ਾਦੀ ਦੀ ਕੋਈ ਚਾਹ ਨਹੀਂ, ਹਰੇਕ ਨਵੇਂ ਹੁਕਮਰਾਨ ਅਧੀਨ ਖ਼ੁਸ਼ ਰਹਿੰਦਾ ਹੈ। ਪ੍ਰਾਜਯ ਹੋਣ ਨਾਲ ਇਨ੍ਹਾਂ ਦੀ ਆਤਮਾ ਨੂੰ ਕਦੇ ਸੱਟ ਨਹੀਂ ਵੱਜਦੀ।

ਹਿੰਦੂ ਸੰਪਰਦਾਯਕਤਾ ਅਨੁਸਾਰ ਮੁਸਲਮਾਨ ਜੰਮਣੋਂ ਹਟਦੇ ਹੀ ਨਹੀਂ, ਜੰਮੀ ਜਾਂਦੇ ਹਨ; ਮੁਸਲਮਾਨ ਫਿਰਕਾ-ਪ੍ਰਸਤੀ ਕਹਿ ਸਕਦੀ ਹੈ ਕਿ ਭਰੂਣ ਹੱਤਿਆ ਹਿੰਦੂਆਂ ਦੀ ਦਰਯਾਫ਼ਤ ਹੈ। ਮੁਸਲਮਾਨ ਵਿਅਕਤੀ ਇੰਨਾ ਨਫ਼ਸ ਪਰਸਤ ਹੈ ਕਿ ਟੱਬਰ ਦੀ ਪ੍ਰਵਾਹ ਨਹੀਂ ਕਰਦਾ; ਹਿੰਦੂ ਆਪਣੇ ਬਿਰਧ ਮਾਪਿਆਂ ਨੂੰ ਚੋਰ ਭੁਲਾਈ ਦੇ ਕੇ ਕੁੰਭ ਮੇਲੇ 'ਤੇ ਛੱਡ ਜਾਂਦੇ ਹਨ।

ਇਹਨਾਂ ਦੀ ਦੇਸਿਕ (spatial) ਉਪ-ਕਲਪਨਾ ਸਗੋਂ ਵਿਲੱਖਣ ਹੈ।

000

ਬਹੁ-ਮੱਤ, ਅਲਪ, ਨਸਲ ਜਾਂ ਗਣ ਦੀਆਂ ਆਪਣੀਆਂ ਉਪ-ਕਲਪਨਾਵਾਂ ਹਨ। ਜੀਵ-ਮੰਡਲ ecology ਦਾ ਦੇਸਿਕ, ਉਪ-ਕਲਪਨਾ ਦੇ ਦੇਸਿਕ ਨਾਲੋਂ ਵੱਖਰਾ ਹੈ। ਸਾਊਥਾਲ ਮੇਰੇ ਪਿੰਡ ਦੇ ਮਿੱਤਰ ਨਿਰੰਜਨ ਸਿੰਘ ਧਾਲੀਵਾਲ ਅਨੁਸਾਰ...ਗੋਰੇ ਕਹਿੰਦੇ ਹਨ ਕਿ ਪਰਵਾਸੀ ਦਿਨ ਚੜ੍ਹਦੇ ਨਾਲ ਆਉਣ ਜੋ ਕੰਮ ਕਰਕੇ ਦਿਨ ਛਪਾਉ ਨਾਲ ਮੁੜ ਜਾਣ। ਪਰਵਾਸੀ ਇਕ ਤਰ੍ਹਾਂ 'ਅਣ-ਹੋਏ'[2] ਸਨ।

ਅਮਰੀਕਾ ਨੇ 1846 ਵਿਚ ਮੈਕਸੀਕੋ ਦੇ ਇਲਾਕੇ Texas ਨੂੰ ਆਪਣੇ ਅਧੀਨ ਕਰ ਲਿਆ। ਸਵਾਲ ਖੜ੍ਹਾ ਹੋ ਗਿਆ ਕਿ ਜਿੱਤੇ ਮੈਕਸੀਕੋ ਦਾ ਸੰਮਿਲਨ (annexation) ਕੀਤਾ ਜਾਵੇ ਜਾਂ ਕਿ ਇਹਨੂੰ ਨੌਆਬਾਦੀ (colony) ਸਮਝਿਆ ਜਾਵੇ। ਸੰਮਿਲਨ ਕਾਰਨ ਮੈਕਸੀਕੋ ਦੇ ਨਾਗਰਿਕ ਅਮਰੀਕਾ ਦੀ ਐਂਗਲੋ-ਸੈਕਸਨ (Anglo-Saxon) ਸ਼ੁੱਧਤਾ ਨੂੰ ਵਿਗਾੜ ਦੇਣਗੇ। ਨੌਆਬਾਦੀ ਦੇ ਨਿਰੰਕੁਸ਼ (autocratic) ਕਾਰੋਬਾਰ ਨਾਲ ਅਮਰੀਕਾ ਦਾ ਗਣਤੰਤਰੀ ਸ਼ਾਸਨ ਖ਼ਰਾਬ ਹੋ ਜਾਵੇਗਾ। ਕਾਨੂੰਨ ਦੀ ਮੌਲਿਕਤਾ ਸਹਿਤ ਹੱਲ ਨਿਕਲਿਆ ਕਿ ਨਵੇਂ ਅਮਰੀਕੀ ਇਲਾਕੇ ਦੇ ਪਹਿਲਾਂ ਵਸਦੇ ਬੰਦਿਆਂ ਨੂੰ ਅਮਰੀਕੀ ਨਾਗਰਿਕ ਦੀ ਥਾਂ ਅਸ਼ਵੇਤ ਸਮਝਿਆ

ਜਾਵੇ। ਇੰਝ ਪਰਿਭਾਸ਼ਾ ਰਾਹੀਂ ਅਨਯ ਦੀ ਹੋਂਦ ਬਦਲ ਜਾਂਦੀ ਹੈ ਜੋ ਕਾਨੂੰਨ ਦੀਆਂ ਨਜ਼ਰਾਂ ਵਿਚ ਮੈਕਸੀਕਨ ਕਿਸੇ ਹੱਦ ਤੱਕ 'ਅਣਹੋਏ' ਹੋ ਗਏ।

ਉਪ-ਕਲਪਨਾ ਵਿਚ ਅਣਹੋਏ ਖਾਲੀ ਥਾਂਉ ਰਹਿੰਦੇ ਹਨ। ਜਿਵੇਂ ਹਿੰਦੂ ਸੰਪਰਦਾਯਕਤਾ ਵਿਚ ਭਾਰਤੀ ਮੁਸਲਮਾਨ ਅਜਿਹੇ ਥਾਉਂ ਵਸਦੇ ਹਨ। ਹਿੰਦੂ ਸੰਪਰਦਾਯਕਤਾ ਹਮੇਸ਼ਾ ਹੀ ਦੇਸ਼ ਦੀ ਅਖੰਡਤਾ ਦਾ ਢੰਡੋਰਾ ਪਿੱਟਦੀ ਹੈ। ਜਨ ਸੰਘ ਦਾ ਮੁੱਢ ਹੀ ਸ਼ਯਾਮ ਪ੍ਰਸ਼ਾਦ ਮੁਕਰਜੀ ਵੱਲੋਂ ਸੀਮਾਵਰਤੀ ਵਟਾਂਦਰੇ ਵਿਚ ਪਾਕਿਸਤਾਨ ਨੂੰ ਬੇਰੂਬਾਰੀ ਦੇਣ ਨਾਲ ਬੱਝਿਆ ਸੀ। ਹਿੰਦੂ ਸੰਪਰਦਾਯਕਤਾ ਨੇ ਅਖੰਡਤਾ ਨੂੰ ਕਦੇ ਵੀ ਦੇਸਿਕ (ਇਲਾਕੇ) ਤੋਂ ਵੱਧ ਨਹੀਂ ਸਮਝਿਆ। ਇਸ ਲਈ ਸਮਾਜ ਦੀ ਅਖੰਡਤਾ ਦਾ ਜ਼ਿਕਰ ਜ਼ਹਿਰ ਲਗਦਾ ਹੈ। ਸੰਪਰਦਾਯਕਤਾ ਦੀ ਪ੍ਰਤਿਬੱਧਤਾ ਦਾ ਦੇਸਿਕ ਪਸਾਰ ਨਾਲ ਲਾਜ਼ਮੀ ਤੁਅਲਕ ਹੈ। ਇਸੇ ਕਰਕੇ ਕਸ਼ਮੀਰ ਦਾ special status ਚੁਭਦਾ ਹੈ (ਡਾ. ਤੇਜਵੰਤ ਗਿੱਲ ਆਪਣੇ ਪ੍ਰਿੰਸੀਪਲ ਇਕਬਾਲ ਸਿੰਘ ਮੈਮੋਰੀਅਲ ਲੈਕਚਰ, ਪਟਿਆਲਾ ਵਿਚ ਸੈਕੂਲਰ ਜੋਸ਼ ਨਾਲ ਅੰਬਾਲਾ ਅਤੇ ਗੰਗਾਨਗਰ ਨੂੰ ਪੰਜਾਬੀ ਬੋਲਦੇ ਸੂਬੇ ਵਿਚ ਸ਼ਾਮਲ ਕਰਦਾ ਹੈ)

ਕੇਂਦਰੀ ਸਰਕਾਰ ਦੀ ਅਫ਼ਗਾਨਿਸਤਾਨ ਦੀ ਸਿਆਸਤ ਵਿਚ ਪੱਖਵਾਦੀ ਹਿੱਸਾਦਾਰੀ ਭਾਵੇਂ ਅਮਰੀਕੀ ਦਬਾਉ ਅਧੀਨ ਚੱਲ ਰਹੀ ਹੈ ਪਰ ਇਹ ਹਕੂਮਤ ਅਤੇ ਵਿਰੋਧੀ ਪੱਖ, ਦੋਵੇਂ ਧਿਰਾਂ ਨੂੰ ਮਨਜ਼ੂਰ ਹੈ। ਇਕ ਨੂੰ ਤਾਂ ਉਪ-ਸਾਮਰਾਜ ਬਣਨ ਦਾ ਲੁਭਾਇਮਾਨ ਲਾਰਾ ਲੱਗਿਆ ਹੈ; ਦੂਜੇ ਦੀ 'ਖਾਲੀ' ਸੰਪਰਦਾਯਕ ਦੇਸਿਕਤਾ ਵਿਚ ਵਾਧਾ ਹੁੰਦਾ ਹੈ।

(ਸਿੱਖ ਸੰਪਰਦਾਯਕਤਾ ਵੀ 'ਖਾਲੀ' ਦੇਸਿਕ ਵ੍ਰਿਧੀ ਤੋਂ ਮੁਕਤ ਨਹੀਂ। ਇਹਦੇ ਅਨੁਯਾਈਆਂ ਅਨੁਸਾਰ ਸਿੱਖ 'ਪ੍ਰਮੁੱਖ' ਪੰਜਾਬੀ ਹਨ। ਹਿੰਦੂ, ਮੁਸਲਮਾਨ ਦੇ 'ਮੁੱਖ' ਤੋਂ 'ਪ੍ਰ' ਕੱਟਿਆ ਗਿਆ। ਪੰਜਾਬ ਵਿਚ ਸਿੱਖ ਆਬਾਦੀ 51 ਫੀਸਦੀ ਹੈ, ਇਕ ਫੀਸਦੀ ਦੇ ਫ਼ਰਕ ਨਾਲ ਪ੍ਰਮੁੱਖ? ਜੇ ਹਰਿਆਣੇ, ਪਾਕਿਸਤਾਨ ਦੇ ਪੰਜਾਬੀ ਪੰਜਾਬੀਆਂ ਵਿਚ ਸ਼ਾਮਲ ਕਰ ਲਏ ਜਾਣ ਤਾਂ ਸਿੱਖਾਂ ਦਾ ਪੰਜਾਬੀਆਂ ਵਿਚ ਬਹੁ-ਮੱਤ ਨਹੀਂ ਰਹਿੰਦਾ। ਬਹੁ-ਮੱਤ ਨਾ ਹੋਣ ਦੇ ਬਾਵਜੂਦ ਮਦੱਫੇ ਬੰਨ੍ਹੀ ਜਾਣੇ ਸ਼ੋਭਦੇ ਨਹੀਂ। ਮੇਰੀ ਅਰਜ਼ ਤਾਂ ਯਾਦ-ਦਹਾਨੀ ਦੀ ਹੈ ਕਿ ਭਾਵੇਂ ਅਸ਼ੁਭ ਦਾ ਅੱਤ-ਭਾਸ਼ਨ ਸੰਪਰਦਾਯਕਤਾ ਨੂੰ ਸ਼ੋਭਦਾ ਹੁੰਦਾ ਹੈ ਪਰ ... ਪਰ ਹਿੰਦੂ ਮੁਸਲਮਾਨ ਪੰਜਾਬੀਆਂ ਨੂੰ ਕਾਹਨੂੰ 'ਖਾਲੀ' ਕਰਨਾ ਹੈ।

ਅਮਰੀਕਾ ਵਿਚ ਅਸ਼ਵੇਤ 'ਆਪਣੇ ਦੇਸ ਵਿਚ ਪਰਦੇਸੀ' ਹਨ। ਅਲਪਾਂ ਦਾ ਇਹੀ ਹਾਲ ਕਰਨਾ ਸਿਆਸਤ ਜ਼ਰੂਰ ਹੈ ਪਰ ਉਹਨਾਂ ਨੂੰ 'ਖਾਲੀ' ਜਾਂ ਬੇਦਖ਼ਲ ਕਰਨ ਦਾ ਅਜਿਹਾ ਗੁਨਾਹ ਹੈ ਜਿਸ ਦੀ ਵਿਸ਼ਵ ਦੇ ਧਰਮਾਂ ਵਿਚ ਸਜ਼ਾ ਦਾ ਅਜੇ ਕੋਈ ਜ਼ਿਕਰ ਨਹੀਂ ਹੈ। ਹਿੰਦੋਸਤਾਨੀ ਤੋਂ ਪਾਕਿਸਤਾਨੀ ਹੋਇਆ ਸ਼ਾਇਰ ਆਪਣੇ ਵਤਨ ਆਇਆ, ਮੁੜਦਾ ਹੋਇਆ ਆਪ ਕਵਿਤਾ ਪੜ੍ਹਦਾ ਰੋ ਰਿਹਾ ਸੀ, ਨਾਲੇ ਸਰੋਤਿਆਂ ਨੂੰ ਰੁਲਾ ਰਿਹਾ ਸੀ:

ਦੇਸ ਵਾਸੀਓ ਅੱਜ ਇਸ ਦੇਸ ਅੰਦਰ
ਅਸੀਂ ਚੱਲੇ ਤਾਂ ਵਾਂਗ ਪਰਦੇਸੀਆਂ ਦੇ

ਮੇਰਾ ਇੰਗਲੈਂਡ ਵਿਚ 'ਖਾਲੀ' ਹੋਣ ਦਾ ਅਨੁਭਵ ਹੈ। ਮੈਂ ਵੀ ਹੋਰਾਂ ਵਾਂਗੂੰ ਏਸ 'ਰੜਕ' ਦਾ ਵਰਣਨ ਕੀਤਾ ਸੀ ਜਿਸ ਨੂੰ ਕਲਾ ਦੇ ਪੱਧਰ 'ਤੇ ਲੈ ਕੇ ਜਾਣਾ, ਸ਼ਾਇਦ, ਅਜੇ ਰਹਿੰਦਾ ਹੈ।

000

'ਵੋਟ ਬੈਂਕ' ਦਾ ਚਰਚਾ ਤਾਂ ਬੜਾ ਹੈ ਪਰ ਬੈਂਕ ਨੂੰ ਇਹਦੀ ਕਾਰ-ਗਰ (effective) ਸਮਝ ਨਹੀਂ ਹੈ। ਅਮਰੀਕਾ ਵਿਚ ਡੈਮੋਕ੍ਰੇਟਿਕ ਪਾਰਟੀ ਨੇ ਆਪਣੇ ਲਈ ਅਸ਼ਵੇਤ ਵੋਟ ਦਾ 'ਆਰਕਸ਼ਨ' ਕੀਤਾ ਹੋਇਆ ਹੈ; ਵਲਾਇਤ ਵਿਚ ਲੇਬਰ ਪਾਰਟੀ ਨੇ ਪਰਵਾਸੀ ਵੋਟ ਦਾ; ਫਰਾਂਸ

ਵਿਚ ਸੋਸ਼ਲਿਸਟ ਪਾਰਟੀ ਨੇ 'ਅਰਬ' ਵੋਟ ਦਾ। ਇਹਨਾਂ ਤਿੰਨਾਂ ਨੂੰ ਹੀ ਪਤਾ ਹੈ ਕਿ ਇਨ੍ਹਾਂ ਦੇ ਵੋਟ ਬੈਂਕ ਹੋਰ ਕਿਧਰੇ ਨਹੀਂ ਜਾ ਸਕਦੇ, ਇਸ ਕਰਕੇ ਉਨ੍ਹਾਂ ਦੀ ਕਦੇ ਬਾਂਹ ਨਹੀਂ ਫੜਦੇ।

ਅਮਰੀਕਾ ਦੇ ਅਸ਼ਵੇਤ ਨੂੰ ਥੋੜ੍ਹਾ ਬਹੁਤ ਖ਼ਿਆਲ ਹੈ ਕਿ ਉਹ ਦੋ ਪਾਰਟੀ ਪ੍ਰਬੰਧ (Two Party System) ਦੇ ਚੁੰਗਲ ਵਿਚੋਂ ਬਾਹਰ ਨਹੀਂ ਨਿਕਲ ਸਕਦੇ ਜੋ ਕੋਈ ਹੋਰ ਉਪਰਾਲਾ ਕਰਨਾ ਪੈਣਾ ਹੈ। ਉਬਾਮਾ ਦੀ Medicare ਦੀ ਨਾਕਾਮਯਾਬੀ ਇਹਦਾ ਪ੍ਰਤੱਖ ਸਬੂਤ ਹੈ।

ਵੋਟ ਬੈਂਕ ਦੇ ਰੋਸੇ ਨਾਲ ਅਲਪ, ਜਿੰਨਾ ਕੁ ਸਰਦਾ, ਬਦਨਾਮ ਤਾਂ ਹੁੰਦੇ ਹਨ ਪਰ ਉਹਨਾਂ ਦਾ ਸਰਦਾ ਕੁਝ ਨਹੀਂ। ਵੋਟ ਬੈਂਕ ਦਾ ਵਰਣਨ ਵੀ ਅਲਪ ਨੂੰ ਹੋਰ 'ਖਾਲੀ' ਕਰਦਾ ਹੈ।

ਸਾਡੇ ਅਲਪ ਇਲਾਕਾਈ (regional) ਪਾਰਟੀਆਂ ਨੂੰ ਟਰਾਈ (try) ਕਰ ਸਕਦੇ ਹਨ। ਪਰ ਇਲਾਕਾਈ ਪਾਰਟੀਆਂ ਦੇ ਤਿਣਕੇ ਦੇ ਸਹਾਰੇ ਦੀ ਲੰਬੀ ਆਸ ਰੱਖਣੀ ਠੀਕ ਨਹੀਂ।

ਅਲਪ ਆਪਣੇ ਕਾਯਾ-ਕਲਪ ਕਰਕੇ ਹੀ ਕਿਸੇ ਰਾਜਨੀਤਕ ਵਾਰਤਾਲਾਪ ਵਿਚ ਹਿੱਸਾ ਲੈ ਸਕਦੇ ਹਨ। ਮੇਰਾ ਸੀਮਤ ਅਨੁਭਵ ਹੈ ਕਿ ਜਦੋਂ ਫਿਰਕਾ-ਦਾਰਾਨਾ ਸਥਿਤੀ ਤਣਾਉਪੂਰਨ ਹੋ ਜਾਂਦੀ ਹੈ ਤਾਂ ਸਰਕਾਰ ਵਿਧਾਰਮਿਕਤਾ ਬਾਰੇ ਸੈਮੀਨਾਰ (seminar) ਕਰਵਾਉਣ ਲੱਗ ਜਾਂਦੀ ਹੈ। ਜਿਵੇਂ ਨਿਆਣੇ 'ਰੌਣੀ' ਦੀ ਖੇਲ੍ਹ ਬਣਾ ਕੇ ਇਹਨੂੰ ਖ਼ਤਮ ਕਰਦੇ ਗਾਉਣ ਲੱਗ ਜਾਂਦੇ ਹਨ- 'ਹੱਥਾਂ ਨਾਲ ਬਣਾਇਆ ਸੀ, ਪੈਰਾਂ ਨਾਲ ਢਾਹਿਆ ਸੀ'। ਸਿਆਸਤਦਾਨਾਂ ਦੇ ਬਣਾਏ ਸੰਪਰਦਾਯਕ ਸੰਕਟ ਨੂੰ ਬੁੱਧੀਮਾਨਾਂ ਵੱਲੋਂ ਢਾਹੁਣ ਦੀ ਚੇਸ਼ਟਾ ਦੀ ਖ਼ਬਰ ਤਾਂ ਨਿਕਲ ਸਕਦੀ ਹੈ ਜੋ ਇਸ ਤੋਂ ਜ਼ਿਆਦਾ ਦਾ ਕਿਸੇ ਨੂੰ ਵੀ ਇਤਬਾਰ ਨਹੀਂ ਹੁੰਦਾ। ਇਕ ਵਾਰ ਅਜਿਹੇ ਮੌਕੇ 'ਤੇ ਹਰਮਨ ਪਿਆਰਾ ਪੰਜਾਬੀ ਜਰਨੈਲ ਆਪਣੀ ਭੇਟਾ (contribution) ਵਜੋਂ 'ਹੀਰ' ਗਾਉਣ ਲੱਗ ਗਿਆ। ਮੇਰਾ ਅਨੁਮਾਨ ਹੈ ਕਿ ਪ੍ਰਸ਼ਾਸਨੀ ਉਦਮ ਵਿਚ ਹਿੱਸਾ ਲੈਣ ਵਾਲੇ ਇਹਨੂੰ ਸੈਮੀਨਾਰ ਦਾ ਯੋਗ ਨਿਸ਼ਕਰਸ਼ ਸਮਝਦੇ ਸੀ।

000

ਸਤ੍ਰਾਰਵੀਂ ਸਦੀ ਤੋਂ ਮਾਨਵੀ ਸੋਚ ਦਾ ਆਧਾਰ ਵਿਅਕਤੀ ਰਿਹਾ ਹੈ। ਵਿਅਕਤੀ ਸਮਾਜ ਦੇ ਅਣੂ ਹਨ। ਸਮਾਜ ਵਿਅਕਤੀਆਂ ਦਾ ਸਮੂਹ ਹੈ। ਸਮਾਜ ਅਤੇ ਵਿਗਿਆਨ ਦੇ ਅਣੂਆਂ (particles) ਦੀ ਸਾਂਝ ਸੀ। ਸਰਮਾਏਦਾਰੀ ਦਾ ਵਿਅਕਤੀਵਾਦੀ ਵਾਤਾਵਰਣ ਸੀ। ਸਮਾਜ ਵਿਗਿਆਨ ਨਾਲ ਮਨੋਵਿਗਿਆਨ ਵੀ ਵਿਅਕਤਿਕ ਹੋ ਗਿਆ। ਅਨੁਹਾਰ[3] (identity) ਵੀ ਹਰੇਕ ਦੀ ਆਪਣੀ ਆਪਣੀ ਹੁੰਦੀ ਹੈ।

ਅਨੁਹਾਰ ਕੇਵਲ ਬਾਹਰੋਂ ਬਾਹਰ ਵੇਖਣ ਦੀ ਨਹੀਂ; ਇਹਦੀ ਸਿਰਜਣਾ ਮਾਨਵੀ ਅੰਤਰ ਵੀ ਕਰਦਾ ਹੈ- ਜਿਵੇਂ ਧਰਮ ਕਹਿੰਦਾ ਹੈ "ਆਪਣਾ ਮੂਲ ਪਛਾਣ"। ਇਹੀ ਫ਼ਲਾਸਫ਼ੀ ਦਾ ਸਵਾਲ ਬਣ ਜਾਂਦਾ ਹੈ- "ਮੈਂ ਕੌਣ ਹਾਂ?"

ਸੰਪਰਦਾਯਕ ਹਿੰਸਾ ਨੂੰ ਸਮਝਣ ਲਈ ਮਨੋਵਿਗਿਆਨਕ ਰੁਚੀ ਸੁਭਾਵਕ ਸੀ। ਵਿਤਕਰੇ ਨੂੰ ਸਮਝਣ ਲਈ ਮਨੋਵਿਗਿਆਨ ਸੌੜਾ ਲਗਦਾ ਹੈ। ਸਮਾਜਕ ਮਨੋਵਿਗਿਆਨ ਦੀ ਪ੍ਰਸ਼ਬਦਾਵਲੀ (terminology) ਹੀ ਕਹੀ ਜਾਂਦੀ ਹੈ ਕਿ ਸਮਾਜ, ਮਨੋਵਿਗਿਆਨ ਤੋਂ ਪਹਿਲਾਂ ਆਉਂਦਾ ਹੈ।

ਸੰਪਰਦਾਯਕ ਹਿੰਸਾ ਦਾ ਸਾਧਾਰਨ ਹਿੰਸਾ ਤੋਂ ਲਾਜ਼ਮੀ ਫਰਕ ਹੈ। ਮਨੋਵਿਗਿਆਨਕ ਹਿੰਸਾ ਸਰਬ-ਦਿਸ਼ਾਵੀ ਹੈ। ਸੰਪਰਦਾਯਕ ਹਿੰਸਾ ਦੀ ਅਵੱਸ਼ ਹੀ ਦਿਸ਼ਾ ਹੁੰਦੀ ਹੈ, ਹਿੰਸਕ ਅਤੇ ਹਿੰਸਤ ਦੀ ਵਿਸ਼ੇਸ਼ ਤਰਫ਼-ਦਾਰੀ ਹੈ ਜੋ ਆਪਣੀ ਦਲ-ਬਦਲੀ ਨਹੀਂ ਕਰ ਸਕਦੇ।

ਨਾ ਹੀ ਵਿਅਕਤਿਕ ਮਨੋਵਿਗਿਆਨ ਦਾ ਵਾਰ ਵਾਰ ਦੁਹਰਾਓ ਗਣ-ਮਨੋਵਿਗਿਆਨ ਹੋ ਸਕਦਾ ਹੈ। ਜੇ ਹੋਵੇ ਤਾਂ ਸੰਪਰਦਾਯਕ ਦੰਗੇ ਅਚਾਨਕ ਅਤੇ ਅਕਾਰਨ ਵਾਪਰਨੇ ਚਾਹੀਦੇ

ਹਨ।

ਸੰਪਰਦਾਯਕਤਾ ਨੂੰ ਮਨੋਵਿਗਿਆਨ-ਣ (psychologize) ਦਾ ਮਤਲਬ ਹੈ ਕਿ ਆਪਾਂ ਇਹਦੇ ਬਾਰੇ ਕੁਝ ਨਹੀਂ ਕਰ ਸਕਦੇ ਜਿਵੇਂ ਪ੍ਰੇਮ ਭਾਵ, ਗੁੱਸੇ, ਲਾਲਸਾ ਬਾਰੇ।

ਸੰਪਰਦਾਯਕ ਅਨੁਹਾਰ ਦਾ ਮਤਲਬ ਹੈ ਕਿ- 'ਮੈਂ ਸਮਾਜਕ ਵਿਵਸਥਾ ਵਿਚ ਕੌਣ ਹਾਂ', ਇਹ ਅਨੁਹਾਰ ਮੇਰੀ ਨਹੀਂ, ਮੈਨੂੰ ਦਿੱਤੀ ਗਈ ਹੈ। 'ਮੈਂ ਕੌਣ ਹਾਂ' ਦਾ ਫੈਸਲਾ ਦਿੱਤੀ ਅਨੁਹਾਰ ਦੇ ਸੰਦਰਭ ਤੋਂ ਬਾਹਰ ਨਹੀਂ ਹੋ ਸਕਦਾ ਹੈ।

ਅਸ਼ਵੇਤ ਲਿਖਾਰੀ ਦਾ ਕਥਨ ਹੈ ਜੋ ਕਾਲ਼ੇ ਦੀ ਦੋਹਰੀ ਦ੍ਰਿਸ਼ਟੀ ਹੁੰਦੀ ਹੈ। ਸ਼ਵੇਤ ਤਾਂ ਆਪਣੀ ਨਜ਼ਰ ਨਾਲ ਵੇਖਦਾ ਹੈ। ਅਸ਼ਵੇਤ ਗੋਰੀ ਨਜ਼ਰ ਵਿਚੋਂ ਲੰਘ ਕੇ ਫੇਰ ਆਪ ਨੂੰ ਅਤੇ ਹੋਰ ਕੁਝ ਵੇਖਦਾ ਹੈ। ਸਾਡੇ ਮੁਲਕ ਵਿਚ ਵੀ ਦੋਹਰੀ ਚੇਤਨਾ ਦੇ ਤੱਥ ਦਾ ਪਤਾ ਸੀ ਭਾਵੇਂ ਵਿਆਖਿਆ ਸੁਲੱਭ ਨਹੀਂ। ਵਿਧਾਰਮਿਕ ਮਾਣਸ ਜਾਣਦਾ ਸੀ ਕਿ ਸੰਪਰਦਾਯਕ ਸੰਦਰਭ ਵਿਚ ਉਹਨੂੰ ਸੰਪਰਦਾਯਕ ਹੀ ਸਮਝਿਆ ਜਾਣਾ ਹੈ।

ਵਲਾਇਤ ਵਿਚ ਠੀਕ ਹੀ ਪਰਵਾਸੀ ਖਿਆਲ ਸੀ ਕਿ ਉਹਨੂੰ ਕੋਈ ਜੌਬ (ਕੰਮ) ਲੈਣ ਲਈ ਅੰਗਰੇਜ਼ ਤੋਂ ਦੁੱਗਣਾ ਚੰਗਾ ਹੋਣਾ ਪੈਂਦਾ ਹੈ।

ਸੁਧੀਰ ਕੱਕੜ ਦਾ The Inner Worlds ਭਾਰਤੀ ਮਨੋਵਿਗਿਆਨ ਦੀ ਪ੍ਰਾਪਤੀ ਹੈ। ਦੁਰਭਾਗ ਦੀ ਗੱਲ ਹੈ ਕਿ ਉਹਦੀ The Cultures of Violence ਸੰਤੋਸ਼ਜਨਕ ਨਹੀਂ। ਉਹਦੀ ਨਿੱਜੀ ਕਮਜ਼ੋਰੀ ਦੀ ਥਾਂਉਂ ਵਿਧੀ (method) ਅਰਥਾਤ ਵਿਅਕਤਿਕ ਮਨੋਵਿਗਿਆਨ ਨੇ ਧੋਖਾ ਦਿੱਤਾ ਹੈ। ਮੇਰੀ 1996 ਵਿਚ ਵੀ ਨਾ-ਪਸੰਦੀ ਸੀ। ਮੈਂ ਹੁਣ ਫੇਰ ਵਰਕ ਗਰਦਾਨੀ ਕੀਤੀ ਹੈ। ਕਿਤਾਬ ਦਾ ਟਾਈਟਲ ਹੀ ਕੁਝ ਕਹਿੰਦਾ ਲਗਦਾ ਹੈ। ਮਤਲਬ ਹਿੰਦੂ ਮੁਸਲਿਮ ਸਿੱਖ ਦੀ ਆਪਣੀ ਆਪਣੀ ਹਿੰਸਾ ਹੈ। ਪੰਨਾ 197 'ਤੇ ਲਿਖਿਆ ਹੈ ... abstract concept of secularism for most of the Hindus is empty of all psychological meaning. ਮੁਸਲਮਾਨ, ਸਿੱਖਾਂ ਲਈ ਕੀ ਹੈ? ਇਹਦਾ ਕੋਈ ਜ਼ਿਕਰ ਨਹੀਂ ਪਰ ਪਾਠਕ ਆਪ ਹੀ ਸਮਝ ਲਵੇ।

ਸੁਧੀਰ ਕੱਕੜ ਦੇ ਕਥਨ ਨੇ ਦੋ ਗੱਲਾਂ ਸਪਸ਼ਟ ਕਰ ਦਿੱਤੀਆਂ। ਜੇ ਸਾਡੀ ਵਿਧਾਰਮਿਕਤਾ ਦਾ ਕੋਈ ਪਾਰਥਿਵ ਨਹੀਂ ਤਾਂ ਇਹਦਾ ਭਾਵਕ ਯਥਾਰਥ ਸੰਦੇਹ-ਜਨਕ ਹੋਣਾ ਚਾਹੀਦਾ ਹੈ। ਇਹੀ ਗੱਲ ਪ੍ਰਸ਼ਾਸਨ ਅਤੇ ਨੀਮ-ਰਿਆਸਤ ਦੀ ਗ਼ਲਤ ਕਾਰਵਾਈ ਨੂੰ ਸ਼ਹਿ ਦਿੰਦੀ ਹੈ।

ਨੰਬਰ ਦੋ ਜਿਵੇਂ ਅਮਰੀਕਾ ਵਿਚ 'ਨਸਲ-ਪ੍ਰਸਤ' ਨਸਲ-ਵਿਰੋਧੀਆਂ (racial anti-racialists) ਦਾ ਸਵਾਲ ਪੈਦਾ ਹੋਇਆ ਹੈ, ਸਾਨੂੰ ਵੀ 'ਫਿਰਕਾ-ਪ੍ਰਸਤ ਵਿਧਾਰਮਿਕਾਂ' ਦੇ ਵਿਚਾਰ ਦਾ ਫਿਕਰ ਹੋਣਾ ਚਾਹੀਦਾ ਹੈ।

ਕਬੀਰ ਸਾਹਿਬ ਅਨੁਸਾਰ 'ਅਜਹੁ ਸੁ ਨਾਉ ਸਮੁੰਦ੍ ਮਹਿ'। ਹਿੰਦੂ ਵਿਧਾਰਮਿਕ ਅਤੇ ਅਲਪਾਂ ਨੂੰ ਹੋਰ ਵੀ ਵਧੇਰੇ ਦ੍ਰਿੜ ਚਿੰਤਨ ਅਤੇ ਸੰਕਰਮ ਦੀ ਲੋੜ ਹੈ।

000

ਵਿਗੜਦੀ ਵਿਗੜਾਉਂਦੀ ਪੰਜਾਬ ਦੀ ਸੰਪਰਦਾਯਕ ਵਿਵਸਥਾ 'ਨੀਲਾ ਤਾਰਾ ਅਭਯਾਨ' ਤਕ ਪਹੁੰਚ ਗਈ। ਇਹਦੇ ਪ੍ਰਤੀਕਰਮ ਵਜੋਂ ਮੈਂ 'ਸਿੱਖ ਕੀ ਕਰਨ?' ਪੁਸਤਕ ਲਿਖੀ ਜਿਸ ਵਿਚ ਸਿੱਖਾਂ ਨੂੰ ਆਪਣਾ ਲੌਕਿਕ ਵਿਰਸਾ ਸੰਭਾਲਣ ਅਤੇ ਪੇਸ਼ ਕਰਨ ਦੀ ਸਲਾਹ ਸੀ ਜੋ ਸਿੱਖ ਧਰਮ, ਜਿਵੇਂ ਅਰਦਾਸ ਵਿਚ ਕਹਿੰਦੇ ਹਾਂ, "ਨਮਾਣਿਆਂ, ਨਤਾਣਿਆਂ, ਨਿਓਟਿਆਂ" ਦਾ ਧਰਮ ਹੈ। ਵਿਧਾਰਮਿਕਤਾ ਇਨ੍ਹਾਂ ਨਾਲ ਖਲੋ ਕੇ ਹੀ ਆਪ ਖੜ੍ਹੀ ਰਹਿ ਸਕਦੀ ਹੈ। ਜੇ ਰਿਆਸਤ ਨਮਾਣਿਆਂ-ਵਿਰੋਧੀ ਹੋਣ ਦੀ ਠਾਣ ਲੈਂਦੀ ਹੈ ਤਾਂ ਇਹਦੇ ਨਾ ਚਾਹੁੰਦਿਆਂ ਵੀ ਵਿਧਾਰਮਿਕਤਾ

ਡਿੱਗ ਪੈਂਦੀ ਹੈ।

ਮੁਸਲਮਾਨ ਸਿੱਖ ਆਦਿ ਹਿੰਦੂ ਸੰਪਰਦਾਯਕਤਾ ਦਾ ਮੁਕਾਬਲਾ ਮੁਸਲਿਮ ਫਿਰਕਾ-ਪ੍ਰਸਤੀ ਜਾਂ ਸਿੱਖ ਸੰਪਰਦਾਯਕਤਾ ਨਾਲ ਨਹੀਂ ਕਰ ਸਕਦੇ। ਇਹ ਪ੍ਰਾਜਯ ਹੋਣ ਦੇ ਦੁਖਾਂਤ ਨੂੰ ਜਾਂਦਾ ਰਾਹ ਹੈ। ਹਿੰਦੂ-ਮੁਸਲਿਮ-ਸਿੱਖ ਸੰਪਰਦਾਯਕਤਾ ਦਾ ਸਾਂਝਾ ਵਿਚਾਰਧਾਰਕ ਆਧਾਰ ਰਿਹਾ ਹੈ- ਇਤਿਹਾਸਕ ਮਹਾਨਤਾ, ਵਰਤਮਾਨੀ ਮਹੱਤਾ ਅਤੇ ਵਿਸ਼ੇਸ਼ ਗੁਣ। ਇਹਨਾਂ ਤਿੰਨੇ ਪ੍ਰਵੈਂਡਾਂ (categories) ਵਿਚ ਹਿੰਦੂ-ਮੁਸਲਿਮ-ਸਿੱਖ ਸੰਪਰਦਾਯਕਤਾਵਾਂ ਨੇ ਆਪਣੇ ਰੰਗ ਭਰ ਲੈਣੇ ਹੁੰਦੇ ਹਨ। ਹਿੰਦੂ ਸੰਪਰਦਾਯਕਤਾ ਅੱਜ ਵੀ ਇੰਝ ਕਰ ਸਕਦੀ ਹੈ ਅਤੇ ਕਰੀ ਜਾਊਗੀ ਕਿਉਂਕਿ ਸੰਪਰਦਾਯਕਤਾ ਇਹਨੂੰ ਪੁੱਗਦੀ ਹੈ।

ਸਿੱਖਾਂ ਅਤੇ ਮੁਸਲਮਾਨਾਂ ਲਈ ਜਿਹੜੀ ਪ੍ਰਾਥਮਿਕ ਗੱਲ ਸਮਝਣ ਵਾਲੀ ਹੈ, ਉਹ ਇਹ ਹੈ ਕਿ ਸੰਪਰਦਾਯਕਤਾ ਉਨ੍ਹਾਂ ਨੂੰ ਪੁੱਗਦੀ ਨਹੀਂ। ਉਹ ਆਪਣੀਆਂ ਸ਼ਿਕਾਇਤਾਂ ਦਾ ਵਿਵੇਚਨ ਪਹਿਲਾਂ ਆਪ ਕਰਨ, ਫੇਰ ਇਨ੍ਹਾਂ ਨੂੰ ਵਿਧਾਰਮਿਕ ਹਿੰਦੂਆਂ ਅਤੇ ਸੰਸਥਾਵਾਂ ਅੱਗੇ ਰੱਖਣ, ਨਾ ਕਿ ਆਪ ਸੰਪਰਦਾਯਕ ਹੋ ਕੇ ਹਿੰਦੂ ਸੰਪਰਦਾਯਕਤਾ ਨੂੰ ਤਕੜਾ ਕਰਨ। ਜਾਮਿਅ ਮਸਜਿਦ ਦੇ ਇਮਾਮ ਕੋਲ ਜਾਂ ਅਕਾਲ ਤਖ਼ਤ ਪਹੁੰਚ ਕੇ ਦਿਲ ਠੰਢਾ ਕਰਨ ਤੋਂ ਵੱਧ ਕੁਝ ਨਹੀਂ ਹੋਣਾ।

ਵਿਤਕਰੇ ਕਾਰਨ ਜਿਹੜੀਆਂ ਸੁਵਿਧਾਵਾਂ ਦਾ ਵਿਗੋਚਾ ਹੈ, ਉਨ੍ਹਾਂ ਨਾਲ ਹੌਲੀ ਹੌਲੀ ਸਹਿਕਾਰੀ ਤਰੀਕੇ ਨਾਲ ਨਿਜਿੱਠਣ ਦੀ ਕੋਸ਼ਿਸ਼ ਕਰਨ। ਇੰਝ ਲਗਨ, ਦ੍ਰਿੜਤਾ ਅਤੇ ਈਮਾਨਦਾਰੀ ਦੀ ਸਿਖਲਾਈ ਹੋਈ ਜਾਂਦੀ ਹੈ। ਇਹ ਕੁਝ ਘਰ ਬੈਠਿਆਂ ਆਪੇ ਹੀ ਲੱਭ ਜਾਣ ਵਾਲਾ ਨਹੀਂ ਹੁੰਦਾ। ਸਹਿਕਾਰੀ ਉਦਮ ਦੀ ਕਾਮਯਾਬੀ ਦਾ ਘੇਰਾ ਭਾਵੇਂ ਛੋਟਾ ਹੋਵੇ ਪਰ ਸਰਕਾਰ 'ਤੇ ਨਿਰਭਰਤਾ ਤਿਆਗਣ ਦਾ ਲਾਭ ਕਿਤੇ ਵਡੇਰਾ ਹੋਣਾ ਹੈ।

ਮੁਸਲਮਾਨਾਂ ਸਿੱਖਾਂ ਨੂੰ ਅ-ਸੰਪਰਦਾਯਕ ਸੰਸਥਾਵਾਂ ਦੀ ਕਾਢ ਦੀ ਸਿਰਜਣਾਤਮਕ ਲੋੜ ਹੈ। ਸ਼ਹੀਦ ਊਧਮ ਸਿੰਘ ਆਪਣੇ ਆਪ ਨੂੰ ਸੰਖੇਪ ਵਿਚ ਹ.ਮ.ਸ. ਲਿਖਦਾ ਸੀ। ਹ.ਮ.ਸ. ਅਸੰਪਰਦਾਯਕ ਸੰਸਥਾਵਾਂ ਨੇ ਹੀ ਭਵਿਖ ਦਾ ਅਖੰਡ ਰਾਸ਼ਟਰਵਾਦ ਸਿਰਜਣਾ ਹੈ।

000

ਸਭ ਕਿਸੇ ਨੂੰ ਭਾਰਤ ਵਿਚ ਆਜ਼ਾਦੀ ਦੇ ਸੰਘਰਸ਼ ਦੌਰਾਨ ਦੋ ਇਤਿਹਾਸਕ ਰਾਜਨੀਤਕ ਗ਼ਲਤੀਆਂ ਨੂੰ ਸਮਝਣ ਦੀ ਲੋੜ ਹੈ। ਅਸੀਂ ਆਪਣਾ ਰਾਸ਼ਟਰਵਾਦ ਪ੍ਰਾਚੀਨ ਭਾਰਤ ਦੇ ਬਿੰਬ 'ਤੇ ਉਸਾਰ ਲਿਆ (ਜਿਵੇਂ ਬੰਕਮ ਚੰਦਰ ਚੈਟਰਜੀ) ਜਿਸ ਵਿਚ ਮੁਸਲਮਾਨ ਸ਼ਾਮਲ ਨਹੀਂ। ਸਾਡਾ ਰਾਸ਼ਟਰਵਾਦ ਕਬੀਰ, ਰਵਿਦਾਸ, ਧੰਨੇ ਵਾਲਾ ਹੋਣਾ ਚਾਹੀਦਾ ਸੀ; ਰਾਸ਼ਟਰਵਾਦ ਆਬਾਦੀ ਦਾ ਪਹਿਲਾਂ ਹੁੰਦਾ ਹੈ, ਮਗਰੋਂ ਕਿਸੇ ਇਤਿਹਾਸਕ ਕਾਲ ਦਾ।

ਗਿਨੀ ਬਸਾਊ (Guinea Bissau) ਦੇ ਸਮ-ਸਮਾਜੀ ਸੰਘਰਸ਼ ਦੌਰਾਨ ਉਹਦੇ ਲੀਡਰ ਕੈਬਰਲ (Cabral) ਨੇ ਵੇਖਿਆ ਕਿ ਕ੍ਰਾਂਤੀਕਾਰੀ ਫੌਜ ਕਬੀਲਿਆਂ ਵਿਚ ਵੰਡ ਹੋ ਗਈ। ਉਹਨੇ ਇਹ ਕਹਿਕੇ ਇਨਕਲਾਬੀ ਸੰਗਠਨ ਦਾ ਵਿਸਰਜਣ ਕਰ ਦਿੱਤਾ ਕਿ ਜੇ ਸਮ-ਸਮਾਜ (socialism) ਕਬੀਲਿਆਂ ਵਿਚ ਵੰਡ ਹੋ ਕੇ ਲਿਆਉਣਾ ਹੈ ਤਾਂ ਮੈਨੂੰ ਸਮ-ਸਮਾਜ ਦੀ ਲੋੜ ਨਹੀਂ। ਕੈਬਰਲ ਨੇ ਦੋ ਗੱਲਾਂ ਵਿਚੋਂ ਇਕ ਦੀ ਚੋਣ ਕਰ ਲਈ। ਸਾਡੀ ਰਾਜਨੀਤੀ ਵਿਚ ਆਜ਼ਾਦੀ ਜਾਂ ਵੰਡ ਦੀ ਚੋਣ ਦਾ ਮੌਕਾ ਤਾਂ ਆਇਆ ਸੀ। ਪਰ ਜਦੋਂ ਕਾਂਗਰਸ ਦੀ ਕਾਰਜਕਾਰਨੀ ਵੰਡ ਨੂੰ ਮਨਜ਼ੂਰ ਕਰਨਾ ਦਾ ਮਤਾ ਪਾਸ ਕਰ ਰਹੀ ਸੀ, ਮਹਾਤਮਾ ਗਾਂਧੀ ਇਹਦਾ ਵਿਰੋਧ ਕਰਦਾ ਮੀਟਿੰਗ ਵਿਚੋਂ ਉਠ ਕੇ ਚਲਾ ਗਿਆ। ਅਫ਼ਸੋਸ, ਉਹਨੇ ਇਹ ਨਾ ਕਿਹਾ- ਜੇ ਆਜ਼ਾਦੀ ਲਈ ਦੇਸ਼ ਨੇ ਵੰਡ ਹੋਣਾ ਹੈ ਤਾਂ ਮੈਨੂੰ ਆਜ਼ਾਦੀ ਦੀ ਲੋੜ ਨਹੀਂ! □□

144, ਸੈਕਟਰ 65, ਫੇਜ਼ 11, ਐੱਸ. ਏ. ਐੱਸ. ਨਗਰ, ਮੋਹਾਲੀ - 160 062

ਗ਼ਦਰ ਲਹਿਰ ਵਿਚ ਦਲਿਤਾਂ ਦਾ ਯੋਗਦਾਨ

ਬਲਬੀਰ ਮਾਧੋਪੁਰੀ

ਪਰਾਈ ਧਰਤੀ-ਅਮਰੀਕਾ 10 ਹਜ਼ਾਰ ਮੀਲ ਦੂਰ ਤੋਂ ਹਿੰਦੁਸਤਾਨ ਦੀ ਮੁਕੰਮਲ ਆਜ਼ਾਦੀ ਲਈ ਉੱਠੀ ਲਹਿਰ

ਤੇ 1913 ਵਿਚ ਬਣੀ ਗ਼ਦਰ ਪਾਰਟੀ ਦਾ ਕੇਂਦਰ ਕੈਲੀਫੋਰਨੀਆ ਸੀ। ਪਰ ਭਾਰਤ ਸਮੇਤ ਉਸ ਦੀਆਂ ਸ਼ਾਖਾਂ ਸਿੰਗਾਪੁਰ, ਸ਼ੰਘਈ, ਮਲਾਇਆ, ਇੰਡੋਨੇਸ਼ੀਆ, ਈਸਟ ਇੰਡੀਜ਼, ਫਿਲਪੀਨਜ਼, ਨਿਊਜ਼ੀਲੈਂਡ, ਹਾਂਗਕਾਂਗ, ਫਿਜੀ, ਜਪਾਨ, ਮਨੀਲਾ, ਬਰਮਾ ਵਿਚ ਸਨ। ਉਸ ਦੀਆਂ ਸਰਗਰਮੀਆਂ ਦੇ ਘੇਰੇ ਵਿਚ ਯੂਰਪ, ਅਫ਼ਰੀਕਾ ਤੇ ਅਫ਼ਗਾਨਿਸਤਾਨ ਆਦਿ ਵੀ ਸ਼ਾਮਲ ਸਨ। ਗ਼ਦਰ ਲਹਿਰ ਤੇ ਗ਼ਦਰ ਪਾਰਟੀ ਦੀ ਉਸਾਰੀ ਤੇ ਵਿਆਪਕਤਾ ਵਿਚ ਸਮੁੱਚੇ ਹਿੰਦੁਸਤਾਨ ਦੇ ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਦਲਿਤਾਂ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੇ ਚੋਖੀ ਗਿਣਤੀ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਦੂਜੇ ਸ਼ਬਦਾਂ ਵਿਚ, ਕਿਰਤੀ, ਕਿਸਾਨ, ਹੁਨਰਮੰਦ, ਗ਼ੈਰ-ਹੁਨਰਮੰਦ ਅਤੇ ਸਮਾਜਕ-ਆਰਥਿਕ ਤੇ ਵਰਣ-ਵਿਵਸਥਾ ਦੇ ਸਤਾਏ ਲੋਕਾਂ ਨੇ ਜੀ-ਜਾਨ ਨਾਲ ਲਹਿਰ ਨੂੰ ਪ੍ਰਫੁੱਲਤ ਕੀਤਾ ਤੇ ਬੁਲੰਦੀ ਉਤੇ ਪਹੁੰਚਾਇਆ। ਉਨ੍ਹਾਂ ਸਭਨਾਂ ਧਰਮਾਂ ਦੇ ਮਰਜੀਵੜਿਆਂ ਨੂੰ ਧੂਹ ਪਾਉਣ ਵਾਲੇ ਸਨ - ਗ਼ਦਰ ਪਾਰਟੀ ਦੇ ਧਰਮ-ਨਿਰਪੇਖ ਸਿਧਾਂਤ। ਗ਼ਦਰ ਪਾਰਟੀ ਵੱਲੋਂ ਸ਼ੁਰੂ ਵਿਚ ਹੀ ਸਪੱਸ਼ਟ ਕਰ ਦਿਤਾ ਗਿਆ ਸੀ ਕਿ ਗ਼ਦਰ ਪਾਰਟੀ ਕਿਸੇ ਵੀ ਧਰਮ ਜਾਂ ਫ਼ਿਰਕੇ ਨਾਲ ਸੰਬੰਧਤ ਨਹੀਂ ਹੈ। ਅਸੂਲ ਬਣਾਇਆ ਗਿਆ ਸੀ ਕਿ ਪਾਰਟੀ ਦੀਆਂ ਆਮ ਤੇ ਖ਼ਾਸ ਬੈਠਕਾਂ ਵਿਚ ਕਿਸੇ ਤਰ੍ਹਾਂ ਦਾ ਕੋਈ ਧਾਰਮਿਕ ਤੇ ਫ਼ਿਰਕੂ ਸਵਾਲ ਨਹੀਂ ਉਠਾਇਆ ਜਾਵੇਗਾ। ਇਹ ਖੁੱਲ੍ਹ ਜ਼ਰੂਰ ਸੀ ਕਿ ਕੋਈ ਮੈਂਬਰ ਕਿਸੇ ਵੀ ਧਰਮ ਵਿਚ ਵਿਸ਼ਵਾਸ ਰੱਖੇ ਜਾਂ ਨਾ ਰੱਖੇ, ਇਹ ਉਸ ਦੀ ਮਰਜ਼ੀ ਹੈ। ਧਰਮ ਨੂੰ ਵਿਅਕਤੀ ਦੇ ਨਿੱਜੀ ਮਾਮਲੇ ਵਜੋਂ ਵਿਚਾਰਿਆ ਗਿਆ। ਪ੍ਰਾਂਤਵਾਦ, ਇਲਾਕਾਵਾਦ, ਭਾਸ਼ਾ, ਜਾਤ-ਪਾਤ ਤੇ ਛੂਤਛਾਤ ਨੂੰ ਹਰ ਨਜ਼ਰੀਏ ਤੋਂ ਖ਼ਾਰਿਜ ਕੀਤਾ ਗਿਆ। ਇਨ੍ਹਾਂ ਸਭਨਾਂ ਅਸੂਲਾਂ ਤੋਂ ਉੱਪਰ ਆਪਣੇ-ਆਪ ਨੂੰ ਹਿੰਦੁਸਤਾਨੀ ਕਹਿਣ-ਕਹਾਉਣ ਦੀ ਪਛਾਣ ਦਿੱਤੀ ਗਈ। ਪਾਰਟੀ ਵੱਲੋਂ ਦੱਸਿਆ ਗਿਆ, "ਜੇ ਤੁਸੀਂ ਕੋਈ ਗੱਲ ਕਰਦੇ ਹੋ ਤਾਂ ਗ਼ਦਰ ਦੀ ਗੱਲ ਕਰੋ, ਜੇ ਕੋਈ ਸੁਪਨਾ ਦੇਖਦੇ ਹੋ ਤਾਂ ਗ਼ਦਰ ਦਾ ਸੁਪਨਾ ਦੇਖੋ ... ਮਜ਼ਹਬਾਂ ਦੇ ਝਗੜੇ ਜਾਂ ਵੇਦ-ਕੁਰਾਨ ਦੇ ਝਗੜਿਆਂ ਵਿਚ ਫਸੇ ਰਹਿਣਾ ਮੂਰਖਤਾ ਹੈ।" ਇਸ ਸੰਦਰਭ ਵਿਚ ਸਰਦਾਰ ਕਰਤਾਰ ਸਿੰਘ ਸਰਾਭਾ ਨੇ ਆਪਣੀਆਂ ਕਵਿਤਾਵਾਂ ਵਿਚ ਦੋ-ਟੂੱਕ ਗੱਲ ਨਿਬੇੜੀ :

ਮੈਂ ਹਿੰਦੀ, ਠੇਠ ਹਿੰਦੀ, ਖ਼ੂਨੇ ਹਿੰਦੀ, ਜਾਤ ਹਿੰਦੀ ਹੂੰ।
ਯਹੀ ਮਜਹਬ, ਯਹੀ ਫ਼ਿਰਕਾ, ਯਹੀ ਹੈ ਖ਼ਾਨਦਾਨ ਅਪਨਾ।

ਜਾਂ

ਨਾ ਹਿੰਦੂ ਹੈ ਨਾ ਮੁਸਲਮਾਂ, ਨਾ ਹੀ ਤੁਰਕਸਤਾਨੀ ਹੈ।
ਜਹਾਂ ਜਿਤਨੇ ਭੀ ਹੈ ਹਮ, ਸਭ ਹਿੰਦੁਸਤਾਨੀ ਹੈ।

ਇਸੇ ਤਰ੍ਹਾਂ ਹੀ 'ਗ਼ਦਰ ਦੀ ਗੂੰਜ' ਵਿਚਲੀ ਸਮੁੱਚੀ ਕਵਿਤਾ ਯਾਨਿ ਲੜੀ ਨੰ: 1,2, ਤੇ 3 ਵਿਚ ਬਿਨਾਂ ਕਿਸੇ ਲੱਗ-ਲਪੇਟ ਦੇ ਗ਼ਦਰ ਪਾਰਟੀ ਦੀ ਵਿਚਾਰਧਾਰਾ ਦਾ ਝਲਕਾਰਾ ਦੇਖਣ ਨੂੰ ਮਿਲਦਾ ਹੈ। ਭਾਰਤੀ ਸਮਾਜਕ ਬਣਤਰ ਨੂੰ ਸਿਰੇ ਤੋਂ ਨਕਾਰਦਿਆਂ ਨਵੇਂ ਸਮਾਜ ਦੀ ਸਿਰਜਣਾ ਦਾ ਸੰਕਲਪ ਲਿਆ ਗਿਆ ਸੀ। ਜਿਵੇਂ :

ਛੂਤ ਛਾਤ ਦਾ ਕੋਈ ਖ਼ਿਆਲ ਨਾਹੀ, ਸਾਨੂੰ ਪਰਖ ਨਾ ਚੂਹੜੇ ਚਮਾਰ ਵਾਲੀ।
ਹਿੰਦੋਸਤਾਨ ਵਾਲੇ ਸਾਰੇ ਹੈਨ ਭਾਈ, ਰੀਤ ਰੱਖਣੀ ਨਹੀ ਮਕਾਰ ਵਾਲੀ।
ਖ਼ਾਤਰ ਅਸੀ ਆਜ਼ਾਦੀ ਦੀ ਜੰਗ ਕਰਨਾ, ਕਰਨੀ ਦੂਰ ਹੁਣ ਰਸਮ ਬੇਗਾਰ ਵਾਲੀ।
ਪਿੱਛੋਂ ਗ਼ਦਰ ਦਾ ਮਾਮਲਾ ਮਾਫ਼ਸਭ ਨੂੰ, ਖੇਤੀ ਕਰਾਂਗੇ ਮੌਜ ਬਹਾਰ ਵਾਲੀ।

ਗ਼ਦਰ ਦੀ ਗੂੰਜ, ਲੜੀ ਨੰ.1, ਪੰਨਾ 19

ਉਪਰੋਕਤ ਨੂੰ ਸਮਾਜਕ-ਆਰਥਿਕ ਤੇ ਮਨੁੱਖੀ ਅਧਿਕਾਰਾਂ ਦੀ ਦ੍ਰਿਸ਼ਟੀ ਤੋਂ ਦੇਖਦਿਆਂ ਇਉਂ

ਪ੍ਰਤੀਤ ਹੁੰਦਾ ਹੈ ਜਿਵੇਂ ਗ਼ਦਰੀ ਬਾਬਿਆਂ ਨੇ ਸਾਨੂੰ ਭਵਿੱਖ ਦੇ ਭਾਰਤ ਦਾ ਮੈਨੀਫੈਸਟੋ ਦੇ ਦਿੱਤਾ ਹੋਵੇ। ਯਾਨਿ ਉਨ੍ਹਾਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਆਪਕ ਸੋਚ, ਸੂਝ ਤੇ ਸਮਾਜਕ ਨਿਆਂ ਲਈ ਗੌਰਵਸ਼ਾਲੀ ਵਿਰਾਸਤ ਦੇ ਦਿੱਤੀ ਹੋਵੇ। 'ਬੇਗਾਰ' ਤੇ ਸਮਾਜਕ ਸਮਤਾ ਦੇ ਪ੍ਰਸੰਗ ਵਿਚ ਆਪਣੀ ਨਵੀਂ ਪੀੜ੍ਹੀ ਤੇ ਪਰੰਪਰਕ ਸੋਚ ਦੇ ਧਾਰਨੀ ਲੋਕਾਂ ਨੂੰ ਜਾਣੂ ਕਰਾਉਣਾ ਜ਼ਰੂਰੀ ਜਾਪਦਾ ਹੈ। 'ਬੇਗਾਰ' ਦਾ ਅਰਥ ਹੈ ਬਿਨਾਂ ਕਿਸੇ ਉਜਰਤ ਦੇ ਕਿਸੇ ਵਿਅਕਤੀ ਤੋਂ ਜਬਰੀ ਕੰਮ ਕਰਵਾਉਣਾ। ਭਾਵ ਵਰਣ-ਵਿਵਸਥਾ ਤੋਂ ਬਾਹਰ ਦੇ ਅਛੂਤਾਂ (ਅਜੋਕੇ ਸਮਿਆਂ ਵਿਚ ਅਨੁਸੂਚਿਤ ਜਾਤੀਆਂ ਜਾਂ ਦਲਿਤ) ਤੋਂ ਪਰੰਪਰਾ ਅਨੁਸਾਰ ਮੁਫ਼ਤ ਕੰਮ ਕਰਾਉਣਾ। ਇਨਸਾਨੀ ਬਰਾਬਰੀ ਨਾ ਦੇਣਾ, ਮਨੁੱਖੀ ਅਧਿਕਾਰਾਂ ਦਾ ਬੇਰਹਿਮੀ ਨਾਲ ਘਾਣ ਕਰਦਿਆਂ 'ਉੱਤਮ-ਨੀਚ' ਦੀ ਮਨੁੱਖ-ਸਾਜ਼ੀ ਪਰੰਪਰਾ ਦਾ ਬਿਨਾਂ ਕਿਸੇ ਹੀਲ-ਹੁੱਜਤ ਦੇ ਪਾਲਣ ਕਰਨਾ। ਸਮਾਜਕ ਬਰਾਬਰੀ ਦਾ ਪਾਠ ਨਾ ਪੜ੍ਹਨਾ, ਨਾ ਪੜ੍ਹਾਉਣਾ ਕਿਉਂਕਿ ਵਰਣ-ਧਰਮ ਵਿਵਸਥਾ ਇਸ ਦੇ ਵਿਰੁੱਧ ਬੱਜਰ-ਕਪਾਟ ਬਣ ਕੇ ਖੜ੍ਹੀ ਹੈ। ਇਉਂ ਹੀ, 'ਖੇਤੀ ਕਰਾਂਗੇ ਮੌਜ ਬਹਾਰ ਵਾਲੀਂ' ਗੱਲ ਸਹਿਕਾਰਤਾ ਦੇ ਨੁਕਤੇ ਨੂੰ ਸਾਂਝੇ ਕੁਦਰਤੀ ਸਰੋਤਾਂ ਵਜੋਂ ਉਭਾਰਦੀ ਹੈ।

ਗ਼ਦਰ ਲਹਿਰ ਦੀ ਉੱਪਰ ਵਰਣਿਤ ਮੋਕਲੀ ਸੋਚ ਪਿੱਛੇ ਕਾਲਿਆਂ-ਗੋਰਿਆਂ ਦੇ ਆਪਸੀ ਝਗੜਿਆਂ ਤੋਂ ਮਾਨਵੀ ਅਧਿਕਾਰਾਂ ਲਈ ਚੇਤਨਾ ਜਾਗ, ਵੱਖ-ਵੱਖ ਦੇਸ਼ਾਂ ਵਿਚ ਗ਼ੁਲਾਮੀ ਵਿਰੁੱਧ ਚਲਦੀਆਂ ਸਮਕਾਲੀ ਲਹਿਰਾਂ, 'ਹਿੰਦੂ ਸਲੇਵ', 'ਡਰਟੀ ਹਿੰਦੂ' ਆਦਿ ਦੇ ਤਾਹਨੇ-ਮਿਹਣੇ ਦੀਆਂ ਨਿਰਾਦਰ ਭਰੀਆਂ ਸਥਿਤੀਆਂ ਤੇ ਪਰਿਸਥਿਤੀਆਂ ਕਾਰਜਸ਼ੀਲ ਸਨ। ਉਨ੍ਹਾਂ ਅਜਿਹੀਆਂ ਸਥਿਤੀਆਂ ਤੇ ਕਾਰਨਾਂ ਨੂੰ ਜਾਣਨਾ ਵੀ ਜ਼ਰੂਰੀ ਹੈ ਜਿਨ੍ਹਾਂ ਦਾ ਸੰਖੇਪ ਵਰਨਣ ਨਿਮਨ ਅਨੁਸਾਰ ਹੈ :

1850 ਈ. ਵਿਚ ਪੰਜਾਬ ਬ੍ਰਤਾਨਵੀ ਹਕੂਮਤ ਦੇ ਕਬਜ਼ੇ ਹੇਠ ਆ ਗਿਆ। ਉਪਰੰਤ ਹਕੂਮਤ ਦੇ ਆਰਥਿਕ ਤੇ ਰਾਜਨੀਤਕ ਅਤਿਆਚਾਰਾਂ ਦਾ ਸ਼ਿਕਾਰ ਹੋਣ ਲੱਗ ਪਿਆ। ਸਰਕਾਰ ਨੇ ਜ਼ਮੀਨੀ ਬੰਦੋਬਸਤ ਕਰ ਕੇ ਜ਼ਮੀਨ ਨਿੱਜੀ ਮਾਲਕੀ ਹੇਠ ਲੈ ਆਂਦੀ। ਮਾਲੀਆ ਜਿਣਸ ਦੀ ਥਾਂ ਨਗਦ ਅਦਾ ਕਰਨ ਦਾ ਹੁਕਮ ਚਾੜ੍ਹਿਆ ਗਿਆ। ਛੋਟੇ ਕਿਸਾਨਾਂ ਲਈ ਮਾਲੀਆ ਤਾਰਨਾ ਔਖਾ ਹੋ ਗਿਆ। ਉਹ ਸ਼ਾਹੂਕਾਰਾਂ ਉਤੇ ਨਿਰਭਰ ਹੋ ਗਏ। ਮੂੰਹ ਮੰਗਿਆ ਵਿਆਜ ਦੇਣ ਲਈ ਮਜਬੂਰ ਹੋ ਗਏ। ਮੁਕੱਦਮਿਆਂ ਵਿਚ ਅਦਾਲਤਾਂ ਨੇ ਸ਼ਾਹੂਕਾਰਾਂ ਦਾ ਭਰਵਾਂ ਸਾਥ ਦਿਤਾ। ਪੰਜਾਬ ਸਰਕਾਰ ਦੀ ਜ਼ਰਾਇਤੀ ਰਿਪੋਰਟ 1924-25 ਅਨੁਸਾਰ 1901 ਤੋਂ 1909 ਤਕ ਤਕਰੀਬਨ ਢਾਈ ਕਰੋੜ ਏਕੜ ਜ਼ਮੀਨ ਗਹਿਣੇ ਪੈ ਗਈ ਸੀ। ਇਉਂ ਕਿਸਾਨਾਂ ਤੇ ਖੇਤੀਬਾੜੀ ਉੱਤੇ ਨਿਰਭਰ ਲੋਕਾਂ ਦੀ ਹਾਲਤ ਮੰਦਹਾਲੀ ਵਿਚ ਬਦਲ ਗਈ।

ਦੂਜੀ ਵੱਡੀ ਹਕੀਕਤ ਇਹ ਸੀ ਕਿ ਉਸ ਦੌਰ ਵਿਚ ਕੁਦਰਤੀ ਆਫ਼ਤਾਂ ਨੇ ਵੀ ਹਿੰਦੁਸਤਾਨੀਆਂ ਉੱਤੇ ਬੇਰਹਿਮੀ ਨਾਲ ਤਾਬੜ-ਤੋੜ ਹਮਲੇ ਕੀਤੇ। ਲੰਮੇ ਕਾਲ਼ਾਂ, ਭੁੱਖਮਰੀ, ਪਲੇਗ, ਚੇਚਕ, ਹੈਜ਼ਾ, ਅਲਸਰ ਆਦਿ ਨੇ ਘਰਾਂ ਦੇ ਘਰ ਖ਼ਾਲੀ ਕਰ ਦਿੱਤੇ। ਲੱਖਾਂ-ਕਰੋੜਾਂ ਲੋਕ ਅਣਿਆਈ ਮੌਤੇ ਮਾਰੇ ਗਏ। ਪਰ ਹਕੂਮਤ ਹਿੰਦੁਸਤਾਨੀਆਂ ਦੇ ਭੁੱਖ-ਨੰਗ ਦੀ ਪ੍ਰਵਾਹ ਕੀਤੇ ਬਗ਼ੈਰ ਲਗਾਤਾਰ ਅਨਾਜ ਤੇ ਕਪਾਹ ਦੀ ਬਰਾਮਦ ਕਰਦੀ ਗਈ। ਸਰਕਾਰ ਦੇ ਅਜਿਹੇ ਗ਼ੈਰ-ਮਨੁੱਖੀ ਰਵੱਈਏ ਤੋਂ ਸਤੇ-ਸਤਾਏ ਹਿੰਦੁਸਤਾਨੀ ਰੋਟੀ-ਰੋਜ਼ੀ ਦਾ ਨਵਾਂ ਬਦਲ ਤਲਾਸ਼ਣ ਲਈ ਪਰਵਾਸ ਕਰਨ ਲੱਗੇ। ਇਸ ਦੌੜ ਵਿਚ ਕੋਈ ਵੀ ਪਿੱਛੇ ਨਹੀਂ ਰਹਿਣਾ ਚਾਹੁੰਦਾ ਸੀ।

ਉਨ੍ਹੀਂ ਦਿਨੀਂ, ਵੀਹਵੀਂ ਸਦੀ ਦੇ ਸ਼ੁਰੂ ਵਿਚ ਵਿਦੇਸ਼ ਜਾਣ ਤੇ ਉਥੇ ਰਹਿਣ ਲਈ ਵੀਜ਼ਾ-ਪਾਸਪੋਰਟ ਦੀਆਂ ਸ਼ਰਤਾਂ ਨਹੀਂ ਸਨ। ਹਾਲਾਤ ਦਾ ਲਾਭ ਉਠਾਉਂਦਿਆਂ ਹਜ਼ਾਰਾਂ ਹਿੰਦੁਸਤਾਨੀਆਂ ਤੇ ਖ਼ਾਸ ਤੌਰ 'ਤੇ ਪੰਜਾਬੀ-ਹਿੰਦੁਸਤਾਨੀ ਏਸ਼ੀਆ ਦੇ ਪੂਰਬੀ ਕੰਢੇ ਤੋਂ ਦੀ, ਭਾਵ ਚੀਨ ਦੇ ਕਿਨਾਰੇ ਤੋਂ ਦੀ ਹੋ ਕੇ, ਜਹਾਜ਼ਾਂ ਰਾਹੀਂ ਸੱਤ ਸਮੁੰਦਰ ਪਾਰ ਕਰ ਗਏ। ਇਨ੍ਹਾਂ ਔਕੜਾਂ ਭਰੇ ਸਮੁੰਦਰੀ ਮਾਰਗਾਂ ਨੂੰ ਤੈਰ ਜਾਣ ਪਿੱਛੇ ਲਾਲਸਾ ਇਹ ਸੀ ਕਿ ਉਨ੍ਹਾਂ ਨੇ ਦੁਨੀਆਂ ਦੇ ਵੱਡੇ ਪੱਛਮੀ ਮੁਲਕਾਂ - ਕਨੇਡਾ ਤੇ ਅਮਰੀਕਾ ਵਿਚ ਬੇਸ਼ੁਮਾਰ ਬੇਆਬਾਦ ਪਈਆਂ ਜ਼ਮੀਨਾਂ ਤੇ ਚੌਖੀ ਮਜ਼ਦੂਰੀ ਦਾ ਸੁਣਿਆ ਹੋਇਆ ਸੀ।

ਗ਼ੌਰਤਲਬ ਹੈ ਕਿ ਕਨੇਡਾ ਸਰਕਾਰ ਦੇ ਲੇਬਰ ਕਮਿਸ਼ਨਰ, ਮੈਕਨਜੀ ਕਿੰਗ ਅਨੁਸਾਰ ਜੁਲਾਈ 1904 ਤੋਂ ਜੂਨ 1905 ਤਕ ਉਥੇ 43 ਹਿੰਦੁਸਤਾਨੀ ਸਨ। ਇਉਂ, ਜੂਨ 1908 ਤਕ ਉਥੇ 4880 ਹਿੰਦੁਸਤਾਨੀ ਰਹਿ ਰਹੇ ਸਨ। ਵੱਡੀ ਗਿਣਤੀ ਵਿਚ ਇਸ ਆਮਦ ਨੂੰ ਦੇਖਦਿਆਂ ਕਨੇਡਾ ਸਰਕਾਰ ਨੇ ਹਿੰਦੁਸਤਾਨੀਆਂ ਦੇ ਉਥੇ ਆਉਣ ਉੱਤੇ ਪਾਬੰਦੀ ਲਾ ਦਿੱਤੀ। ਇਸੇ ਦੌਰਾਨ ਅਮਰੀਕਾ ਵਿਚ ਹਿੰਦੁਸਤਾਨੀ ਮਜ਼ਦੂਰਾਂ ਦੀ ਮੰਗ ਵਧ ਗਈ ਕਿਉਂਕਿ ਉਥੇ ਵਿਕਾਸ ਕਾਰਜ ਜ਼ੋਰਾਂ ਤੇ ਚੱਲ ਰਹੇ ਸਨ।

ਅਜਿਹੀ ਸਾਜ਼ਗਾਰ ਸਥਿਤੀ ਤੋਂ ਹੱਕ-ਵਿਹੂਣੇ ਦਲਿਤ ਵੀ ਅਭਿੱਜ ਨਾ ਰਹੇ। ਉਨ੍ਹਾਂ ਪੜ੍ਹਾਈ ਤੇ ਕਮਾਈ ਨੂੰ ਧਿਆਨ ਗੋਚਰੇ ਰੱਖ ਕੇ ਆਪਣੇ ਹੋਣਹਾਰ ਮੁੰਡਿਆਂ ਨੂੰ ਅਮਰੀਕਾ ਭੇਜਣ ਦਾ ਹਰ ਸੰਭਵ ਹੀਲਾ-ਵਸੀਲਾ ਕੀਤਾ। ਉਦਾਹਰਣ ਵਜੋਂ, ਵਰਣ-ਧਰਮ ਦੇ ਸ਼ਿਕਾਰ (ਬਾਬਾ) ਮੰਗੂਰਾਮ, ਪਿੰਡ ਮੁੱਗੋਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਲਿਆ ਜਾ ਸਕਦਾ ਹੈ। (ਬਾਬਾ) ਮੰਗੂਰਾਮ ਦੀਆ ਲਿਖਤਾਂ ਅਨੁਸਾਰ, "ਇਕ ਸਾਲ ਵਿਚ ਮੇਰੇ ਪਿੰਡ ਦੇ ਕਈ ਜ਼ਮੀਦਾਰ ਅਮਰੀਕਾ ਚਲੇ ਗਏ ਅਤੇ ਕਈ ਜਾ ਰਹੇ ਸਨ। ... ਮੈਂ 1909 ਦੇ ਅਖੀਰ ਵਿਚ ਅਮਰੀਕਾ ਚਲਾ ਗਿਆ।" ਰਿਪੋਰਟਾਂ ਅਨੁਸਾਰ ਇਥੇ ਕਾਬਲੇ ਗੌਰ ਹਕੀਕਤ ਇਹ ਹੈ ਕਿ 1909 ਤਕ ਲਗਪਗ 30 ਹਜ਼ਾਰ ਹਿੰਦੁਸਤਾਨੀ ਅਮਰੀਕਾ ਵਿਚ ਪਹੁੰਚੇ ਸਨ ਜਿਨ੍ਹਾਂ ਵਿਚ, ਡਾ. ਵੇਦ ਪ੍ਰਕਾਸ਼ ਵਟੂਕ ਅਨੁਸਾਰ, "ਦੋ ਦਲਿਤ ਪਰਵਾਸੀ ਵੀ ਸ਼ਾਮਿਲ ਸਨ। ਉਨ੍ਹਾਂ ਵਿਚੋਂ ਇਕ ਸਨ ਮੰਗੂਰਾਮ, ਜਿਨ੍ਹਾਂ ਨੂੰ ਭਾਰਤ ਵਿਚ ਪੜ੍ਹਨ ਲਈ ਸਕੂਲ ਦੇ ਬਾਹਰ ਬੈਠਣਾ ਪੈਂਦਾ ਸੀ।"

ਇਥੇ ਇਹ ਸਚਾਈ ਵੀ ਵਿਸ਼ੇਸ਼ ਧਿਆਨ ਖਿੱਚਦੀ ਹੈ ਕਿ ਜਿਵੇਂ ਹਿੰਦੁਸਤਾਨ ਵਿਚ ਹਮਲਾਵਰ ਆਰੀਆ ਨਸਲ ਦੇ ਲੋਕ ਮੂਲ ਨਿਵਾਸੀਆਂ ਜਾਂ ਆਦਿਵਾਸੀਆਂ ਨਾਲ ਗ਼ੈਰ-ਇਨਸਾਨੀ ਸਲੂਕ ਕਰਦੇ ਸਨ, ਉਸੇ ਤਰ੍ਹਾਂ ਦਾ ਰਲਦਾ-ਮਿਲਦਾ ਰਵੱਈਆ ਹਿੰਦੁਸਤਾਨੀ ਮਜ਼ਦੂਰਾਂ ਨਾਲ ਅਮਰੀਕੀ ਗੋਰੇ ਕਰਦੇ ਸਨ। ਇਸ ਲਈ ਹੀ ਉਹ ਉਨ੍ਹਾਂ ਨੂੰ ਆਪਣੇ ਬਰਾਬਰ ਦੇ ਇਨਸਾਨ ਨਹੀਂ ਸਮਝਦੇ ਸਨ। ਕਈ ਤਰ੍ਹਾਂ ਦੇ ਗ਼ੈਰ-ਇਖ਼ਲਾਕੀ ਫ਼ਿਕਰੇ ਕੱਸਦੇ ਰਹਿੰਦੇ ਸਨ। ਇਸ ਲਈ ਵੀ ਕਿ ਹਿੰਦੁਸਤਾਨੀ ਮਜ਼ਦੂਰ ਘੱਟ ਮਜ਼ਦੂਰੀ ਲੈ ਕੇ ਕਾਰਖ਼ਾਨਿਆਂ ਵਿਚ ਤੇ ਖੇਤੀਬਾੜੀ ਦੇ ਧੰਦਿਆਂ ਵਿਚ ਅਮਰੀਕੀਆਂ ਦੀਆਂ ਨੌਕਰੀਆਂ ਹਥਿਆ ਰਹੇ ਸਨ। ਸਿੱਟੇ ਵਜੋਂ, ਹਿੰਦੁਸਤਾਨੀ ਅਮਰੀਕੀਆਂ ਦੇ ਗੁੱਸੇ ਦਾ ਸ਼ਿਕਾਰ ਹੋਣ ਲੱਗ ਪਏ। ਹਿੰਦੁਸਤਾਨੀਆਂ ਦੀ ਆਮਦ ਦੇ ਵਿਰੁੱਧ ਕਾਨੂੰਨ ਬਣਨ ਲੱਗ ਪਏ। ਨਾਗਰਿਕਤਾ, ਜ਼ਮੀਨ ਦੀ ਮਾਲਕੀ ਤੇ ਅਮਰੀਕੀ ਔਰਤਾਂ ਨਾਲ ਵਿਆਹਾਂ ਉੱਤੇ ਪਾਬੰਦੀ ਲਾ ਦਿੱਤੀ ਗਈ। ਕਈ ਥਾਵਾਂ ਉੱਤੇ ਨਸਲੀ ਦੰਗੇ ਹੋਏ। ਸਭ ਤੋਂ ਖ਼ੌਫ਼ਨਾਕ ਤੇ ਹੈਲਨਾਕ ਦੰਗਾ ਵਾਸ਼ਿੰਗਟਨ ਸਟੇਟ ਵਿਚ ਹੋਇਆ। ਦਿ ਨਿਊਯਾਰਕ ਟਾਈਮਜ਼ 28 ਜਨਵਰੀ 1908 ਅਨੁਸਾਰ 400-500 ਦੰਗਾਕਾਰੀਆਂ ਦੀ ਭੀੜ ਨੇ ਹਿੰਦੁਸਤਾਨੀਆਂ ਦੇ ਘਰਾਂ ਨੂੰ ਅੱਗਾਂ ਲਾਈਆਂ ਤੇ ਉਨ੍ਹਾਂ ਨੂੰ ਬੇਰਹਿਮੀ ਨਾਲ ਕੁੱਟਿਆ-ਮਾਰਿਆ।

ਅਜਿਹੀਆਂ ਸਥਿਤੀਆਂ ਨੇ ਹਿੰਦੁਸਤਾਨੀ ਮਜ਼ਦੂਰਾਂ ਨੂੰ ਆਪਸ ਵਿਚ ਮਿਲ-ਬੈਠ ਕੇ ਵਿਚਾਰਾਂ ਕਰਨ ਨੂੰ ਮਜਬੂਰ ਕੀਤਾ। ਉਨ੍ਹਾਂ ਦੀ ਬਹੁ-ਗਿਣਤੀ ਤਿੰਨ ਥਾਵਾਂ ਉੱਤੇ ਸੀ। ਕੈਲੀਫੋਰਨੀਆਂ ਵਿਚ ਸਾਨ ਫਰਾਂਸਿਸਕੋ ਤੇ ਆਲੇ-ਦੁਆਲੇ ਦਾ ਇਲਾਕਾ, ਔਰੇਗਨ ਤੇ ਵਾਸ਼ਿੰਗਟਨ ਰਾਜਾਂ ਵਿਚਲੇ ਵਗਦੇ ਕੋਲੰਬੀਆ ਦਰਿਆ ਕਿਨਾਰੇ ਵਸੇ ਸ਼ਹਿਰਾਂ ਔਰੇਗਨ, ਸੇਂਟ ਜਾਨ, ਪੋਰਟਲੈਂਡ, ਸਿਆਟਲ, ਅਸਟੋਰੀਆ ਅਤੇ ਕਨੇਡਾ ਵਿਚਾਲੇ ਬ੍ਰਿਟਿਸ਼ ਕਲੰਬੀਆ ਦੇ ਵੈਨਕੂਵਰ, ਵਿਕਟੋਰੀਆ ਤੇ ਵੈਸਟ ਮਿੰਸਟਰ ਦੇ ਸ਼ਹਿਰ ਤੇ ਉਨ੍ਹਾਂ ਦਾ ਆਲਾ-ਦੁਆਲਾ। ਉਹ ਛੁੱਟੀ ਵਾਲੇ ਦਿਨ ਜਾਂ ਕੰਮ ਬੰਦ ਹੋਣ ਵਾਲੇ ਦਿਨ ਇਕੱਠੇ ਹੁੰਦੇ। ਉਹ ਕਨੇਡਾ-ਅਮਰੀਕਾ ਵਿਚ ਉਨ੍ਹਾਂ ਨੂੰ ਨਿੱਤ ਆਉਂਦੀਆਂ ਮੁਸ਼ਕਿਲਾਂ ਬਾਰੇ ਚਰਚਾ ਕਰਦੇ ਰਹਿੰਦੇ। ਜੋ ਮਜ਼ਦੂਰ ਸਿੱਧੇ ਪੰਜਾਬ ਤੋਂ ਆਏ ਹੋਏ ਸਨ - ਉਹ ਹਿੰਦੁਸਤਾਨ ਵਿਚ ਬਰਤਾਨਵੀ ਹਕੂਮਤ ਵਿਰੁੱਧ ਚੱਲ ਰਹੇ ਸੰਘਰਸ਼ ਦੀ ਚਰਚਾ ਕਰਦੇ। ਰੋਹ-ਵਿਦਰੋਹ ਖ਼ਤਾਂ-ਪੱਤਰਾਂ, ਸਰਕੁਲਰਾਂ ਤੇ ਅਖ਼ਬਾਰਾਂ ਰਾਹੀਂ ਹੋਰ ਵਿਆਪਕ ਹੁੰਦਾ ਗਿਆ।

ਇਸੇ ਦੌਰਾਨ ਹਿੰਦੁਸਤਾਨੀ ਵਿਦਿਆਰਥੀ ਅੰਗਰੇਜ਼ੀ ਸਾਮਰਾਜ ਵਿਰੁੱਧ ਪ੍ਰਚਾਰ ਵਿਚ ਜਰਮਨਾਂ

ਤੇ ਆਇਰਸ਼-ਅਮਰੀਕੀ ਅੰਦੋਲਨਕਾਰੀਆਂ ਨਾਲ ਰਲ ਗਏ। ਇਨ੍ਹਾਂ ਤੱਥਾਂ ਨੇ ਹਿੰਦੁਸਤਾਨੀਆਂ ਨੂੰ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਪ੍ਰੇਰਿਆ। ਕਿਹਾ ਜਾ ਸਕਦਾ ਹੈ ਕਿ ਨਾਸਾਜ਼ਗਾਰ ਹਾਲਾਤ ਸਦਕਾ ਭਾਰਤੀਆਂ ਅੰਦਰ ਮਨੁੱਖੀ ਅਧਿਕਾਰਾਂ ਤੇ ਰਾਜਸੀ ਚੇਤਨਾ ਦਾ ਮੁੱਢ ਬੱਝਾ। ਸਾਲ 1912 ਵਿਚ, ਕੈਲੀਫੋਰਨੀਆ ਵਿਚ ਬਾਬਾ ਜਵਾਲਾ ਸਿੰਘ ਤੇ ਬਾਬਾ ਵਿਸਾਖਾ ਸਿੰਘ ਨੇ ਇਕ ਗੁਰਦੁਆਰਾ ਬਣਾਇਆ। ਉਸ ਵਿਚ ਪਰਵਾਸੀ ਭਾਰਤੀਆਂ ਦੀਆਂ ਇਕੱਤਰਤਾਵਾਂ ਹੁੰਦੀਆਂ ਤੇ ਉਹ ਗੁਰਦੁਆਰਾ ਅਧਿਕਾਰ ਚੇਤਨਾ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ। ਸੂਤਰਾਂ ਅਨੁਸਾਰ ਇਸ ਗੁਰਦੁਆਰੇ ਦੀ ਪਹਿਲੀ ਬਣੀ ਕਮੇਟੀ ਵਿਚ ਬਾਬਾ ਮੰਗੂਰਾਮ ਨੂੰ ਮੈਂਬਰ* ਵਜੋਂ ਲਿਆ ਗਿਆ। ਇਹ ਹਕੀਕਤ ਸਾਡੇ ਬਜ਼ੁਰਗਾਂ ਦੀ ਸਮਾਜਕ ਤੇ ਸਭਿਆਚਾਰਕ ਪਰਿਵਰਤਨ ਪ੍ਰਤਿ ਸੁਹਿਰਦ ਸੋਚ ਨੂੰ ਪ੍ਰਗਟਾਉਂਦੀ ਹੈ।

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਗ਼ਦਰ ਲਹਿਰ ਵਿਚ ਵੱਖ-ਵੱਖ ਧਰਮਾਂ, ਫ਼ਿਰਕਿਆਂ ਤੇ ਦਲਿਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਇਸ ਦੀ ਗਵਾਹੀ ਗ਼ਦਰ ਡਾਇਰੈਕਟਰੀ (ਪੰਜਾਬ ਸੈਕਸ਼ਨ) 1913-1915 (ਪ੍ਰਕਾਸ਼ਨ ਸਾਲ 1916) ਅਤੇ ਦਿ ਗ਼ਦਰ ਡਾਇਰੈਕਟਰੀ-1917 ਵਿਚਲੇ ਇੰਦਰਾਜਾਂ ਤੋਂ ਸਹਿਜ ਹੀ ਸਪੱਸ਼ਟ ਹੈ। ਇਨ੍ਹਾਂ ਵਿਚੋਂ, ਖ਼ਾਸ ਤੌਰ 'ਤੇ ਗ਼ਦਰ ਡਾਇਰੈਕਟਰੀ (ਪੰਜਾਬ ਸੈਕਸ਼ਨ) ਵਿਚ ਸੰਬੰਧਿਤ ਗ਼ਦਰੀਆਂ ਬਾਰੇ ਇੰਦਰਾਜ ਜਾਤ ਦੇ ਹਵਾਲੇ ਨਾਲ ਹਨ। ਚੋਖੀ ਗਿਣਤੀ ਵਿਚ ਅੱਜ ਦੀਆਂ ਪਛੜੀਆਂ ਸ਼੍ਰੇਣੀਆਂ ਤੇ ਅਨੁਸੂਚਿਤ ਜਾਤੀਆਂ ਦੇ ਗ਼ਦਰੀ ਕ੍ਰਾਂਤੀਕਾਰੀ ਇਸ ਵਿਚ ਸ਼ਾਮਿਲ ਹਨ। ਮਿਸਾਲ ਦੇ ਤੌਰ ਤੇ ਗ਼ਦਰ ਡਾਇਰੈਕਟਰੀ (ਪੰਜਾਬ ਸੈਕਸ਼ਨ) 1916 ਵਿਚ ਐਂਟਰੀ ਨੰ. 627 ਨੂੰ ਦੇਖੋ :

627- Mangu, Chumar, of village Mugowal, Police Station Mahilpur, District Hoshiarpur. Information was received in the summer of 1915 that he was about to leave San Francisco for India Via Shanghai and Manila with Narinjan Das of Gurdaspur, Harnam Chand of Sadhwan and Charan Das of Phurwala. The last two are reported from another source to have been emissaries of Ram Chand, Peshawari, and to have reached Japan in July 1915. Mangu is said to be dangerous. He seems to have changed his mind about returning; for he was reported in September 1915 to be still in U.S.A. - C.I.D. File No. 1273 of 1915

ਅਨੁਵਾਦ ਇਸ ਤਰ੍ਹਾਂ ਹੈ :

627 - ਮੰਗੂ, ਚਮਾਰ, ਪਿੰਡ ਮੁੱਗੋਵਾਲ, ਥਾਣਾ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ। 1915 ਦੀਆਂ ਗਰਮੀਆਂ ਵਿਚ ਸੂਚਨਾ ਪ੍ਰਾਪਤ ਹੋਈ ਸੀ ਕਿ ਉਹ ਗੁਰਦਾਸਪੁਰ ਦੇ ਨਿਰੰਜਣ ਦਾਸ, ਸਿੱਧਵਾਂ ਦੇ ਹੁਕਮ ਚੰਦ ਅਤੇ ਫਰਵਾਲਾ ਦੇ ਚਰਨ ਦਾਸ ਨਾਲ ਹਿੰਦੁਸਤਾਨ ਲਈ ਸਾਨ ਫਰਾਂਸਿਸਕੋ ਛੱਡ ਕੇ ਸ਼ੰਘਈ ਤੇ ਮਨੀਲਾ ਦੇ ਰਸਤੇ ਜਾਣ ਵਾਲਾ ਸੀ। ਇਕ ਹੋਰ ਵਸੀਲੇ ਤੋਂ ਰਿਪੋਰਟ ਮਿਲੀ ਹੈ ਕਿ ਮਗਰਲੇ ਦੋ ਰਾਮ ਚੰਦ ਪੇਸ਼ਾਵਰੀ ਦੇ ਦੂਤ ਬਣ ਚੁੱਕੇ ਹਨ ਅਤੇ ਜੁਲਾਈ 1915 ਵਿਚ ਜਾਪਾਨ ਪਹੁੰਚ ਚੁੱਕੇ ਹਨ। ਮੰਗੂ ਨੂੰ ਖ਼ਤਰਨਾਕ ਦੱਸਿਆ ਗਿਆ ਹੈ। ਪਰਤਣ ਸੰਬੰਧੀ ਉਸ ਨੇ ਆਪਣਾ ਮਨ ਬਦਲ ਲਿਆ ਜਾਪਦਾ ਹੈ ; ਸਤੰਬਰ 1915 ਵਿਚ ਉਸ ਦੇ ਅਮਰੀਕਾ ਵਿਚ ਹੋਣ ਦੀ ਰਿਪੋਰਟ ਸੀ। - ਸੀ.ਆਈ.ਡੀ. ਫਾਈਲ ਨੰ: 1273, 1915

ਮੰਗੂਰਾਮ ਖ਼ੁਦ ਆਪਣੇ ਇਕ ਲੇਖ, 'ਮੇਰੀ ਵਿਦੇਸ਼ ਯਾਤਰਾ ਅਤੇ ਮੇਰਾ ਜੀਵਨ ਬਿਰਤਾਂਤ' ਵਿਚ ਲਿਖਦੇ ਹਨ,''ਗਦਰ ਪਾਰਟੀ 1913 ਵਿਚ ਬਣਾਈ ਗਈ। ਇਸ ਵਿਚ ਮੈਨੂੰ ਵੀ ਸ਼ਾਮਿਲ ਕਰ ਲਿਆ ਗਿਆ।"ਉਪਰੰਤ ਉਹ ਪਾਰਟੀ ਦੀ 'ਗ਼ਦਰ ਪ੍ਰੈੱਸ' ਵਿਚ ਕੁੱਲ ਵਕਤੀ ਦੇ ਤੌਰ ਤੇ ਕੰਮ ਕਰਨ ਲੱਗ ਪਏ। ਉਹ ਆਪਣੇ ਸਾਥੀਆਂ ਨਾਲ ਗ਼ਦਰ ਅਖ਼ਬਾਰ, ਕਿਤਾਬਾਂ ਤੇ ਟਰੈਕਟ ਛਾਪਣ 'ਤੇ ਵੰਡਣ ਦੇ ਕਾਰਜ ਨੂੰ ਸਮਰਪਤ ਹੋ ਗਏ। ਉਥੇ ਉਨ੍ਹਾਂ ਨੂੰ 'ਗੋਧਾ' (ਇਕ ਕ੍ਰਾਂਤੀਕਾਰੀ ਗੋਧਾ ਰਾਮ ਹੋਰ ਵੀ ਸੀ) ਦੇ ਨਾਂ ਨਾਲ ਬੁਲਾਇਆ ਜਾਂਦਾ ਸੀ ਜਿਸ ਦਾ ਅਰਥ ਕ੍ਰਾਂਤੀਕਾਰੀ ਵਜੋਂ ਲਿਆ ਜਾਂਦਾ

ਸੀ ਭਾਵ ਸਰਕਾਰ ਦੇ ਸਿਰ 'ਤੇ ਮੰਡਰਾਉਂਦੀ ਆਫ਼ਤ। ਦੱਸਿਆ ਜਾਂਦਾ ਹੈ ਕਿ (ਬਾਬਾ) ਮੰਗੂਰਾਮ ਦਾ ਕੱਦ ਪੰਜ ਫੁੱਟ ਇਕ ਇੰਚ ਸੀ ਤੇ ਚੁਸਤੀ-ਫੁਰਤੀ ਬਿਜਲੀ ਜਿੰਨੀ। ਜੁੱਸਾ ਨਿਰਾ ਚੱਟਾਨੀ ਤੇ ਬੁਲੰਦ ਹੌਸਲਾ ਦੁਸ਼ਮਣ ਲਈ ਪਰੇਸ਼ਾਨੀ। ਉਹ ਗ਼ਦਰ ਲਹਿਰ ਦੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੇ ਨਿਸ਼ਾਨੇ ਨੂੰ ਨਵੇਂ ਸਮਾਜ ਤੇ ਨਵੇਂ ਮਨੁੱਖ ਦੀ ਸਿਰਜਣਾ ਵਜੋਂ ਵਿਚਾਰਦੇ। ਇਸ ਲਈ ਕਿ ਉਨ੍ਹਾਂ ਹਿੰਦੁਸਤਾਨ ਵਿਚਲੀ ਵਿਤਕਰੇ ਤੇ ਅਨਿਆਂ ਭਰੀ ਸਮਾਜਕ ਬਣਤਰ ਰਾਹੀਂ ਆਪਣੇ ਤਨ-ਮਨ ਉੱਤੇ ਕਹਿਰ ਦੀਆਂ ਬੇਇਨਸਾਫ਼ੀਆਂ ਨੂੰ ਪਿੰਡੇ ਉੱਤੇ ਹੰਢਾਇਆ ਹੋਇਆ ਸੀ। ਉਹ ਚਾਹੁੰਦੇ ਸਨ ਕਿ ਜਿੰਨੀ ਛੇਤੀ ਸੰਭਵ ਹੋਵੇ ਹਿੰਦੁਸਤਾਨ ਆਜ਼ਾਦ ਹੋਵੇ। ਇਸ ਲਈ ਕਿ ਉਨ੍ਹਾਂ ਆਜ਼ਾਦੀ ਅਤੇ ਗ਼ੁਲਾਮੀ ਦੇ ਸਹੀ ਅਰਥਾਂ ਨੂੰ ਅਮਰੀਕਾ ਰਹਿੰਦਿਆਂ ਸਮਝ ਲਿਆ ਸੀ। ਇਸ ਸੰਦਰਭ ਵਿਚ ਡਾ. ਵੇਦ ਪ੍ਰਕਾਸ਼ ਵਟੁਕ ਦੀ ਪੁਸਤਕ 'ਗ਼ਦਰ ਪਾਰਟੀ ਦਾ ਸਪਤਾਹਕ ਪਰਚਾ, ਭਾਗ ਪਹਿਲਾ 1913-14, ਪੁਨਰ ਪ੍ਰਕਾਸ਼ਨ' ਦੀ ਲੰਮੀ ਭੂਮਿਕਾ ਵਿਚੋਂ ਟਿੱਪਣੀ ਦੇਣੀ ਉੱਚਿਤ ਹੋਵੇਗੀ :

"ਉਸ (ਮੰਗੂ ਰਾਮ) ਨੇ ਇਸ ਮਾਹੌਲ ਵਿਚ ਰਹਿੰਦਿਆਂ ਖ਼ੁਸ਼ੀ ਵਿਚ ਆਖਿਆ ਕਿ ਮੈਂ ਆਪਣੇ ਜੀਵਨ ਵਿਚ ਪਹਿਲੀ ਵਾਰ ਆਪਣੇ ਆਪ ਨੂੰ ਇਕ ਬਰਾਬਰ ਅਤੇ ਆਜ਼ਾਦ ਮਨੁੱਖ ਦੇ ਰੂਪ ਵਿਚ ਦੇਖਿਆ ਹੈ।"

ਬਾਬਾ ਮੰਗੂ ਰਾਮ ਦੀ ਗ਼ਦਰ ਪ੍ਰਤਿ ਸਿਖਰ ਦੀ ਵਫ਼ਾਦਾਰੀ, ਹੌਸਲਾ-ਬੁਲੰਦੀ, ਜਜ਼ਬੇ ਤੇ ਜੋਸ਼ ਨੂੰ ਦੇਖਦਿਆਂ ਉਨ੍ਹਾਂ ਨੂੰ ਚਾਰ ਹੋਰ ਸਾਥੀਆਂ ਸਮੇਤ ਦਲੇਰੀ ਭਰਿਆ ਇਕ ਕੰਮ ਸੌਂਪਿਆ ਗਿਆ। ਬਾਬਾ ਮੰਗੂ ਰਾਮ ਇਸ ਸੰਬੰਧ ਵਿਚ ਲਿਖਦੇ ਹਨ, "ਫਿਰ ਸਾਡੀ ਗ਼ਦਰ ਪਾਰਟੀ ਦੀ 1915 ਵਿਚ ਇਕ ਮੀਟਿੰਗ ਹੋਈ ਜਿਸ ਦੇ ਪ੍ਰਧਾਨ ਸਰਦਾਰ ਸੋਹਣ ਸਿੰਘ ਭਕਨਾ ਜੀ ਸਨ। ਮੀਟਿੰਗ ਵਿਚ ਮਤਾ ਪਾਸ ਹੋਇਆ ਕਿ ਪੰਜ ਆਦਮੀ ਐਸੇ ਹੋਣੇ ਚਾਹੀਦੇ ਹਨ ਜੋ ਹਿੰਦੁਸਤਾਨ 'ਚ ਹਥਿਆਰ ਲਿਜਾ ਸਕਣ ਜਿਨ੍ਹਾਂ ਵਿਚ ਇਕ ਮੇਰਾ ਨਾਂ ਤੇ ਬਾਕੀ ਸਨ - ਹਰੀ ਸਿੰਘ ਬੱਦੋਵਾਲੀਆ, ਜ਼ਿਲ੍ਹਾ ਲੁਧਿਆਣਾ, ਹਰਨਾਮ ਚੰਦ, ਗੰਭੀਰ ਸਿੰਘ ਤੇ ਹਰਚਰਨ ਦਾਸ। ਅਸੀਂ ਪੰਜ ਆਦਮੀ ਚੁਣੇ ਗਏ। ਪਾਰਟੀ ਦੇ ਸੈਕਟਰੀ ਮਿ. ਗੋਧਾ ਨੇ ਸਾਡੇ ਕੋਲੋਂ ਸਾਮਾਨ, ਪੈਸਾ ਜਿੰਨਾ ਸੀ, ਸਾਰਾ ਹੀ ਪਾਰਟੀ ਦੇ ਦਫ਼ਤਰ ਵਿਚ ਜਮ੍ਹਾ ਕਰਵਾ ਦਿਤਾ। ਸਾਡੇ ਅਸਲੀ ਨਾਂ ਬਦਲ ਕੇ ਮੁਸਲਮਾਨਾਂ ਵਾਲੇ ਰੱਖ ਦਿਤੇ। ਇਨ੍ਹਾਂ ਵਿਚ ਮੇਰਾ ਨਾਂ ਨਿਜ਼ਾਮੁਦੀਨ ਸੀ।"

ਹੁਣ ਉਨ੍ਹਾਂ ਪੰਜ ਗ਼ਦਰੀਆਂ ਕੋਲ ਜਾਅਲੀ ਪਰਸ਼ੀਅਨ ਪਾਸਪੋਰਟ ਸਨ। ਪਾਰਟੀ ਨੇ ਆਪਣਾ ਜਹਾਜ਼(ਐਨੀ ਲਾਰਸਨ) ਖਰੀਦ ਕੇ ਲਾਸ ਏਂਜਲਸ ਬੰਦਰਗਾਹ ਤੋਂ ਰਵਾਨਾ ਕਰ ਦਿੱਤਾ । ਉਹ ਅੱਗੇ ਚੱਲ ਕੇ ਇਕ ਬੇਆਬਾਦ ਔਸਕੇਰੀ ਟਾਪੂਕਿਨਾਰੇ ਪਹੁੰਚ ਗਿਆ ਜਿੱਥੇ ਕੋਈ ਆਬਾਦੀ ਨਹੀਂ ਸੀ। ਮੰਗੂ ਰਾਮ ਹੋਰ ਲਿਖਦੇ ਹਨ, "ਉਹ ਜਜ਼ੀਰਾ 100 ਮੀਲ ਦੇ ਏਰੀਏ ਵਿਚ ਫ਼ੈਲਿਆ ਹੋਇਆ ਸੀ ਅਤੇ ਬੇਆਬਾਦ ਸੀ। ਉੱਥੇ ਸਾਡਾ ਜਹਾਜ਼ ਤੀਹ ਦਿਨ ਖੜ੍ਹਾ ਰਿਹਾ (ਕੁਝ ਹੋਰ ਹਵਾਲਿਆਂ ਅਨੁਸਾਰ ਉਣੱਤੀ ਦਿਨ)। ਉਥੇ ਸਾਨੂੰ ਇਸ ਵਾਸਤੇ ਰੁਕਣਾ ਪਿਆ ਕਿ ਪਿੱਛੇ ਜਿਸ ਕਿਸ਼ਤੀ ਵਿਚ ਬਹੁਤ ਸਾਰੇ ਹਥਿਆਰ ਸਨ, ਉਸ ਕਿਸ਼ਤੀ (ਐਨੀ ਲਾਰਸਨ) ਦੇ ਪੁੱਜਣ ਤੋਂ ਬਾਅਦ ਉਸ ਤੋਂ ਹਥਿਆਰ ਲੈ ਕੇ ਅਸੀਂ ਅੱਗੇ ਹਿੰਦੁਸਤਾਨ ਨੂੰ ਤੁਰਨਾ ਸੀ।" ਹੋਰ ਪੁਸਤਕੀ ਹਵਾਲਿਆਂ ਤੇ ਵੇਰਵਿਆਂ ਅਨੁਸਾਰ ਐਨੀ ਲਾਰਸਨ ਸ਼ਾਂਤ ਮਹਾਂਸਾਗਰ ਤੋਂ ਪਾਰ ਦੇ ਸਫ਼ਰ ਲਈ ਢੁਕਵਾਂ ਨਹੀਂ ਸੀ। ਇਸ ਲਈ ਮੈਵਰਿਕ ਨਾਂ ਦੇ ਜਹਾਜ਼ ਦਾ ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਪ੍ਰਬੰਧ ਕੀਤਾ ਗਿਆ। ਯੋਜਨਾ ਅਨੁਸਾਰ ਐਨੀ ਲਾਰਸਨ ਨੇ ਆਪਣਾ ਸਾਰਾ ਮਾਲ ਮੈਵਰਿਕ ਨੂੰ ਦੇਣਾ ਸੀ ਜਿਸ ਨੇ ਅੱਗੇ ਦੱਖਣ-ਏਸ਼ੀਆ ਨੂੰ ਲਿਜਾਉਣਾ ਸੀ।

ਇਸੇ ਦੌਰਾਨ, ਮੰਗੂ ਰਾਮ ਅਨੁਸਾਰ, "ਆਸਟਰੇਲੀਆ ਦਾ ਇਕ ਬੜਾ ਜੰਗੀ ਜਹਾਜ਼ ਜਿਸ ਦਾ ਨਾਂ ਸਿਡਨੀ ਮਾਨਵਰ ਸੀ, ਉਥੇ ਆ ਪੁੱਜਾ। ਆਉਂਦੇ ਹੀ ਉਸ ਨੇ ਸਾਨੂੰ ਲਾਲ ਝੰਡੀ ਦਿੱਤੀ। ਹੁਕਮ ਹੋ ਗਿਆ ਕਿ ਤੁਸੀਂ ਜਿੰਨੇ ਵੀ ਆਦਮੀ ਜਹਾਜ਼ ਵਿਚ ਹੋ, ਜਹਾਜ਼ ਛੱਡ ਕੇ ਬਾਹਰ ਨਿਕਲ ਜਾਉ, ਅਸੀਂ ਜਹਾਜ਼ ਨੂੰ ਗੋਲੀ ਮਾਰ ਕੇ ਉਡਾ ਦੇਣਾ ਹੈ। ਅਸੀਂ ਪੰਜ ਆਦਮੀ ਤੇ ਦੋ ਜਰਮਨ, ਦੋ ਨਾਰਵੇ ਦੇ ਤੇ ਇਕ ਹਾਲੈਂਡ ਦਾ ਸੀ। ਦਸ ਕੁ ਆਦਮੀ ਜਹਾਜ਼ ਚਲਾਉਣ ਵਾਲੇ ਕਿਸ਼ਤੀਆਂ 'ਤੇ

ਬੈਠ ਕੇ ਕਿਨਾਰੇ ਚਲੇ ਗਏ। ਅਸੀਂ ਦਸ ਕੁ ਆਦਮੀ ਉੱਥੇ ਹੀ ਰਹਿ ਗਏ। ਉਸ ਸਮੇਂ ਅਮਰੀਕਾ ਦਾ ਇਕ ਜੰਗੀ ਜਹਾਜ਼ ਆ ਗਿਆ। ਉਸ ਨੇ ਗੋਲੀ ਮਾਰਨ ਤੋਂ ਰੋਕ ਦਿੱਤਾ। ਅਮਰੀਕਨਾਂ ਨੇ ਅੰਗਰੇਜ਼ ਅਫ਼ਸਰ ਨੂੰ ਲੈ ਕੇ ਜਹਾਜ਼ ਦੀ ਤਲਾਸ਼ੀ ਲਈ। ਜਹਾਜ਼ ਨੂੰ ਖ਼ਾਲੀ ਦੇਖ ਕੇ ਉਹ ਚਲੇ ਗਏ ਤੇ ਸਾਨੂੰ ਹੁਕਮ ਦਿੱਤਾ ਕਿ ਤੁਸੀਂ ਇਥੋਂ ਚਲੇ ਜਾਉ।"

ਦਰਅਸਲ, ਹਰਚਰਨ ਦਾਸ ਬ੍ਰਿਟਿਸ਼ ਸਰਕਾਰ ਦਾ ਜਸੂਸ ਸੀ ਪਰ ਉਹ ਗ਼ਦਰ ਪਾਰਟੀ ਵਿਚ ਵੜ ਗਿਆ ਸੀ ਤੇ ਰਾਮ ਚੰਦਰ ਦਾ ਵਿਸ਼ਵਾਸ ਪਾਤਰ ਬਣ ਗਿਆ ਸੀ। ਉੱਪਰ ਵਰਣਿਤ ਘਟਨਾ ਦੀ ਪੁਸ਼ਟੀ ਨਿਮਨ ਵੇਰਵੇ ਤੋਂ ਹੋ ਜਾਂਦੀ ਹੈ, "ਦੋ ਅਮਰੀਕੀ ਜਹਾਜ਼ ਕੇਂਡ ਤੇ ਰੇਨਬੋ ਨੇ ਮੈਵਰਿਕ ਦੀ ਤਲਾਸ਼ੀ ਲਈ। ਜਹਾਜ਼ ਨੇ ਕੇਵਲ ਰਸਮੀ ਤਲਾਸ਼ੀ ਲੈ ਕੇ ਜਹਾਜ਼ ਨੂੰ ਜਾਣ ਦੀ ਆਗਿਆ ਦੇ ਦਿੱਤੀ। ਬਾਅਦ ਵਿਚ ਪਤਾ ਲੱਗਾ ਕਿ ਜਹਾਜ਼ ਵਿਚ ਬ੍ਰਿਟਿਸ਼ ਖ਼ੁਫ਼ੀਆ ਦਾ ਇਕ ਵਿਅਕਤੀ ਸੀ ਤੇ ਸਰਕਾਰ ਦਾ ਏਜੰਟ, ਜਿੱਥੋਂ ਤਕ ਹੋ ਸਕੇ, ਵੱਧ ਤੋਂ ਵੱਧ ਵਿਅਕਤੀਆਂ ਨੂੰ ਜਾਲ ਵਿਚ ਫਸਾਉਣ ਦੇ ਇਰਾਦੇ ਨਾਲ ਚੁੱਪਚਾਪ ਸਾਜ਼ਿਸ਼ ਉੱਤੇ ਨਜ਼ਰ ਰੱਖ ਰਿਹਾ ਸੀ।" (ਪੰਨਾ, 127,128, ਵਿਦੇਸ਼ੋਂ ਮੇਂ ਭਾਰਤੀਯ ਕ੍ਰਾਂਤੀਕਾਰੀ ਅੰਦੋਲਨ, ਦੂਜਾ ਭਾਗ, ਵਿਸ਼ਵਾਮਿੱਤਰ ਉਪਾਧਿਆਇ)।

ਮੈਵਰਿਕ ਦਾ ਸਫ਼ਰ ਇਥੇ ਹੀ ਖ਼ਤਮ ਨਹੀਂ ਹੁੰਦਾ। ਮੰਗੂ ਰਾਮ ਅਨੁਸਾਰ, "ਅਸੀਂ ਦੂਜੇ ਦਿਨ ਰਾਸ਼ਨ ਲੈਣ ਲਈ ਵੇਰਾਕਰੂਜ਼ ਬੰਦਰਗਾਹ ਪਹੁੰਚੇ। ... ਤੀਜੇ ਦਿਨ ਵਾਪਸ ਆ ਗਏ। ... 10 ਦਿਨ ਸਾਨੂੰ ਅਮਰੀਕੀ ਸਰਕਾਰ ਨੇ ਸ਼ੱਕ ਦੇ ਤੌਰ 'ਤੇ ਨਜ਼ਰਬੰਦ ਰੱਖਿਆ।" ਮੰਗੂ ਰਾਮ ਆਪਣੇ ਜੀਵਨ ਬਿਰਤਾਂਤ ਵਿਚ ਅੱਗੇ ਲਿਖਦੇ ਹਨ ਕਿ ਕਈ ਟਾਪੂਆਂ ਵਿਚੀਂ ਘੁੰਮਦਾ-ਘੁਮਾਉਂਦਾ ਸਾਡਾ ਜਹਾਜ਼ ਬਤਾਵੀਆ ਬੰਦਰਗਾਹ ਜਾ ਪੁੱਜਾ। ਪੁੱਜਣ ਸਾਰ ਹੀ ਜਪਾਨੀਆਂ ਦੇ ਬਹੁਤ ਸਾਰੇ ਜਹਾਜ਼ ਆ ਗਏ। ਉਨ੍ਹਾਂ ਨੇ ਸਾਨੂੰ ਜਹਾਜ਼ ਸਮੇਤ ਗ੍ਰਿਫ਼ਤਾਰ ਕਰਕੇ ਸਾਡੇ ਉੱਤੇ ਕੈਲੀਫੋਰਨੀਆ ਵਿਚ ਮੁਕੱਦਮਾ ਚਲਾਇਆ। ਇਕ ਸਾਲ ਅਸੀਂ ਉਥੇ ਜਹਾਜ਼ ਸਮੇਤ ਗ੍ਰਿਫ਼ਤਾਰ ਰਹੇ।... ਫੈਸਲਾ ਇਹ ਕੀਤਾ ਗਿਆ ਕਿ ਜਹਾਜ਼ ਵਿਚ ਜਿਹੜੇ ਪੰਜ ਹਿੰਦੁਸਤਾਨੀ ਸਨ, ਉਨ੍ਹਾਂ ਨੂੰ ਕੱਲ੍ਹ 10 ਵਜੇ ਫ਼ਾਂਸੀ ਦੇ ਦਿੱਤੀ ਜਾਵੇ। ਜਰਮਨ ਦੇ ਦੂਤ ਜੋ ਉੱਥੇ ਰਹਿੰਦੇ ਸਨ, ਉਨ੍ਹਾਂ ਨੂੰ ਸਾਨੂੰ ਫ਼ਾਂਸੀ ਦੇਣ ਬਾਰੇ ਪਤਾ ਲੱਗਾ। ਉਨ੍ਹਾਂ ਨੇ ਸਾਨੂੰ ਬਚਾਉਣ ਦਾ ਪ੍ਰਬੰਧ ਕੀਤਾ। ... ਸਾਨੂੰ ਰਾਤ ਦੇ 12 ਵਜੇ ਜਹਾਜ਼ ਵਿਚੋਂ ਕੱਢ ਕੇ ਵੱਖ-ਵੱਖ ਦਿਸ਼ਾਵਾਂ ਵੱਲ ਭੇਜ ਦਿੱਤਾ। ... ਮੈਨੂੰ ਮਨੀਲੇ ਭੇਜ ਦਿੱਤਾ ...।"

ਕੁਦਰਤੀ ਹਾਲਾਤ ਵੀ ਕਈ ਵਾਰ ਗ਼ਦਰੀਆਂ ਲਈ ਮੁਸੀਬਤਾਂ ਬਣ ਕੇ ਆਏ। ਜਿਵੇਂ ਜਿਸ ਜਹਾਜ਼ ਵਿਚ ਮੰਗੂ ਰਾਮ ਸਵਾਰ ਸਨ, ਸਮੁੰਦਰ ਵਿਚ ਤੂਫਾਨ ਆਉਣ ਕਾਰਨ ਮਨੀਲਾ ਦੀ ਥਾਂ ਸਿੰਗਾਪੁਰ ਜਾ ਪੁੱਜਾ। ਮੰਗੂ ਰਾਮ ਜਹਾਜ਼ ਵਿਚ ਆਪਣੇ ਕਮਰੇ ਤੋਂ ਬਾਹਰ ਖੜ੍ਹੇ ਸਨ। ਮੰਗੂ ਰਾਮ ਮੁਤਾਬਿਕ, "ਮੈਨੂੰ ਬੰਦਰਗਾਹ ਉਤੇ ਦੋ ਹਿੰਦੁਸਤਾਨੀ ਨਜ਼ਰ ਆਏ। ਬੇਲਾ ਸਿੰਘ ਪਿੰਡ ਜਿਆਨ, ਜ਼ਿਲ੍ਹਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਕੌਮੀ ਗ਼ਦਾਰ ਸੀ ਤੇ ਦੂਸਰਾ ਭਾਗ ਸਿੰਘ, ਪਿੰਡ ਮਾਣਕੋ, ਜ਼ਿਲ੍ਹਾ ਜਲੰਧਰ। ਉਨ੍ਹਾਂ ਦੇ ਦੱਸਣ ਕਾਰਨ ਪੁਲਿਸ ਨੇ ਮੈਨੂੰ ਜਹਾਜ਼ ਵਿਚੋਂ ਪਕੜ ਲਿਆ ਤੇ ਫੜ ਕੇ ਕਿਲੇ ਵਿਚ ਲੈ ਗਏ ਤੇ ਤੋਪ ਅੱਗੇ ਖੜ੍ਹਾ ਕਰ ਦਿਤਾ। ਮੈਨੂੰ ਦੱਸਿਆ ਕਿ ਤੈਨੂੰ ਅੱਧੇ ਘੰਟੇ ਬਾਅਦ ਅਸੀਂ ਤੋਪ ਨਾਲ ਉਡਾ ਦੇਣਾ ਹੈ। ਜਿਸ ਨੂੰ ਤੂੰ ਮਿਲਣਾ ਹੈ, ਸਾਨੂੰ ਦੱਸ। ਅਸੀਂ ਉਸ ਨੂੰ ਮਿਲਾ ਦਿਆਂਗੇ। ਮੈਂ ਕਿਹਾ ਕਿ ਮੈਂ ਕਿਸੇ ਨੂੰ ਨਹੀਂ ਮਿਲਣਾ ਤੇ ਨਾ ਹੀ ਮੇਰਾ ਕੋਈ ਵਾਕਿਫ਼ ਹੈ। ਮੈਂ ਤੋਪ ਅੱਗੇ ਖੜ੍ਹਾ ਸੀ ਕਿ ਉਸ ਸਮੇਂ ਦੌਰਾਨ ਇਕ ਬੰਦਾ ਉੱਥੇ ਆਇਆ। ਉਸ ਨੇ ਜਿਸ ਰੱਸੇ ਨਾਲ ਮੈਨੂੰ ਬੰਨ੍ਹਿਆ ਸੀ - ਉਹ ਰੱਸਾ ਖੋਲ੍ਹ ਕੇ ਮੈਨੂੰ ਜਹਾਜ਼ ਵਿਚ ਫਿਰ ਬਿਠਾ ਦਿਤਾ। ਮੈਂ ਤੀਸਰੇ ਦਿਨ ਮਨੀਲੇ ਪੁੱਜਾ। ਜਹਾਜ਼ ਤੋਂ ਉੱਤਰਦੇ ਹੀ ਮੈਨੂੰ ਕੁਝ ਜਰਮਨ ਅਤੇ ਦੋ-ਤਿੰਨ ਹਿੰਦੁਸਤਾਨੀ ਮਿਲੇ। ਉਹ ਮੈਨੂੰ ਇਕ ਹੋਟਲ ਵਿਚ ਲੈ ਗਏ। ਉੱਥੇ ਮੈਂ ਚਾਹ ਪੀਤੀ। ਜਦੋਂ ਹੋਟਲ ਵਿਚ ਪਏ ਅਖ਼ਬਾਰ (ਮਨੀਲਾ ਟਾਈਮਜ਼) ਨੂੰ ਮੈਂ ਪੜ੍ਹਿਆ ਤਾਂ ਉਸ ਵਿਚ ਇਕ ਬੜੀ ਮੋਟੀ ਸੁਰਖੀ ਵਿਚ ਲਿਖਿਆ ਹੋਇਆ ਸੀ ਕਿ ਮੰਗੂ ਰਾਮ ਤੋਪ ਨਾਲ ਉਡਾ ਦਿੱਤਾ ਗਿਆ। ਇਹ ਖ਼ਬਰ ਪਿੱਛੇ ਪਾਰਟੀ ਦੇ ਦਫ਼ਤਰ ਵੀ ਪੁੱਜ ਗਈ ਸੀ ਅਤੇ ਮੇਰੇ ਘਰ ਵੀ ਪਤਾ ਆ ਗਿਆ ਸੀ ਕਿ ਮੈਨੂੰ ਮਾਰ ਦਿਤਾ ਹੈ।"

ਗ਼ਦਰ ਪਾਰਟੀ ਦੇ ਇਸ ਮਹਾਨ ਕ੍ਰਾਂਤੀਕਾਰੀ ਦੀ ਦਾਸਤਾਨ ਬਹੁਤ ਲੰਮੇਰੀ ਹੈ। ਬੇਸ਼ੁਮਾਰ ਔਕੜਾਂ ਨੂੰ ਝੱਲਣਾ, ਵਾਰ-ਵਾਰ ਬੇਇੱਜ਼ਤ ਹੋਣਾ ਕਿ ਹਿੰਦੁਸਤਾਨ ਦੀ ਇੱਜ਼ਤ ਨੂੰ ਬਚਾਇਆ ਜਾਵੇ। ਦੇਸ਼ ਦੀ ਆਨ ਤੇ ਸ਼ਾਨ ਦੁਨੀਆਂ ਵਿਚ ਉੱਚੀ ਹੋਵੇ, ਦੇ ਖ਼ਿਆਲ ਨਾਲ ਜੂਝਦੇ ਜੁਝਾਰੂ ਮੰਗੂ ਰਾਮ ਅੱਗੇ ਵਧਦੇ ਗਏ।

ਇਸੇ ਦੌਰਾਨ ਪਾਰਟੀ ਨੇ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਇਕ ਫਿਲਪਾਇਨੀ ਪਰਿਵਾਰ ਕੋਲ ਕਰ ਦਿਤਾ। ਉਹ ਇਕ ਮਹੀਨਾ ਉੱਥੇ ਰਹੇ ਪਰ ਇਸ ਟਿਕਾਣੇ ਦਾ ਵੀ ਸਰਕਾਰ ਨੂੰ ਪਤਾ ਲੱਗ ਗਿਆ। ਉਪਰੰਤ ਉਹ ਪੰਡਤ ਮਾਧੋ ਰਾਮ, ਬੱਦੋਵਾਲ (ਲੁਧਿਆਣਾ) ਤੇ ਸਰਦਾਰ ਜਵਾਲਾ ਸਿੰਘ ਖੁਰਦਪੁਰ (ਜਲੰਧਰ) ਕੋਲ ਰਹੇ। ਉਹ ਉਨ੍ਹਾਂ ਕੋਲ ਇਕ ਸਾਲ ਰਹੇ। ਫਿਰ ਉਹ ਮਨੀਲਾ ਮੁੜ ਗਏ ਤੇ ਜੰਗਲਾਂ ਵਿਚ ਆਦਿਵਾਸੀਆਂ ਕੋਲ ਦੋ ਸਾਲ ਰਹੇ। ਉੱਥੇ ਰਹਿੰਦਿਆਂ ਉਨ੍ਹਾਂ ਦੇ ਤਨ ਉੱਤੇ ਆਦਿਵਾਸੀਆਂ ਵਾਂਗ ਕੱਪੜਾ ਨਾ ਰਿਹਾ।

ਉਨ੍ਹਾਂ ਦਿਨਾਂ ਵਿਚ ਮੈਵਰਿਕ ਤੇ ਐਨੀ ਲਾਰਸ਼ਨ ਜਹਾਜ਼ ਵਿਚ ਹਥਿਆਰਾਂ ਨੂੰ ਲੈ ਕੇ ਅਮਰੀਕਾ ਦੀ ਕੈਲੀਫੋਰਨੀਆ ਵਿਚਲੀ ਨਾਰਦਰਨ ਡਿਸਟ੍ਰਿਕਟ ਕੋਰਟ ਵਿਚ ਗ਼ਦਰ ਲਹਿਰ ਦਾ ਇਕ ਜਗਤ ਪ੍ਰਸਿੱਧ ਕੇਸ 20 ਨਵੰਬਰ 1917 ਨੂੰ ਚੱਲ ਪਿਆ। ਇਸ ਦੀ ਸੁਣਵਾਈ 80 ਦਿਨ ਹੋਈ ਤੇ ਇਹ ਅਪ੍ਰੈਲ 1918 ਤਕ ਚੱਲਿਆ। ਕੇਸ ਦਾ ਪੂਰਾ ਨਾਂ ਹੈ - ਹਿੰਦੂ ਜਰਮਨ ਸਾਜ਼ਿਸ਼ ਕੇਸ-1915 ਤੇ ਕੇਸ ਦੀ ਫਾਈਲ ਵਿਚ ਹਰੇਕ ਪੰਨੇ ਉਤੇ 32 ਲਾਈਨਾਂ ਹਨ ਜਿਨ੍ਹਾਂ ਦੀ 1 ਤੋਂ 32 ਤਕ ਹਿੰਦਸੇ ਟਾਈਪ ਕਰਕੇ ਗਿਣਤੀ ਹੈ। ਸਿਖਰ ਉੱਤੇ ਅਦਾਲਤ ਦੇ ਨਾਂ ਤੋਂ ਸ਼ੁਰੂ ਹੋ ਕੇ ਜਰਮਨਾਂ, ਆਇਰਸ਼ ਸੁਤੰਤਰਤਾ ਸੰਗਰਾਮੀਆਂ ਦੇ ਨਾਵਾਂ ਤੋਂ ਬਾਅਦ ਭਾਰਤੀਆਂ ਦੇ ਨਾਂ ਹਨ। ਸਾਰੇ ਨਾਮ ਕੈਪੀਟਲ ਅੱਖਰਾਂ ਵਿਚ ਹਨ। ਫਾਈਲ ਦੇ ਦੂਜੇ ਪੰਨੇ ਦੀ ਦੂਜੀ ਲਾਈਨ ਵਿਚ ਮੰਗੂ ਰਾਮ ਦਾ ਨਾਂ ਹੈ। ਇਹ ਸੰਖੇਪ ਅਦਾਲਤੀ ਕਾਰਵਾਈ ਹੈ ਤੇ ਉਸ ਉੱਤੇ ਮਾਰਚ 1917 ਦੇ ਪਹਿਲੇ ਸੋਮਵਾਰ ਦੀ ਮਿਤੀ ਦਰਜ ਹੈ।

ਅਮਰੀਕਾ ਦੀ ਫੌਜਦਾਰੀ ਦੰਡਾਵਲੀ ਦੀ ਧਾਰਾ 13 ਦੀ ਉਲੰਘਣਾ ਦੀ ਸਾਜ਼ਿਸ਼ ਦਾ ਦੋਸ਼ ਮੰਗੂ ਰਾਮ ਉੱਤੇ ਲਾ ਕੇ 7 ਜੁਲਾਈ 1917 ਨੂੰ ਕੈਲੀਫੋਰਨੀਆ ਦੇ ਨਾਰਦਰਨ ਜ਼ਿਲ੍ਹਾ ਦੇ ਮਾਰਸ਼ਲ ਵਲੋਂ ਵਾਰੰਟ/ਸੰਮਨ ਜਾਰੀ ਕੀਤਾ ਗਿਆ। ਹਦਾਇਤ ਕੀਤੀ ਗਈ ਕਿ ਮੰਗੂ ਰਾਮ ਨੂੰ ਫੜ ਕੇ ਅਦਾਲਤ ਅੱਗੇ ਪੇਸ਼ ਕੀਤਾ ਜਾਵੇ। ਇਸੇ ਤਰ੍ਹਾਂ ਹੀ, 11 ਅਕਤੂਬਰ 1917 ਨੂੰ ਅਟਾਰਨੀ ਨੇ ਅਟਾਰਨੀ ਜਨਰਲ, ਵਾਸ਼ਿੰਗਟਨ ਨੂੰ ਸਾਨ ਫਰਾਂਸਿਸਕੋ ਤੋਂ ਤਾਰ ਰਾਹੀ ਸੂਚਨਾ ਦਿੱਤੀ, "ਤੁਹਾਡੀ ਤਾਰ ਦੇ ਜਵਾਬ ਵਿਚ ਮੰਗੂ ਰਾਮ ਨੇ ਹਕੀਕਤਾਂ ਦਾ ਬਿਆਨ ਦਿਤਾ ਹੈ ਅਤੇ ਤਸਦੀਕਸ਼ੁਦਾ ਦੋਸ਼ ਅਰੋਪਣ ਪੱਤਰ (ਕਾਨੂੰਨੀ ਕਾਰਵਾਈ) ਦੀ ਨਕਲ ਯੂਨਾਈਡਿਡ ਸਟੇਟਸ ਐਟਾਰਨੀ ਸਦਰਨ ਡਿਸਟ੍ਰਿਕਟ, ਫਲੋਰੀਡਾ ਨੂੰ ਭੇਜੀ ਹੈ। ਦੋਸ਼ੀ ਹਰਨਾਨ ਸਿਨਮ ਸਾਡੇ ਲਈ ਉਸ ਨਾਂ ਹੇਠ ਅਗਿਆਤ ਹੈ।"

ਇਥੇ ਹੋਰ ਦਿਲਚਸਪ ਗੱਲ ਇਹ ਹੈ ਕਿ ਮੰਗੂ ਰਾਮ ਦੀ ਸੀ.ਆਈ.ਡੀ. ਫਾਈਲ ਨੰ. 1273 ਆਫ਼ 1915 ਅਨੁਸਾਰ ਉਹ ਸਤੰਬਰ 1915 ਤਕ ਅਮਰੀਕਾ ਵਿਚ ਸਨ ਜਦ ਕਿ ਉਹ 24 ਅਪ੍ਰੈਲ 1915 ਨੂੰ ਲਾਸ ਏਂਜਲਸ ਤੋਂ ਆਪਣੇ ਮਿਸ਼ਨ ਲਈ ਹਿੰਦੁਸਤਾਨ ਨੂੰ ਰਵਾਨਾ ਹੋ ਚੁੱਕੇ ਸਨ, ਆਪਣੇ ਚਾਰ ਸਾਥੀਆਂ ਨਾਲ। ਪਰ ਨਾਰਾ ਦੀ ਫਾਈਲ ਅਨੁਸਾਰ 10 ਅਪ੍ਰੈਲ 1915 ਨੂੰ ਸਾਨ ਫਰਾਂਸਿਸਕੋ ਤੋਂ ਲਾਸ ਏਂਜਲਸ, ਕੈਲੀਫੋਰਨੀਆ ਲਈ ਰਵਾਨਾ ਹੋਏ ਸਨ। ਇੰਜ ਹੀ, ਵਾਰੰਟ/ਸੰਮਨ 7 ਜੁਲਾਈ 1917 ਅਤੇ 11 ਅਕਤੂਬਰ 1917 ਦੀ ਤਾਰ ਖ਼ੁਫੀਆ ਵਿਭਾਗ ਦੀ ਨਾਲਾਇਕੀ ਨੂੰ ਜ਼ਾਹਿਰ ਕਰਦੀ ਹੈ। ਇਸ ਦੇ ਨਾਲ ਹੀ, ਇਹ ਗ਼ਦਰ ਪਾਰਟੀ ਦੇ ਆਪਣੇ ਖ਼ੁਫੀਆ ਤੰਤਰ ਦੀ ਹੁਸ਼ਿਆਰੀ ਨੂੰ ਪ੍ਰਗਟਾਉਂਦੀ ਹੈ।

ਕੇਸ ਦੇ ਵੇਰਵੇ ਅਨੁਸਾਰ (ਨਿਆਂ ਵਿਭਾਗ, ਯੂਐਸ ਮਾਰਸ਼ਲ ਦਾ ਦਫ਼ਤਰ, ਵਾਸ਼ਿੰਗਟਨ ਦਾ ਪੱਛਮੀ ਜ਼ਿਲ੍ਹਾ 7 ਮਾਰਚ, 1917 ਦਾ ਪੱਤਰ) ਐਨੀ ਲਾਰਸਨ ਵਿਚ ਰਫ਼ਲਾਂ ਦੇ 554 ਬਕਸੇ, ਲਗਪਗ 7 ਜਾਂ 8 ਹਜ਼ਾਰ ਸੰਗੀਨਾਂ ਵਾਲੀਆਂ ਕਾਰਬਾਈਨਾਂ, ਕਾਰਤੂਸਾਂ ਦੇ ਲਗਭਗ 3773 ਬਕਸੇ ਜਿਨ੍ਹਾਂ ਵਿਚ ਲਗਪਗ 3,500,000 ਗੋਲੀਆਂ ਹਨ, ਕਾਰਤੂਸ ਪੇਟੀਆਂ ਦੇ ਲਗਪਗ 10 ਬਕਸੇ, ਹਰੇਕ ਬਕਸੇ ਵਿਚ 200 ਜਾਂ

300 ਕਾਰਤੂਸ ਪੇਟੀਆਂ ਹਨ ਅਤੇ 45 ਬੋਰ ਦੇ ਪਿਸਤੌਲ ਜਿਨ੍ਹਾਂ ਦੀ ਗਿਣਤੀ ਪਤਾ ਨਹੀ ਹੈ।" ਇਸ ਤੋ ਇਲਾਵਾ, ਗ਼ਦਰ ਲਹਿਰ ਦਾ ਤੜਥੱਲੀ ਮਚਾਉਣ ਵਾਲਾ ਸਾਹਿਤ ਸੀ। ਮੰਗੂ ਰਾਮ ਮੁਤਾਬਿਕ ਜਹਾਜ਼ ਵਿਚ ਗ਼ਦਰ ਅਖ਼ਬਾਰ ਦੀਆਂ ਵੀਹ ਹਜ਼ਾਰ ਕਾਪੀਆਂ ਸਨ।

ਉਪਰੰਤ ਸਾਰਾ ਅਸਲਾ-ਬਰੂਦ ਜੱਜਾਂ ਦੇ ਦਸਖ਼ਤਾਂ ਮਗਰੋਂ ਵੇਚ ਦਿੱਤਾ ਗਿਆ।

ਸਾਨ ਫਰਾਂਸਿਸਕੋ ਕਰੋਨੀਕਲ, 22 ਅਪ੍ਰੈਲ 1918 (ਉਸ ਸਮੇਂ ਦੀ ਪ੍ਰਸਿੱਧ ਅਖ਼ਬਾਰ) ਦੇ ਮੁੱਖ ਪੰਨੇ ਦੇ ਸਿਖਰ ਉੱਤੇ ਮੋਟੇ ਅੱਖਰਾਂ ਵਿਚ ਸੁਰਖੀ ਹੈ; $ 3,000,000 ਇਜ ਕੌਸਟ ਆਫ਼ਪ੍ਰੋਸਿਕਿਊਟਿੰਗ ਹਿੰਦੂਸ ਪਲੌਟ ਕੇਸ' ਤੇ ਦੂਜੀ ਛੋਟੀ ਸੁਰਖੀ ਹੈ; 'ਯੂਐਸ ਕੈਨ ਗੈੱਟ ਓਨਲੀ ਸਮਾਲ ਪਾਰਟ ਬੈਕ'। ਇੱਥੇ ਕਹਿਣ ਦਾ ਮਤਲਬ ਹੈ ਕਿ ਇਹ ਦੁਨੀਆਂ ਦਾ ਸਭ ਤੋਂ ਮਹਿੰਗਾ ਮੁਕੱਦਮਾ ਸੀ ਜਿਸ ਉਤੇ 'ਅਮਰੀਕੀ ਤੇ ਬਰਤਾਨਵੀ ਸਰਕਾਰਾਂ ਨੇ ਮਿਲ ਕੇ ਬਹੁਤ ਵੱਡਾ ਖਰਚ ਕੀਤਾ ਅਤੇ $ 320,000 ਜੁਰਮਾਨਾ ਮਿਲਣ ਦੀ ਸੰਭਾਵਨਾ ਹੈ।' ਅੱਗੇ ਹੋਰ ਲਿਖਿਆ ਹੈ, '25 ਸਾਲ ਪਹਿਲਾਂ ਦੇ ਕਿਪਲਿੰਗ ਦੇ "ਮੈਵਰਿਕ" ਦੀ 1918 ਦੇ "ਮੈਵਰਿਕ" ਨੇ ਮੁੜ ਯਾਦ ਦਿਵਾਈ।" ਇੱਥੇ ਇਹ ਜ਼ਿਕਰ ਵੀ ਜ਼ਰੂਰੀ ਹੈ ਕਿ ਪ੍ਰਧਾਨ ਵੁੱਡਰੋ ਵਿਲਸਨ, ਅਮਰੀਕਾ ਦੀ ਕ੍ਰਾਂਤੀਕਾਰੀਆਂ ਪ੍ਰਤਿ ਸੁਹਿਰਦਤਾ ਤੇ ਉਸ ਤੋਂ ਮਗਰੋ ਦੀ ਸਰਕਾਰ ਨੇ ਉਪਰੋਕਤ ਮੁਕੱਦਮੇ ਨੂੰ ਨਾ ਚਲਾਉਣ ਲਈ ਬਹੁਤ ਸਮਾਂ ਟਾਲਿਆ ਪਰ ਬਰਤਾਨਵੀ ਦਬਾਅ ਵਧੇਰੇ ਵਧਣ ਕਾਰਨ ਇਹ ਮੁਕੱਦਮਾ ਚਲਾਇਆ ਗਿਆ।

ਮੈਵਰਿਕ ਤੇ ਐਨੀ ਲਾਰਸਨ ਜਹਾਜ਼ਾਂ ਨਾਲ ਸੰਬੰਧਤ ਹਿੰਦੂ ਜਰਮਨ ਸਾਜ਼ਿਸ਼ ਕੇਸ ਅਪ੍ਰੈਲ 1918 ਵਿਚ ਖਤਮ ਹੋ ਗਿਆ। ਪਹਿਲੀ ਸੰਸਾਰ ਜੰਗ ਵੀ 11 ਨਵੰਬਰ 1918 ਨੂੰ ਖਤਮ ਹੋ ਗਈ। ਪਰ ਪ੍ਰਿੰਸ ਆਫ਼ਵੇਲਜ਼(ਜਾਰਜ ਪੰਜਵੇਂ ਦਾ ਪੁੱਤਰ) ਨੇ 1921 ਤੇ 1922 ਦੌਰਾਨ ਹਿੰਦੁਸਤਾਨ ਸਮੇਤ ਧੁਰ ਪੂਰਬ ਏਸ਼ੀਆ ਦਾ ਦੌਰਾ ਕੀਤਾ। ਉਸ ਨੇ ਮਈ 1922 ਵਿਚ ਪੂਰਬੀ ਏਸ਼ੀਆ ਦੇ ਦੇਸ਼ ਫਿਲਪੀਨਜ਼ ਦਾ ਦੌਰਾ ਕੀਤਾ। ਉਦੋਂ ਬਾਬਾ ਮੰਗੂ ਰਾਮ ਮਿ. ਜੋਹਨਸਨ ਐਂਡ ਮਾਰਸ਼ਲ ਫੀਲਡ ਕੰਪਨੀ (ਸ਼ਿਕਾਗੋ ਵਿਚ ਉਸ ਦਾ ਵਿਭਾਗੀ ਭੰਡਾਰ ਵੀ ਹੈ) ਵਿਚ ਕੰਮ ਕਰਦੇ ਸਨ। ਮੰਗੂ ਰਾਮ ਦੀ ਲਿਖਤ ਅਨੁਸਾਰ, "ਉਸ ਫੈਕਟਰੀ ਵਿਚ ਮੇਰੀ ਰਹਾਇਸ਼ ਦਾ ਪ੍ਰਬੰਧ ਵੀ ਉੱਥੇ ਹੀ ਸੀ। ਇਕ ਸਾਲ ਕੰਮ ਕਰਨ ਤੋਂ ਬਾਅਦ ਫੈਕਟਰੀ ਦੇ ਮਾਲਕ ਨੂੰ ਮੇਰਾ ਪਤਾ ਲੱਗ ਗਿਆ ਕਿ ਮੈ ਗ਼ਦਰ ਪਾਰਟੀ ਦਾ ਆਦਮੀ ਹਾਂ।" ਉਹ ਅੱਗੇ ਲਿਖਦੇ ਹਨ, "ਉਸ ਸਮੇ ਦੌਰਾਨ 1922 ਈਸਵੀ ਨੂੰ ਪ੍ਰਿੰਸ ਆਫ਼ਵੇਲਜ਼ ਦੁਨੀਆਂ ਦੀ ਸੈਰ ਕਰ ਰਿਹਾ ਸੀ। ਇਸ ਲਈ ਮੈਨੂੰ 6 ਮਹੀਨੇ ਲਈ ਨਜ਼ਰਬੰਦ ਕਰ ਲਿਆ ਗਿਆ।"

ਦਿ ਬੈਰੀਅਰ ਮਾਈਨਰ, 15 ਮਈ, 1922 ਅਤੇ 14 ਮਈ 1922 ਅਨੁਸਾਰ ਪ੍ਰਿੰਸ ਆਫ਼ਵੇਲਜ਼ਦੀ ਸੱਜੀ ਅੱਖ 13 ਮਈ ਨੂੰ ਪੋਲੋ ਖੇਡਦਿਆਂ ਜ਼ਖ਼ਮੀ ਹੋ ਗਈ ਸੀ ਤੇ ਉਹ ਉੱਥੋਂ ਅਗਲੇ ਦਿਨ ਰਵਾਨਾ ਹੋ ਗਿਆ। ਪਰ ਬਾਬਾ ਮੰਗੂਰਾਮ ਪ੍ਰਿੰਸ ਦੇ ਜਾਣ ਪਿੱਛੋਂ ਵੀ ਕੁਝ ਮਹੀਨੇ ਨਜ਼ਰਬੰਦ ਰਹੇ। ਬਰਤਾਨਵੀ ਹਕੂਮਤ ਦੀ ਨਜ਼ਰ ਵਿਚ ਉਹ ਅਜੇ ਵੀ ਖ਼ਤਰਨਾਕ ਕ੍ਰਾਂਤੀਕਾਰੀ ਸੀ ਕਿ ਉਹ ਕਿਸੇ ਤਰ੍ਹਾਂ ਪ੍ਰਿੰਸ ਨੂੰ ਸਰੀਰਕ ਨੁਕਸਾਨ ਨਾ ਪਹੁੰਚਾ ਦੇਣ।

ਗ਼ਦਰ ਸਾਹਿਤ ਤੇ ਇਤਿਹਾਸ ਦੀਆਂ ਕਿਤਾਬਾਂ ਭਰੀਆਂ ਪਈਆਂ ਹਨ ਕਿ 1857 ਦਾ ਪਹਿਲਾ ਗ਼ਦਰ ਹੀ ਦੂਜੇ ਗ਼ਦਰ (1913-1915) ਦਾ ਆਧਾਰ ਸੀ। ਦੋਵੇਂ ਗ਼ਦਰ ਹਥਿਆਰਬੰਦ ਕ੍ਰਾਂਤੀ ਰਾਹੀ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣਾ ਚਾਹੁੰਦੇ ਸਨ। ਫ਼ਰਕ ਸਿਰਫ਼ਇੰਨਾ ਸੀ ਕਿ 1857 ਦਾ ਗ਼ਦਰ ਦੇਸ਼ ਅੰਦਰੋਂ ਉੱਠਿਆ ਤੇ ਦੂਜਾ ਦੇਸ਼ ਦੀ ਧਰਤੀ ਤੋਂ 12 ਹਜ਼ਾਰ ਕਿਲੋਮੀਟਰ ਦੂਰ ਅਮਰੀਕਾ-ਕੈਲੀਫੋਰਨੀਆ ਤੋਂ। ਦੋਹਾਂ ਗ਼ਦਰਾਂ ਦੇ ਇਤਿਹਾਸ ਵਿਚ ਦਲਿਤ; ਕੁਰਬਾਨੀਆਂ ਦੇ ਬਾਵਜੂਦ ਮਨਫ਼ੀ ਕੀਤੇ ਗਏ ਹਨ। ਭਾਵੇ ਉਨ੍ਹਾਂ ਦੇ ਇਤਿਹਾਸਕਾਰ ਸਮਾਜਵਾਦੀ, ਪ੍ਰਗਤੀਵਾਦੀ ਅਤੇ ਕ੍ਰਾਂਤੀਕਾਰੀ ਲਹਿਰਾਂ ਨੂੰ ਆਪਣੀ ਵਿਰਾਸਤ ਸਮਝਦੇ ਹਨ। ਉਦਾਹਰਣ ਵਜੋ, 1857 ਦੇ ਗ਼ਦਰ ਦੇ ਕ੍ਰਾਂਤੀਕਾਰੀਆਂ; ਗੰਗੂ ਮੇਹਤਰ, ਬੱਲੂ ਮੇਹਤਰ, ਬਾਂਕੇ ਚਮਾਰ, ਚੇਤ ਰਾਮ ਜਾਟਵ, ਗੁਰੂਬਖ਼ਸ਼ (ਮੰਗਾ ਬਖ਼ਸ਼) ਪਾਸੀ, ਬੀਰਾ ਪਾਸੀ ਤੇ ਹੋਰ ਬਹੁਤ ਸਾਰਿਆਂ ਨੂੰ ਫਾਂਸੀ ਹੋਈ। ਅਜਿਹੇ ਸੂਰਬੀਰਾਂ ਦੀ ਗਾਥਾ ਕਦੋਂ ਗਾਈ ਜਾਵੇਗੀ? ਦਲਿਤ ਵੀਰਾਂਗਣਾਂ ਜਿਵੇਂ ਮਹਾਂਵੀਰੀ ਦੇਵੀ ਭੰਗੀ ਤੇ ਉਸ ਨਾਲ 22 ਭੰਗੀ ਇਸਤਰੀਆਂ ਦਾ ਦਲ ਸੀ ਜੋ ਅੰਗਰੇਜ਼ਾਂ ਉਤੇ ਹਮਲਾ ਕਰਦੀਆਂ

ਹੋਈਆਂ ਸ਼ਹੀਦ ਹੋ ਗਈਆਂ ਸਨ। ਝਲਕਾਰੀ ਬਾਈ, ਮੁਫ਼ਤਸਾ ਬੇਗਮ, ਉਦਾਬਾਈ ਪਾਸੀ ਤੇ ਹੋਰਾਂ ਨੂੰ ਕਦੋਂ ਇਨਸਾਫ਼ ਮਿਲੇਗਾ?

ਵਰਨਣ ਕਰਨਾ ਜ਼ਰੂਰੀ ਹੈ ਕਿ 1857 ਦੇ ਗ਼ਦਰ ਤੋਂ ਵੀ ਪਹਿਲਾਂ ਬਹੁਤ ਸਾਰੇ ਦਲਿਤ ਅੰਗਰੇਜ਼ਾਂ ਵਿਰੁੱਧ ਗੁਰੀਲਾ ਜੰਗ ਕਰਦੇ ਹੋਏ ਫ਼ਾਂਸੀ ਚੜ੍ਹਾਏ ਗਏ ਜਾਂ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ। ਮਿਸਾਲ ਦੇ ਤੌਰ ਤੇ 1807 ਵਿਚ ਉਪਈਆ ਚਮਾਰ ਨੂੰ ਫਾਂਸੀ ਚੜ੍ਹਾਇਆ ਗਿਆ। ਉਸ ਨੇ ਛਤਾਰੀ ਦੇ ਕਿਲੇ ਵਿਚ ਬਰੂਦੀ ਸੁਰੰਗ ਵਿਛਾ ਕੇ ਬਹੁਤ ਸਾਰੇ ਅੰਗਰੇਜ਼ਾਂ ਨੂੰ ਮੌਤ ਦੇ ਸਪੁਰਦ ਕਰ ਦਿੱਤਾ ਸੀ।

ਭਾਰਤ ਦੇ ਸੁਤਰੰਤਰਤਾ ਸੰਗਰਾਮ ਵਿਚ ਗ਼ਦਰ ਲਹਿਰ ਦਾ ਸ਼ਾਨਾਮੱਤਾ, ਗੌਰਵਮਈ, ਵਿਲੱਖਣ ਤੇ ਸੁਨਹਿਰਾ ਅਧਿਆਇ ਹੈ। ਉਸ ਦੀਆਂ ਸਿਰ-ਧੜ ਦੀ ਬਾਜ਼ੀ ਲਾਉਣ ਦੀਆਂ ਜੁਝਾਰੂ ਤੇ ਕ੍ਰਾਂਤੀਕਾਰੀ ਸਰਗਰਮੀਆਂ ਦੀ ਵਿਲੱਖਣ ਭੂਮਿਕਾ ਹੈ। ਲੋਕਤੰਤਰੀ, ਸਮਾਜਵਾਦੀ, ਭਾਰਤੀ ਰਾਸ਼ਟਰਵਾਦ, ਧਰਮ-ਨਿਰਪੇਖ ਤੇ ਸਮਾਜਕ ਸਮਤਾ ਦੀ ਵਿਚਾਰਧਾਰਾ ਭਾਰਤ ਵਾਸੀਆਂ ਲਈ ਇਕ ਅਤਿ ਮਹੱਤਵਪੂਰਨ ਵਿਰਸਾ ਤੇ ਵਿਰਾਸਤ ਹੈ। ਅਜਿਹੀ ਲੋਕ ਪੱਖੀ ਤੇ ਮਾਨਵਵਾਦੀ ਚੇਤਨਾ ਭਰਪੂਰ ਗ਼ੁਲਾਮੀ ਤੇ ਆਜ਼ਾਦੀ ਨੂੰ ਪਰਿਭਾਸ਼ਤ ਕਰਦੀ ਵਿਚਾਰਧਾਰਾ ਨੇ ਅਜੇ ਵੀ ਭਾਰਤ ਦੇ ਮੁੱਖਧਾਰਾ ਵਾਲੇ ਇਤਿਹਾਸ ਵਿਚ ਸਥਾਨ ਪ੍ਰਾਪਤ ਕਰਨਾ ਹੈ। ਇਸ ਦ੍ਰਿਸ਼ਟੀ ਤੋਂ ਕਈ ਚਿੰਤਕਾਂ, ਬੁੱਧੀਜੀਵੀਆਂ ਤੇ ਇਤਿਹਾਸਕਾਰਾਂ ਦਾ ਮੱਤ ਹੈ ਕਿ ਭਾਰਤ ਦੇ ਸੁਤੰਤਰਤਾ ਸੰਗਰਾਮ ਨੂੰ ਨਵੇਂ ਸਿਰਿਉਂ ਲਿਖੇ ਜਾਣ ਦੀ ਲੋੜ ਹੈ। ਇਸ ਦੇ ਨਾਲ ਹੀ, ਇਹ ਸਵਾਲ ਵੀ ਉੱਭਰਦਾ ਹੈ ਕਿ ਘੱਟ-ਗਿਣਤੀ ਦੇ ਦੇਸ਼ ਭਗਤ ਮੁਸਲਮਾਨਾਂ ਤੇ ਦਲਿਤਾਂ ਦੀ ਗ਼ਦਰ ਲਹਿਰ ਵਿਚ ਸ਼ਮੂਲੀਅਤ ਤੇ ਮਹੱਤਵਪੂਰਣ ਭੂਮਿਕਾ ਨੂੰ ਉੱਚਿਤ ਸਥਾਨ ਦਿਤਾ ਜਾਵੇ ਜਿਨ੍ਹਾਂ ਦੇ ਨਾਵਾਂ, ਥਾਵਾਂ ਤੇ ਕਾਰਨਾਮਿਆਂ ਨਾਲ ਸਰਕਾਰੀ ਤੇ ਗ਼ੈਰ ਸਰਕਾਰੀ ਦਸਤਾਵੇਜ਼ ਭਰੇ ਪਏ ਹਨ, ਹਿੰਦੂ ਪੰਚ, ਬਲੀਦਾਨ ਅੰਕ (ਹਿੰਦੀ) ਸੰਪਾਦਕ, ਕਮਲਾਦੱਤ ਪਾਂਡੇ ਤੇ ਪ੍ਰਸਤਾਵਨਾ ਰਾਮਵਿਲਾਸ ਸ਼ਰਮਾ ਆਦਿ ਨੂੰ ਛੱਡ ਕੇ ਜਿਨ੍ਹਾਂ ਨੇ 1857 ਦੇ ਗ਼ਦਰ ਤੇ 1913-15 ਦੇ ਗ਼ਦਰ ਦਸਤਾਵੇਜ਼ਵਿਚ ਦਲਿਤਾਂ ਨੂੰ ਉੱਕਾ ਸਥਾਨ ਨਹੀਂ ਦਿਤਾ। ਗ਼ਦਰ ਲਹਿਰ ਨੂੰ ਸਿਰਫ਼ ਪੰਜਾਬ ਤਕ ਸੀਮਤ ਨਾ ਰੱਖਿਆ ਜਾਵੇ ਸਗੋਂ ਵੱਖ-ਵੱਖ ਪ੍ਰਾਂਤਾਂ ਦੇ ਦੇਸ਼ ਭਗਤ ਕ੍ਰਾਂਤੀਕਾਰੀਆਂ ਗ਼ਦਰੀ ਬਾਬਿਆਂ ਦੇ ਯੋਗਦਾਨ ਨੂੰ ਉਭਾਰਿਆ ਜਾਵੇ। ਜਰਮਨ, ਅਮਰੀਕਾ ਤੇ ਆਇਰਲੈਂਡ ਦੇ ਉਨ੍ਹਾਂ ਦੇਸ਼ ਭਗਤਾਂ ਨੂੰ ਯਾਦ ਕੀਤਾ ਜਾਵੇ ਜਿਨ੍ਹਾਂ ਨੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿਚ ਹਿੱਸਾ ਲਿਆ - ਸਾਲਾਂਬੱਧੀ ਕੈਦਾਂ ਕੱਟੀਆਂ ਤੇ 10-10 ਹਜ਼ਾਰ ਡਾਲਰ ਦੇ ਜੁਰਮਾਨੇ ਭਰੇ। ਅਫਸੋਸ ਨਾਲ ਲਿਖਿਆ ਜਾ ਰਿਹਾ ਹੈ ਕਿ ਗ਼ਦਰ ਲਹਿਰ ਨਾਲ ਸੰਬੰਧਤ ਚਿੰਤਕ ਤੇ ਇਤਿਹਾਸਕਾਰ ਸੌੜੀ ਸਮਾਜਕ ਤੇ ਰਾਜਨੀਤਿਕ ਹਵਾ ਦੇ ਸੰਗ-ਸੰਗ ਉੱਡਦੇ ਜਾ ਰਹੇ ਹਨ। ਇਨ੍ਹਾਂ ਸਤਰਾਂ ਦਾ ਲੇਖਕ ਵੀ ਅਣਗੌਲੇ ਦਲਿਤ ਗ਼ਦਰੀ ਬਾਬਿਆਂ ਨੂੰ ਚਰਚਾ ਵਿਚ ਲਿਆਉਣ ਲਈ ਇਸ ਹਵਾ ਦੇ ਖ਼ਿਲਾਫ਼ ਜਾ ਰਿਹਾ ਹੈ। ਕਾਸ਼ ! ਉਹ ਗ਼ਦਰੀ ਸਮਾਜਕ ਭਾਵਨਾ ਵਰਤਮਾਨ ਵਿਚ ਹੁੰਦੀ ਤਾਂ ਇਹ ਵੱਖੋ-ਵੱਖਰੀ ਤੂਤੀ ਨਾ ਵਜਾਉਣੀ ਪੈਂਦੀ।

ਇਸ ਤੱਥ, ਸੋਚ ਤੇ ਸਮਾਜਕ ਵਿਸ਼ਲੇਸ਼ਣ ਨੂੰ ਧਿਆਨ ਗੋਚਰੇ ਰੱਖਿਆ ਜਾਣਾ ਜ਼ਰੂਰੀ ਹੈ ਕਿ ਗ਼ੁਲਾਮੀ ਨੂੰ ਸੱਦਾ ਦੇਣ ਤੇ ਉਸ ਨੂੰ ਬਰਕਰਾਰ ਰੱਖਣ ਵਿਚ ਸਾਡਾ ਆਪਣਾ ਹੀ ਵਰਣ-ਧਰਮ, ਆਰਥਿਕ ਕਾਣੀ-ਵੰਡ, ਜਾਤਪਾਤ ਤੇ ਛੂਤਛਾਤ ਵਿਚ ਵੰਡਿਆ ਸਮਾਜ ਵੀ ਪ੍ਰਮੁੱਖ ਕਾਰਨ ਹੈ। ਇਸ ਵੱਲ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੇ ਵੀ ਆਪਣੇ ਇਕ ਲੰਮੇ ਲੇਖ, 'ਅਛੂਤ ਦਾ ਸਵਾਲ' ਵਿਚ ਸਮਾਜਕ ਬਣਤਰ ਉਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ।

ਉਪਰੋਕਤ ਸਭ ਕੁਝ ਲਈ ਅਸੀ ਗ਼ਦਰ ਪਾਰਟੀ ਦੇ ਕ੍ਰਾਂਤੀਕਾਰੀ ਸੂਰਮਿਆਂ ਨੂੰ ਤਾਂ ਹੀ ਸੱਚੀ ਸ਼ਰਧਾਂਜਲੀ ਦੇ ਸਕਾਂਗੇ ਜੇ ਉਨ੍ਹਾਂ ਦੀ ਸਮੁੱਚੀ ਵਿਚਾਰਧਾਰਾ ਨੂੰ ਭਾਰਤੀ ਸਮਾਜ ਵਿਚ ਤਬਦੀਲ ਕਰ ਸਕੀਏ। □□

RZA 144, Mahavir Vihar, Palam, New Delhi-110 045.
Mob. 9350548100, e-mail:bmadhopuri@yahoo.com.

ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ: ਸਤਨਾਮ ਚਾਨਾ ਦਾ ਬਹੁ-ਪਰਤੀ ਸੰਬਾਦ

ਹਰਬੰਸ ਸਿੰਘ ਚਾਹਲ

ਇਸ ਪਰਚੇ ਵਿਚ 'ਸੰਬਾਦ' ਸ਼ਬਦ ਦਾ ਅਰਥ ਹੈ ਚਰਚਾ, ਵਾਰਤਾਲਾਪ, ਜਾਂ ਪ੍ਰਸ਼ਨ-ਉੱਤਰ। ਭਾਵੇਂ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਇਸ ਸ਼ਬਦ ਨੂੰ 'ਸੰਵਾਦ' ਸ਼ਬਦ ਦੇ ਸਮਰੂਪ ਹੀ ਦੱਸਿਆ ਹੈ, ਪਰ ਇਸ ਪਰਚੇ ਵਿਚ ਵਰਤਿਆ ਗਿਆ ਸ਼ਬਦ 'ਸੰਬਾਦ' ਸ਼ਬਦ 'ਸੰਵਾਦ' ਤੋਂ ਭਿੰਨ ਹੈ। 'ਸੰਬਾਦ' ਦਾ ਅਰਥ ਹੈ ਚਰਚਾ ਜਾਂ ਵਾਰਤਾਲਾਪ, ਜਦਕਿ 'ਸੰਵਾਦ' ਤੋਂ ਭਾਵ ਹੈ ਕਿਸੇ ਦੀ ਰਾਇ ਨਾਲ ਸੰਮਤੀ। ਸੰਬਾਦ ਟਕਰਾਉ ਜਾਂ ਵਿਰੋਧ 'ਤੇ ਆਧਾਰਤ ਹੁੰਦਾ ਹੈ ਜਦਕਿ ਸੰਵਾਦ ਸਹਿਮਤੀ 'ਤੇ। ਸੰਬਾਦ ਲਈ ਇਕ ਤੋਂ ਵਧੇਰੇ ਵਿਅਕਤੀਆਂ, ਦ੍ਰਿਸ਼ਟੀਕੋਣਾਂ, ਵਿਚਾਰਾਂ, ਵਿਚਾਰਧਾਰਾਵਾਂ ਜਾਂ ਰਾਵਾਂ ਦੀ ਵੱਖਰੀ ਤੇ ਵਿਵਾਦੀ ਹੋਂਦ ਜ਼ਰੂਰੀ ਹੁੰਦੀ ਹੈ। ਵਿਚਾਰਾਂ ਦੀ ਚਰਚਾ ਤੇ ਆਦਾਨ-ਪ੍ਰਦਾਨ ਨਾਲ ਸੰਬਾਦ ਜੀਵੰਤ ਹੁੰਦਾ ਹੈ ਤੇ ਕਿਸੇ ਇਕ ਵਿਚਾਰ ਦੇ ਫ਼ੈਸਲਾਕੁਨ ਢੰਗ ਨਾਲ ਜੇਤੂ ਜਾਂ ਹਾਵੀ ਹੋ ਜਾਣ ਨਾਲ ਇਸਦਾ ਅੰਤ ਹੋ ਜਾਂਦਾ ਹੈ। ਸਤਨਾਮ ਚਾਨਾ ਦੀ ਸਿਧਾਂਤ-ਬੱਧ ਤੇ ਖੋਜ ਭਰਪੂਰ ਪੁਸਤਕ **'ਸਿੱਖ ਇਤਿਹਾਸ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ'** (ਵਿਚਾਰ ਮੰਚ ਪਬਲੀਕੇਸ਼ਨ, ਬੀ.ਕੇ.ਕਾਲਿਜ ਜਲੰਧਰ; ਪੰਨੇ: 300; ਮੁੱਲ: 300 ਰੁਪਏ) ਦੀ ਪ੍ਰਧਾਨ ਸੁਰ ਸੰਬਾਦੀ ਹੈ। ਪੁਸਤਕ ਆਪਣੇ ਪਹਿਲੇ ਵਾਕ ਵਿਚ 'ਬਾਰ ਬਾਰ ਉਤਪੰਨ ਹੁੰਦੇ ਕੁੱਝ ਪ੍ਰਸ਼ਨਾਂ' ਦਾ ਜ਼ਿਕਰ ਕਰਕੇ ਸ਼ੁਰੂ ਹੁੰਦੀ ਹੈ ਅਤੇ ਅੰਤਮ ਵਾਕ ਵਿਚ ਇਕ ਪ੍ਰਸ਼ਨ ਕਰਕੇ ਖ਼ਤਮ ਹੁੰਦੀ ਹੈ। ਇੰਝ ਸਪੱਸ਼ਟ ਹੁੰਦਾ ਹੈ ਕਿ ਪੁਸਤਕ ਪਹਿਲਾਂ ਤੋਂ ਚੱਲ ਰਹੇ ਇਕ ਇਤਿਹਾਸਕ ਸੰਬਾਦ ਵਿਚ ਸ਼ਾਮਲ ਹੁੰਦੀ ਹੈ ਤੇ ਇਸਨੂੰ ਅੱਗੇ ਤੋਰਦੀ ਹੈ। ਪਰੰਤੂ ਇਸਨੂੰ ਫ਼ੈਸਲਾਕੁਨ ਢੰਗ ਨਾਲ ਖਤਮ ਕਰਨ ਦਾ ਦਾਅਵਾ ਨਹੀਂ ਕਰਦੀ। ਇਸ ਪ੍ਰਕਾਰ ਪੁਸਤਕ ਪਹਿਲਾਂ ਤੋਂ ਉਠਾਏ ਜਾ ਰਹੇ ਪ੍ਰਸ਼ਨਾਂ ਦੇ ਜਵਾਬ ਵਿਚ ਨਵੇਂ ਕਿੰਤੂ-ਪਰੰਤੂ ਕਰਦੀ ਹੈ ਅਤੇ ਹੋਰ ਪ੍ਰਸ਼ਨਾਂ-ਉੱਤਰਾਂ ਲਈ ਜ਼ਮੀਨ ਤਿਆਰ ਕਰਦੀ ਹੈ। ਸਤਨਾਮ ਚਾਨਾ ਇਸ ਨੂੰ "ਡੂੰਘੇ ਵਾਦ-ਵਿਵਾਦ ਵਾਲਾ ਕਾਰਜ" ਕਹਿੰਦਾ ਹੈ। ਪੁਸਤਕ ਦਾ ਵਿਸ਼ਾ-ਵਸਤੂ ਸੰਬਾਦ ਰਾਹੀਂ ਰੂਪਮਾਨ ਹੁੰਦਾ ਹੋਇਆ ਤਰਕ ਦੀ ਤੀਬਰਤਾ ਤੇ ਸਪੱਸ਼ਟਤਾ ਅਖ਼ਤਿਆਰ ਕਰਦਾ ਹੈ। ਪਰੰਤੂ ਇਸ ਦੇ ਬਾਵਜੂਦ ਇਸ ਪੁਸਤਕ ਦੀ ਵਿਲੱਖਣਤਾ ਇਸ ਦੇ ਸੰਬਾਦੀ ਹੋਣ ਵਿਚ ਨਹੀਂ ਹੈ ਕਿਉਂਕਿ ਕੋਈ ਵੀ ਲਿਖਤ ਆਪਣੇ ਆਪ ਨੂੰ ਆਪਣੇ ਪਿਛੋਕੜ ਦੇ ਮੁਕਾਬਲੇ ਵਿਚ ਰੱਖ ਕੇ ਹੀ ਪਰਿਭਾਸ਼ਤ ਕਰਨ ਦਾ ਯਤਨ ਕਰਦੀ ਹੈ ਅਤੇ ਇਸ ਲਈ ਸੁਭਾਵਕ ਤੌਰ 'ਤੇ ਸੰਬਾਦੀ ਹੁੰਦੀ ਹੈ।

ਇਸ ਦੀ ਥਾਂ ਸਤਨਾਮ ਚਾਨਾ ਦੀ ਵਿਲੱਖਣਤਾ ਇਕ ਬਹੁ-ਪਰਤੀ ਸੰਬਾਦ ਦੀ ਰਚਨਾ ਕਰਨ ਵਿਚ ਹੈ। ਉਸਨੇ ਇਸ ਪੁਸਤਕ ਰਾਹੀਂ ਇਕੋ ਸਮੇਂ ਕਈ ਧਿਰਾਂ ਨਾਲ ਸੰਬਾਦ ਰਚਾਉਣ ਦਾ ਯਤਨ ਕੀਤਾ ਹੈ। ਸਤਨਾਮ ਚਾਨਾ ਦਾ ਇਹ ਬਹੁ-ਪਰਤੀ ਸੰਬਾਦ ਉਸਦੇ ਆਪਣੇ ਤੋਂ ਪਹਿਲੇ ਸਿਧਾਂਤਾਂ, ਫ਼ਲਸਫ਼ਿਆਂ ਤੇ ਇਤਿਹਾਸਾਂ/ ਇਤਿਹਾਸਕਾਰਾਂ ਨਾਲ ਵਿਚਾਰਧਾਰਕ ਟਕਰਾਉ ਰਾਹੀਂ ਪ੍ਰਗਟ ਹੁੰਦਾ ਹੈ। ਲੇਖਕ ਦੀ ਇਹ ਸ਼ੁਰੂਆਤੀ ਬੇਨਤੀ ਕਿ "ਹੱਥਲੇ ਅਧਿਅਨ ਬਾਰੇ ਇਹ ਦਾਅਵਾ ਉੱਕਾ ਹੀ ਨਹੀਂ ਕਿ ਇਹ ਇਤਿਹਾਸ ਦੀ ਕਿਰਤ ਹੈ ਜਾਂ ਸਮਾਜਕ ਅਧਿਅਨ ਹੈ ਜਾਂ ਰਾਜਨੀਤਕ ਵਿਸ਼ਲੇਸ਼ਣ ਹੈ," ਇਸ ਪੁਸਤਕ ਨੂੰ ਬਹੁ-ਪਰਤੀ ਸੰਬਾਦ ਵਜੋਂ ਸਵੀਕਾਰ ਕੀਤੇ ਜਾਣ ਦੀ ਹੀ ਸਨਿਮਰ ਬੇਨਤੀ ਹੈ। ਲੇਖਕ ਦੀ ਇਸ ਬੇਨਤੀ ਨੂੰ ਠੁਕਰਾ ਕੇ ਪੁਸਤਕ ਆਪਣੇ-ਆਪ ਨੂੰ ਇਤਿਹਾਸ ਦੀ ਕਿਰਤ ਵਜੋਂ ਵੀ ਸਥਾਪਤ ਕਰਦੀ ਹੈ, ਸਮਾਜਕ ਅਧਿਅਨ ਵਜੋਂ ਵੀ ਅਤੇ ਰਾਜਨੀਤਕ ਵਿਸ਼ਲੇਸ਼ਣ ਵਜੋਂ ਵੀ। ਇਸ ਬਹੁ-ਪਰਤਤਾ ਕਾਰਣ ਇਸਦਾ ਸੰਬਾਦੀ ਖ਼ਾਸਾ

ਹੋਰ ਵੀ ਦ੍ਰਿੜ ਹੁੰਦਾ ਦਿਸਦਾ ਹੈ। ਲੇਖਕ ਦਾ ਮੁੱਖ ਮੰਤਵ ਬੰਦਾ ਬਹਾਦਰ ਦੀਆਂ ਪ੍ਰਾਪਤੀਆਂ ਨੂੰ ਸਹੀ ਰੌਸ਼ਨੀ ਵਿਚ ਪੇਸ਼ ਕਰਨ ਦਾ ਹੈ, ਪਰੰਤੂ ਇਹ ਪੁਸਤਕ ਇਸ ਮੰਤਵ ਦੀ ਪੂਰਤੀ ਲਈ ਲੇਖਕ ਦੀ ਯਾਤਰਾ ਦਾ ਪਹਿਲਾ ਪੜਾਅ ਤੈਅ ਕਰਦੀ ਹੈ ਅਤੇ ਬੰਦਾ ਬਹਾਦਰ ਦੇ ਇਤਿਹਾਸਕ ਤੇ ਸਿਧਾਂਤਕ ਪਿਛੋਕੜ ਵਿਚੋਂ ਉਨ੍ਹਾਂ ਸੰਦਰਭਾਂ ਦੀ ਨਿਸ਼ਾਨਦੇਹੀ ਕਰਦੀ ਹੈ ਜਿਨ੍ਹਾਂ ਵਿਚ ਰੱਖ ਕੇ ਉਸਦੀਆਂ ਪ੍ਰਾਪਤੀਆਂ ਨੂੰ ਸਹੀ ਤੌਰ 'ਤੇ ਆਂਕਿਆ ਜਾ ਸਕੇ। ਨਿਸਚੇ ਹੀ ਇਸ ਨਿਸ਼ਾਨੇ ਦੀ ਸਫਲਤਾ ਇਨ੍ਹਾਂ ਸੰਦਰਭਾਂ ਦੀ ਸਹੀ-ਸਹੀ ਪਛਾਣ 'ਤੇ ਨਿਰਭਰ ਕਰੇਗੀ। ਇਸ ਤੌਖ਼ਲੇ ਕਾਰਣ ਇਸ ਪੁਸਤਕ ਵਿਚ ਲੇਖਕ ਦੀ ਬਹੁ-ਪਰਤੀ ਸੰਬਾਦੀ ਸੁਰ ਹੋਰ ਵੀ ਪ੍ਰਬਲ ਤੇ ਪ੍ਰਚੰਡ ਹੋ ਗਈ ਹੈ। ਸੰਬਾਦ ਦੀ ਪ੍ਰਬਲਤਾ 'ਚੋਂ ਸੁਭਾਵਕ ਹੀ ਪੈਦਾ ਹੋਣ ਵਾਲੀ ਭਾਵੁਕਤਾ ਤੋਂ ਬਚਣ ਲਈ ਲੇਖਕ ਚੇਤਨ ਤੌਰ 'ਤੇ ਤੱਥ, ਤਰਕ, ਇਤਿਹਾਸਕਾਰਾਂ ਤੇ ਫ਼ਲਸਫ਼ੀਆਂ ਦੀਆਂ ਟੂਕਾਂ ਦੀ ਵਰਤੋਂ ਆਦਿ ਦੇ ਰੂਪ ਵਿਚ ਅਜਿਹੀਆਂ ਵਿਧੀਆਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਨਾਲ ਉਹ ਭਾਵੁਕਤਾ ਨੂੰ ਕਾਬੂ 'ਚ ਰੱਖ ਸਕੇ ਅਤੇ ਲਗਦੀ ਵਾਹ ਬਾਹਰਮੁਖੀ ਤੇ ਵਿਗਿਆਨਕ ਰਹਿ ਸਕੇ।

ਇਤਿਹਾਸਕਾਰੀ ਨਾਲ ਸਿਧਾਂਤਕ ਸੰਬਾਦ:

ਸਤਨਾਮ ਚਾਨਾ ਦੇ ਬਹੁ-ਪਰਤੀ ਸੰਬਾਦ ਦੀ ਪਹਿਲੀ ਪਰਤ ਇਤਿਹਾਸ ਦੀ ਹੈ। ਉਹ ਇਸ ਪੁਸਤਕ ਵਿਚ ਇਤਿਹਾਸ ਕੀ ਹੈ, ਇਸ ਦੀ ਪ੍ਰਕਿਰਤੀ ਕੀ ਹੈ, ਸੰਤੁਲਤ ਤੇ ਅਸੰਤੁਲਤ ਇਤਿਹਾਸ ਵਿਚ ਕੀ ਅੰਤਰ ਹੁੰਦਾ ਹੈ, ਆਦਿ ਪ੍ਰਸ਼ਨਾਂ ਬਾਰੇ ਥਾਂ-ਪੁਰ-ਥਾਂ ਚਰਚਾ ਕਰਦਾ ਹੈ ਅਤੇ ਇਨ੍ਹਾਂ ਬਾਰੇ ਪਹਿਲਾਂ ਮੌਜੂਦ ਧਾਰਣਾਵਾਂ ਨਾਲ ਸੰਬਾਦ ਰਚਾਉਂਦਾ ਹੈ। ਇਤਿਹਾਸ ਸਮਾਜਕ, ਆਰਥਿਕ ਤੇ ਰਾਜਨੀਤਕ ਪਰਿਸਥਿਤੀਆਂ ਵਿਚ ਵਾਪਰਦੀਆਂ ਤਬਦੀਲੀਆਂ ਦਾ ਨਾਮ ਹੀ ਹੈ। ਪਰ ਇਹ ਤਬਦੀਲੀਆਂ ਅਲੌਕਿਕ ਜਾਂ ਚਮਤਕਾਰੀ ਨਹੀਂ ਹੁੰਦੀਆਂ ਸਗੋਂ ਕਿਸੇ ਤਰਕ ਜਾਂ ਨੇਮ ਅਨੁਸਾਰ ਵਾਪਰਦੀਆਂ ਹਨ। ਘਟਨਾਵਾਂ ਦੇ ਇਸ ਬੁਨਿਆਦੀ ਤਰਕ ਨੂੰ ਨਜ਼ਰਅੰਦਾਜ਼ ਕਰਕੇ ਰਚਿਆ ਇਤਿਹਾਸ ਇਤਿਹਾਸ ਨਹੀਂ ਰਹਿੰਦਾ, ਮਿਥਿਹਾਸ ਹੋ ਜਾਂਦਾ ਹੈ। ਸਤਨਾਮ ਚਾਨਾ ਇਤਿਹਾਸ ਦੀ ਮਿਥਿਹਾਸਕਤਾ ਨੂੰ ਸਾਹਿਤਕਤਾ ਜਾਂ ਕਾਵਿਕਤਾ ਦਾ ਨਾਮ ਦਿੰਦਾ ਹੈ। ਸਹੀ ਇਤਿਹਾਸ ਵਾਸਤੇ ਪਰਿਕਲਪਨਾਵਾਂ ਤੋਂ ਆਜ਼ਾਦ ਹੋਣਾ ਅਤੀ ਜ਼ਰੂਰੀ ਹੈ। ਸੰਨਾਂ ਤੇ ਮਿਤੀਆਂ ਦੇ ਹਵਾਲੇ ਨਾਲ ਕੀਤਾ ਗਿਆ ਘਟਨਾਵਾਂ ਦਾ ਬਿਆਨ ਵੀ ਇਤਿਹਾਸ ਨਹੀਂ ਹੁੰਦਾ। ਇਹ ਵਿਕੋਲਿੱਤਰੀਆਂ ਘਟਨਾਵਾਂ ਦਾ ਸਮੂਹ ਮਾਤਰ ਬਣਕੇ ਰਹਿ ਜਾਂਦਾ ਹੈ ਅਤੇ ਇਸ ਵਿਚੋਂ ਮਨੁੱਖੀ ਵਿਕਾਸ ਦੀ ਜੀਵੰਤ ਪ੍ਰੇਰਕ ਸ਼ਕਤੀ ਅਲੋਪ ਹੋ ਜਾਂਦੀ ਹੈ। ਇਸ ਪੁਸਤਕ ਦਾ ਪਹਿਲਾ ਤੇ ਮੁੱਢਲਾ ਸੰਬਾਦ ਇਸ ਧਾਰਮਿਕ ਮਿਥਿਹਾਸੀਕ੍ਰਿਤ ਤੇ ਕਾਲ-ਕ੍ਰਮ ਆਧਾਰਤ ਇਤਿਹਾਸਕਾਰੀ ਨਾਲ ਹੈ ਜੋ ਇਤਿਹਾਸ ਨੂੰ ਧੁੰਦਲਾ ਤੇ ਅਸਪੱਸ਼ਟ, ਸੰਕੀਰਣ, ਉਲਾਰ ਤੇ ਪੱਖਪਾਤੀ ਬਣਾ ਦਿੰਦੀ ਹੈ। ਸਤਨਾਮ ਚਾਨਾ ਦੇ ਸੰਬਾਦ ਦਾ ਮੂਲ ਮਨੋਰਥ ਬੰਦਾ ਬਹਾਦਰ ਦੇ ਇਤਿਹਾਸ ਦੀ ਮੌਜੂਦਾ ਖੋਜ ਦੀ ਅਸਪੱਸ਼ਟਤਾ, ਸੰਕੀਰਣਤਾ ਤੇ ਉਲਾਰਪਣ ਨੂੰ ਦੂਰ ਕਰ ਕੇ ਉਸਦੀ ਵਾਸਤਵਿਕਤਾ ਨੂੰ ਸਪੱਸ਼ਟ ਤੇ ਸੰਤੁਲਤ ਢੰਗ ਨਾਲ ਸਥਾਪਤ ਕਰਨ ਦਾ ਯਤਨ ਕਰਨਾ ਹੈ।

ਸਤਨਾਮ ਚਾਨਾ ਅਨੁਸਾਰ ਇਤਿਹਾਸਕਾਰੀ "ਹਿਤਾਂ ਦੀ ਖੇਡ" ਹੈ। ਵਰਤਮਾਨ ਇਤਿਹਾਸਕ ਖੋਜ ਦੀ ਅਸਪੱਸ਼ਟਤਾ, ਸੰਕੀਰਣਤਾ, ਉਲਾਰਪਣ ਤੇ ਪੱਖਪਾਤ ਹਾਕਮ ਵਰਗ ਜਾਂ ਪ੍ਰਧਾਨ ਜਮਾਤ ਲਈ ਹਿਤਕਾਰੀ ਹੈ। ਇਹ ਹਾਕਮ ਵਰਗ ਵੱਲੋਂ ਵਰਤਿਆ ਜਾਣ ਵਾਲਾ ਚੇਤਨ ਹਥਿਆਰ ਹੈ ਜਿਸਦੀ ਮੱਦਦ ਨਾਲ ਉਹ ਗ਼ਰੀਬ ਜਨਤਾ ਦੀ ਲੁੱਟ-ਖ਼ਸੁੱਟ ਨੂੰ ਜਾਰੀ ਰੱਖਣ ਅਤੇ ਆਪਣੇ ਆਪ ਦੀ ਪੁਸ਼ਟੀ ਕਰਨ ਦਾ ਯਤਨ ਕਰਦਾ ਹੈ। ਦੱਬੇ-ਕੁਚਲੇ ਕਿਰਤੀ ਵਰਗ ਦਾ ਇਹ ਫਰਜ਼ ਹੈ ਕਿ ਇਤਿਹਾਸ ਦੇ ਖੇਤਰ ਵਿਚ ਹਿਤਾਂ ਦੀ ਇਸ ਵਿਚਾਰਧਾਰਕ ਲੜਾਈ ਨੂੰ ਵੀ ਵਰਗ ਸੰਘਰਸ਼ ਦਾ ਹਿੱਸਾ ਸਮਝ ਕੇ ਲੜੇ।

ਵਿਲੀਅਮ ਰੌਬਰਟਸਨ ਤੇ ਹਰਬਰਟ ਸਪੈਂਸਰ ਦੇ ਹਵਾਲੇ ਨਾਲ 'ਸਮਾਜਕ

ਅਵਚੇਤਨ' ਦੀ ਚਰਚਾ ਕਰਦਿਆਂ ਸਤਨਾਮ ਚਾਨਾ ਲਿਖਤ ਇਤਿਹਾਸ ਦੇ ਮੁਕਾਬਲੇ "ਲਹੂ ਉੱਪਰ ਲਿਖੇ ਇਤਿਹਾਸ" ਨੂੰ ਵਾਸਤਵਿਕ ਇਤਿਹਾਸ ਕਹਿੰਦਾ ਹੈ ਅਤੇ ਇਸਦੀ ਰੌਸ਼ਨੀ ਵਿਚ ਬੰਦਾ ਬਹਾਦਰ ਨੂੰ ਵਾਚਣ ਦਾ ਯਤਨ ਕਰਦਾ ਹੈ। ਸਮਾਜਕ ਅਵਚੇਤਨ ਦੇ ਪ੍ਰਸੰਗ ਵਿਚ ਪੰਜਾਬ ਦੇ ਇਤਿਹਾਸ ਦੀ ਵਿਆਖਿਆ ਇਸ ਲਿਖਤ ਦਾ ਅਜਿਹਾ ਲੱਛਣ ਹੈ ਜੋ ਇਸ ਦੇ ਸੰਬਾਦ ਨੂੰ ਮੌਲਿਕਤਾ ਤੇ ਅਮੀਰੀ ਬਖਸ਼ਦਾ ਹੈ।

ਭਾਰਤੀ ਇਤਿਹਾਸ ਨਾਲ ਵਿਵਹਾਰਕ ਸੰਬਾਦ

ਸਤਨਾਮ ਚਾਨਾ ਬੰਦਾ ਬਹਾਦਰ ਦੇ ਇਤਿਹਾਸ ਵਿਚ ਪਾਏ ਜਾਂਦੇ ਭਰਮ-ਭੁਲੇਖੇ ਦੂਰ ਕਰਨ ਲਈ ਪਹਿਲਾਂ ਇਤਿਹਾਸ ਦੇ ਸਿਧਾਂਤਕ ਮਸਲਿਆਂ ਨਾਲ ਦੋ-ਚਾਰ ਹੁੰਦਾ ਹੈ ਅਤੇ ਫਿਰ ਇਤਿਹਾਸਕ ਘਟਨਾਵਾਂ ਤੇ ਤੱਥਾਂ ਅਤੇ ਉਨ੍ਹਾਂ ਦੇ ਅਧਾਰਭੂਤ ਤਰਕ ਦੀ ਖੋਜ ਕਰਦਾ-ਕਰਦਾ ਦੂਰ ਪਿੱਛੇ ਵੱਲ ਭਾਰਤੀ ਉਪ-ਮਹਾਂਦੀਪ ਦੇ ਮੁੱਢਲੇ ਵਸੇਬਿਆਂ ਤਕ ਨਿਕਲ ਜਾਂਦਾ ਹੈ। ਅਤੇ ਇਸ ਖੋਜ ਵਿਚੋਂ ਆਗਮਨ ਵਿਧੀ (Inductive Method) (ਵਿਸ਼ੇਸ਼ ਘਟਨਾਵਾਂ ਤੋਂ ਸਾਧਾਰਣ ਸਿੱਟਿਆਂ ਵੱਲ) ਰਾਹੀਂ ਕੁੱਝ ਤੱਥ ਸਥਾਪਤ ਕਰਦਾ ਹੈ ਅਤੇ ਫਿਰ ਨਿਗਮਨ ਵਿਧੀ (Deductive Method) (ਸਾਧਾਰਣ ਸਿੱਟੇ ਤੋਂ ਵਿਸ਼ੇਸ਼ ਘਟਨਾਵਾਂ ਵੱਲ) ਰਾਹੀਂ ਇਤਿਹਾਸ ਦੀਆਂ ਪੈੜਾਂ ਦੱਬਦਾ ਉਹ ਮੁੜ ਬੰਦਾ ਬਹਾਦਰ ਦੀਆਂ ਜੀਵਨ ਘਟਨਾਵਾਂ ਦੀ ਵਿਆਖਿਆ ਕਰਦਾ ਹੈ। ਕਿਉਂਕਿ ਇਸ ਪੁਸਤਕ ਵਿਚ ਉਹ ਪਿਛੋਕੜ ਦੀ ਖੋਜ ਵਿਚ ਜ਼ਿਆਦਾ ਵਿਅਸਤ ਰਿਹਾ ਹੈ, ਇਸ ਲਈ ਇਸ ਵਿਚ ਆਗਮਨ ਵਿਧੀ ਭਾਰੂ ਹੈ। ਅਗਲੀ ਯੋਜਨਾ ਅਧੀਨ ਪੁਸਤਕ ਜੋ ਬੰਦਾ ਬਹਾਦਰ ਦੇ ਜੀਵਨ ਕਾਲ ਨਾਲ ਵਿਸ਼ੇਸ਼ ਤੌਰ 'ਤੇ ਸੰਬੰਧਤ ਹੋਵੇਗੀ, ਸੰਭਾਵਤ ਤੌਰ 'ਤੇ ਨਿਗਮਨ ਵਿਧੀ ਦਾ ਇਸਤੇਮਾਲ ਕਰੇਗੀ, ਕਿਉਂਕਿ ਇਸ ਪੁਸਤਕ ਦੇ ਆਗਮਨ ਵਿਧੀ ਰਾਹੀਂ ਸਥਾਪਤ ਕੀਤੇ ਹੋਏ ਸਿੱਟੇ ਬੰਦਾ ਬਹਾਦਰ ਦੇ ਜੀਵਨ ਦੀਆਂ ਸਮਾਜਕ, ਆਰਥਿਕ ਤੇ ਰਾਜਨੀਤਕ ਘਟਨਾਵਾਂ ਨੂੰ ਸਮਝਣ ਲਈ ਸੰਦਰਭ ਵਜੋਂ ਵਰਤੇ ਜਾਣਗੇ। ਇਹ ਤਾਰਕਿਕ ਵਿਸ਼ਲੇਸ਼ਣ ਹੱਥਲੀ ਪੁਸਤਕ ਨੂੰ ਬੰਦਾ ਬਹਾਦਰ ਬਾਰੇ ਪ੍ਰਾਪਤ ਇਤਿਹਾਸਕ ਲਿਖਤਾਂ ਦੇ ਮੁਕਾਬਲੇ ਸਹਿਜਤਾ ਵੀ ਬਖਸ਼ਦਾ ਹੈ ਤੇ ਸੰਤੁਲਨ ਵੀ।

ਲੇਖਕ ਅਨੁਸਾਰ ਬੰਦਾ ਬਹਾਦਰ ਦੀਆਂ ਪ੍ਰਾਪਤੀਆਂ ਸਿੱਖ ਲਹਿਰ ਦਾ ਸੁਭਾਵਕ ਸਿੱਟਾ ਸਨ। ਇਸ ਲਈ ਸਿੱਖ ਲਹਿਰ ਦੇ ਉਥਾਨ ਤੇ ਵਿਕਾਸ ਦਾ ਅਧਿਅਨ ਇਸ ਪੁਸਤਕ ਵਿਚ ਸ਼ਾਮਲ ਹੈ। ਪਰੰਤੂ ਸਤਨਾਮ ਚਾਨਾ ਇੱਥੋਂ ਤਕ ਸੰਤੁਸ਼ਟ ਨਹੀਂ ਹੋ ਜਾਂਦਾ। ਉਹ ਸਿੱਖ ਲਹਿਰ ਤੋਂ ਪਹਿਲਾਂ ਦੇ ਪੰਜਾਬ ਬਾਰੇ ਹੀ ਨਹੀਂ ਸਗੋਂ ਸਮੁੱਚੇ ਭਾਰਤ ਬਾਰੇ ਵੀ ਚਰਚਾ ਕਰਦਾ ਹੈ ਅਤੇ ਉਸ ਪ੍ਰਾਚੀਨ ਪਿੱਠ-ਭੂਮੀ ਵਿਚੋਂ ਸਿੱਖ ਲਹਿਰ ਦੀਆਂ ਸਮਾਜਕ, ਰਾਜਨੀਤਕ, ਤੇ ਵਿਚਾਰਧਾਰਕ ਜੜ੍ਹਾਂ ਲੱਭਦਾ ਹੈ। ਇਤਿਹਾਸਕਾਰੀ ਦੀਆਂ ਵਿਕ੍ਰਿਤੀਆਂ ਕਾਰਣ ਸਿੱਖ ਇਤਿਹਾਸ ਦਾ ਚਿਹਰਾ-ਮੁਹਰਾ ਧੁੰਦਲਾ ਹੁੰਦਾ ਗਿਆ ਹੈ ਅਤੇ ਇਹ ਮਿਥਿਹਾਸਕਤਾ ਦੀ ਪੁੱਠ ਤੋਂ ਬਚ ਨਹੀਂ ਸਕਿਆ। ਜਿਨ੍ਹਾਂ ਸੂਰਮਿਆਂ ਤੇ ਸ਼ਹੀਦਾਂ ਨੂੰ ਸਿੱਖ ਲਹਿਰ ਦਾ ਮਾਣ ਕਿਹਾ ਜਾ ਸਕਦਾ ਸੀ, ਉਨ੍ਹਾਂ ਨੂੰ ਅਪਰਾਧੀ ਤੇ ਸਰਾਪੇ ਹੋਏ ਗਰਦਾਨ ਦਿੱਤਾ ਗਿਆ। ਸਤਨਾਮ ਚਾਨਾ ਨੇ ਨਾ ਸਿਰਫ ਸਿੱਖ ਇਤਿਹਾਸ ਦੀ ਇਸ ਵਿਕ੍ਰਿਤੀ 'ਤੇ ਉਂਗਲੀ ਧਰਨ ਦੀ ਹੀ ਕੋਸ਼ਿਸ਼ ਕੀਤੀ ਹੈ ਸਗੋਂ ਇਸ ਦੇ ਕਾਰਣਾਂ ਦਾ ਜਮਾਤੀ ਆਧਾਰ 'ਤੇ ਵਿਗਿਆਨਕ ਵਿਸ਼ਲੇਸ਼ਣ ਵੀ ਕੀਤਾ ਹੈ ਕਿ ਇਹ ਗਲਤੀਆਂ ਕਿਵੇਂ ਹੋਈਆਂ, ਕਿਨ੍ਹਾਂ ਦੁਆਰਾ ਤੇ ਕਿਉਂ ਕੀਤੀਆਂ ਗਈਆਂ। ਉਸ ਅਨੁਸਾਰ, ਬਹੁਤੇ ਸਿੱਖ ਇਤਿਹਾਸਕਾਰ 'ਵਿਸ਼ੇਸ਼ ਪ੍ਰਤੀਬੱਧਤਾਵਾਂ, ਬੇਲੋੜੇ ਉਲਾਰਪਣ, ਕਾਵਿਕ ਮਨੋ-ਬਿਰਤੀ, ਕਲਪਨਿਕ ਉਡਾਰੀਆਂ ਅਤੇ ਬੌਧਿਕ ਸੀਮਾਵਾਂ' ਦੇ ਸ਼ਿਕਾਰ ਹੋ ਜਾਣ ਕਾਰਣ ਸਿੱਖ ਲਹਿਰ ਨਾਲ ਇਨਸਾਫ਼ ਨਹੀਂ ਕਰ ਸਕੇ। ਮੁਹੰਮਦ ਲਤੀਫ਼ ਵਰਗੇ ਸਿਰਕੱਢ ਮੁਸਲਿਮ ਇਤਿਹਾਸਕਾਰਾਂ ਦੀਆਂ 'ਕਲਾਬਾਜ਼ੀਆਂ' ਨੂੰ ਧਾਰਮਿਕ ਨਹੀਂ ਸਗੋਂ ਤਾਰਕਿਕ ਅਧਾਰ 'ਤੇ ਰੱਦ ਕੀਤਾ ਗਿਆ ਹੈ। ਲੇਖਕ ਇਤਿਹਾਸ ਦੇ ਹਿੰਦੂ, ਸਿੱਖ, ਅੰਗਰੇਜ਼, ਮੁਸਲਿਮ, ਯੂਨਾਨੀ ਤੇ ਰੂਸੀ ਸ੍ਰੋਤਾਂ ਦਾ ਮੁਤਾਲਿਆ

ਕਰਦਾ ਹੋਇਆ ਇਨ੍ਹਾਂ ਨੂੰ ਤਰਕ ਦੀ ਕਸਵੱਟੀ 'ਤੇ ਪਰਖ ਕੇ ਇਨ੍ਹਾਂ ਦੀ ਸਾਰਥਕਤਾ ਤੇ ਸੀਮਾ ਦਾ ਮੁਲੰਕਣ ਕਰਦਾ ਹੈ। ਪਰ ਚਾਨਾ ਆਪਣੇ ਤੋਂ ਪਹਿਲੇ ਸਾਰੇ ਇਤਿਹਾਸਕਾਰਾਂ ਨੂੰ ਇਕ-ਵੱਢਿਓਂ ਰੱਦ ਕਰਕੇ ਸਨਸਨੀ ਪੈਦਾ ਨਹੀਂ ਕਰਦਾ। ਸਗੋਂ ਇਸਦੇ ਉਲਟ ਉਹ ਸੰਤੁਲਤ ਸਥਾਪਨਾਵਾਂ ਨਾਲ ਸਹਿਮਤੀ ਵੀ ਪ੍ਰਗਟ ਕਰਦਾ ਹੈ ਅਤੇ ਉਨ੍ਹਾਂ ਦੀਆਂ ਊਣਤਾਈਆਂ ਵੱਲ ਇਸ਼ਾਰਾ ਵੀ ਕਰਦਾ ਹੈ। ਜਿਨ੍ਹਾਂ ਵਿਚਾਰਾਂ ਨਾਲ ਉਹ ਸਹਿਮਤ ਨਹੀਂ, ਉਨ੍ਹਾਂ ਦੇ ਉਸਾਰੂ ਪੱਖ ਨਾਲ ਸਹਿਮਤੀ ਪ੍ਰਗਟ ਕਰਨ ਤੋਂ ਉਹ ਗੁਰੇਜ਼ ਨਹੀਂ ਕਰਦਾ। ਉਹਦਾ ਵਿਗਿਆਨਕ ਵਿਸ਼ਵਾਸ ਹੈ ਕਿ ਸੱਚ ਨਿਰਪੇਖ ਨਹੀਂ ਸਗੋਂ ਸਾਪੇਖ ਹੁੰਦਾ ਹੈ। ਜਿੱਥੇ ਕੋਈ ਵੀ ਪ੍ਰਾਪਤ ਰਾਇ ਤਸੱਲੀਬਖ਼ਸ਼ ਨਹੀਂ ਜਾਪਦੀ ਉੱਥੇ ਉਹ ਆਪਣੀ ਅਸੰਤੁਸ਼ਟੀ ਜ਼ਾਹਰ ਕਰਦਿਆਂ ਵਿਚਾਰ ਨੂੰ ਚਰਚਾ ਲਈ ਖੁੱਲ੍ਹਾ ਛੱਡ ਦਿੰਦਾ ਹੈ। ਇਸ ਪ੍ਰਕਾਰ ਸਤਨਾਮ ਚਾਨਾ ਇਸ ਵਿਵਹਾਰਕ ਇਤਿਹਾਸਕ ਸੰਬਾਦ ਰਾਹੀਂ ਬੰਦਾ ਬਹਾਦਰ, ਸਿੱਖ, ਪੰਜਾਬ ਤੇ ਭਾਰਤ ਦੀ ਪੱਖਪਾਤੀ ਤੇ ਵਿਕ੍ਰਿਤ ਇਤਿਹਾਸਕਾਰੀ ਨੂੰ ਰੱਦ ਕਰਦਾ ਹੈ ਅਤੇ ਸੰਤੁਲਿਤ ਇਤਿਹਾਸਕਾਰੀ ਦੀ ਰਿਵਾਇਤ ਨੂੰ ਅੱਗੇ ਤੋਰਨ ਦਾ ਯਤਨ ਕਰਦਾ ਹੈ।

ਲੰਬੇ ਇਤਿਹਾਸਕ ਪਿਛੋਕੜ ਵਿਚ ਰੱਖ ਕੇ ਬੰਦਾ ਬਹਾਦਰ ਦੀ ਲਹਿਰ ਨੂੰ 'ਪੰਜਾਬ ਕਮਿਊਨ' ਦਾ ਨਾਮ ਦਿੱਤਾ ਗਿਆ ਹੈ। ਬੰਦਾ ਬਹਾਦਰ ਵੱਲੋਂ ਜਗੀਰਦਾਰੀ ਪ੍ਰਥਾ ਨੂੰ ਖਤਮ ਕੀਤੇ ਜਾਣ ਨੂੰ ਸਿੱਖ ਤੇ ਮੁਗਲ ਜਗੀਰਦਾਰੀ ਦੇ ਵਿਕਾਸ ਦੇ ਸੰਦਰਭ ਵਿਚ ਰੱਖ ਕੇ ਇਕ ਇਨਕਲਾਬੀ ਕਦਮ ਸਾਬਤ ਕੀਤਾ ਗਿਆ ਹੈ। ਰਜਵਾੜਿਆਂ ਤੇ ਜਗੀਰਦਾਰ ਕੁਲੀਨ ਘਰਾਣਿਆਂ ਦੀ ਆਪਸੀ ਵਿਰੋਧਤਾ ਦੇ ਆਰਥਿਕ ਆਧਾਰਾਂ ਨੂੰ ਸਮਝਣ ਸਮਝਾਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਤਨਾਮ ਚਾਨਾ ਅਨੁਸਾਰ, ਬੰਦਾ ਬਹਾਦਰ ਦੀ ਜਗੀਰਦਾਰੀ ਪ੍ਰਥਾ ਨੂੰ ਖ਼ਤਮ ਕੀਤੇ ਜਾਣ ਨਾਲੋਂ ਵੀ ਵਡੇਰੀ ਪ੍ਰਾਪਤੀ ਜਾਤ-ਪਾਤ ਨੂੰ ਖਤਮ ਕਰਨਾ ਸੀ। ਇਸ ਦੇ ਪਿਛੋਕੜ ਨੂੰ ਸਮਝਣ ਲਈ ਉਹ ਪਿੱਛੇ ਪ੍ਰਚੀਨ ਸਮਿਆਂ ਵੱਲ ਚਲਾ ਜਾਂਦਾ ਹੈ ਜਦੋਂ ਆਰੀਅਨ ਜਾਂ ਸਿਥੀਅਨ ਜਾਤੀਆਂ ਨੇ ਅਜੇ ਭਾਰਤ ਵੱਲ ਕੂਚ ਵੀ ਨਹੀਂ ਸੀ ਕੀਤਾ। ਇਨ੍ਹਾਂ ਦੇ ਆਗਮਨ ਤੋਂ ਪਹਿਲਾਂ ਭਾਰਤੀ ਸਮਾਜ ਵਿਚ ਜਾਤ-ਪਾਤ ਦੀ ਕੀ ਸਥਿੱਤੀ ਸੀ, ਆਰੀਅਨ ਤੇ ਸਿਥੀਅਨ ਲੋਕਾਂ ਵਿਚ ਜਾਤ-ਪਾਤ ਸੀ ਜਾਂ ਨਹੀਂ, ਉਨ੍ਹਾਂ ਕੌਮਾਂ ਦੀ ਸਮਾਜੀ ਬਣਤਰ ਕੀ ਸੀ, ਉਹ ਲੋਕ ਭਾਰਤ ਵਿਚ ਕਦੋਂ ਆਏ ਤੇ ਉਨ੍ਹਾਂ ਦੇ ਇੱਥੇ ਆ ਕੇ ਵਸਣ ਨਾਲ ਪੰਜਾਬੀ ਸਮਾਜ ਵਿਚ ਕੀ ਤਬਦੀਲੀਆਂ ਵਾਪਰੀਆਂ, ਆਰੀਆਂ ਦੀ ਜਾਤ-ਪਾਤੀ ਸਿਸਟਮ ਨੂੰ ਕੀ ਦੇਣ ਸੀ, ਸਿਥੀਅਨ ਨਸਲ ਨਾਲ ਸੰਬੰਧਤ ਜੱਟਾਂ ਦੀ ਜਾਤ-ਪਾਤੀ ਸਿਸਟਮ ਵਿਚ ਕੀ ਸਥਿੱਤੀ ਸੀ, ਸਿਥੀਅਨ ਜੱਟਾਂ ਨੇ ਸਿੱਖ ਲਹਿਰ ਨੂੰ ਤੇਜ਼ੀ ਨਾਲ ਕਿਉਂ ਅਪਣਾ ਲਿਆ ਆਦਿ ਬਹੁਤ ਸਾਰੇ ਪ੍ਰਸ਼ਨ ਹਨ, ਜਿਨ੍ਹਾਂ ਨਾਲ ਸਤਨਾਮ ਚਾਨਾ ਪੰਜਾਬ ਦੇ ਇਤਿਹਾਸ ਨਾਲ ਆਪਣੇ ਸੰਬਾਦ ਦੌਰਾਨ ਦੋ-ਚਾਰ ਹੁੰਦਾ ਹੈ। ਜਾਤ-ਪਾਤ ਦੀ ਮੌਜੂਦਾ ਸਥਿੱਤੀ ਤੇ ਇਸ ਨੂੰ ਖ਼ਤਮ ਕਰਨ ਦੀ ਭਵਿੱਖੀ ਸੰਭਾਵਨਾ ਬਾਰੇ ਖੋਜ ਕਰਨ ਵਾਲਿਆਂ ਲਈ ਸਤਨਾਮ ਚਾਨਾ ਦੀ ਇਹ ਪੁਸਤਕ ਕਾਫੀ ਲਾਹੇਵੰਦ ਸਾਬਤ ਹੋ ਸਕਦੀ ਹੈ।

ਫ਼ਲਸਫ਼ੇ ਨਾਲ ਸਿਧਾਂਤਕ ਸੰਬਾਦ

ਇਤਿਹਾਸਕ ਵਾਸਤਵਿਕਤਾ ਦੀ ਪ੍ਰਾਪਤੀ ਲਈ ਸਤਨਾਮ ਚਾਨਾ ਮੌਜੂਦਾ ਉਘੜ-ਦੁਘੜੀਆਂ ਇਤਿਹਾਸਕ ਘਟਨਾਵਾਂ ਨੂੰ ਨਵੇਂ ਸੰਦਰਭਾਂ ਅਨੁਸਾਰ ਥਾਂ-ਸਿਰ ਕਰਨ ਦਾ ਯਤਨ ਕਰਦਾ ਹੈ। ਉਸਦਾ ਵਿਚਾਰ ਹੈ ਕਿ ਤੱਥ ਤੇ ਅੰਕੜੇ ਗੁੰਗੇ ਹੁੰਦੇ ਹਨ ਅਤੇ ਆਪਣੀ ਅਸਲੀਅਤ ਖ਼ੁਦ ਬਿਆਨ ਨਹੀਂ ਕਰ ਸਕਦੇ। ਅਸਲੀਅਤ ਦੀ ਸਹੀ ਜਾਣਕਾਰੀ ਲੈਣ ਵਾਸਤੇ ਤੱਥਾਂ ਤੇ ਅੰਕੜਿਆਂ ਨੂੰ ਸਹੀ ਪ੍ਰਸੰਗ ਵਿਚ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ। ਪਰੰਤੂ ਸਹੀ ਪ੍ਰਸੰਗ ਸਿਰਜਣ ਲਈ ਮੁੱਢਲੀ ਲੋੜ ਫ਼ਲਸਫ਼ੇ ਜਾਂ ਵਿਚਾਰਧਾਰਾ ਦੀ ਹੁੰਦੀ ਹੈ ਜੋ ਇਤਿਹਾਸ ਨੂੰ ਦੇਖਣ, ਪਰਖਣ ਤੇ ਪੇਸ਼ ਕਰਨ ਦੇ ਦ੍ਰਿਸ਼ਟੀਕੋਣ ਦਾ ਅਧਾਰ ਬਣਦੀ ਹੈ। ਹਾਕਮ ਜਮਾਤ ਦਾ ਹਮੇਸ਼ਾ ਚੇਤਨ ਯਤਨ ਹੁੰਦਾ ਹੈ ਕਿ ਉਹ ਇਤਿਹਾਸ ਨੂੰ ਆਪਣੇ ਹਿਤਕਾਰੀ ਪ੍ਰਸੰਗ ਵਿਚ ਪੇਸ਼ ਕਰੇ। ਲੁਟੀਂਦੇ ਕਿਰਤੀ ਵਰਗ ਨੇ ਬਦਲਵੇਂ ਇਤਿਹਾਸ ਦੀ ਸਿਰਜਣਾ ਲਈ ਇਤਿਹਾਸ ਦੀ ਇਸ ਗ਼ਲਤ ਪੇਸ਼ਕਾਰੀ ਦਾ

ਪਰਦਾ ਫਾਸ਼ ਕਰਨਾ ਹੁੰਦਾ ਹੈ। ਇਸ ਪ੍ਰਕਾਰ ਇਤਿਹਾਸ ਇਨ੍ਹਾਂ ਵਿਰੋਧੀ ਫ਼ਲਸਫ਼ਿਆਂ, ਵਿਚਾਰਧਾਰਾਵਾਂ ਜਾਂ ਦ੍ਰਿਸ਼ਟੀਕੋਣਾਂ ਦੀ ਯੁੱਧਭੂਮੀ ਬਣ ਜਾਂਦਾ ਹੈ। ਇਤਿਹਾਸਕ ਸੰਦਰਭ ਦਰੁਸਤ ਕਰਨ ਦੀ ਕੋਸ਼ਿਸ਼ ਕਰਦਿਆਂ ਸਤਨਾਮ ਚਾਨਾ ਦੀ ਆਪਣੀ ਇਤਿਹਾਸਕਾਰੀ ਵੀ ਚੇਤਨ ਤੌਰ 'ਤੇ ਇਸ ਵਿਚਾਰਧਾਰਕ ਵਰਗ-ਯੁੱਧ ਵਿਚ ਆਪਣੀ ਵਿਸ਼ੇਸ਼ ਸਥਿਤੀ ਗ੍ਰਹਿਣ ਕਰਦੀ ਹੈ।

ਸਤਨਾਮ ਚਾਨਾ 'ਵਾਸਤਵਿਕ ਇਤਿਹਾਸ' ਦੀ ਰਚਨਾ ਲਈ ਦੋ ਜ਼ਰੂਰਤਾਂ -ਵਿਦਵਤਾ ਤੇ ਦਰਸ਼ਨ ਦੀ ਗੱਲ ਕਰਦਾ ਹੈ ਅਤੇ ਕਿਰਤੀ ਵਰਗ ਤੋਂ ਇਹ ਜ਼ਰੂਰਤਾਂ ਪੂਰੀਆਂ ਕਰਨ ਦੀ ਮੰਗ ਤੇ ਆਸ ਕਰਦਾ ਹੈ। ਜਿੱਥੇ ਵਿਦਵਤਾ ਇਤਿਹਾਸ ਨੂੰ ਮਹਿਜ਼ ਕਲਪਨਾ ਅਤੇ ਪਰਿਕਲਪਨਾ ਤੋਂ ਬਚਾਉਣ ਅਤੇ ਉਸਨੂੰ ਤੱਥਾਂ ਦਾ ਠੋਸ ਆਧਾਰ ਦੇਣ ਵਿਚ ਸਹਾਈ ਹੋ ਸਕਦੀ ਹੈ ਉੱਥੇ ਦਰਸ਼ਨ ਜਾਂ ਫ਼ਲਸਫ਼ਾ ਉਸਨੂੰ ਸਿਰਫ ਕਾਲ-ਕ੍ਰਮ ਆਧਾਰਤ ਬਿਰਤਾਂਤ ਤੋਂ ਉਪਰ ਉਠਾ ਕੇ ਵਿਆਪਕ ਤੇ ਚਿਰੰਜੀਵੀ ਸਾਰਥਿਕਤਾ ਬਖਸ਼ਦਾ ਹੈ। ਇਸ ਪ੍ਰਕਾਰ ਫ਼ਲਸਫ਼ਾ ਇਤਿਹਾਸ ਦਾ ਪੂਰਕ ਕਿਹਾ ਜਾ ਸਕਦਾ ਹੈ। ਫ਼ਲਸਫ਼ਾ ਇਤਿਹਾਸ ਦਾ ਵਿਸ਼ਾ ਵਸਤੂ ਵੀ ਹੈ ਅਤੇ ਇਤਿਹਾਸ ਦੀ ਪਰਖ ਪੜਚੋਲ ਤੇ ਪੇਸ਼ਕਾਰੀ ਦਾ ਦ੍ਰਿਸ਼ਟੀਕੋਣ ਵੀ। ਜਦੋਂ ਫ਼ਲਸਫ਼ੇ ਨੂੰ ਇਤਿਹਾਸ ਦੇ ਵਿਸ਼ੇ ਵਸਤੂ ਵਜੋਂ ਲੈਂਦੇ ਹਾਂ ਤਾਂ ਇਸ ਨੂੰ 'ਫ਼ਲਸਫ਼ੇ ਦਾ ਇਤਿਹਾਸ' ਕਿਹਾ ਜਾਏਗਾ ਜੋ ਫ਼ਲਸਫ਼ੇ ਦੇ ਵਿਕਾਸ ਦੇ ਅਧਿਅਨ ਜਾਂ ਫ਼ਲਸਫ਼ੇ ਪ੍ਰਤੀ ਦੁਕਾਲਕ ਪਹੁੰਚ (diachronic Approach) ਦਾ ਹੀ ਨਾਮ ਹੈ। ਜਦੋਂ ਇਸ ਨੂੰ ਇਤਿਹਾਸ ਦੀ ਪਰਖ ਪੜਚੋਲ ਤੇ ਪੇਸ਼ਕਾਰੀ ਦੇ ਦ੍ਰਿਸ਼ਟੀਕੋਣ ਵਜੋਂ ਲੈਂਦੇ ਹਾਂ ਤਾਂ ਇਸ ਨੂੰ 'ਇਤਿਹਾਸ ਦਾ ਫ਼ਲਸਫ਼ਾ' ਕਹਿ ਸਕਦੇ ਹਾਂ। ਸਤਨਾਮ ਚਾਨਾ ਇਸ ਪੁਸਤਕ ਵਿਚ ਫ਼ਲਸਫ਼ੇ ਦਾ ਇਤਿਹਾਸ ਵੀ ਪੇਸ਼ ਕਰਦਾ ਹੈ ਤੇ ਇਤਿਹਾਸ ਦਾ ਫ਼ਲਸਫ਼ਾ ਵੀ। ਉਹ ਇਤਿਹਾਸ ਨੂੰ ਇਕ ਫ਼ਲਸਫ਼ੀ ਦੀ ਨਜ਼ਰ ਨਾਲ ਦੇਖਦਾ ਹੈ ਤੇ ਫ਼ਲਸਫ਼ੇ ਨੂੰ ਇਕ ਇਤਿਹਾਸਕਾਰ ਦੀ ਨਿਗਾਹ ਨਾਲ। ਫ਼ਲਸਫ਼ਾ ਉਸਦੀ ਇਤਿਹਾਸਕਾਰੀ ਨੂੰ ਵਿਲੱਖਣ ਸੰਦਰਭ ਤੇ ਅਰਥ ਬਖਸ਼ਦਾ ਹੈ ਅਤੇ ਇਤਿਹਾਸਕਾਰੀ ਉਸਦੇ ਫ਼ਲਸਫ਼ੇ ਨੂੰ ਠੋਸ ਵਿਗਿਆਨਕ ਆਧਾਰ।

ਫ਼ਲਸਫ਼ੇ ਦਾ ਇਤਿਹਾਸ

ਲੇਖਕ ਪੁਸਤਕ ਦੇ ਸਿਰਲੇਖ 'ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ' ਰਾਹੀਂ ਸ਼ੁਰੂ ਵਿਚ ਹੀ ਆਪਣੇ ਵਿਚਾਰਧਾਰਕ ਸਰੋਕਾਰ ਬਾਰੇ ਇਸ਼ਾਰਾ ਕਰ ਦਿੰਦਾ ਹੈ। ਲੇਖਕ ਨੇ ਬਾਹਰਮੁਖੀ, ਸਮਾਜਕ ਤੇ ਆਰਥਿਕ ਘਟਨਾਵਾਂ ਦੇ ਪਿਛੋਕੜ ਦੀ ਖੋਜ ਦੇ ਨਾਲ ਨਾਲ ਉਨ੍ਹਾਂ ਦੇ ਫ਼ਲਸਫ਼ਾਈ ਆਧਾਰਾਂ ਨੂੰ ਲੱਭਣ ਦਾ ਯਤਨ ਵੀ ਕੀਤਾ ਹੈ। ਇਹੀ ਕਾਰਣ ਹੈ ਕਿ ਇਹ ਪੁਸਤਕ ਸਮਾਜਕ ਇਤਿਹਾਸ ਦੇ ਨਾਲ ਨਾਲ ਫ਼ਲਸਫ਼ੇ ਦਾ ਇਤਿਹਾਸ ਵੀ ਬਣ ਗਈ ਹੈ। ਸਿੱਖ ਫ਼ਲਸਫ਼ੇ ਦੇ ਵਿਚਾਰਧਾਰਾਈ ਪਿਛੋਕੜ ਤੇ ਸਮਾਜਕ ਪਰਿਸਥਿਤੀਆਂ ਵਿਚ ਇਸਦੇ ਰੂਪਮਾਨ ਹੋਣ ਉਪਰੰਤ ਇਸਦੇ ਵਿਕਾਸ ਦੇ ਉਤਰਾਅ, ਚੜ੍ਹਾਅ ਤੇ ਸੰਕਟ ਇਸ ਪੁਸਤਕ ਦਾ ਇਕ ਮਹੱਤਵਪੂਰਣ ਵਿਸ਼ਾ ਹਨ। ਸਿੱਖ ਫ਼ਲਸਫ਼ੇ ਦੀ ਉਤਪਤੀ ਅਤੇ ਇਸ ਨੂੰ ਪੰਜਾਬੀ ਸਮਾਜ ਵਿਚ ਤੇਜ਼ੀ ਨਾਲ ਮਿਲੀ ਸਵੀਕ੍ਰਿਤੀ ਤੇ ਹਰਮਨਪਿਆਰਤਾ ਦੇ ਕਾਰਣਾਂ ਸੰਬੰਧੀ ਲੇਖਕ ਨੇ ਨਿਵੇਕਲੀਆਂ ਧਾਰਣਾਵਾਂ ਸਥਾਪਤ ਕੀਤੀਆਂ ਹਨ, ਜੋ ਪ੍ਰਚੱਲਤ ਮਿੱਥਾਂ ਨੂੰ ਤੋੜਨ ਵਾਲੀਆਂ ਹਨ ਅਤੇ ਹੋਰ ਵਿਸਤ੍ਰਿਤ ਖੋਜ ਤੇ ਪੁਸ਼ਟੀ ਦੀ ਮੰਗ ਕਰਦੀਆਂ ਹਨ। ਉਹ ਬੰਦਾ ਬਹਾਦਰ ਨੂੰ ਪੰਜਾਬ ਦੇ ਸਿਰਫ ਬਾਹਰਮੁਖੀ ਇਤਿਹਾਸ ਦੀ ਉਤਪਤੀ ਨਹੀਂ ਮੰਨਦਾ ਸਗੋਂ ਸਿੱਖ ਫ਼ਲਸਫ਼ੇ ਦੀ ਸਹਿਜ ਸੁਭਾਵਕ ਪੈਦਾਵਾਰ ਵਜੋਂ ਵੀ ਦੇਖਦਾ ਹੈ ਅਤੇ ਬੰਦਾ ਬਹਾਦਰ ਦੀ ਤ੍ਰਾਸਦੀ ਨੂੰ ਸਿੱਖ ਫ਼ਲਸਫ਼ੇ ਦੀ ਸੰਕਟਮਈ ਅਵਸਥਾ ਦੇ ਪ੍ਰਤੀਕ ਵਜੋਂ ਪੇਸ਼ ਕਰਦਾ ਹੈ।

ਸਤਨਾਮ ਚਾਨਾ ਨੇ ਸਿੱਖ ਫ਼ਲਸਫ਼ੇ ਨੂੰ ਸਾਂਝੀਵਾਲਤਾ ਦੇ ਫ਼ਲਸਫ਼ੇ ਵਜੋਂ ਲਿਆ ਹੈ ਅਤੇ ਇਸ ਦੀਆਂ ਜੜ੍ਹਾਂ ਨੂੰ ਸਿਥੀਅਨ ਜਾਤੀ ਦੇ ਮੂਲ ਸੁਭਾਅ ਨਾਲ ਜੋੜਿਆ ਹੈ। ਉਪਰੰਤ ਆਰੀਆਈ ਸੁਭਾਅ ਤੋਂ ਇਸਦੀ ਭਿੰਨਤਾ ਦਾ ਨੋਟਿਸ ਵੀ ਲਿਆ ਹੈ। ਭਾਰਤੀ ਸਮਾਜ ਵਿਚ

ਵਿਦਮਾਨ ਜਾਤ-ਪਾਤੀ ਸਿਸਟਮ ਨਾਲ ਇਸ ਫ਼ਲਸਫ਼ੇ ਦੇ ਸੰਬਾਦ ਦੀ ਵੀ ਚਰਚਾ ਕੀਤੀ ਹੈ। ਇਸ ਪੁਸਤਕ ਦਾ ਪੰਜਵਾਂ ਅਧਿਆਇ 'ਫ਼ਲਸਫ਼ੇ ਦੀ ਉਤਪਤੀ ਤੇ ਲਹਿਰ ਦਾ ਉਥਾਨ' ਸਾਂਝੀਵਾਲਤਾ ਦੇ ਸਿੱਖ ਫ਼ਲਸਫ਼ੇ ਦੇ ਜਨਮ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਦੇ ਵਿਕਾਸ ਦਾ ਵਿਸਥਾਰ ਸਹਿਤ ਬਿਆਨ ਹੈ। ਛੇਵੇਂ ਅਧਿਆਇ 'ਸੰਘਰਸ਼ ਦਾ ਕ੍ਰਾਂਤੀ 'ਚ ਰੁਪਾਂਤਰਣ' ਵਿਚ ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿੱਖ ਫ਼ਲਸਫ਼ੇ ਦੁਆਰਾ ਕ੍ਰਾਂਤੀਕਾਰੀ ਕਰਮਸ਼ੀਲ ਭੂਮਿਕਾ ਧਾਰਨ ਕਰਨ ਦੀ ਚਰਚਾ ਹੈ। ਲੇਖਕ ਇਹ ਵੀ ਸਪੱਸ਼ਟ ਕਰਦਾ ਹੈ ਕਿ ਸਮਾਜਕ ਕਰਮਸ਼ੀਲਤਾ ਗੁਰੂ ਨਾਨਕ ਦੇ ਮੁੱਢਲੇ ਸਮੇਂ ਤੋਂ ਹੀ ਇਸ ਫ਼ਲਸਫ਼ੇ ਦਾ ਅਨਿੱਖੜ ਅੰਗ ਰਹੀ ਹੈ।

ਧਰਮ ਨਾਲ ਸਿਧਾਂਤਕ ਸੰਬਾਦ

ਧਰਮ ਦੇ ਸੁਭਾਅ ਤੇ ਲੱਛਣਾਂ ਦੀ ਚਰਚਾ ਕਰਦਿਆਂ ਲੇਖਕ ਚਾਰਲਸ ਡਾਰਵਨ, ਐਚ.ਜੀ. ਵੈੱਲਜ਼, ਕਾਰਲ ਮਾਰਕਸ, ਏਂਗਲਜ਼, ਟੋਇੰਬੀ, ਫਰਾਇਡ ਆਦਿ ਵਿਦਵਾਨਾਂ ਵੱਲੋਂ ਕੀਤੀਆਂ ਗਈਆਂ ਧਰਮ ਦੀਆਂ ਵਿਆਖਿਆਵਾਂ ਦਾ ਅਧਿਅਨ ਪੇਸ਼ ਕਰਦਾ ਹੈ ਤੇ ਉਨ੍ਹਾਂ ਸਭਨਾਂ ਨੂੰ ਅਧੂਰੀਆਂ ਪਾਉਂਦਾ ਹੈ। ਉਹ ਵਿਕਾਸ ਦੇ ਮੁੱਢਲੇ ਪੜਾਅ 'ਤੇ ਧਰਮ ਦੀ ਪ੍ਰਗਤੀਵਾਦੀ ਭੂਮਿਕਾ ਉੱਤੇ ਵਿਸ਼ੇਸ਼ ਜ਼ੋਰ ਦਿੰਦਾ ਹੈ ਅਤੇ ਬਾਅਦ ਦੇ ਪੜਾਵਾਂ 'ਤੇ ਇਸਦੇ ਪ੍ਰਤੀਗਾਮੀ ਹੋ ਜਾਣ ਦੀ ਗੱਲ ਕਰਦਾ ਹੈ। ਇਸ ਤਰ੍ਹਾਂ ਉਹ ਧਰਮ ਦੀ ਕੱਟੜ ਵਿਰੋਧਤਾ ਜਾਂ ਹਿਮਾਇਤ ਕਰਕੇ ਇਕ-ਪਾਸੜ ਹੋਣ ਦੀ ਥਾਂ ਵਿਗਿਆਨਕ ਸਾਪੇਖਤਾ ਦਾ ਦ੍ਰਿਸ਼ਟੀਕੋਣ ਅਪਣਾਉਂਦਾ ਹੈ।

ਸਿੱਖ ਪਹਿਚਾਣ ਸੰਬੰਧੀ ਚਾਨਾ ਕੁੱਝ ਮਹੱਤਵਪੂਰਣ ਸਥਾਪਨਾਵਾਂ ਪੇਸ਼ ਕਰਦਾ ਹੈ। ਇਤਿਹਾਸਕ ਤੌਰ 'ਤੇ ਸਿੱਖ ਧਰਮ ਦੀ ਪਹਿਚਾਣ ਹਿੰਦੂ ਧਰਮ ਤੋਂ ਬਿਲਕੁਲ ਅਲੱਗ ਹੈ ਕਿਉਂਕਿ ਸਿੱਖ ਆਰੀਆ ਨਸਲ ਵਿਚੋਂ ਨਹੀਂ ਸਨ ਸਗੋਂ ਸੀਥੀਅਨ ਸਨ। ਦੂਸਰੇ ਪਾਸੇ ਫ਼ਿਲਾਸਫ਼ੀ ਦੀ ਪੱਧਰ 'ਤੇ ਵੀ ਉਹ ਸਿੱਖ ਧਰਮ ਨੂੰ ਹਿੰਦੂ ਭਾਂਜਵਾਦੀ ਫ਼ਲਸਫ਼ੇ ਤੋਂ ਵੱਖਰਾ ਸਾਬਤ ਕਰਦਾ ਹੈ।

ਇਤਿਹਾਸ ਦਾ ਫ਼ਲਸਫ਼ਾ: ਮਾਰਕਸਵਾਦ

ਸਤਨਾਮ ਚਾਨਾ ਨੇ ਬੰਦਾ ਬਹਾਦਰ ਤੋਂ ਪਿੱਛੇ ਵੱਲ ਖੋਜੇ ਸਾਰੇ ਇਤਿਹਾਸ ਨੂੰ ਮਾਰਕਸਵਾਦੀ ਨੁਕਤਾ-ਨਿਗਾਹ ਤੋਂ ਦੇਖਣ, ਸਮਝਣ ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਭਾਵੇਂ ਇਸ ਸੰਬੰਧੀ ਉਹ ਪੁਸਤਕ ਵਿਚ ਕਿਤੇ ਵੀ ਐਲਾਨ ਨਹੀਂ ਕਰਦਾ ਪਰ ਸਿੱਖ ਅਤੇ ਭਾਰਤੀ ਇਤਿਹਾਸ ਸੰਬੰਧੀ ਉਹਦੀਆਂ ਬਹੁਤੀਆਂ ਸਿਧਾਂਤਕ ਤੇ ਵਿਹਾਰਕ ਸਥਾਪਨਾਵਾਂ ਉੱਤੇ ਮਾਰਕਸਵਾਦੀ ਫ਼ਲਸਫ਼ੇ ਦੀ ਡੂੰਘੀ ਛਾਪ ਪ੍ਰਤੱਖ ਹੈ। ਉਹ ਭਾਰਤੀ ਸਮਾਜ ਦੇ ਵਿਕਾਸ ਤੇ ਇਤਿਹਾਸ ਦੀ ਵਿਆਖਿਆ ਦਵੰਦਵਾਦੀ ਪਦਾਰਥਵਾਦ ਦੇ ਮਾਰਕਸਵਾਦੀ ਸਿਧਾਂਤ ਅਨੁਸਾਰ ਕਰਦਾ ਹੈ। ਮਾਰਕਸ ਵੱਲੋਂ ਦਿੱਤੇ ਇਤਿਹਾਸ ਦੇ 'ਆਧਾਰ-ਉਸਾਰ ਮਾਡਲ' (Base-Superstructue Model) ਦੇ ਆਧਾਰ 'ਤੇ ਹੀ ਸਤਨਾਮ ਚਾਨਾ ਸਿੱਖ ਇਤਿਹਾਸ ਬਾਰੇ ਮਿੱਥਾਂ ਨੂੰ ਤੋੜਨ ਵਿੱਚ ਸਫਲ ਹੋਇਆ ਹੈ। ਪਰ ਸਿੱਖ ਇਤਿਹਾਸ ਪ੍ਰਤੀ ਮਾਰਕਸਵਾਦੀ ਪਹੁੰਚ ਅਪਨਾਉਣ ਵਿਚ ਸਤਨਾਮ ਚਾਨਾ ਪਹਿਲਾ ਲੇਖਕ ਨਹੀਂ। ਪੰਜਾਬ ਦੇ ਮਾਰਕਸਵਾਦੀ ਲੇਖਕ ਤੇ ਚਿੰਤਕ ਮੁੱਢ ਤੋਂ ਹੀ ਸਿੱਖ ਇਤਿਹਾਸ ਤੇ ਫ਼ਲਸਫ਼ੇ ਨਾਲ ਦੋ-ਚਾਰ ਹੁੰਦੇ ਰਹੇ ਹਨ। ਭਾਵੇਂ ਮਾਰਕਸਵਾਦੀ ਚਿੰਤਕ ਸੰਤ ਸਿੰਘ ਸੇਖੋਂ ਨੇ ਗੁਰਬਾਣੀ ਦੀ ਸੀਮਤ ਵਿਆਖਿਆ ਕਰਦੇ ਹੋਏ ਇਸ ਨੂੰ 'ਪਰਾ-ਸਾਹਿਤ' ਕਿਹਾ ਹੈ, ਪਰ ਬਾਅਦ ਦੇ ਮਾਰਕਸਵਾਦੀ ਚਿੰਤਕ ਪ੍ਰੋ. ਕਿਸ਼ਨ ਸਿੰਘ ਨੇ ਗੁਰਬਾਣੀ ਦੀ ਇਕ ਕ੍ਰਾਂਤੀਕਾਰੀ ਫ਼ਲਸਫ਼ੇ ਵਜੋਂ ਵਿਆਖਿਆ ਕੀਤੀ ਹੈ। ਸਤਨਾਮ ਚਾਨਾ ਨੇ ਸਿੱਖ ਫ਼ਲਸਫ਼ੇ ਦਾ ਅਧਿਅਨ ਕਰਦਿਆਂ ਇਸ ਦੇ ਸਮਾਨਾਂਤਰ ਵਿਚਾਰ ਪੇਸ਼ ਕੀਤੇ ਹਨ। ਪਰੰਤੂ ਜਿੱਥੇ ਪ੍ਰੋ. ਕਿਸ਼ਨ ਸਿੰਘ ਗੁਰਬਾਣੀ ਦੀ ਸੰਕਲਪਾਤਮਕ ਪੁਨਰ ਵਿਆਖਿਆ 'ਤੇ ਧਿਆਨ ਕੇਂਦਰਤ ਕਰਦਾ ਹੈ ਉੱਥੇ ਸਤਨਾਮ ਚਾਨਾ ਦਾ ਮੁੱਖ ਸਰੋਕਾਰ ਇਤਿਹਾਸਕ ਘਟਨਾਵਾਂ ਤੇ ਫ਼ਲਸਫ਼ੇ ਦੇ ਵਿਕਾਸ ਦੀ ਪੁਨਰ ਵਿਆਖਿਆ ਕਰਨਾ ਹੈ।

ਭਾਵੇਂ ਸਤਨਾਮ ਚਾਨਾ ਧਰਮ ਤੇ ਕ੍ਰਾਂਤੀਕਾਰੀ ਫ਼ਲਸਫ਼ੇ ਦੇ ਆਪਸੀ ਸੰਬੰਧ ਨੂੰ ਵਿਵਾਦਪੂਰਣ ਮੰਨਦਾ ਹੈ ਅਤੇ ਇਹ ਸਵੀਕਾਰ ਕਰਦਾ ਹੈ ਕਿ "ਮਾਰਕਸਵਾਦ ਨੇ ਕ੍ਰਾਂਤੀਕਾਰੀ ਲਹਿਰ ਵਿਚ ਧਰਮ ਦੀ ਭੂਮਿਕਾ ਨੂੰ ਉੱਕਾ ਹੀ ਰੱਦ ਕੀਤਾ।" ਪਰ ਉਸਦੀ ਇਸ ਲਿਖਤ ਵਿਚ ਸਿੱਖ ਫ਼ਲਸਫ਼ੇ ਤੇ ਸਿੱਖ ਇਤਿਹਾਸ ਦੀਆਂ ਅਧਿਆਤਮਕ ਸੀਮਾਵਾਂ ਨੂੰ ਕੁਝ ਹੱਦ ਤਕ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਅਨੇਕ ਮੁੱਦੇ ਹਨ, ਜਿਵੇਂ ਕੀ ਇਤਿਹਾਸਕ ਯਥਾਰਥ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਕਾਲ ਬੁੰਗਾ ਗ਼ਰੀਬ ਅਨਾਥਨ ਦੀ ਸੱਤਾ ਦਾ ਤਖ਼ਤ ਸੀ? ਜਾਂ ਜਹਾਂਗੀਰ ਦੁਆਰਾ ਗੁਰੂ ਹਰਗੋਬਿੰਦ ਸਾਹਿਬ ਦਾ 'ਆਨਰੇਰੀ ਕਮਾਂਡਰ' ਬਣਾਏ ਜਾਣਾ ਤੇ ਉਸ ਪ੍ਰਤੀ ਸਹਿਯੋਗ ਦੀ ਨੀਤੀ ਕਿਸ ਪ੍ਰਕਾਰ ਸਿੱਖ ਫ਼ਲਸਫ਼ੇ ਜਾਂ ਮਾਨਵਵਾਦੀ ਵਿਚਾਰਧਾਰਾ ਦੀ ਅਨੁਸਾਰੀ ਸੀ, ਆਦਿ, ਜਿਨ੍ਹਾਂ ਸੰਬੰਧੀ ਕਿੰਤੂ-ਪਰੰਤੂ ਨਹੀਂ ਕੀਤਾ ਗਿਆ।

ਇਤਿਹਾਸ ਦੀ ਮਾਰਕਸਵਾਦੀ ਵਿਆਖਿਆ ਦੇ ਬਾਵਜੂਦ ਚਾਨਾ ਕਿਤੇ ਕਿਤੇ ਰਵਾਇਤੀ ਮਾਰਕਸਵਾਦੀ ਪਹੁੰਚ ਤੋਂ ਆਪਣੀ ਭਿੰਨਤਾ ਦੀ ਝਲਕ ਦਿੰਦਾ ਹੈ। ਜਿਵੇਂ ਸਮੂਹਕ ਮਾਨਸਿਕਤਾ ਦੀ ਗੱਲ ਕਰਦਾ-ਕਰਦਾ ਉਹ ਲੀਬੋਨ ਤੇ ਮੈਕਡੂਗਲ ਜਿਹੇ ਮਨੋਵਿਗਿਆਨੀਆਂ ਦੇ ਹਵਾਲੇ ਨਾਲ ਜਨਸਮੂਹਾਂ ਨੂੰ 'ਕੰਨਾਂ ਦੇ ਕੱਚੇ' ਤੇ 'ਲਾਈਲੱਗ' ਕਹਿ ਦਿੰਦਾ ਹੈ। ਬੰਦਾ ਬਹਾਦਰ ਦੇ ਇਤਿਹਾਸ ਦੀਆਂ ਵਿਕ੍ਰਿਤੀਆਂ ਲਈ ਵੀ ਉਹ ਲੋਕਾਂ ਦੀ ਇਸ ਮਾਨਸਿਕਤਾ ਨੂੰ ਦੋਸ਼ ਦਿੰਦਾ ਹੈ। ਕਈ ਥਾਈਂ ਮਾਰਕਸ ਦੇ ਫ਼ਲਸਫ਼ੇ ਨੂੰ ਆਧਾਰ ਬਣਾਉਣ ਦੀ ਥਾਂ ਉਹ ਮਾਰਕਸ ਨੂੰ ਹੋਰ ਫ਼ਲਸਫ਼ੀਆਂ ਦੀ ਪੁਸ਼ਟੀ ਲਈ ਵਰਤਦਾ ਹੈ। ਉਹ ਬੜੀ ਸਹਿਜਤਾ ਨਾਲ ਮਾਰਕਸ ਦੀਆਂ ਸੀਮਾਵਾਂ ਦਾ ਜ਼ਿਕਰ ਕਰਦਿਆਂ ਸੁਧਾਰ ਦੀ ਸੰਭਾਵਨਾ ਵੱਲ ਇਸ਼ਾਰਾ ਕਰ ਜਾਂਦਾ ਹੈ।

ਇਤਿਹਾਸਕਾਰੀ ਦੇ ਧੁੰਦਲੇਪਣ ਨੂੰ ਹਟਾਉਣ ਲਈ ਮਨੋਵਿਗਿਆਨ ਨੂੰ ਇਤਿਹਾਸ ਦੇ ਮਾਰਕਸਵਾਦੀ ਸੰਕਲਪ ਦੇ ਪੂਰਕ ਵਜੋਂ ਵਰਤਣ ਦਾ ਯਤਨ ਵੀ ਕੀਤਾ ਗਿਆ ਹੈ। ਪਰੰਤੂ ਇਨ੍ਹਾਂ ਦੀ ਅੰਤਰ-ਵਿਰੋਧਤਾ ਨੂੰ ਪੂਰੀ ਤਰ੍ਹਾਂ ਹੱਲ ਨਹੀਂ ਕੀਤਾ ਗਿਆ।

ਚਾਨਾ ਅਨੁਸਾਰ ਬ੍ਰਹਿਮੰਡ ਦੇ ਪੱਧਰ 'ਤੇ ਪਰਾਭੌਤਿਕ ਸ਼ਕਤੀ ਦਾ ਸੰਕਲਪ ਪਹਿਲਾਂ ਆਉਂਦਾ ਹੈ ਅਤੇ ਦੇਵਤਿਆਂ ਦਾ ਵਿਭਾਗੀਕਰਣ ਬਾਅਦ ਵਿਚ ਹੁੰਦਾ ਹੈ। ਇਸਦੇ ਉਲਟ "ਪ੍ਰਥਮ-ਕਾਲੀਨ ਮਨੁੱਖ ਦਾ ਅਧਿਆਤਮਵਾਦ ਬੜਾ ਹੀ ਬੀਜ-ਰੂਪੀ, ਸਾਧਾਰਣ ਤੇ ਸਥੂਲ ਜਿਹਾ ਸੀ।" ਮਿਥਿਹਾਸ ਦੇ ਪ੍ਰਸਿੱਧ ਖੋਜੀ ਨਾਰਥਰਾਪ ਫਰਾਈ ਅਨੁਸਾਰ, ਪਹਿਲਾਂ ਸਥੂਲ ਅਨੁਭਵ ਵਿਚੋਂ ਸਥਾਨਕ ਮਿਥਾਂ ਪੈਦਾ ਹੁੰਦੀਆਂ ਹਨ। ਇਨ੍ਹਾਂ ਦਾ ਸੁਭਾਅ ਇਨਸਾਈਕਲੋਪੀਡਿਕ ਹੋਣ ਕਰਕੇ ਮਿਥਾਂ ਵਿਸ਼ਾਲ ਤੋਂ ਵਿਸ਼ਾਲਤਰ ਹੁੰਦੀਆਂ ਹੋਈਆਂ ਹੌਲੀ-ਹੌਲੀ ਵਿਭਾਗੀ ਦੇਵੀ ਦੇਵਤਿਆਂ ਦਾ ਸੰਸਾਰ ਤੇ ਫਿਰ ਇਕ ਵਿਸ਼ਾਲ ਧਾਰਮਿਕ ਵਿਵਹਾਰਕ ਤੇ ਸਿਧਾਂਤਕ ਸਿਸਟਮ ਉਸਾਰ ਲੈਂਦੀਆਂ ਹਨ। ਇਹੀ ਕਾਰਣ ਹੈ ਕਿ ਸੰਸਾਰ ਦੇ ਪ੍ਰਾਚੀਨ ਧਰਮਾਂ ਵਿਚ ਦੇਵੀ ਦੇਵਤੇ ਤਾਂ ਹਨ ਪਰ ਕਿਸੇ ਸਰਬਸ਼ਕਤੀਮਾਨ ਬ੍ਰਹਿਮੰਡੀ ਇਲਾਹੀ ਸ਼ਕਤੀ ਜਾਂ ਪਰਮਾਤਮਾ ਦਾ ਸੰਕਲਪ ਨਹੀਂ ਹੈ। ਇਹ ਬਾਅਦ ਦੇ ਧਰਮਾਂ ਦੀ ਪੈਦਾਵਾਰ ਹੈ।

ਆਤਮ-ਸੰਬਾਦ

ਸਤਨਾਮ ਚਾਨਾ ਦੇ ਸੰਬਾਦ ਦਾ ਇਕ ਮਹੱਤਵਪੂਰਣ ਪੱਖ ਹੈ ਵਿਸ਼ੇ ਪ੍ਰਤੀ ਚੇਤਨ ਪਹੁੰਚ। ਜਿੱਥੇ ਉਹ ਇਤਿਹਾਸ ਤੇ ਫ਼ਲਸਫ਼ੇ ਨੂੰ ਵਿਗਿਆਨਕ ਤੇ ਤਾਰਕਿਕ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ, ਉੱਥੇ ਉਹ ਆਪਣੀ ਪ੍ਰਾਪਤੀ/ਅਪ੍ਰਾਪਤੀ ਪ੍ਰਤੀ ਵੀ ਚੇਤਨ ਤੇ ਬਾਹਰਮੁਖੀ ਹੋਣ ਦਾ ਪ੍ਰਮਾਣ ਦਿੰਦਾ ਹੈ। ਜਦੋਂ ਉਹ ਦੂਸਰੇ ਇਤਿਹਾਸਕਾਰਾਂ 'ਤੇ ਪੱਖਪਾਤ ਦਾ ਦੋਸ਼ ਲਗਾਉਂਦਾ ਹੈ ਤਾਂ ਉਹ ਆਪਣੀ ਪਹੁੰਚ ਨੂੰ ਵੀ ਇਸ ਦੋਸ਼ ਤੋਂ ਮੁਕਤ ਨਹੀਂ ਸਮਝਦਾ: "ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਹੱਥਲੀ ਕਿਰਤ ਇਸ ਵਰਤਾਰੇ ਦੀ ਗੁਰੂਤਾ ਤੋਂ ਅਸਲੋਂ ਹੀ ਮੁਕਤ ਰਹੀ ਹੈ।" ਇਸ ਪ੍ਰਕਾਰ ਚਾਨਾ ਦਾ ਸੰਬਾਦ ਦੂਸਰੇ ਲੇਖਕਾਂ ਨਾਲ ਹੀ ਨਹੀਂ ਸਗੋਂ ਆਪਣੇ ਆਪ ਨਾਲ ਵੀ ਹੈ। ਇਸ ਪੁਸਤਕ ਵਿਚ

ਆਪਣੀ ਖੋਜ ਦੀਆਂ ਸੀਮਾਵਾਂ, ਸੰਭਾਵਨਾਵਾਂ ਤੇ ਮੁਸ਼ਕਿਲਾਂ ਅਤੇ ਘਟਨਾਵਾਂ ਦੇ ਨਿੱਜੀ ਅਨੁਭਵ ਬ੍ਰਾਰੇ ਉਸਦੇ ਬਿਆਨ ਸਤਨਾਮ ਚਾਨਾ ਦੇ ਆਤਮ ਸੰਬਾਦ ਵਜੋਂ ਲਏ ਜਾ ਸਕਦੇ ਹਨ।

ਸੰਬਾਦ ਦਾ ਰੂਪਕ ਪੱਖ

ਇਹ ਕਿਰਤ ਨਿਰੀਪੁਰੀ ਅਕਾਦਮਿਕ ਖੋਜ ਨਹੀਂ ਹੈ। ਲੇਖਕ ਨੇ ਆਪਣੇ ਬਹੁ-ਪਰਤੀ ਸੰਬਾਦ ਨੂੰ ਦਿਲਚਸਪ ਬਣਾਉਣ ਲਈ ਕਈ ਤਰ੍ਹਾਂ ਦੀਆਂ ਜੁਗਤਾਂ ਦੀ ਵਰਤੋਂ ਕੀਤੀ ਹੈ। ਉਸਦੀ ਬਿਰਤਾਂਤ ਸ਼ੈਲੀ ਸੁਖੈਨ ਤੇ ਰਸਦਾਇਕ ਹੈ, ਜੋ ਗਹਿਰ ਗੰਭੀਰ ਗੱਲਾਂ ਨੂੰ ਬੜੇ ਹੀ ਰੌਚਿਕ ਢੰਗ ਨਾਲ ਪਾਠਕ ਨਾਲ ਸਾਂਝਿਆਂ ਕਰਨ ਵਿਚ ਉਸਦੀ ਸਹਾਇਤਾ ਕਰਦੀ ਹੈ। ਪੇਸ਼ ਕੀਤੇ ਗਏ ਤੱਥਾਂ ਦੀ ਨਵੀਨਤਾ ਤੇ ਬਹੁਲਤਾ ਵੀ ਪਾਠਕ ਦੀ ਦਿਲਚਸਪੀ ਜਗਾਉਣ ਦਾ ਇਕ ਹੋਰ ਸਾਧਨ ਹੈ। ਲੇਖਕ ਸਪੱਸ਼ਟਤਾ ਪੈਦਾ ਕਰਨ ਲਈ ਬਹੁਤ ਉਚੇਚ ਕਰਦਾ ਹੈ ਤਾਂ ਜੁ ਉਸਦੀਆਂ ਦਲੀਲਾਂ ਬ੍ਰਾਰੇ ਕੋਈ ਭਰਮ-ਭੁਲੇਖਾ ਨਾ ਰਹਿ ਜਾਵੇ। ਨਵੀਆਂ ਧਾਰਣਾਵਾਂ ਅਤੇ ਗ਼ੈਰ-ਰਿਵਾਇਤੀ ਪ੍ਰਸੰਗਾਂ ਦੀ ਸਪੱਸ਼ਟ ਸਥਾਪਤੀ ਲਈ ਅਜਿਹੀ ਉਚੇਚ ਦੀ ਜ਼ਰੂਰਤ ਵੀ ਹੁੰਦੀ ਹੈ। ਦਿਲਚਸਪ ਸ਼ੈਲੀ, ਸਪੱਸ਼ਟਤਾ ਦੀ ਉਚੇਚ ਅਤੇ ਤੱਥਾਂ ਦਲੀਲਾਂ ਦੀ ਬਹੁਲਤਾ ਬਹੁ-ਪਰਤੀ ਸੰਬਾਦ ਦੇ ਨਿਭਾਅ ਵਿਚ ਸਤਨਾਮ ਚਾਨਾ ਦੀ ਮੁਹਾਰਤ ਦੇ ਪ੍ਰਤੀਕ ਹਨ। ਆਪਣੀ ਸ਼ੈਲੀ ਨੂੰ ਰੌਚਿਕ ਬਣਾਉਣ ਲਈ ਉਹ ਕਾਵਿਕਤਾ ਦੀ ਵਰਤੋਂ ਵੀ ਕਰ ਲੈਂਦਾ ਹੈ।

ਸਿੱਟਾ

ਸਤਨਾਮ ਚਾਨਾ ਇਸ ਪੁਸਤਕ ਵਿਚ ਇਤਿਹਾਸ, ਧਰਮ, ਫ਼ਲਸਫ਼ੇ ਨਾਲ ਸਿਧਾਂਤਕ ਸੰਬਾਦ ਵੀ ਕਰਦਾ ਹੈ ਅਤੇ ਸਿੱਖ ਇਤਿਹਾਸ, ਭਾਰਤ ਦੇ ਸਮਾਜਕ, ਰਾਜਨੀਤਕ ਇਤਿਹਾਸ ਨਾਲ ਵਿਵਹਾਰਕ ਸੰਬਾਦ ਵੀ। ਆਪਣੇ ਸੰਬਾਦ ਨੂੰ ਪੱਕੇ ਪੈਰੀਂ ਕਰਨ ਲਈ ਉਹ ਇਤਿਹਾਸ ਤੇ ਫ਼ਲਸਫ਼ੇ ਦੀਆਂ ਬੁਨਿਆਦਾਂ ਵਿਚ ਡੂੰਘਾ ਲਹਿ ਜਾਂਦਾ ਹੈ ਅਤੇ ਪ੍ਰਾਪਤ ਇਤਿਹਾਸ ਲਈ ਨਵੇਂ ਸੰਦਰਭ ਖੋਜਦਾ ਹੈ। ਇਹ ਨਵੇਂ ਸੰਦਰਭ ਉਸਦੀ ਇਤਿਹਾਸ ਦੀ ਪੁਨਰ-ਵਿਆਖਿਆ ਲਈ ਠੋਸ ਆਧਾਰ ਬਣਦੇ ਹਨ। ਸਤਨਾਮ ਚਾਨਾ ਦੇ ਸੰਬਾਦ ਦੇ ਬਰੀਕ ਵੇਰਵੇ ਪ੍ਰਮੁੱਖ ਸੰਬਾਦਾਂ ਵਿਚ ਹੀ ਨਹੀਂ ਸਗੋਂ ਛੋਟੇ ਛੋਟੇ ਇਤਿਹਾਸਕ ਤੱਥਾਂ ਤੇ ਫ਼ਿਲਾਸਫ਼ੀਕਲ ਕਥਨਾਂ ਵਿਚ ਵੀ ਪੱਸਰੇ ਹੋਏ ਹਨ। ਉਹ ਇਤਿਹਾਸ ਦੇ ਜਿਸ ਵੀ ਤੱਥ ਜਾਂ ਫ਼ਲਸਫ਼ੇ ਦੇ ਵਿਚਾਰ ਨੂੰ ਲੈਂਦਾ ਹੈ ਉਸਦੀ ਬਰੀਕੀ ਨਾਲ ਤਾਰਕਿਕ ਪੜਚੋਲ ਕਰਦਾ ਹੈ, ਉਸਦੇ ਅਰਥਾਂ, ਸੰਭਾਵਨਾਵਾਂ ਤੇ ਸੀਮਾਵਾਂ ਨੂੰ ਜਾਂਚਦਾ ਹੈ ਅਤੇ ਉਸਤੋਂ ਬਾਅਦ ਉਸਨੂੰ ਸਵੀਕਾਰ ਕਰਦਾ ਹੈ, ਰੱਦ ਕਰਦਾ ਹੈ ਜਾਂ ਖੁੱਲ੍ਹਾ ਛੱਡ ਦਿੰਦਾ ਹੈ। ਸਾਮਇਕ ਪੱਖ ਤੋਂ ਦੇਖੀਏ ਤਾਂ ਇਹ ਪੁਸਤਕ ਵਰਤਮਾਨ, ਭੂਤਕਾਲ ਤੇ ਭਵਿੱਖ ਦਾ ਅੰਤਰ ਸੰਬਾਦ ਪੇਸ਼ ਕਰਦੀ ਹੈ। ਤਕਨੀਕੀ ਪੱਖ ਤੋਂ ਵਿਚਾਰੀਏ ਤਾਂ ਸਤਨਾਮ ਚਾਨਾ ਦਾ ਸੰਬਾਦ ਇਕ ਅਜਿਹੀ ਵਿਧੀ ਹੈ ਜੋ ਪ੍ਰਚੱਲਤ ਮਿੱਥਾਂ ਤੋੜਨ ਤੇ ਉਨ੍ਹਾਂ ਦੀ ਥਾਂ ਬਦਲਵੀਆਂ ਸੰਤੁਲਤ ਧਾਰਨਾਵਾਂ ਸਥਾਪਤ ਕਰਨ ਲਈ ਵਰਤੀ ਗਈ ਹੈ। ਵਿਚਾਰਾਂ ਦੀ ਨਵੀਨਤਾ ਤੇ ਮੌਲਿਕਤਾ, ਉਨ੍ਹਾਂ ਦੀ ਨਿਯਮ-ਬੱਧ ਉਸਾਰੀ ਤੇ ਨਿਭਾਅ, ਵਿਸ਼ੇ ਵਸਤੂ ਪ੍ਰਤੀ ਮਾਨਵੀ ਹਮਦਰਦੀ ਤੇ ਨਿਮਰਤਾ ਵਾਲਾ ਰਵੱਈਆ ਤੇ ਲਗਾਉ, ਤੱਥ ਆਧਾਰਤ ਤਾਰਕਿਕਤਾ, ਬਾਹਰਮੁਖੀ ਤੇ ਵਿਗਿਆਨਕ ਵਿਸ਼ਲੇਸ਼ਣ, ਦਿਲਚਸਪ ਤੇ ਸਪੱਸ਼ਟ ਸ਼ੈਲੀ ਆਦਿ ਸਤਨਾਮ ਚਾਨਾ ਦੇ ਸੰਬਾਦ ਨੂੰ ਸਫਲਤਾ ਬਖਸ਼ਦੇ ਹਨ। ਇਸ ਪ੍ਰਕਾਰ ਬੰਦਾ ਬਹਾਦਰ ਦੇ ਇਤਿਹਾਸ ਤੇ ਪਿਛੋਕੜ ਉੱਤੇ ਕੇਂਦਰਤ ਇਹ ਬਹੁ-ਪਰਤੀ ਸੰਬਾਦ ਸਤਨਾਮ ਚਾਨਾ ਦੀ ਇਸ ਇਤਿਹਾਸਕ ਪੁਸਤਕ ਦਾ ਰਚਣ-ਮਨੋਰਥ ਵੀ ਹੈ, ਉਸਦੀ ਲਿਖਤ ਦੀ ਸ਼ਕਤੀ ਵੀ ਅਤੇ ਉਸਦੀ ਇਤਿਹਾਸਕਾਰੀ ਦੀ ਕਲਾ ਦੀ ਪ੍ਰਾਪਤੀ ਵੀ। □□

ਪਿੰਡ ਝੱਲ ਲੇਹੀ ਵਾਲਾ, ਡਾਕ ਸੁਲਤਾਨਪੁਰ, ਜ਼ਿਲ੍ਹਾ ਕਪੂਰਥਲਾ

ਸਾਹਿਤ ਅਕਾਦਮੀ ਐਵਾਰਡ ਜੇਤੂ ਨਾਵਲ 'ਨਿਰਵਾਣ'

ਮਨਦੀਪ ਸਿੰਘ

ਮਨਮੋਹਨ ਦੇ ਸਾਹਿਤ ਅਕਾਦਮੀ ਇਨਾਮ ਪ੍ਰਾਪਤ ਨਾਵਲ 'ਨਿਰਵਾਣ' ਬਾਰੇ ਸਾਹਿਤਕ ਹਲਕਿਆਂ ਵਿਚ ਭਰਵਾਂ ਚਰਚਾ ਹੋ ਰਿਹਾ ਹੈ। ਇਹ ਗਲਪ ਕਿਰਤ ਨਾਵਲੀ ਪ੍ਰਵਿਰਤੀ ਤੋਂ ਹਟਵੀਂ ਰਚਨਾ ਹੈ। ਇਸ ਵਿਚ ਬਿਰਤਾਂਤ ਬੜੇ ਟੁੱਟਵੇਂ ਰੂਪ ਵਿਚ ਨਜ਼ਰ ਆਉਂਦਾ ਹੈ। ਨਾਵਲ ਦੇ ਰੂਪਾਕਾਰ ਵਿਚ ਜਿਸ ਤਰ੍ਹਾਂ ਦਾ ਮਹਾਂ ਬਿਰਤਾਂਤ ਸਿਰਜਿਆ ਮਿਲਦਾ, ਉਹ ਇਸ ਕਿਰਤ ਵਿਚੋਂ ਗ਼ਾਇਬ ਹੈ। ਕੁਝ ਖਾਸ ਪਾਤਰਾਂ ਦੇ ਜੀਵਨ ਬਿਰਤਾਂਤ ਨੂੰ ਟੋਟਿਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜਦਕਿ ਧਾਰਮਿਕ ਪਰੰਪਰਾਵਾਂ ਬਾਰੇ ਬੜੀਆਂ ਗੱਲਾਂ ਕੀਤੀਆਂ ਗਈਆਂ ਹਨ। ਭਾਵੇਂ ਇਹ ਇਤਿਹਾਸਕ ਨਾਵਲ ਨਹੀਂ ਪਰ ਇਸ ਵਿਚ ਪੁਰਾਤਨ ਭਾਰਤੀ ਧਾਰਮਿਕ ਇਤਹਿਾਸ ਦਾ ਚੋਖਾ ਵੇਰਵਾ ਪ੍ਰਾਪਤ ਹੈ। ਬੁੱਧ ਧਰਮ ਨੂੰ ਕੇਂਦਰ ਵਿਚ ਰੱਖਕੇ, ਸ਼ੰਕਰਾਚਾਰੀਆ ਵੱਲੋਂ ਬੁੱਧ ਮੱਤ ਨੂੰ ਖਦੇੜਨ ਲਈ ਸਿਰਜੇ ਬ੍ਰਾਹਮਣਵਾਦ ਦੇ ਆਤਮਾ ਤੇ ਮਾਇਆ ਦੇ ਸੰਕਲਪਾਂ ਦੀ ਗੱਲ ਲੋਕਾਇਤ ਤੇ ਚਾਰਵਾਕ ਦੇ ਪਿਛੋਕੜ ਵਿਚ ਨਿਖੇਧਾਤਮਕ ਰੂਪ ਵਿਚ ਪੇਸ਼ ਕੀਤੀ ਗਈ ਹੈ। ਪਰ ਇਸ ਨਾਵਲ ਦਾ ਅੰਤ ਦੋਹਾਂ ਮੁਖ ਪਾਤਰਾਂ ਦੇ ਰੁਮਾਂਟਿਕਤਾ ਵਿਚ ਖੁਭਦਿਆਂ, ਭਾਂਜਵਾਦੀ ਰੁਚੀ ਅਪਨਾਉਂਦਿਆਂ, ਆਪਣੇ ਵਤਨਾਂ ਵੱਲ ਪਰਤਣ ਨਾਲ ਕੀਤਾ ਗਿਆ ਹੈ। ਨਾਵਲ ਵਿਚ ਮਾਉਵਾਦੀਆਂ ਨੂੰ ਜਿਸ ਤਰ੍ਹਾਂ ਜਮਾਤ ਤੋਂ ਜਾਤ ਵੱਲ ਪਰਤਦੇ ਦਿਖਾਇਆ ਗਿਆ ਹੈ, ਉਹ ਬੜਾ ਅੱਖੜਦਾ ਹੈ।

ਨਾਵਲ ਛਪੰਜਾ ਕਾਂਡਾਂ ਵਿਚ ਸਮੇਟਿਆ ਗਿਆ ਹੈ। ਦੋ ਕੇਂਦਰੀ ਪਾਤਰ ਆਨੰਦ ਤੇ ਮਲਿੰਦ ਹਨ। ਨਾਵਲ ਦਾ ਪਹਿਲਾ ਵਰਤਮਾਨ ਨਾਲ ਸੰਬੰਧਤ ਕਾਂਡ ਆਨੰਦ ਬਾਰੇ ਹੈ ਅਤੇ ਦੂਜਾ ਬੁੱਧ ਮੱਤ ਨਾਲ ਜੁੜੇ ਮਲਿੰਦ ਬਾਰੇ। ਲੇਖਕ ਨੇ ਵਿਆਖਿਆ ਦੀ ਵਿਧੀ ਦੀ ਭਰਪੂਰ ਵਰਤੋਂ ਕੀਤੀ ਹੈ, ਵਿਸ਼ੇਸ਼ ਕਰਕੇ ਮਲਿੰਦ ਵਾਲੇ ਕਾਂਡਾਂ ਵਿਚ, ਜਿੱਥੇ ਉਹ ਭਿੰਨ ਭਿੰਨ ਭਾਰਤੀ ਧਾਰਮਿਕ ਪ੍ਰਵਿਰਤੀਆਂ ਬਾਰੇ ਵਿਖਿਆਨ ਦਿੰਦਾ ਆਮ ਵੇਖਿਆ ਜਾ ਸਕਦਾ ਹੈ। ਆਨੰਦ ਵਰਤਮਾਨ ਵਿਚ ਮਾਉਵਾਦੀ ਲਹਿਰ ਨਾਲ ਜੁੜਿਆ ਪਾਤਰ ਹੈ। ਅਤੇ ਮਲਿੰਦ ਜਿਸਦਾ ਨਾਂ ਵੀ ਆਨੰਦ ਵਾਂਗ ਹੀ ਬੁੱਧ ਦੇ ਖਾਸ ਸ਼ਿਸ਼ਾਂ ਵਿਚ ਲਿਆ ਜਾਂਦਾ ਹੈ, ਨੌਵੀਂ ਸਦੀ ਦੇ ਅੰਤਲੇ ਤੇ ਦਸਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਨਾਲੰਦਾ ਵਿਖੇ ਪੰਜਾਬੋਂ ਹੀ ਬੁੱਧ ਧਰਮ ਦੀ ਸਿੱਖਿਆ ਲੈਣ ਗਿਆ ਸੀ। ਵਰਤਮਾਨ ਜੁਗ ਦਾ ਆਨੰਦ ਵੀ ਪੰਜਾਬ ਨਾਲ ਹੀ ਸੰਬੰਧਤ ਹੈ ਅਤੇ ਉਸ ਨੂੰ ਉੱਥੇ ਆਦਿਵਾਸੀ ਦਲਿਤ ਸਮੱਸਿਆ ਨਾਲ ਜੁੜਨ ਲਈ ਬਿਹਾਰ ਮਗਧ ਇਲਾਕੇ ਦਾ ਏਰੀਆ ਸਕੱਤਰ ਬਣਾ ਕੇ ਭੇਜਿਆ ਜਾਂਦਾ ਹੈ।

ਜਾਪਦਾ ਹੈ ਕਿ ਲੇਖਕ ਪੁਰਾਤਨ ਭਾਰਤੀ ਧਾਰਮਿਕ ਇਤਿਹਾਸ ਦੀ ਪੇਸ਼ਕਾਰੀ ਕਰਨ ਦੇ ਨਾਲ ਆਨੰਦ ਨੂੰ ਅੱਜੋਕੀਆਂ ਮਾਉਵਾਦੀ ਗਤੀਵਿਧੀਆਂ ਨਾਲ ਜੋੜਕੇ ਸਮਕਾਲੀ ਅਰਥ ਫੜਨ ਦੇ ਆਹਰ ਵਿਚ ਹੈ। ਆਪਣੀ ਇਸ ਸਾਰੀ ਕੋਸ਼ਿਸ਼ ਦੇ ਅੰਤਰਗਤ ਲੇਖਕ ਪੁਰਾਤਨ ਲੋਕਾਇਤ ਤੇ ਚਾਰਵਾਕ ਪਰੰਪਰਾ ਦੀ ਗੱਲ ਕਰਦਿਆਂ ਬੜੇ ਸੰਜਮੀ ਢੰਗ ਨਾਲ ਜਿਹੜਾ ਇਹ ਸਾਰ ਤੱਤ ਪੇਸ਼ ਕਰਦਾ ਹੈ, ਉਹ ਨਿਸਚੇ ਹੀ ਸਾਡਾ ਧਿਆਨ ਆਪਣੇ ਵੱਲ ਖਿੱਚਦਾ ਹੈ: 'ਭਾਰਤ ਵਿਚ ਵੇਦਾਂਤਕ, ਈਸ਼ਵਰਵਾਦੀ, ਬ੍ਰਾਹਮਣਵਾਦੀ ਤੇ ਆਸਤਕ ਪਰੰਪਰਾ ਦੇ ਨਾਲ ਨਾਲ ਇਕ ਭੌਤਕਵਾਦੀ, ਅਣਈਸ਼ਵਰਵਾਦੀ, ਨਾਸਤਕ ਪਰੰਪਰਾ ਦਾ ਵੀ ਬਹੁਤ ਪ੍ਰਭਾਵ ਰਿਹਾ ਏ। ਇਹ ਪਰੰਪਰਾ ਸੀ ਚਾਰਵਾਕ। ਪਰ ਸਮੇਂ ਨਾਲ ਬ੍ਰਾਹਮਣਵਾਦੀ ਇਸ ਉੱਤੇ ਭਾਰੂ ਹੋ ਗਏ ਤੇ ਇਹ ਪਰੰਪਰਾ ਸਮਿਆਂ ਦੇ ਅਥਾਹ ਸਾਗਰਾਂ ਵਿਚ ਗੁਆਚ ਗਈ।... ਜੇ ਚਾਰਵਾਕ ਪਰੰਪਰਾ ਨੂੰ ਜਾਣ

ਬੁੱਝ ਕੇ ਤੇ ਖੜਯੰਤਰ ਨਾਲ ਬ੍ਰਾਹਮਣਾਂ ਦੁਆਰਾ ਖਤਮ ਨਾ ਕੀਤਾ ਜਾਂਦਾ ਤਾਂ ਸ਼ਾਇਦ ਭਾਰਤ ਦਾ ਇਤਿਹਾਸ ਹੋਰ ਹੁੰਦਾ'।

ਨਾਵਲ ਵਿਚ ਆਨੰਦ ਮਾਉਵਾਦੀਆਂ ਨੂੰ ਛੱਡ ਕੇ, ਇਕ ਖਬਤੀ ਡਾਕਟਰ ਨਾਲ ਵਿਆਹੀ ਹੋਈ ਆਪਣੀ ਮਾਸ਼ੂਕਾ ਪੰਕਜਾ ਨੂੰ ਘਰੋਂ ਉਧਾਲ ਕੇ ਵਾਪਸ ਆਪਣੇ ਦੇਸ਼ ਪਰਤਦਾ ਹੈ। ਉਸਦਾ ਇਹ ਐਕਸ਼ਨ ਉਦੋਂ ਵਾਪਰਦਾ ਹੈ ਜਦੋਂ ਉਹ ਆਪਣੇ ਮਾਉਵਾਦੀ ਸਾਥੀਆਂ ਮਿਸ਼ਰਾ ਤੇ ਅਖਿਲੇਸ਼ ਨੂੰ ਜਮਾਤ ਤੋਂ ਜਾਤ ਵੱਲ ਪਰਤਦੇ ਵੇਖਦਾ ਹੈ। ਸਾਡੇ ਇਸ ਪ੍ਰਦੂਸ਼ਤ ਰਾਜਸੀ ਸਿਸਟਮ ਵਿਚ ਮਿਸ਼ਰਾ ਤੇ ਅਖਿਲੇਸ਼ ਵਰਗੇ ਸ਼ਹਿਰੀ ਪਿਛੋਕੜ ਦੇ ਕਿਰਦਾਰ ਤਾਂ ਹੋ ਸਕਦੇ ਹਨ ਪਰ ਜੰਗਲਾਂ ਵਿਚ ਰਹਿਣ ਵਾਲੀਆਂ ਆਦਿਵਾਸੀ ਦਲਿਤ ਜਾਤੀਆਂ ਦੇ ਲੋਕਾਂ ਨੂੰ ਜਾਤ ਵੱਲ ਪਰਤਣ ਦੀ ਕੋਈ ਸਮੱਸਿਆ ਨਹੀਂ। ਉਹ ਜਿਹਨਾਂ ਹਾਲਤਾਂ ਵਿਚ ਰਹਿ ਰਹੇ ਹਨ, ਕਾਰਪੋਰੇਟ ਸੈਕਟਰ ਉਹਨਾਂ ਨੂੰ ਪੂਰੀ ਤਰ੍ਹਾਂ ਨਿਗਲਣ ਲਈ ਤਿਆਰ ਬੈਠਾ ਹੈ। ਇਸ ਲਈ ਲੇਖਕ ਨੇ ਮਾਉਵਾਦ ਦੀ ਗੱਲ ਕਰਦਿਆਂ ਜਿਹੜਾ ਜਮਾਤ ਤੋਂ ਜਾਤ ਵੱਲ ਮੁੜਨ ਦਾ ਮਸਲਾ ਉਠਾਇਆ ਹੈ, ਉਸ ਬਾਰੇ ਹੋਰ ਚਿੰਤਨ ਕਰਨ ਦੀ ਲੋੜ ਹੈ। ਆਨੰਦ ਮਾਉਵਾਦੀਆਂ ਨੂੰ ਛੱਡਣ ਦਾ ਫੈਸਲਾ ਤਾਂ ਲੈ ਲੈਂਦਾ ਹੈ ਪਰ ਉਸਨੂੰ ਕਦੀ ਰਣਵੀਰ ਤੇ ਕੰਵਰ ਸੈਨਾ ਵੱਲੋਂ ਲਿਤਾੜੇ ਆਦਿਵਾਸੀਆਂ ਵਿਚ ਵਿਚਰਦਾ ਨਹੀਂ ਦਿਖਾਇਆ ਗਿਆ। ਵੇਸਵਾ ਰਾਣੀ ਤੇ ਸਟੈਫਨੀ ਤੋਂ ਬਿਨਾਂ ਪੰਕਜਾ ਨਾਲ ਉਸਦੇ ਡੂੰਘੇ ਸੈਕਸ ਸੰਬੰਧ ਹਨ। ਪੰਕਜਾ ਨਾਲ ਉਹ ਰੱਬ ਤੇ ਪ੍ਰਕਿਰਤੀ ਬਾਰੇ ਜਿਹੜੀਆਂ ਗੱਲਾਂ ਕਰਦਾ ਹੈ, ਉਹ ਇਕ ਮਾਉਵਾਦੀ ਵਰਕਰ ਦੇ ਮੂੰਹੋਂ ਬੜੀਆਂ ਅਜੀਬ ਲਗਦੀਆਂ ਹਨ। ਜਿਵੇਂ ਉਸ ਵੱਲੋਂ ਕਹੀਆਂ ਇਹ ਸਤਰਾਂ- "ਹੁਣ ਤਕ ਕੌਣ ਕੱਢ ਰਿਹਾ ਏ ਰਾਹ? ਈਸਵਰ ਹੀ ਤਾਂ ਕਰ ਰਿਹਾ ਏ ਹਰ ਮੁਸ਼ਕਿਲ ਆਸਾਨ। ਉਹ ਹੀ ਤਾਂ ਲਿਆਇਆ ਏ ਸਾਨੂੰ ਏਨਾ ਕਰੀਬ। ਉਹਦੀਆਂ ਨਜ਼ਰਾਂ 'ਚ ਇਹ ਰਿਸ਼ਤਾ ਪਾਕ ਪਵਿੱਤਰ ਏ। ਅੱਗੇ ਵੀ ਉਹ ਹੀ ਹਰ ਮੁਸ਼ਕਿਲ ਹੱਲ ਕਰੇਗਾ"।

ਜਿਸ ਤਰ੍ਹਾਂ ਆਨੰਦ ਮਾਉਵਾਦੀਆਂ ਤੋਂ ਉਕਤਾਇਆ ਪੰਕਜਾ ਨਾਲ ਆਪਣੇ ਦੇਸ਼ ਆਉਂਦਾ ਦਿਖਾਇਆ ਗਿਆ, ਉਵੇਂ ਹੀ ਮਲਿੰਦ ਵੀ ਬੁੱਧ ਵਿਹਾਰ ਦੀਆਂ ਵਿਪਾਸਨਾ ਪ੍ਰਕਿਰਿਆਵਾਂ ਤੋਂ ਉਕਤਾਇਆ ਦਸਵੀਂ ਸਦੀ ਦੇ ਆਰੰਭ ਵਿਚ ਕਮਲਾ ਨਾਲ ਆਪਣੇ ਪੰਜਾਬ ਵਾਪਸ ਪਰਤ ਗਿਆ ਸੀ। ਕਮਲਾ 'ਤੇ ਬਾਂਝ ਹੋਣ ਦਾ ਇਲਜ਼ਾਮ ਹੈ ਜਦਕਿ ਉਹ ਆਪਣੇ ਆਪ ਨੂੰ ਸੰਪੂਰਨ ਔਰਤ ਸਮਝਦੀ ਹੈ। ਕਮਲਾ ਵੀ ਪੰਕਜਾ ਵਾਂਗ ਘਰ ਵਾਲੇ ਦੀ ਸ਼ਤਾਈ ਹੋਣੀ ਹੀ ਭਿਖਸ਼ੂ ਮਲਿੰਦ ਵੱਲ ਖਿੱਚੀ ਜਾਂਦੀ ਹੈ। ਪੰਕਜਾ ਦੇ ਸਾਥ ਵਿਚ ਆਨੰਦ ਬਾਰੇ ਲੇਖਕ ਬੜੀਆਂ ਕਲਾਤਮਕ ਤੇ ਪ੍ਰਤੀਕਾਤਮਕ ਰੁਮਾਂਟਿਕ ਸਤਰਾਂ ਸਿਰਜਦਾ ਹੈ। ਇਹ ਰੁਮਾਂਟਿਕਤਾ ਸਿਰਜਦਿਆਂ ਲੇਖਕ ਇਸ ਦੇ ਸਿਰੇ ਦੀ ਹੱਦ ਤਕ ਤਾਂ ਪੰਕਜਾ ਤੇ ਅਨੰਦ ਦੇ ਸਰੀਰਕ ਸੰਬੰਧਾਂ ਦੀ ਗੱਲ ਕਰਦਿਆਂ ਹੀ ਆਉਂਦਾ ਹੈ। ਪਰ ਮਲਿੰਦ ਜਦੋਂ ਪਹਿਲੀ ਵਾਰ ਕਮਲਾ ਨੂੰ ਨਿਹਾਰ ਕੇ ਵੇਖਦਾ ਹੈ, ਉਸ ਦਾ ਨਾਵਲ ਵਿਚ ਕੀਤਾ ਗਿਆ ਬਿਆਨ ਵੀ ਵੇਖਣ ਵਾਲਾ ਹੈ : "ਮਲਿੰਦ ਨੇ ਪਹਿਲੀ ਵਾਰ ਆਪਣਾ ਧਿਆਨ ਉਸਦੇ ਪੈਰਾਂ ਤੋਂ ਹਟਾ ਕੇ ਮੁਖ ਵੱਲ ਕੀਤਾ। ਇਹ ਤਾਂ ਕੋਈ ਅਪਸਰਾ ਸੀ, ਇੰਦਰ ਲੋਕ ਦੀ। ਮੁੱਖ ਏਨਾ ਪਵਿੱਤਰ ਤੇ ਨਿਰਮਲ ਸੀ ਕਿ ਮਲਿੰਦ ਤਾਂ ਉਸਦੇ ਨੂਰ ਵਿਚ ਹੀ ਡੁੱਬ ਗਿਆ"।

ਨਾਵਲ ਵਿਚ ਬੁੱਧ ਮੱਤ ਦੇ ਪ੍ਰਸੰਗ ਵਿਚ ਵਰਤਮਾਨ ਦੀ ਮਹੱਤਤਾ ਬਾਰੇ ਜਿਹੜੀ ਗੱਲ ਕੀਤੀ ਗਈ ਹੈ ਉਹ ਤਾਂ ਅਰਥਪੂਰਨ ਹੈ ਹੀ, ਹੋਰ ਵੀ ਬਹੁਤ ਸਾਰੀਆਂ ਮਹੱਤਵਪੂਰਨ ਟਿੱਪਣੀਆਂ ਮੌਜੂਦ ਹਨ, ਜਿਵੇਂ ਮੌਨ ਬਾਰੇ ਇਹ ਟਿੱਪਣੀ: "ਮੌਨ ਇਕ ਅਜਿਹੀ ਗਤੀਸ਼ੀਲ ਧਾਰਨਾ ਹੈ ਜੋ ਸਵਰ ਤੋਂ ਕਿਤੇ ਵੱਧ ਨਾਦੀ ਏ"। 'ਨਿਰਵਾਣ' ਨੂੰ ਬਹੁ-ਅਰਥਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਜੇ ਇਕ ਬੰਨੇ ਗਿਆਨ ਪ੍ਰਾਪਤੀ ਨਿਰਵਾਣ ਦੱਸੀ ਗਈ ਹੈ ਤਾਂ ਕਿਤੇ ਹੋਰ

ਪਤੀਆਂ ਵੱਲੋਂ ਸਤਾਈਆਂ ਗਈਆਂ ਕਮਲਾ ਤੇ ਪੰਕਜਾ ਵਰਗੀਆਂ ਲਈ ਘਰਾਂ ਦੇ ਸੰਤਾਪ ਤੋਂ ਮੁਕਤੀ ਹੀ ਨਿਰਵਾਣ ਹੈ। ਨਾਵਲ ਦਾ ਇਕ ਪਾਤਰ ਮਿੱਤਰ ਸੈਨ ਤਾਂਤਰਿਕ ਪਰੰਪਰਾ 'ਚੋਂ ਨਿਰਵਾਣ ਦੀ ਭਾਲ ਵਿਚ ਹੈ।

ਨਾਵਲ ਪੜ੍ਹ ਕੇ ਇਹ ਅਹਿਸਾਸ ਹੋਣ ਲਗਦਾ ਹੈ ਕਿ ਲੇਖਕ ਉੱਤਰ ਆਧੁਨਿਕ ਸੋਚ ਨਾਲ ਜੁੜਿਆ ਹੋਇਆ ਹੈ। ਇਸ ਚੇਤਨਾ ਨਾਲ ਜੁੜੇ ਚਿੰਤਕ ਨਵੀਂ ਭਾਸ਼ਾ ਤੇ ਨਵੇਂ ਵਿਚਾਰਾਂ ਦੀ ਬੜੀ ਗੱਲ ਕਰਦੇ ਹਨ। ਉਹ ਕਹਿੰਦੇ ਹਨ ਕਿ ਗੱਲ ਮਾਰਕਸਵਾਦ ਤੇ ਪੂੰਜੀਵਾਦ ਤਕ ਸੀਮਤ ਹੋ ਕੇ ਰਹਿ ਗਈ ਹੈ। ਐਪਰ ਮਾਰਕਸ ਨੂੰ ਭਾਵੇਂ ਵੱਡਾ ਦਾਰਸ਼ਨਿਕ ਮੰਨੋ ਜਾਂ ਅਰਥ ਸ਼ਾਸਤਰੀ, ਦਵੰਦਾਤਮਕਤਾ ਦੀ ਗੱਲ ਕਰਦਿਆਂ ਆਧਾਰ ਸੰਰਚਨਾ ਆਰਥਿਕਤਾ ਬਾਰੇ ਉਸ ਵੱਲੋਂ ਕਹੀਆਂ ਗੱਲਾਂ ਕਦੀ ਵੀ ਸੁੱਟ ਨਹੀਂ ਪਾਈਆਂ ਜਾ ਸਕਦੀਆਂ। ਸਾਹਿਤ ਵੀ ਇਹਨਾਂ ਤੋਂ ਕਦੀ ਅਛੂਤਾ ਨਹੀਂ ਰਹਿ ਸਕਦਾ।

ਨਾਵਲ ਨੂੰ ਯਥਾਰਥਕ ਬਣਾਉਣ ਲਈ ਪੋਸਟ ਸਕਰਿਪਟ ਦੀ ਗਲਪੀ ਜੁਗਤ ਦੀ ਵਰਤੋਂ ਕੀਤੀ ਗਈ ਹੈ। ਪੋਸਟ ਸਕਰਿਪਟ ਵਿਚ ਦੱਸਿਆ ਗਿਆ ਹੈ ਕਿ ਮਲਿੰਦ ਦੀ ਦਸਵੀਂ ਪੀੜ੍ਹੀ ਵਿਚੋਂ ਹੀ ਹੈ ਆਨੰਦ, ਜੋ ਮਾਉਵਾਦ ਨਾਲ ਜੁੜਿਆ ਰਿਹਾ ਹੈ, ਅਤੇ ਅੱਜ ਕੱਲ ਜਲੰਧਰ ਵਿਚ ਸਕੂਲ ਚਲਾ ਰਿਹਾ ਹੈ। ਆਪਣੀ ਮਾਂ ਦੀ ਯਾਦ ਵਿਚ ਇਕ ਐਵਾਰਡ ਵੀ ਉਹ ਹਰ ਸਾਲ ਦੇ ਰਿਹਾ ਹੈ

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਵਿਆਖਿਆ ਦੀ ਵਿਧੀ ਵਿਚ ਰਚਿਆ ਇਹ ਨਾਵਲ ਇਤਿਹਾਸ ਤੇ ਸਮਕਾਲ ਦੇ ਵਰਤਾਰੇ ਨੂੰ ਸਮਝਣ ਸਮਝਾਉਣ ਦੇ ਮਾਮਲੇ ਵਿਚ ਬਹੁਤ ਸਾਰਥਕ ਤੇ ਪ੍ਰਸੰਗਕ ਹੈ। ਇਸ ਵਿਚ ਜਿਹੜਾ ਵਿਚਾਰਧਾਰਕ ਵਿਧਾਨ ਸਿਰਜਿਆ ਗਿਆ ਹੈ, ਉਹ ਬਹੁਤ ਨਿਵੇਕਲਾ ਹੈ ਅਤੇ ਨਿਸਚੇ ਹੀ ਪੰਜਾਬੀ ਨਾਵਲ ਦੇ ਵਿਕਾਸ ਲਈ ਅਰਥਪੂਰਨ ਹੈ। ਇਸ ਰਾਹੀਂ ਪੰਜਾਬੀ ਵਿਚ ਭਰਪੂਰ ਕਿਸਮ ਦਾ ਨਾਵਲ ਸਿਰਜੇ ਜਾ ਸਕਣ ਬਾਰੇ ਨਰੋਏ ਸੰਕੇਤ ਮਿਲਦੇ ਹਨ। □□

[1457, ਸੈਕਟਰ 61, ਚੰਡੀਗੜ੍ਹ]

000

ਪੰਜਾਬੀ ਵਿਚ ਸਰਬ ਸ੍ਰੇਸ਼ਟ ਰਚਨਾ ਲਈ ਸਾਲ 2013 ਦਾ ਸਾਹਿਤ ਅਕਾਦਮੀ ਐਵਾਰਡ ਨਾਵਲ 'ਨਿਰਵਾਣ' ਨੂੰ ਦਿੱਤਾ ਗਿਆ ਹੈ। ਇਹ ਐਵਾਰਡ ਮਿਲਣ 'ਤੇ ਅਸੀਂ ਨਾਵਲ ਦੇ ਲੇਖਕ ਮਨਮੋਹਨ ਨੂੰ ਮੁਬਾਰਕਬਾਦ ਦਿੰਦੇ ਹਾਂ। ਇਸ ਸੁਚੱਜੀ ਚੋਣ ਲਈ ਸਾਹਿਤ ਅਕਾਦਮੀ ਵੀ ਵਧਾਈ ਦੀ ਹੱਕਦਾਰ ਹੈ।

-ਸੰਪਾਦਕ

000

ਆਪਾਂ ਦੋਵੇਂ ਰੁਸ ਬੈਠੇ (ਗੀਤ ਸੰਗ੍ਰਹਿ) ਹਰਜਿੰਦਰ ਕੰਗ

ਫਿਲੌਰ ਨੇੜਲੇ ਪਿੰਡ ਕੰਗ ਜਾਗੀਰ ਦੇ ਜੰਮ ਪਲ ਤੇ ਅਮਰੀਕਾ ਦੇ ਕੈਲੀਫੋਰਨੀਆ ਖੇਤਰ ਵਿਚ ਰਹਿ ਰਹੇ ਹਰਜਿੰਦਰ ਕੰਗ ਨੂੰ ਮੈਂ ਗ਼ਜ਼ਲਗੋ ਵਜੋਂ ਜਾਣਦਾ ਤੇ ਮਿਲਦਾ ਰਿਹਾ ਹਾਂ। 'ਆਪਾਂ ਦੋਵੇਂ ਰੁੱਸ ਬੈਠੇ' (ਚੇਤਨਾ ਪ੍ਰਕਾਸ਼ਨ, ਪੰਨਾ 104, ਮੁੱਲ 140 ਰੁਪਏ) ਉਸਦੀ ਚੌਥੀ ਪੁਸਤਕਾ ਹੈ ਜਿਸ ਵਿਚ ਗੀਤ ਹੀ ਗੀਤ ਹਨ। 'ਸਵਾਂਤੀ ਬੂੰਦ' ਤੇ 'ਠੀਕਰੀ ਪਹਿਰਾ' ਦੋ ਗ਼ਜ਼ਲ ਸੰਗ੍ਰਹਿ ਤੇ ਫੇਰ ਇਕ ਕਾਵਿ ਪੁਸਤਕ 'ਚੁੱਪ ਦੇ ਟੁਕੜੇ' ਤੋਂ ਪਿੱਛੋਂ ਪੂਰੀ ਪੁਸਤਕ ਗੀਤਾਂ ਦੀ ਪੇਸ਼ ਕਰਨ ਤੋਂ ਏਦਾਂ ਜਾਪਿਆ ਜਿਵੇਂ ਉਸਦੀ ਗ਼ਜ਼ਲਾਂ ਤੇ ਕਵਿਤਾਵਾਂ ਨਾਲ ਤਸੱਲੀ ਨਹੀਂ ਹੋਈ ਅਤੇ ਉਹ ਗੀਤਾਂ ਵੱਲ ਪਰਤਿਆ ਹੈ। ਪਰ ਉਸਦੇ ਗਾਏ ਗਏ ਤੇ ਰਿਕਾਰਡ ਹੋਏ ਗੀਤਾਂ ਦਾ ਵੇਰਵਾ ਪੜ੍ਹਨ ਤੋਂ ਪਤਾ ਲੱਗਿਆ ਕਿ ਉਸਦੇ ਗੀਤਾਂ ਨੂੰ ਆਵਾਜ਼ ਦੇਣ ਵਾਲਿਆਂ ਵਿਚ ਸਾਬਰ ਕੋਟੀ, ਜਸਵਿੰਦਰ ਬਿੱਲਾ ਤੇ ਗਿੱਲ ਹਰਦੀਪ ਹੀ ਨਹੀਂ, ਹੰਸ ਰਾਜ ਹੰਸ ਵਰਗੇ ਮੰਨੇ ਪ੍ਰਮੰਨੇ ਗਾਇਕ ਵੀ ਹਨ, ਜਿਹੜੇ ਉਸ ਦਿਨ ਤੋਂ ਗਾਉਂਦੇ ਆ ਰਹੇ ਹਨ ਜਿਸ ਦਿਨ ਤੋਂ ਉਹ ਗੀਤ ਲਿਖਦਾ ਆ ਰਿਹਾ ਹੈ। ਸੰਨ 1992 ਤੋਂ ਵੀ ਪਹਿਲਾਂ ਤੋਂ ਇਹਨਾਂ ਵਿਚੋਂ ਹੰਸ ਰਾਜ ਹੰਸ ਤਾਂ ਉਸਦੀ ਰੂਹ ਦੀ ਬੇਬਾਕੀ, ਗੀਤਾਂ ਦੀ ਬਾਕਮਾਲੀ ਦਾ ਇਹਤਰਾਮ ਕਰਨ ਵਾਲਿਆਂ ਵਿਚੋਂ ਇਕ ਹੈ। ਉਸਦਾ ਇਹ ਕਹਿਣਾ ਕਿ ਉਹ ਸ਼ਿਵ ਕੁਮਾਰ ਨੂੰ ਤਾਂ ਨਹੀਂ ਮਿਲ ਸਕਿਆ ਪਰ ਉਸਨੂੰ ਇਸ ਗੱਲ ਉੱਤੇ ਨਾਜ਼ ਹੈ ਕਿ ਉਹ ਕੰਗ ਦਾ ਦੋਸਤ ਹੈ, ਕੰਗ ਦੀ ਗੀਤਕਾਰੀ ਬਾਰੇ ਬਹੁਤ ਕੁਝ ਕਹਿ ਜਾਂਦਾ ਹੈ।

ਮੈਂ ਆਪਣੇ ਆਪ ਨੂੰ ਗੀਤ ਪੜ੍ਹਨ, ਸੁਣਨ ਤੇ ਮਾਨਣ ਵਾਲਿਆਂ ਵਿਚ ਗਿਣਦਾ ਹਾਂ ਤੇ ਉਹਨਾਂ ਵਿਚੋਂ ਵੀ ਜਿਹਨਾਂ ਨੂੰ ਇਹ ਦੱਸਣਾ ਨਹੀਂ ਆਉਂਦਾ ਕਿ ਉਹ ਗੀਤ ਨੂੰ ਕਿਉਂ, ਕਿਵੇਂ ਤੇ ਕਾਹਦੇ ਲਈ ਪਸੰਦ ਕਰਦੇ ਹਨ। ਇਹੋ ਜਿਹੇ, ਪਾਠਕ, ਸਰੋਤੇ ਜਾਂ ਦਰਸ਼ਕ ਗੀਤ ਸੰਗੀਤ ਜਾਂ ਕਵਿਤਾ ਰਾਣੀ ਨੂੰ ਹੀ ਨਹੀਂ, ਕੋਮਲ ਕਲਾ ਦੇ ਦੂਜੇ ਰੂਪਾਂ ਨੂੰ ਵੀ ਮੰਤਰ ਮੁਗਧ ਹੋ ਕੇ ਹੀ ਪ੍ਰਵਾਨ ਕਰਦੇ ਹਨ। ਉਹ ਕਲਾ ਕ੍ਰਿਤ ਨੂੰ ਆਪਣੀ ਰੂਪ ਵਿਚ ਤਾਂ ਰਚਾ ਸਕਦੇ ਹਨ; ਕਿਉਂ, ਕਿਵੇਂ ਤੇ ਕਿਸ ਲਈ ਦਾ ਨਿਖੇੜਾ ਨਹੀਂ ਕਰ ਸਕਦੇ। ਮੈਂ ਇਹ ਤਾਂ ਜਾਣਦਾ ਹਾਂ ਕਿ ਹਰਜਿੰਦਰ ਕੰਗ ਦੇ 'ਮੁਖੜਾ ਤੁਹਾਡਾ ਸਾਨੂੰ ਯਾਦ ਜਿਹਾ ਹੋ ਗਿਆ' ਕਹਿਣ ਵਿਚ ਇਕ ਲੋਕ ਗੀਤ, 'ਤੈਨੂੰ ਵੇਖਿਆਂ ਸਬਰ ਨਹੀਂ ਆਉਂਦਾ, ਜਾਣੀ ਤੇਰਾਂ ਘੁੱਟ ਭਰ ਲਾਂ' ਵਰਗਾ ਰਸ ਹੈ ਪਰ ਇਹਨਾਂ ਬੋਲਾਂ ਦਾ ਪ੍ਰਭਾਵ ਧੁਰ ਰੂਹ ਤਕ ਕਿਉਂ ਉੱਤਰ ਜਾਂਦਾ ਹੈ, ਦੱਸਣਾ ਨਹੀਂ ਆਉਂਦਾ।

ਆਪਾਂ ਹਰਜਿੰਦਰ ਕੰਗ ਦੀ ਆਪਣੇ ਪਿੰਡ ਤੋਂ ਪਰਦੇਸ ਤੁਰਨ ਦੀ ਘੜੀ ਤੋਂ ਅੱਜ ਤਕ ਦੀ ਬਿਰਤੀ ਅਤੇ ਸਿਮਰਤੀ ਨੂੰ ਆਧਾਰ ਬਣਾ ਕੇ ਗੱਲ ਕਰੀਏ ਤਾਂ ਸ਼ਾਇਦ ਕੁਝ ਨਿਖੇੜਾ ਹੋ ਜਾਂਦਾ ਹੈ।

ਹੋ ਸਕੇ ਤਾਂ ਮਾਫ ਕਰੀਂ ਮੈਂ ਇੰਨਾ ਹੋ ਲਾਚਾਰ ਗਿਆਂ
ਮੈਂ ਆਪਣੇ ਘਰ ਪਰਿਵਾਰ ਲਈ ਤੇਰੀ ਪਾਕਿ ਮੁਹੱਬਤ ਵਾਰ ਗਿਆਂ
ਚਿੱਤ ਚੇਤੇ ਵੀ ਨਾ ਸੀ ਏਨਾ ਹੋ ਜਾਊਂ ਮਜਬੂਰ ਕੁੜੇ
ਲੈ ਚੱਲੀ ਡੈਣ ਗ਼ਰੀਬੀ ਦੀ ਮੈਨੂੰ ਸੱਤ ਸਮੁੰਦਰ ਦੂਰ ਕੁੜੇ

000

ਏਨਾ ਟੁੱਟ ਗਿਆ ਹਾਂ ਅੜੀਏ ਮੁੜ ਕੇ ਮੈਥੋਂ ਜੁੜ ਨਹੀਂ ਹੋਣਾ
ਪਰਦੇਸਾਂ ਵਿਚ ਰੁਲ ਜਾਣਾ ਏ ਹੁਣ ਵਤਨਾਂ ਨੂੰ ਮੁੜ ਨਹੀਂ ਹੋਣਾ

ਖਾਬਾਂ ਦੀ ਇਕ ਸੇਜ ਸਜਾ ਕੇ ਰੰਗਲੇ ਪਲੰਘ ਨੁਆਰੀ 'ਤੇ
ਮੇਰੇ ਨਾਂ ਦਾ ਫੁੱਲ ਨਾ ਪਾਈਂ ਤੂੰ ਆਪਣੀ ਫੁਲਕਾਰੀ 'ਤੇ

000

ਤੈਨੂੰ ਉਹ ਪਰਦੇਸ ਤੋਰ ਕੇ ਸੁੱਕਦੀ ਜਾਂਦੀ ਏ
ਤੇਰੇ ਹਿਜਰਾਂ ਵਿਚ ਵੀਰਾ ਮਾਂ ਮੁਕਦੀ ਜਾਂਦੀ ਏ
ਦੇਖ ਕਦੇ ਆ ਕੇ ਸੀਨੇ ਦੇ ਜ਼ਖਮ ਸੀਊਂਦੀ ਨੂੰ
ਮਿਲ ਜਾ ਜੇ ਮਿਲ ਸਕਦਾ ਵੇ ਇਕ ਵਾਰ ਜੀਊਂਦੀ ਨੂੰ

000

ਮੈਨੂੰ ਦੁੱਖ ਸੁੱਖ ਪੁੱਛਦਾ ਦੱਸਦਾ ਹੈ, ਪਿੰਡ ਰੋਂਦਾ ਹੈ ਪਿੰਡ ਹੱਸਦਾ ਹੈ
ਮੇਰੇ ਸੁਪਨਿਆਂ ਦੇ ਵਿਚ ਵਸਦਾ ਹੈ, ਪਿੰਡ ਰੋਂਦਾ ਤੇ ਪਿੰਡ ਹੱਸਦਾ ਹੈ
ਕਿਉਂ ਤੁਰ ਗਿਆ ਦੇਸ਼ ਬਗ਼ਾਨੇ ਤੂੰ, ਹੁਣ ਮੁੜ ਆ ਕਿਸੇ ਬਹਾਨੇ ਤੂੰ
ਭੁੱਲ ਜਾਵੀਂ ਨਾ ਇਸ ਮਿੱਟੀ ਨੂੰ, ਇਹਦੀ ਦਿੱਤੀ ਲੋਰੀ ਮਿੱਠੀ ਨੂੰ
ਮੈਨੂੰ ਗਲਵੱਕੜੀ ਵਿਚ ਕੱਸਦਾ ਹੈ, ਪਿੰਡ ਰੋਂਦਾ ਹੈ ਪਿੰਡ ਹੱਸਦਾ ਹੈ

000

ਚੰਦ ਸੂਰਜ ਹੁਸਨ ਜਵਾਨੀ ਦੇ ਨਾ ਨਸ਼ਿਆਂ ਵਿਚ ਰੁੜ੍ਹ ਜਾਣ ਕਿਤੇ
ਕਿਸੇ ਘੋਰ ਤਬਾਹੀ ਵੱਲ ਜ਼ਿੰਦਗੀ ਦੇ ਰਸਤੇ ਨਾ ਮੁੜ ਜਾਣ ਕਿਤੇ
ਦੁੱਧ ਮੱਖਣ ਖਾਸ ਖੁਰਾਕਾਂ ਨੇ, ਪੰਜਾਬੀ ਅਸੀਂ ਸ਼ਰਾਬੀ ਨਹੀਂ
ਇਕ ਮੁੱਠ ਹੋ ਜੱਗ ਨੂੰ ਦੱਸ ਦਿਉ, ਸਾਡੇ ਦਿਲਾਂ 'ਚ ਕੋਈ ਖਰਾਬੀ ਨਹੀਂ
ਕੰਗ ਆਖੇ ਤੁਹਾਡੇ ਹੱਥਾਂ ਵਿਚ ਤਕਦੀਰਾਂ ਨੇ ਪੰਜਾਬ ਦੀਆਂ

ਪਹਿਲੇ ਪੜਾਅ ਵਿਚ ਚੰਗੇਰੀ ਕਮਾਈ ਕਰਨ ਲਈ ਵਿਦੇਸ਼ ਜਾਣ ਦੀ ਮਜਬੂਰੀ ਹੈ, ਦੂਜੇ ਵਿਚ ਪਿੱਛੇ ਰਹਿ ਗਈ ਸਾਥਣ ਨੂੰ ਵਰਾਉਣ ਦਾ ਵਾਸਤਾ, ਤੀਜੇ ਵਿਚ ਪਿੱਛੇ ਰਹਿ ਗਈ ਮਾਂ ਦਾ ਹਉਕਾ ਤੇ ਉਦਰੇਵਾਂ, ਚੌਥੇ ਵਿਚ ਸੁਪਨਿਆਂ ਵਿਚ ਵਾਰ ਵਾਰ ਗਲਵਕੜੀ ਪਾਉਂਦਾ ਪੁਰਾਣਾ ਪਿੰਡ ਤੇ ਪੰਜਵੇਂ ਵਿਚ ਉਸ ਪਿੰਡ ਦੇ ਨਸ਼ਿਆਂ ਵਿਚ ਰੁੜ੍ਹ ਜਾਣ ਦੀ ਚਿੰਤਾ ਤੋਂ ਪੈਦਾ ਹੋਈਆਂ ਦੁਆਵਾਂ ਤੇ ਹਦਾਇਤਾਂ। ਹਰਜਿੰਦਰ ਦੇ ਗੀਤਾਂ ਵਿਚ ਵੇਦਨਾ ਵੀ ਹੈ, ਬੁਨਿਆਦੀ ਕਦਰਾਂ-ਕੀਮਤਾਂ ਤੇ ਸੱਚਾਈਆਂ ਵੀ, ਜ਼ਿੰਦਗੀ ਦਾ ਸੁਹਜ ਵੀ ਤੇ ਇਸ ਸੁਹਜ ਨੂੰ ਮਾਨਣ ਦਾ ਸੰਦੇਸ਼ ਵੀ। ਖੂਬੀ ਇਹ ਕਿ ਇਸ ਸਭ ਕਾਸੇ ਵਿਚ ਸਰਲਤਾ ਵੀ ਹੈ, ਸੁੱਚਮ ਵੀ ਤੇ ਆਪ ਮੁਹਾਰਤਾ ਵੀ। ਉਸ ਦੇ ਗੀਤ ਪਾਠਕ ਦੀ ਉਂਗਲੀ ਫੜ ਕੇ ਉਸ ਦੇ ਨਾਲ ਤੁਰਨ ਦਾ ਬਹਾਨਾ ਕਰਕੇ ਉਸਨੂੰ ਰਾਹ ਦਿਖਾਉਂਦੇ ਤੇ ਮੰਜ਼ਿਲਾਂ ਪਾਰ ਕਰਾਉਂਦੇ ਹਨ।

ਕੰਗ ਜਗੀਰ ਮੇਰੀ ਬੜੀ ਭੂਆ ਦਾ ਪਿੰਡ ਹੈ। ਮੈਂ ਉਸ ਪਿੰਡ ਦੀ ਮਿੱਟੀ ਦਾ ਮੋਹ ਮਾਣਿਆ ਹੈ। ਮੈਂ ਭਾਈ ਤਾਲ ਦੇ ਉਸ ਗੁਰਦੁਆਰੇ ਵੀ ਜਾਂਦਾ ਰਿਹਾ ਹਾਂ ਜਿੱਥੇ ਜਾ ਕੇ ਪਿੰਡ ਦੀਆਂ ਮਾਵਾਂ ਆਪਣੇ ਪਰਦੇਸ ਗਏ ਪੁੱਤਰਾਂ ਦੀਆਂ ਸੁੱਖਾਂ ਸੁੱਖਦੀਆਂ ਹਨ ਤੇ ਉਹਨਾਂ ਭੈਣਾਂ ਵਿਚ ਵੀ ਵਿਚਰਿਆ ਹਾਂ ਜਿਹੜੀਆਂ ਭਰਾਵਾਂ ਨੂੰ ਚਿੱਠੀਆਂ ਰਾਹੀਂ ਆਪਣੇ ਮਾਪਿਆਂ ਤੇ ਪਿੰਡ ਦਾ ਹਾਲ ਦੱਸਦੀਆਂ ਹਨ। ਤਿੰਨ ਦਹਾਕੇ ਦਿੱਲੀ ਰਹਿਣ ਸਦਕਾ ਮੈਂ ਉਹ ਚਿਹਰੇ ਵੀ ਤੱਕੇ ਹਨ ਜਿਹੜੇ ਪਿਛਲੀ ਸਦੀ ਦੇ ਸੱਠਵਿਆਂ ਤੇ ਸੱਤਰਵਿਆਂ ਵਿਚ ਆਪਣੇ ਜਿਗਰ ਦੇ ਟੋਟਿਆਂ ਨੂੰ ਇੰਗਲੈਂਡ, ਅਫਰੀਕਾ, ਅਮਰੀਕਾ ਤੇ ਕੈਨੇਡਾ ਦੀਆਂ ਹਵਾਈ ਉਡਾਣਾਂ ਉੱਤੇ ਵਿਦਾਅ ਕਰਨ ਆਏ ਮੇਰੇ ਘਰ ਠਹਿਰਦੇ ਰਹੇ ਹਨ। ਉਹਨਾਂ ਚਿਹਰਿਆਂ ਵਿਚੋਂ ਮੈਨੂੰ ਉਹ ਚਿਹਰੇ ਵੀ ਦਿਸਦੇ ਹਨ ਜਿਹੜੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਨਵੀਂ ਰੋਜ਼ੀ ਰੋਟੀ ਦੇ ਸੁਪਨੇ ਲੈਂਦੇ ਸਿੰਘਾਪੁਰ, ਚੀਨ ਤੇ

ਅਮਰੀਕਾ ਨੂੰ ਗਏ। ਹਰਜਿੰਦਰ ਕੰਗ ਦੇ ਗੀਤਾਂ ਵਿਚ ਉਹਨਾਂ ਸਭਨਾਂ ਦੇ ਹਾਵ ਭਾਵ ਸਰਲ ਤੇ ਸੁੱਚੀ ਭਾਸ਼ਾ ਵਿਚ ਸਮੋਏ ਮਿਲਦੇ ਹਨ।

ਹਰਜਿੰਦਰ ਕੰਗ ਨੂੰ ਆਪਣੀ ਗੀਤਕਾਰੀ ਦੇ ਪਰਦੇਸੀ ਹੇਰਵੇ ਵਿਚ ਬੱਝਣਾ ਤੇ ਇਸ ਨੂੰ ਏਥੇ ਤਕ ਹੀ ਸੀਮਤ ਕਰਨਾ ਸ਼ਾਇਦ ਚੰਗਾ ਨਾ ਲੱਗੇ। ਇਸ ਲਈ ਉਸਦੇ ਗੀਤਾਂ ਵਿਚ ਸਮਾਈ ਪਿਆਰ ਦੀ ਉਸ ਕਸਕ ਵੱਲ ਵੀ ਝਾਤੀ ਮਾਰਨੀ ਜ਼ਰੂਰੀ ਹੈ ਜਿਸਨੂੰ ਕੰਗ ਦੀ ਗ਼ਜ਼ਲਗੋਈ ਉਸਦੀ ਗੀਤਕਾਰੀ ਕੋਲੋਂ ਚੋਰੀ ਕਰਕੇ ਲੈ ਗਈ ਸੀ। ਗੀਤ ਸੰਗੀਤ ਦੇ ਪੇਸ਼ਾਵਰ ਪ੍ਰਸ਼ੰਸਕਾਂ ਤੋਂ ਬਚਣ ਲਈ ਮੈਂ ਏਥੇ ਵੀ ਆਪਣੇ ਮੁੱਲਾਂਕਣ ਨੂੰ ਕੰਗ ਦੇ ਗੀਤਾਂ ਵਿਚੋਂ ਪਸੰਦ ਆਈਆਂ ਟੂਕਾਂ ਦੁਆਰਾ ਹੀ ਪੇਸ਼ ਕਰਦਾ ਹਾਂ:

ਚੂੜੀ ਕੱਲੀ ਏ ਕਲਾਈ ਵਿਚ ਛਣਕੇ ਕਿਵੇਂ?
ਵੇ ਮੈਂ ਨਿਕਲਾਂ ਪਟੋਲਾ ਜਿਹਾ ਬਣਕੇ ਕਿਵੇਂ?
ਨਾ ਇਹ ਗੋਰਾ ਨਾ ਗ਼ੁਲਾਬੀ ਨਾ ਕੋਈ ਖਾਸ ਜਿਹਾ ਰੰਗ
ਮੇਰੇ ਮੁਖੜੇ ਦਾ ਸਹੀਓ ਨੀ ਉਦਾਸ ਜਿਹਾ ਰੰਗ
ਜੋੜਾਂ ਟੁੱਟੇ ਹੋਏ ਨਸੀਬਾਂ ਵਾਲੇ ਮਣਕੇ ਕਿਵੇਂ

000

ਕੋਈ ਵਿਲਕਦੀਆਂ ਸ਼ਹਿਨਾਈਆਂ, ਇਹ ਤਨਹਾਈਆਂ ਇਹ ਤਨਹਾਈਆਂ
ਤੇਰੀ ਯਾਦ 'ਚ ਭਿੱਜ ਭਿੱਜ ਆਈਆਂ, ਇਹ ਤਨਹਾਈਆਂ ਇਹ ਤਨਹਾਈਆਂ
ਮੇਰੇ ਨੈਣੀਂ ਸੁਪਨਾ ਫੇਰ ਕੋਈ ਅੱਜ ਮੋਇਆ ਏ
ਹਰ ਧੜਕਣ ਨੂੰ ਗ਼ਲ਼ ਲਾ ਲਾ ਕੇ ਦਿਲ ਰੋਇਆ ਏ
ਅੱਜ ਫੇਰ ਮਕਾਣੇ ਆਈਆਂ, ਇਹ ਤਨਹਾਈਆਂ ਇਹ ਤਨਹਾਈਆਂ।

000

ਛੇਤੀ ਛੇਤੀ ਆ ਜਾ ਚੰਨਾ ਸਾਉਣ ਆ ਗਿਆ
ਅੱਗ ਮੇਰੇ ਸੀਨੇ ਵਿਚ ਲਾਉਣ ਆ ਗਿਆ
ਨਿੱਕੀ ਨਿੱਕੀ ਕਣੀ ਜਦੋਂ ਛੱਤ ਉੱਤੇ ਨੱਚਦੀ
ਛਣਕੇ ਕਲਾਈਆਂ ਵਿਚ ਵੰਗ ਵੰਗ ਕੱਚ ਦੀ
ਵੈਰੀ ਮੇਰੀ ਜਿੰਦ ਨੂੰ ਮੁਕਾਉਣ ਆ ਗਿਆ

ਜੇ ਕੋਈ ਪਾਠਕ ਪਿਆਰ ਦੇ ਗੀਤਾਂ ਦੀ ਉਂਗਲੀ ਨਾ ਫੜਨਾ ਚਾਹੁਣ ਤਾਂ ਕੰਗ ਦੇ ਗੀਤਾਂ ਵਿਚ ਹੋਰ ਵੀ ਬੜੇ ਰੰਗ ਨੇ।

ਦੁਨੀਆਂ ਸਜੀ ਸਜਾਈ ਛੱਡ ਕੇ ਤੁਰ ਜਾਵੇ
ਸੱਜਣ ਭੈਣਾਂ ਭਾਈ ਛੱਡ ਕੇ ਤੁਰ ਜਾਵੇ
ਰੰਗ ਤਮਾਸ਼ੇ ਸਾਰੇ ਐਵੀਂ ਮਿੱਚੀਂ ਦੇ
ਥੋੜ੍ਹੇ ਚਿਰ ਦੀ ਖੇਡ ਖਿਡੌਣੇ ਮਿੱਟੀ ਦੇ
ਦੌਲਤ ਪਾਈ ਪਾਈ ਛੱਡ ਕੇ ਤੁਰ ਜਾਵੇ

000

ਤੈਨੂੰ ਛੱਡ ਕੇ ਜਾਣਾ ਪੈਣਾ ਮੇਲਾ ਦੁਨੀਆਂ ਦਾ
ਤੇਰੇ ਬਾਅਦ ਵੀ ਲੱਗਿਆ ਰਹਿਣਾ ਮੇਲਾ ਦੁਨੀਆਂ ਦਾ
ਸਭ ਯਾਰਾਂ ਰਿਸ਼ਤੇਦਾਰਾਂ ਦਾ ਸੰਗ ਛੁੱਟ ਜਾਣਾ
ਰੂਹ ਉੱਡ ਜਾਣੀ ਤੇਰੇ ਤਨ ਦਾ ਠੀਕਰ ਫੁੱਟ ਜਾਣਾ

ਲੈ ਜਾਂਦਾ ਕਾਲ ਕੁਲਹਿਣਾ, ਮੇਲਾ ਦੁਨੀਆਂ ਦਾ

000

ਖੇਤੀ ਦੇ ਬਿਨ ਜੱਟਾ ਜੱਗ 'ਤੇ ਹੋਰ ਬੜੇ ਧੰਦੇ
ਕੋਲ ਜਿਹਨਾਂ ਦੇ ਨਹੀਂ ਜ਼ਮੀਨਾਂ ਉਹ ਵੀ ਤਾਂ ਨੇ ਬੰਦੇ
ਨਾ ਸਮਝੀਂ ਕਿਸਮਤ ਮਾੜੀ ਕੰਮ ਹੋਰ ਬੜੇ ਨੇ
ਨਾਲ ਹੌਂਸਲੇ ਹੁੰਦੀ ਹੈ ਕੰਗ ਇਹ ਜੀਵਨ ਦੀ ਖੇਤੀ
ਜੁਗਤ ਨਾਲ ਜੀਅ ਪਲ ਪਲ ਬਣ ਕੇ ਇਸਦਾ ਭੇਤੀ
ਕੋਈ ਕਿਰਤ ਨਹੀਂ ਹੈ ਮਾੜੀ ਕੰਮ ਹੋਰ ਬੜੇ ਨੇ

ਪਿੰਡ, ਪਿੰਡ ਦੀ ਕੁੜੀ, ਪਿੰਡ ਦੀ ਖੇਤੀ, ਪਿੰਡ ਦਾ ਚੌਗਿਰਦਾ ਤੇ ਪਿੰਡ ਦੇ ਹਾਣੀ ਉਸਦੀ ਰਗ ਰਗ ਵਿਚ ਸਮਾਏ ਹੋਏ ਹਨ। ਉਸਦਾ ਆਪਾ ਦੇਸ਼ ਤੋਂ ਦੂਰ ਹੈ ਪਰ ਆਤਮਾ ਦੇਸ਼ ਵਿਚ ਹੈ। ਉਸਦੇ ਸ਼ਬਦਾਂ ਦੀਆਂ ਸੁਰਾਂ ਵਿਚ ਇਸ ਦੀ ਚਿੰਤਾ ਹੈ।

ਪੁੱਤਰਾਂ ਪੰਜਾਬੀਆਂ ਨੇ ਵਾਰੀਆਂ ਜਵਾਨੀਆਂ
ਸੀਸ ਕਟਵਾ ਕੇ ਸਾਨੂੰ ਦਿੱਤੀਆਂ ਨਿਸ਼ਾਨੀਆਂ
ਐਵੇਂ ਮਹਿੰਗੇ ਮੁੱਲ ਵਾਲੀ ਚੀਜ਼ ਨਾ ਗਵਾ ਦਿਉ

ਗੁਰੂਆਂ ਪੰਜਾਬ ਦੀਆਂ ਨੀਹਾਂ ਹੱਥੀਂ ਰੱਖੀਆਂ
ਪੁੱਤ ਚਿਣਵਾ ਕੇ ਨੀਂਹਾਂ ਕੀਤੀਆਂ ਨੇ ਪੱਕੀਆਂ
ਕਿਤੇ ਭੁੱਲ ਚੁੱਕ ਵਿਚ ਨੀਂਹਾਂ ਨਾ ਹਿਲਾ ਦਿਉ

ਹਰਜਿੰਦਰ ਕੰਗ ਦੇ ਗੀਤਾਂ ਵਿਚਲੇ ਇਸ ਜ਼ੋਕ ਤੇ ਸ਼ੋਕ ਦਾ ਸਵਾਗਤ ਕਰਨਾ ਬਣਦਾ ਹੈ।

-ਗੁਲਜ਼ਾਰ ਸਿੰਘ ਸੰਧੂ

ਬਾਰਾਂ ਬੂਹੇ (ਕਹਾਣੀ ਸੰਗ੍ਰਹਿ) ਹਰਪ੍ਰੀਤ ਸਿੰਘ ਸੇਖਾ

ਪੰਜਾਬੀ ਕਹਾਣੀ ਦੀ ਸਮਕਾਲੀਨਤਾ ਵਿਚ ਕੈਨੇਡਾ ਵਸਦੇ ਕਹਾਣੀਕਾਰ ਹਰਪ੍ਰੀਤ ਸਿੰਘ ਸੇਖਾ ਦਾ ਸਥਾਨ ਮਹੱਤਵਪੂਰਨ ਹੈ। ਉਸਦੀ ਕਥਾਕਾਰੀ ਦੂਜੇ ਪਰਵਾਸੀ ਲੇਖਕਾਂ ਤੋਂ ਭਿੰਨ ਹੈ ਪਰਵਾਸ ਦੇ ਪਰੰਪਰਕ ਮੁੱਦੇ ਉਸਦੇ ਕਥਾ ਪ੍ਰਸੰਗਾਂ ਵਿਚ ਰੇਖਾਂਕਤ ਹਨ। ਉਹ ਪਰਵਾਸੀ ਪੰਜਾਬੀ ਜੀਵਨ ਦੀਆਂ ਬਰੀਕੀਆਂਦ ਦਾ ਗਿਆਤਾ ਹੈ। ਨਾਲ ਹੀ ਉਹ ਕਹਾਣੀ ਬਣਤਰ ਪੱਖੋਂ ਸੁਚੇਤ ਹੈ। ਸੇਖਾ ਦਾ ਪਹਿਲਾ ਕਹਾਣੀ ਸੰਗ੍ਰਹਿ 'ਬੇ ਜੀ ਮੁਸਕਰਾ ਪਏ' ਤੇ ਵਾਰਤਕ ਪੁਸਤਕ 'ਟੈਕਸੀ ਨਾਮਾ' ਉਸਦੀ ਰਚਨਾਵੀ ਵਿਰਾਸਤ ਹਨ। ਵਿਚਾਰ ਅਧੀਨ ਕਿਤਾਬ 'ਬਾਰਾਂ ਬੂਹੇ'(ਪੰਨੇ 192, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਉਸਦਾ ਦੂਜਾ ਕਹਾਣੀ ਸੰਗ੍ਰਹਿ ਹੈ। ਇਹ ਕਿਤਾਬ ਉਸਦੀ ਪੁਖਤਾ ਕਹਾਣੀ ਕਲਾ ਦਾ ਪ੍ਰਮਾਣ ਹੈ।

'ਬਾਰਾਂ ਬੂਹੇ' ਕਿਤਾਬ ਦਾ ਸਿਰਲੇਖ ਹੀ ਪ੍ਰਤੀਕਮਈ ਹੈ। ਇਹ ਬੂਹੇ ਪਰਵਾਸੀ ਪੰਜਾਬੀ ਜੀਵਨ ਦੀ ਪੇਚੀਦਗੀ ਨੂੰ ਖੋਲ੍ਹਦੇ ਹਨ। ਪਰਵਾਸ ਹੰਢਾਉਂਦਾ ਮਨੁੱਖ ਪਛਾਣ ਦੇ ਕਈ ਸੰਕਟਾਂ ਦ ਸਨਮੁਖ ਹੁੰਦਾ ਹੈ। ਉਹ ਮੂਲਵਾਸ ਤੇ ਪਰਵਾਸ ਦੇ ਵਿਚਕਾਰ ਝੂਲਦਾ। ਇਸ ਦੌਰਾਨ ਉਹ ਅੰਤਰ-ਵਿਰੋਧੀ, ਤਣਾਅ-ਭਰੀ ਤੇ ਦਵੰਦਮਈ ਜੀਵਨ-ਸ਼ੈਲੀ ਹੰਢਉਂਦਾ ਹੈ। ਉਸਦਾ ਮਨੋਵਿਗਿਆਨ ਵੀ ਅਸਲੋਂ ਵੱਖਰਾ ਹੋ ਜਾਂਦਾ ਹੈ। ਇਸ ਜੀਵਨ-ਵਿਹਾਰ ਤੇ ਮਨੋਵਿਗਿਆਨ ਨੂੰ ਬਿਰਤਾਂਤ ਦੀ ਹੋਂਦ-ਵਿਧੀ ਦੇ ਅੰਗ ਸੰਗ ਰੱਖ ਕੇ ਪੇਸ਼ ਕਰਨਾ ਗਹਿਰੇ ਅਨੁਭਵ ਤੇ ਤੀਖਣ ਦ੍ਰਿਸ਼ਟੀ ਦੀ ਮੰਗ ਕਰਦਾ ਹੈ। ਹਰਪ੍ਰੀਤ ਸਿੰਘ ਸੇਖਾ ਦੀ ਕਹਾਣੀ ਕਲਾ ਕੋਲ਼ ਉਹ ਸਭ ਕੁਝ ਹੈ

ਜਿਹੜਾ ਪਰਵਾਸ ਦੀ ਧੜਕਦੀ, ਡੋਲਦੀ, ਝੂਲਦੀ ਤੇ ਨਿੱਤ ਨਵੇਂ ਸੰਕਟਾਂ 'ਚੋਂ ਗੁਜ਼ਰਦੀ ਜ਼ਿੰਦਗੀ ਦੀ ਪੇਸ਼ਕਾਰੀ ਲਈ ਲੋੜੀਂਦਾ ਹੈ। ਹੱਥਲੀ ਕਿਤਾਬ ਇਸਦਾ ਪ੍ਰਮਾਣ ਹੈ।

ਇਸ ਪੋਥੀ ਦੀਆਂ ਬਾਰਾਂ ਕਹਾਣੀਆਂ ਦਾ ਧੁਰਾ ਪਰਵਾਸ ਦਾ ਪੰਜਾਬੀ ਦੰਪਤੀ ਜੀਵਨ ਹੈ। ਇਸ ਦੰਪਤੀ ਜੀਵਨ ਦੇ ਅਨੇਕਾਂ ਪਾਸਾਰ ਹਨ। ਇਹਨਾਂ ਪਾਸਾਰਾਂ ਦੀ ਸਹਿਜ ਪੇਸ਼ਕਾਰੀ ਉਸਦੀਆਂ ਕਥਾਵਾਂ ਦਾ ਕੇਂਦਰੀ ਪਹਿਲੂ ਹੈ। ਉਹ ਪਰਵਾਸੀ ਜੀਵਨ-ਯਥਾਰਥ ਵਿਚ ਪੂੰਜੀਵਾਦੀ ਤੇ ਜਗੀਰੂ ਮਾਨਸਿਕਤਾ ਦੇ ਦਵੰਦ, ਪੀੜ੍ਹੀ ਪਾੜੇ, ਸਭਿਆਚਾਰ ਟਕਰਾਅ, ਔਰਤ ਮਰਦ ਭੇਦ-ਭਾਵ, ਮਾਨਵ ਦੀ ਸਾਬਤ-ਸਲੂਮੀ ਪਛਾਣ ਤੇ ਹੋਰ ਸਹਿ ਮਸਲਿਆਂ ਨੂੰ ਪਾਤਰਾਂ ਦੀ ਮਾਨਸਿਕ ਉਥਲ-ਪੁਥਲ ਤੇ ਅਸਹਿਜ ਜੀਵਨ-ਵਿਹਾਰ ਦੁਆਰਾ ਪੇਸ਼ ਕਰਦਾ ਹੈ।

ਪੁਸਤਕ ਦੀ ਕਹਾਣੀ 'ਛੱਪੜ ਦਾ ਕਥਾ ਨਾਇਕ ਮੂਲਵਾਸੀ ਸਭਿਆਚਾਰ ਵਿਚਲੀ ਜਗੀਰੂ ਹੈਜਮਨੀ ਵਾਲੀ ਮਾਨਸਿਕਤਾ ਦਾ ਸੁਆਮੀ ਹੈ। ਕੈਨੇਡਾ ਪੁੱਜ ਕੇ ਉਸਦੇ ਜ਼ਿਹਨ ਵਿਚ ਵਸੀ ਪਿੰਡ ਵਾਲੀ ਜਾਤੀਗਤ ਸਰਦਾਰੀ ਤੇ ਚੌਧਰ ਤਿੜਕ ਜਾਂਦੀ ਹੈ ਜਦੋਂ ਉਹ ਜਮਾਤਾਂ ਦੀ ਸਿੱਧੀ ਵੰਡ ਤੋਂ ਰਹਿਤ ਪੂੰਜੀਵਾਦੀ ਸੁਸਾਇਟੀ ਦਾ ਜੀਨ-ਵਿਹਾਰ ਵੇਖਦਾ ਹੈ। ਕਹਾਣੀ ਦੀ ਤਕਨੀਕ ਵੀ ਵੱਖਰੀ ਹੈ। ਕਹਾਣੀ ਦਾ 'ਮੈਂ' ਮੂਲਕ ਬਿਰਤਾਂਤਕਾਰ 'ਤੂੰ' ਮੂਲਕ ਉਚਾਰ ਤੋਂ ਹੀ ਸੰਬੋਧਤ ਹੈ। ਇਹ ਉਸਦੀ ਮੈਂ ਮੂਲਕ ਪਛਾਣ(ਪਿੰਡ ਦੀ ਸਰਦਾਰੀ, ਧੱਕੇਸ਼ਾਹੀ, ਜਗੀਰੂ ਚੇਤਨਾ) ਦਾ ਕਥਾ-ਤਕਨੀਕ ਦੁਆਰਾ ਕੀਤਾ ਭੰਜਨ ਹ ਜੋ ਕਿ ਰੋਚਕ ਵੀ ਹੈ ਤੇ ਅਸਚਰਜ ਭਰਿਆ ਵੀ। ਇਸ ਕਹਾਣੀ ਵਿਚ 'ਛੱਪੜ ਦਾ ਰੂਪਕ ਗਲ਼ੇ ਸੜੇ ਜਗੀਰੂ ਪ੍ਰਬੰਧ ਦਾ ਸੂਚਕ ਹੈ ਜਦਕਿ ਇਸਦਾ ਪ੍ਰਤੀਉੱਤਰ 'ਸਵਿਮਿੰਗ ਪੂਲ' ਦੇ ਰੂਪ ਵਿਚ ਉਭਾਰਿਆ ਗਿਆ ਹੈ। ਕਥਾ ਨਾਇਕ ਦਾ ਪੁੱਤਰ ਪਰਵਾਸ ਦੀ ਤੀਜੀ ਪੰਜਾਬੀ ਪੀੜ੍ਹੀ ਦੇ ਉਚਾਰ ਨੂੰ ਕਥਾ ਦੇ ਅੰਤ ਵਿਚ ਇਕ ਵਾਰਤਾਲਾਪ ਦੇ ਸੰਦਰਭ ਵਿਚ ਪੇਸ਼ ਕਰਦਾ ਹੈ, "ਡੈਡ ਥੋਨੂੰ ਅੱਗੇ ਵਾਲ ਦੇਖ ਕੇ ਚੱਲਣਾ ਚਾਹੀਦਾ"।

ਪਰਵਾਸ ਦੇ ਪੰਜਾਬੀ ਦੰਪਤੀ ਜੀਵਨ ਦੀ ਪੇਸ਼ਕਾਰੀ ਕਰਦਿਆਂ ਹਰਪ੍ਰੀਤ ਸੇਖਾ ਨੇ 'ਪਰਛਾਵੇਂ' ਕਹਾਣੀ ਵਿਚ ਉੱਤਮਪੁਰਖੀ ਬਿਤਾਂਤਕਾਰ, ਅਗਨੀ ਪਰੀਖਿਆ' ਕਹਾਣੀ ਵਿਚ ਅਲੋਕ, 'ਸ਼ਨੁੱਕ' ਕਹਾਣੀ ਵਿਚ ਗੁਰਚਰਨ ਤੇ ਵਿਆਹ ਕਹਾਣੀ ਵਿਚ ਜੱਗਾ ਨਾਮ ਦੇ ਅਜਿਹੇ ਪਤੀ ਪਾਤਰ ਸਿਰਜੇ ਹਨ ਜਿਹਨਾਂ ਦੇ ਚੇਤਨ ਅਚਵੇਤਨ ਮਨ ਵਿਚ ਪੰਜਾਬ ਦੀ ਜਗੀਰੂ ਹੈਂਜਮਨੀ ਦਾ ਵਾਸਾ ਹੈ। 'ਪਰਛਾਵੇਂ' ਕਹਾਣੀ ਦੇ ਬਿਰਤਾਂਤਕ ਵੇਰਵਿਆਂ ਵਿਚ ਤੇ 'ਅਗਨੀ ਪਰੀਖਆ' ਕਹਾਣੀ ਵਿਚ ਪਤੀ ਪਾਤਰ ਆਪਣੀਆਂ ਪਤਾਨੀਆਂ 'ਤੇ ਗ਼ੈਰ ਮਰਦਾਂ ਨਾਲ ਸੰਬੰਧਾਂ ਦੀ ਸ਼ੱਕ ਕਰਦੇ ਹਨ ਪਰ ਖੁਦ ਕਾਮੁਕ ਵਿਕਰਤੀਆਂ ਦੇ ਸ਼ਿਕਾਰ ਹਨ। ਪਰਵਾਸ ਦੇ ਪਰਿਵੇਸ਼ ਵਿਚ ਅਜਿਹੇ ਪਤੀ-ਪਿਤਨੀ ਸੰਬੰਧ ਕਿਸ ਕਿਸਮ ਦੇ ਤਣਾਉ ਹੰਢਾਉਂਦੇ ਤੇ ਵਿਸਫੋਟ ਦਾ ਰੂਪ ਧਾਰਦੇ ਹਨ, ਇਸਦਾ ਸੂਤਰਕ ਕਥਾ ਸ਼ੈਲੀ ਵਿਚ ਪ੍ਰਗਟਾਵਾ ਹੋਇਆ ਹੈ। ਇਹਨਾਂ ਕਹਾਣੀਆਂ ਦਾ ਘਟਨਾ-ਸਥਲ ਕੇਂਦਰੀ ਪਾਤਰਾਂ (ਪਤੀ) ਦੀ ਮਨੋ-ਭੂਮੀ ਹੈ ਜਿੱਥੇ ਹਰ ਪਾਤਰ ਆਪਣੀ ਆਪਣੀ ਰੰਗਮੰਚੀ ਭੂਮਿਕਾ ਨਿਭਾਂਦਾ ਜਾਂਦਾ ਹੈ। ਮੂਲਵਾਸ ਦੀ ਸਾਮੰਤੀ ਰਹਿਤਲ ਨਾਲ ਪੰਜਾਬੀ ਮਰਦ ਦਾ ਨਾੜੂਆਪੰਜਾਬੀ ਔਰਤ ਦੇ ਟਾਕਰੇ ਵੱਧ ਬੱਝਾ ਹੋਇਆ ਹੈ ਅਤੇ ਏਥੇ ਹੀ ਜਗੀਰੂ ਸਰਦਾਰੀ ਵਾਲਾ ਬਿੰਬ ਪਰਵਾਸ ਵਿਚ ਰੋਜ਼ਾਨਾ ਟੁੱਟਦਾ ਹੈ। ਹਰਪ੍ਰੀਤ ਸੇਖਾ ਆਪਣੇ ਕਥਾ-ਵਸਤੂ ਵਿਚ ਜਿੱਥੇ ਔਰਤ ਪਾਤਰ ਨੂੰ ਆਦਰਸ਼ਕ, ਮਾਨਵਵਾਦੀ ਤੇ ਸਮਰਪਿਤ ਭਾਵ-ਬੋਧ ਵਜੋਂ ਚਿਤਰਦਾ ਹੈ ਉੱਥੇ ਹੀ ਮਰਦ ਮਾਨਸਿਕਤਾ ਦੇ ਅਨੇਕਾਂ ਕੋਣਾਂ ਤੋਂ ਦਰਸ਼ ਦੀਦਾਰ ਕਰਾਉਂਦਾ ਹੈ।

'ਤੂੰ ਹੀ ਬੋਲ' ਕਹਾਣੀ ਵਿਚ ਤਰਸੇਮ ਨਾਂ ਦਾ ਪਾਤਰ ਪੰਜਾਬ ਦੀ ਪਿਤਾ-ਪ੍ਰਬੰਧ ਸੰਸਥਾ ਦਾ ਪ੍ਰਤੀਨਿਧ ਪਾਤਰ ਹੈ। ਮਾਨਸਿਕ ਉਥਲ ਪੁਥਲ 'ਚੋਂ ਗੁਜ਼ਰਦਿਆਂ ਉਹ ਆਪਣੀ ਧੀ ਦੇ ਮਨ ਮਰਜ਼ੀ ਵਾਲੇ ਵਿਆਹ ਜਾਂ ਆਪਣੀ ਕਮਿਊਨਿਟੀ ਦੇ ਪਰੰਪਰਕ ਰੀਤਾਂ-ਰਸਮਾਂ ਵਾਲੇ

ਵਿਆਹ ਵਿਚੋਂ ਕਿਸੇ ਇਕ ਦੀ ਚੋਣ ਨਹੀਂ ਕਰ ਪਾਉਂਦਾ। ਪਰਵਾਸ ਦੀ ਅਗਲੀ ਪੀੜ੍ਹੀ ਨੂੰ ਕਹਾਣੀਕਾਰ ਸੇਖਾ ਨੇ ਜਾਤਾਂ, ਜਮਾਤਾਂ, ਨਸਲਾਂ ਦੇ ਵਖਰੇਵਿਆਂ ਤੋਂ ਮੁਕਤ ਸਿੱਧ ਕੀਤਾ ਹੈ। ਪਰਵਾਸ ਦੀ ਇਹ ਤੀਜੀ ਪੀੜ੍ਹੀ ਉਸਦੀ ਹਰ ਕਹਾਣੀ ਵਿਚ ਹਾਜ਼ਰ ਹੈ ਜਿਸਦਾ ਮੌਲਿਕ ਉਚਾਰ ਇਹ ਹੈ ਕਿ ਉਹ ਪਰਵਾਸ ਦੇ ਪੀੜ੍ਹੀ-ਪਾੜੇ. ਸਭਿਆਚਾਰ ਪਛਾਣ, ਟੁੱਟਦੇ ਰਿਸ਼ਤਿਆਂ ਆਦਿ ਜਿਹੇ ਸੰਕਟਾਂ ਦੀ ਮੋਟੀ ਠੁਲ੍ਹੀ ਵੰਡ ਤੋਂ ਬਾਹਰ ਹੈ। ਰੂਬੀ(ਵਿਆਹ), ਰਵੀ, ਨਵੀ (ਮਹਿਕ ਫੁੱਲਾਂ ਦੀ) ਤੇ ਦੂਜੀਆਂ ਕਹਾਣੀਆਂ ਦੇ ਬੱਚੇ ਪਾਤਰ ਪਰਵਾਸ ਦੇ ਪੰਜਾਬੀ ਸੁਭਾਅ ਵਾਲੀ ਮਾਨਸਿਕ ਦੁਵੈਦਤਾ ਤੋਂ ਮੁਕਤ ਹਨ। ਵੱਖਰੇ ਮਾਹੌਲ ਵਿਚ ਪਲੇ ਤੇ ਵ ਡੇ ਹੋਏ ਹੋਣ ਕਰਕੇ ਉਹ 'ਪਛਾਣ; ਦੇ ਪੂਰਵਲੇ ਸੰਕਟਾਂ ਤੋਂ ਮੁਕਤ ਹਨ।

'ਮੈਂ ਕੋਈ ਧਰਤੀ ਹੇਠਲਾ ਧਊਲ ਨਹੀਂ' ਕਹਾਣੀ ਵਿਚ ਪੁੱਤਰ ਦੀ ਮੌਤ ਦਾ ਦੁਖ ਸੀਨੇ ਵਿਚ ਦਫਨ ਕਰੀ ਬੈਠੇ ਪਿਤਾ ਪਾਤਰ ਦੀ ਡੋਲਦੀ ਝੂਲਦੀ ਮਨੋ ਦਸ਼ਾ ਨੂੰ ਸਾਕਾਰ ਕੀਤਾ ਗਿਆ ਹੈ। 'ਮਹਿਕ ਫੁੱਲਾਂ ਦੀ' ਕਹਾਣੀ ਵਿਚ ਪਤਨੀ ਦੀ ਮੌਤ ਪਿੱਛੋਂ ਪਤੀ (ਸੁਖਚੈਨ) ਦਾ ਮਾਨਸਿਕ ਸੰਤਾਪ, ਵਿਗੋਚਾ ਤੇ ਹੋਰਵਾ ਰੂਪਮਾਨ ਹੋਇਆ ਹੈ। ਦੋਹਾਂ ਕਹਾਣੀਆਂ ਦਾ ਅੰਤ ਸੁਖਾਂਤਕ, ਸੋਧਪੂਰਨ ਤੇ ਪ੍ਰਤੀਕਮਈ ਹੈ। ਇਹ ਬਿਰਤਾਂਤ ਪੰਜਾਬੀ ਮਾਨਸਿਕਤਾ ਵਿਚ ਪਿਤਾ-ਪੁੱਤਰ ਤੇ ਪਤੀ-ਪਤਨੀ ਦੀ ਰਿਸ਼ਤਾਗਤ ਸਾਂਝ ਤੇ ਇਹਨਾਂ ਰਿਸ਼ਤਿਆਂ ਦੀ ਸਦੀਵੀ ਟੁੱਟ-ਭੱਜ ਤੋਂ ਉਪਜਦੇ ਮਾਨਸਿਕ ਅਲਗਾਵ ਦੀ ਪੇਸ਼ਕਾਰੀ ਕਰਦੇ ਹਨ। ਪਹਿਲੀ ਕਹਾਣੀ ਦੇ ਅੰਤ ਵਿਚ ਪਿਤਾ ਨੂੰ ਪੁੱਤਰ ਦੀ ਮੌਤ ਦਾ ਗ਼ਮ ਉਦੋਂ ਭੁੱਲਦਾ ਹੈ ਜਦੋਂ ਉਸਦਾ ਪੋਤਰ ਉਸਦੀ ਉਂਗਲ ਫੜਦਾ ਹੈ। ਦੂਜੀ ਕਹਾਣੀ ਵਿਚ ਸੁਖਚੈਨ ਆਪਣੇ ਗੋਰੇ ਗੁਆਂਢੀ ਤੋਂ ਦੁੱਖ ਵਿਚ ਸੁਖ-ਸਕੂਨ ਮਾਨਣ ਤੇ ਉਸਾਰੂ ਸੋਚ ਨਾਲ ਜ਼ਿੰਦਗੀ ਜਿਉਣ ਦਾ ਵੱਲ ਸਿਖਦਾ ਹੈ।

ਹਰਪ੍ਰੀਤ ਸੇਖਾ ਦੀਆਂ ਕਹਾਣੀਆਂ ਦੇ ਹੋਰ ਵੀ ਅਨੇਕਾਂ ਪਾਸਾਰ ਹਨ। ਪਰਵਾਸ ਦੇ ਮੋਟੇ-ਠੁਲ੍ਹੇ ਅਨੁਭਵ ਦੀ ਪੇਸ਼ਕਾਰੀ ਤੋਂ ਉਸਦੀਆਂ ਕਹਾਣੀਆਂ ਨੇ ਇਕ ਵਿੱਥ ਰੱਖੀ ਹੈ। ਉਹ ਪਰਵਾਸੀ ਪੰਜਾਬੀ 'ਜੀਵਨ' ਦੀਆਂ ਵਿਸੰਗਤੀਆਂ ਨੂੰ ਬੜੀ ਸੂਖਮਤਾ ਨਾਲ ਫੜਦਾ ਹੈ। ਉਸ ਕੋਲ ਭਾਸ਼ਾ ਵਰਤਣ ਦਾ ਹੁਨਰ ਹੈ। ਉਸਦੇ ਪਾਤਰ ਸੱਚਮੁਚ ਆਪੋ ਆਪਣੇ ਮਾਨਸਿਕ ਚੇਤਨ=ਅਵਚੇਤਨ ਵਿਚੋਂ ਬੋਲਦੇ ਹਨ। ਉਸਦੀਆਂ ਕਹਾਣੀਆਂ ਦਾ ਬਿਰਤਾਂਤ ਸਿੱਧ ਪੱਧਰਾ ਚੱਲਦਾ ਹੈ ਪਰ ਇਹਨਾਂ ਵਿਚਲੇ ਘਟਨਾਵੀ ਵੇਰਵਿਆਂ ਦੇ ਸਮਾਨਾਂਤਰ ਉਹ ਕੁਝ ਗਲਪੀ ਚਿੰਨ੍ਹ ਵੀ ਘੜਦਾ ਹੈ। ਇਹ ਚਿੰਨ੍ਹ ਕਥਾ ਦੇ ਮੁਖ ਧਾਰਾ ਬਿਰਤਾਂਤ ਨੂੰ ਗਤੀ ਤੇ ਅਰਥ ਦਿੰਦੇ ਹਨ। ਉਸਦੇ ਕਥਾ-ਅੰਤ ਖੁਲ੍ਹੇ ਜਾਂ ਅਨਿਸਚਤ ਹੋਣ ਦੀ ਥਾਂ ਬੰਦ ਤੇ ਨਿਸ਼ਚਤ ਦਿਸ਼ਾ-ਚੇਤਨਾ ਵਾਲੇ ਹਨ। ਗੋਲਾਈਦਾਰ ਕਥਾ-ਪ੍ਰਵਚਨ ਘੜ ਕੇ ਵੀ ਉਹ ਡੂੰਘੇ ਪ੍ਰਸਨ ਉਠਾ ਜਾਂਦਾ ਹੈ। ਲੇਖਕ ਦੇ ਕਥਾ ਤਰਕ ਨੋਸਹ ਨ ਤੇ ਪਾਠਕਾਂ ਨੂੰ ਕੇਂਦਰੀ ਪਾਤਰ ਦੀ ਮਾਨਸਿਕ ਸੁਥਲ ਪੁਥਲ ਵਿਚੋਂ ਹੀ ਪਰਵਾਸੀ ਜੀਵਨ ਦੀਆਂ ਬੇਤਰਤੀਬੀਆਂ ਦੇ ਝਲਕਾਰੇ ਪੈ ਜਾਂਦੇ ਹਨ।

-ਜੇ.ਬੀ. ਸੇਖੋਂ

ਮਾਇਆ (ਨਾਵਲ) ਸੁਰਿੰਦਰ ਨੀਰ

ਸੁਰਿੰਦਰ ਨੀਰ ਪੰਜਾਬੀ ਗਲਪ ਦੇ ਖੇਤਰ ਵਿਚ ਜਾਣਿਆ-ਪਛਾਣਿਆ ਨਾਂ ਹੈ। 2002 ਵਿਚ ਉਸਨੇ 'ਦਸਤਕ ਦੀ ਉਡੀਕ' ਕਹਾਣੀ ਸੰਗ੍ਰਹਿ ਨਾਲ ਪੰਜਾਬੀ ਗਲਪ ਖੇਤਰ ਵਿਚ ਪ੍ਰਵੇਸ਼ ਕੀਤਾ ਅਤੇ 2009 ਵਿਚ 'ਖੁੱਲ੍ਹ ਜਾ ਸਿਮ ਸਿਮ' ਕਹਾਣੀ ਸੰਗ੍ਰਹਿ ਪਾਠਕਾਂ ਦੀ ਝੋਲੀ ਪਾਇਆ। 2010 ਵਿਚ ਛਪੇ ਉਸਦੇ ਨਾਵਲ 'ਸ਼ਿਕਾਰਗਾਹ' ਨੇ ਵੀ ਪਾਠਕਾਂ ਤੇ ਆਲੋਚਕਾਂ ਦਾ

ਧਿਆਨ ਆਪਣੇ ਵੱਲ ਖਿੱਚਿਆ। ਵਿਚਾਰ ਅਧੀਨ ਉਸ ਦਾ ਸੱਜਰਾ ਨਾਵਲ 'ਮਾਇਆ' (ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, ਪੰਨੇ 704, ਮੁੱਲ 650 ਰੁਪਏ) ਇਕ ਵੱਡੇ ਆਕਾਰ ਵਾਲਾ ਨਾਵਲ ਹੈ, ਜਿਸ ਵਿਚ ਉਸਨੇ ਕਲਾ ਨੂੰ ਪਰਨਾਈ ਇਕ ਔਰਤ ਨੂੰ ਕੇਂਦਰ ਵਿਚ ਰੱਖਕੇ ਮਨੁੱਖੀ ਮਨ ਦੀਆਂ ਭਾਵਨਾਵਾਂ ਦਾ ਬਹੁਪੱਖੀ ਤੇ ਬਹੁਦਿਸ਼ਾਵੀ ਬਿਰਤਾਂਤ ਪੇਸ਼ ਕੀਤਾ ਹੈ। ਨਾਵਲ ਦੀ ਮੁੱਖ ਪਾਤਰ ਮਾਇਆ ਅਨੁਸਾਰ 'ਔਰਤ ਜਿੱਥੇ ਇਕ ਸ਼ਕਤੀ ਤੇ ਸ਼ਹਿਨਸ਼ੀਲਤਾ ਹੈ, ਉੱਥੇ ਮਮਤਾ, ਨਿੱਘ ਤੇ ਸ਼ੀਤਲਤਾ ਵੀ ਹੈ... ਕਲਾ ਕਲਿਆਣ ਦੀ ਜਣਨੀ ਹੈ'।

ਕਸ਼ਮੀਰ ਵਾਦੀ ਦੀਆਂ ਠੰਢੀਆਂ ਫ਼ਿਜ਼ਾਵਾਂ ਵਿਚ ਪਲੀ, ਫੁੱਲਾਂ ਦੀ ਸੁਗੰਧੀ ਨਾਲ ਮਹਿਕ ਭਰਪੂਰ ਬਿੱਲੀ ਉਰਫ਼ ਮਾਇਆ ਨੂੰ ਆਪਣੀ ਨਾਨੀ ਤੋਂ ਗੁੜ੍ਹਤੀ 'ਚ ਹੀ ਇਹ ਅਸੀਸ ਮਿਲੀ ਹੈ ਕਿ ਉਹ ਰੰਗਾਂ ਨਾਲ ਖੇਡੇ, ਰੰਗਾਂ ਨਾਲ ਹੱਸੇ, ਰੰਗ ਹੀ ਹੰਢਾਵੇ। ਉਹ ਨਹੀਂ ਚਾਹੁੰਦੀ ਕਿ ਫ਼ੌਜੀ ਬਾਪ ਅਤੇ ਹੋਣ ਵਾਲੇ ਸਹੁਰਿਆਂ ਹੱਥੋਂ ਉਸਦਾ ਕਲਾ ਸੰਸਾਰ ਉਜਾੜਿਅ ਜਾਵੇ। ਇਸ ਲਈ ਸਭ ਸਹਾਰਿਆਂ ਤੋਂ ਮੁਕਤ ਹੋ ਕੇ, ਗਗਨ ਨਾਲ ਆਪਣੇ ਚਾਰ ਸਾਲਾਂ ਦੇ ਪਿਆਰ ਨੂੰ ਪਾਸੇ ਕਰਕੇ ਉਹ ਆਤਮ ਸੰਤੁਸ਼ਟੀ ਲਈ ਅਣਜਾਣੇ ਰਾਹਾਂ ਦੇ ਸਫ਼ਰ 'ਤੇ ਨਿਕਲ ਤੁਰਦੀ ਹੈ, ਜਿਸ ਵਿਚ ਪਹਿਲੇ ਪੜਾਅ 'ਤੇ ਹੀ ਦਿੱਲੀ ਵਿਚ ਰਘੁਦੇਵ ਮਹਾਜਨ ਹੱਥੋਂ ਬੇਪੱਤ ਹੋ ਕੇ, ਆਪਣੇ ਆਪ ਲਈ ਰਾਹ ਤਲਾਸ਼ਦੀ ਉਹ ਇਕ ਤੋਂ ਪਿੱਛੋਂ ਇਕ ਸਮੀਰ,ਮੈਨਿਨ,ਰਤਨ ਕੇਮੂੰ,ਸਿਧਾਰਥ ਆਦਿ ਕਈ ਮਰਦਾਂ ਦੇ ਸੰਪਰਕ ਵਿਚ ਆਉਂਦੀ ਹੈ। ਬਿੱਲੀ ਦੀ ਇਕ ਸਾਥਣ ਸੋਨੀਆਂ ਦੀ ਉਸਨੂੰ ਸਿਖਿਆ ਹੈ ਕਿ ਉਹ 'ਆਪਣੇ ਲਈ ਆਪਣਾ ਰਾਹ ਆਪ ਤਲਾਸ਼ ਕਰੇ', ਜਦਕਿ ਮਰਦ ਸਾਰੇ ਹੀ ਖੁਦਗਰਜ਼ ਹੁੰਦੇ ਹਨ ਜੋ ਔਰਤ ਨੂੰ ਪੁਚਕਾਰ ਦੇ, ਦੁਲਾਰ ਕੇ ਜਾਂ ਫਿਰ ਡਰਾ ਕੇ ਉਸ ਨੂੰ ਕਾਬੂ ਕਰਨਾ, ਉਸ ਉੱਤੇ ਕਬਜ਼ਾ ਜਮਾਉਣਾ ਚਾਹੁੰਦੇ ਹਨ'।

ਮਾਇਆ ਹਰ ਤਰ੍ਹਾਂ ਦੇ ਡਰ ਉੱਤੇ ਅਬੂਰ ਪਾਉਣਾ ਸਿੱਖਦੀ ਹੈ, ਚਾਹੇ ਉਹ ਡਰ ਮਮਤਾ ਦਾ ਹੈ, ਚਾਹੇ ਬਲਾਤਕਾਰ ਦਾ, ਚਾਹੇ ਮੁਹੱਬਤ ਦਾ। ਉਹ ਡਰ ਤੋਂ ਮੁਕਤ ਹੋ ਕੇ ਬੇਖੌਫ਼ ਤੁਰਦੀ ਹੋਈ ਕਲਾ ਨੂੰ ਸਮਰਪਤ ਆਪਣੇ ਪ੍ਰੋਜੈਕਟਾਂ ਵਿਚ ਪੂਰੀ ਤਰ੍ਹਾਂ ਖੁੱਭਦੀ ਹੈ। ਪ੍ਰੋਫੈਸਰ ਬ੍ਰਹਮਜਗਦੀਸ਼ ਦੀ ਆਰਟ ਦੇ ਖੇਤਰ ਵਿਚ ਅਗਵਾਈ ਉਸਨੂੰ ਨਵੇਂ ਦਿਸਹੱਦਿਆਂ ਵੱਲ ਤੁਰਨ ਲਈ ਪ੍ਰੇਰਦੀ ਹੈ। ਉਸ ਦੀ ਕਲਾ ਲੋਕਾਈ ਦੇ ਦਰਦ ਨਾਲ ਲਬਰੇਜ਼ ਹੈ, ਜਦਕਿ ਪੱਤਰਕਾਰ ਮੈਨਿਨ ਬਿਜ਼ਨਸ ਦੇ ਨਜ਼ਰੀਏ ਤੋਂ ਉਸ ਨੂੰ ਪ੍ਰਮੋਟ ਕਰਨਾ ਚਾਹੁੰਦਾ ਹੈ। ਏਸੇ ਦ੍ਰਿਸ਼ਟੀ ਤੋਂ ਉਹ ਮਾਇਆ ਦੀ ਕਲਾ ਕ੍ਰਿਤ 'ਮੌਤ ਤੇ ਜ਼ਿੰਦਗੀ' ਨੂੰ ਨਕਾਰਦਾ ਹੈ, ਜਿਸ ਵਿਚ ਗਰੀਬਾਂ ਦੇ ਦੁੱਖ ਦਰਦ ਨੂੰ ਚਿਤਰਿਆ ਗਿਆ ਹੈ। ਪੈਸੇ ਦੀ ਖਾਤਰ ਮਾਇਆ ਆਪਣੇ ਆਰਟ ਨੂੰ ਅਯਾਸ਼ੀ ਦਾ ਹਿੱਸਾ ਨਹੀਂ ਬਣਾਉਂਦੀ। ਉਹ ਜੰਮੂ ਕਸ਼ਮੀਰ ਦੀਆਂ ਲੋਕ ਕਥਾਵਾਂ ਨੂੰ ਚਿੱਤਰਾਂ 'ਚ ਪੇਸ਼ ਕਰਦੀ ਹੈ। ਜਦੋਂ ਨੈਸ਼ਨਲ ਆਰਟ ਅਕਾਦਮੀ ਵੱਲੋਂ ਉਸਦੇ ਬਣਾਏ ਚਿੱਤਰ ਖਰੀਦੇ ਜਾਂਦੇ ਹਨ ਤਾਂ ਮੈਨਿਨ ਨੂੰ ਧੱਕਾ ਲੱਗਦਾ ਹੈ। ਮਾਇਆ ਦੇ ਮੈਨਿਨ ਨਾਲ ਪ੍ਰੋਫੈਸ਼ਨਲ ਤੋਂ ਅਗਾਂਹ ਹੋਰ ਵੀ ਰਿਸ਼ਤੇ ਹਨ, ਸਰੀਰ ਦੇ ਰਿਸ਼ਤੇ। ਇਹਨਾਂ ਹਾਲਤਾਂ ਵਿਚ ਮੈਨਿਨ ਵੱਲੋਂ ਖੜ੍ਹੇ ਕੀਤੇ ਗਏ ਡਰ ਦਾ ਮਾਇਆ ਸਹਿਜਤਾ ਨਾਲ ਸਾਹਮਣਾ ਕਰਦੀ ਹੋਈ ਕਹਿੰਦੀ ਹੈ: "ਇਹ ਦੱਸੋ ਤੁਸੀਂ ਮੈਨੂੰ ਕੀ ਸਮਝਦੇ ਹੋ ?...ਖਰੀਦੀ ਹੋਈ...ਗੁਲਾਮ ਜਾਂ ਸਹਾਰੇ ਦੀ ਮੁਹਤਾਜ...ਸਾਡੇ ਦਰਮਿਆਨ ਪ੍ਰੋਫੈਸ਼ਨਲ ਰਿਸ਼ਤਾ ਹੈ... ਜੋ ਮੈਂ ਪੇਂਟ ਕਰਦੀ ਹਾਂ ਤੁਸੀਂ ਵੇਚਦੇ ਹੋ...ਇਹ ਕੰਮ ਜਦ ਤੁਸੀਂ ਕਰਦੇ ਹੋ ਤਾਂ ਬਿਜ਼ਨਸ ਅਖਵਾਉਂਦਾ ਹੈ ਪਰ ਜੇ ਮੈਂ ਕਰਾਂ ਤਾਂ ਚਲਾਕੀ...ਸਾਡੇ ਦਰਮਿਆਨ ਜੋ ਰਿਸ਼ਤਾ ਬਣਿਆ ਹੈ ਉਹ ਕੁਦਰਤੀ ਅਮਲ ਹੈ...ਇਸ ਤਨਾਓ ਭਰੀ ਜ਼ਿੰਦਗੀ ਵਿਚ ਜੇ ਦੋ ਜਵਾਨ ਲੋਕ ਇਕੱਠੇ ਰਹਿਣਗੇ ਤਾਂ ਇਸ ਤਰ੍ਹਾਂ ਦੇ ਰਿਸ਼ਤੇ ਦੀ ਸੰਭਾਵਨਾ ਬਣ ਜਾਂਦੀ ਹੈ ਜਿਵੇਂ ਭੁੱਖ ਲੱਗਣ 'ਤੇ ਰੋਟੀ ਖਾਣ ਦੀ ਜਾਂ ਪਿਆਸ ਲੱਗਣ 'ਤੇ ਪਾਣੀ ਪੀਣ ਦੀ....."।

ਮੈਨਿਨ ਨਾਲ ਭਾਵੇਂ ਉਹ ਦਿੱਲੀ ਤੋਂ ਅਮਰੀਕਾ ਦੇ ਸਫ਼ਰ 'ਤੇ ਨਿਕਲਦੀ ਹੈ ਪਰ ਉੱਥੇ ਜਾ ਕੇ ਉਹ ਆਪਣੇ ਰਾਹ ਖੁਦ ਚੁਣਦੀ ਹੈ, ਕਿਉਂਕਿ ਕਿਤੇ ਠਹਿਰ ਕੇ ਜੜ੍ਹ ਹੋ ਜਾਣਾ ਉਸ ਦੀ ਫਿਤਰਤ ਨਹੀਂ। ਅਮਰੀਕਾ ਵਿਚ ਜਾਣ ਨਾਲ ਲੇਡੀ ਮਿਰਰ, ਅੰਮ੍ਰਿਤ ਕੌਰ ਤੇ ਈਮਾ ਦੀ ਦੋਸਤੀ ਉਸਨੂੰ ਉਸਦੀ ਕਲਾ ਦੇ ਪਾਸਾਰ ਦੇ ਹੋਰ ਮੌਕੇ ਪ੍ਰਦਾਨ ਕਰਦੀ ਹੈ। ਉਹ ਜੰਮੂ ਕਸ਼ਮੀਰ ਦੀ ਲੋਕ ਕਲਾ ਨੂੰ ਦੁਨੀਆਂ ਵਿਚ ਪੇਸ਼ ਕਰਨ ਲਈ, ਦੁਰਗੰਧਪੂਰਨ ਸਮਝੀ ਜਾਂਦੀ ਘੁਮਿਆਰ ਬਸਤੀ ਨੂੰ ਨਵੇਂ ਜੀਵਨ ਵਿਚ ਪ੍ਰਵੇਸ਼ ਕਰਵਾ ਕੇ ਆਮ ਸੁਆਣੀਆਂ ਨੂੰ ਆਰਟ ਦੀ ਸੋਝੀ ਦਿੰਦੀ ਹੈ ਅਤੇ ਉਹਨਾਂ ਨੂੰ ਅਮਰੀਕਾ ਭੇਜਦੀ ਹੈ।

ਮਾਇਆ ਉਰਫ਼ ਬਿੱਲੀ ਆਪਣੇ ਆਰਟ ਦੀ ਖਾਤਰ ਮਰਿਯਾਦਾ ਦਾ ਭੰਜਣ ਕਰਦੀ ਹੈ। ਪਰ ਆਪਣੇ ਘਰ ਵਿਚੋਂ ਭੱਜ ਜਾਣ ਮਗਰੋਂ ਉਹ ਪਿੱਛੇ ਮੁੜ ਕੇ ਨਹੀਂ ਦੇਖਦੀ। ਮਾਂ ਪਾਰੋ ਦੀ ਯਾਦ ਅਵੱਸ਼ ਆਉਂਦੀ ਹੈ ਪਰ ਉਸ ਯਾਦ ਨੂੰ ਉਹ ਊਰਜਾ ਵਜੋਂ ਹੀ ਵਰਤਦੀ ਹੈ। ਬਚਪਨ ਦੇ ਪਿਆਰ ਸਾਹਿਬ ਦੀ ਯਾਦ ਨੂੰ ਵੀ ਉਹ ਆਪਣੀ ਸਿਰਜਣਾ ਲਈ ਵਰਤਦੀ ਹੈ। ਵੇਸਵਾ ਦੀ ਕੁੜੀ ਤਾਬਿੰਦਾ ਨੂੰ ਸਾਫ਼ ਸੁਥਰੀ ਜ਼ਿੰਦਗੀ ਦਿੰਦੀ ਹੈ। ਘੁਮਿਆਰ ਬਸਤੀ 'ਚ ਰਹਿੰਦੇ ਅਮਾਨਤ ਤੇ ਮਾਈ ਨੂੰ ਨਵੀਂ ਜ਼ਿੰਦਗੀ ਦਿੰਦੀ ਹੈ। ਦਿੱਲੀ ਦੇ 1984 ਦੇ ਦੰਗਿਆਂ ਦੀ ਹੈਵਾਨੀਅਤ ਦਾ ਸ਼ਿਕਾਰ ਜਸਵੀਰ ਤੇ ਉਸਦੀ ਬੇਟੀ ਸੁਖਮ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ। ਪਰ ਕਿਧਰੇ ਵੀ ਅਹਿਸਾਨ ਨਹੀਂ ਜਤਾਉਂਦੀ। ਉਸ ਦੇ ਹਰ ਕਾਰਜ ਵਿਚ ਸੁਹਜ ਹੈ,ਸਿਰਜਣਾ ਹੈ ।

ਨਾਵਲ ਵਿਚ ਮਾਇਆ ਦੇ ਜੀਵਨ ਤੇ ਉਸਦੀ ਕਲਾ ਦੇ ਸਮਾਨਾਂਤਰ ਹੀ ਲੇਖਕਾ ਨੇ ਰਾਜਨੀਤੀ ਨੂੰ ਵੀ ਫੋਕਸ ਵਿਚ ਲਿਆਂਦਾ ਹੈ। ਸਮਕਾਲ ਵਿਚ ਫੈਲੀ ਆਤੰਕਵਾਦੀ ਲਹਿਰ ਅਤੇ ਇਸਦੇ ਪ੍ਰਭਾਵਾਂ ਦਾ ਵੀ ਨਾਵਲ ਵਿਚ ਵੇਰਵਾ ਪ੍ਰਾਪਤ ਹੈ । ਇਸ ਪ੍ਰਸੰਗ ਵਿਚ ਸਾਕਾ ਨੀਲਾ, ਬਲੈਕ ਥੰਡਰ, ਦਿੱਲੀ ਦੇ ਦੰਗਿਆਂ ਅਤੇ ਜੰਮੂ ਕਸ਼ਮੀਰ ਦੇ ਹਾਲਾਤ ਦਾ ਚਿਤਰਨ ਹੈ। ਪੰਜਾਬ ਦੇ ਹਾਲਾਤ ਦੇ ਸੰਦਰਭ ਵਿਚ ਸਾਹਿਬਜੀਤ ਦੀ ਜ਼ਿੰਦਗੀ ਦੇ ਵੇਰਵੇ ਅਸਲੀਅਤ ਦੇ ਦਰਸ਼ਨ ਕਰਾਉਂਦੇ ਹਨ । ਸੰਦੀਪ, ਤਾਰਿਕ ਚੋਧਰੀ ਦੇ ਵੇਰਵੇ ਜੰਮੂ ਕਸ਼ਮੀਰ 'ਚ ਫੈਲੀ ਸਿਆਸੀ ਗੁੰਡਾਗਰਦੀ ਦੇ ਦਰਸ਼ਨ ਕਰਾ ਜਾਂਦੇ ਹਨ ।

ਗਲੈਮਰ ਦੀ ਦੁਨੀਆਂ ਦੇ ਵੀ ਨਾਵਲ ਵਿਚ ਝਲਕਾਰੇ ਪੇਸ਼ ਹਨ, ਜਿਨ੍ਹਾਂ ਲਈ ਰੀਟਾ ਮਹਾਜਨ ਨਾਂ ਦੀ ਪਾਤਰ ਮਾਧਿਅਮ ਬਣੀ ਹੈ। ਏਸ ਦੁਨੀਆਂ ਵਿਚ ਪੈਸਾ ਹੀ ਪ੍ਰਧਾਨ ਹੈ, ਕਿਸੇ ਮਾਨਵੀ ਰਿਸ਼ਤੇ ਜਾਂ ਉਚੇਰੀਆਂ ਕਦਰਾਂ-ਕੀਮਤਾਂ ਦਾ ਏਥੇ ਕੋਈ ਦਖਲ ਨਹੀਂ। ਅਜੈ ਮਹਾਜਨ ਨਾਲ ਘਰੋਂ ਭੱਜ ਕੇ ਏਸ ਦੁਨੀਆਂ ਵਿਚ ਗਵਾਚੀ ਰੀਟਾ ਅੰਤ ਨੂੰ ਤਬਾਹੀ ਦੇਖਦੀ ਹੈ

ਨਾਵਲ ਵਿਚ ਔਰਤ ਮਰਦ ਦੇ ਰਿਸ਼ਤੇ ਤੋਂ ਅਗਾਂਹ ਕਾਮ ਬਾਰੇ ਦੀ ਬਾਤ ਵੀ ਪਾਈ ਗਈ ਹੈ। ਫਲਸਫੇ ਦੀ ਪੱਧਰ 'ਤੇ ਇਹ ਦੱਸਿਆ ਗਿਆ ਹੈ ਕਿ ਕਾਮ ਜ਼ਿੰਦਗੀ ਦਾ ਸੱਚਾ-ਸੁੱਚਾ ਜਜ਼ਬਾ ਹੈ। ਇਸ ਸੰਬੰਧ ਵਿਚ ਨਾਵਲ ਦੇ ਇਕ ਸੁਲਝੇ ਹੋਏ ਬੁੱਧੀਮਾਨ ਪਾਤਰ ਬ੍ਰਹਮਜਗਦੀਸ਼ ਦੇ ਮੂੰਹੋਂ ਅਖਵਾਇਆ ਗਿਆ ਹੈ: 'ਕਾਮ ਵਾਸ਼ਨਾ ਹੀ ਨਹੀਂ ਊਰਜਾ ਵੀ ਹੈ...ਮਨੁੱਖ ਕਦੀ ਵੀ ਕਾਮ ਤੋਂ ਮੁਕਤ ਨਹੀਂ ਹੋ ਸਕਦਾ। ਕਾਮ ਦੇ ਫਲਸਰੂਪ ਹੀ ਮਨੁੱਖ ਪੈਦਾ ਹੁੰਦਾ ਹੈ। ਪਰਮਾਤਮਾ ਜਿਸ ਨੂੰ ਪਾਪ ਨਹੀਂ ਸਮਝਦਾ, ਮਨੁੱਖ ਉਸੇ ਨੂੰ ਹੀ ਪਾਪ ਕਿਉਂ ਸਮਝਦਾ ਹੈ। ਕੀ ਕਦੇ ਕਿਸੇ ਨੇ ਸੋਚਿਆ ਹੈ ਫੁੱਲਾਂ ਦਾ ਖਿੜਨਾ ਵੀ ਅਸਲ ਵਿਚ ਸੈਕਸੁਅਲ ਐਕਟ ਹੀ ਹੈ...ਕਾਮ ਦੀ ਧਾਰਾ ਨੂੰ ਜੇਕਰ ਉਚਾਈਆਂ ਵੱਲ ਲੈ ਜਾਇਆ ਜਾ ਸਕੇ ਤਾਂ ਇਹੀ ਊਰਜਾ ਮਨੁੱਖ ਨੂੰ ਚਰਿੱਤਰਵਾਨ ਤੇ ਸੰਜਮੀ ਬਣਾਉਂਦੀ ਹੈ। ਫਿਰ ਨਾ ਸਮਾਜ ਵਿਚ ਬਲਾਤਕਾਰ ਹੋਣਗੇ ਨਾਂ ਹੀ ਰੈੱਡ ਏਰੀਆ ਸਮਾਜ ਦਾ ਮੂੰਹ ਚਿੜਾਉਣਗੇ...'। ਕਾਮ ਵਰਗੇ ਵਿਸ਼ੈ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਦੇ ਸਮਾਨਾਂਤਰ ਹੀ ਔਰਤਾਂ ਦੀ ਆਜ਼ਾਦ ਹਸਤੀ ਨੂੰ ਦਰਸਾਉਣ ਦਾ ਯਤਨ ਹੈ, ਜਿਸ ਅਨੁਸਾਰ ਇਹ ਜ਼ਰੂਰੀ ਨਹੀਂ

ਕਿ ਉਹ ਔਰਤ ਦੇ ਬਣੇ ਹੋਏ ਬਿੰਬ ਅਨੁਸਾਰ ਹੀ ਵਿਚਰੇ। ਨਾਵਲ ਦੀਆਂ ਇਸਤਰੀ ਪਾਤਰ ਕਈ ਥਾਂ ਤਨਾਓ ਤੋਂ ਬਚਣ ਲਈ ਸ਼ਰਾਬ ਦਾ ਸਹਾਰਾ ਲੈਂਦੀਆਂ ਹਨ। ਸੋਨੀਆਂ, ਈਮਾ ਤੇ ਅੰਮ੍ਰਿਤ ਕੌਰ ਵਾਂਗ ਮਾਇਆ ਵੀ ਸਹਿਜ ਹੋਣ ਲਈ ਇਸ ਦਾ ਸੇਵਨ ਕਰਦੀ ਹੈ।

ਮੁੱਖ ਪਾਤਰ ਮਾਇਆ ਨੂੰ ਲੇਖਕਾ ਨੇ ਉਸ ਸਾਈਮਨ ਮੱਛੀ ਨਾਲ ਤੁਲਨਾਇਆ ਜ਼ੋ ਜਿੱਥੋਂ ਤੁਰੀ ਉੱਥੇ ਪਹੁੰਚ ਕੇ ਬੱਚੇ ਨੂੰ ਜਨਮ ਦੇ ਕੇ ਫਿਰ ਅੱਗੇ ਸਫ਼ਰ ਲਈ ਤੁਰ ਪੈਂਦੀ ਹੈ। ਮਾਇਆ ਹਰ ਵਰਤਾਰੇ ਨੂੰ ਸਹਿਜਤਾ ਨਾਲ ਲੈਂਦੀ ਹੈ । ਸੂਖਮ ਤੇ ਸਾਹਿਬ ਜਦੋਂ ਤੋੜ ਤਕਨੀਕ ਰਾਹੀਂ ਬੱਚਾ ਪੈਦਾ ਕਰਨਾ ਚਾਹੁੰਦੇ ਹਨ, ਇਸ ਤਕਨੀਕ ਦੇ ਲਈ ਮਾਇਆ ਸੈਰੋਗੇਟ ਮਦਰ ਬਣਨ ਦਾ ਫੈਸਲਾ ਕਰਦੀ ਹੈ। ਇਸ ਤੋਂ ਵੀ ਅੱਗੇ ਜਾਂਦੀ ਹੋਈ ਉਹ ਕੁਦਰਤੀ ਢੰਗ ਨਾਲ ਸਾਹਿਬ ਦੇ ਬੱਚੇ ਦੀ ਮਾਂ ਬਣਦੀ ਹੈ। ਉਸ ਲਈ ਇਹ ਸਭ ਕੁਝ ਕਰਨ ਵਿਚ ਕੋਈ ਅਸਾਧਾਰਨਤਾ ਨਹੀਂ। ਉਸਦੀ ਧਾਰਨਾ ਹੈ ਕਿ 'ਔਰਤ ਮਾਂ ਬਣ ਕੇ ਹੀ ਸਿਰਜਕ ਤੇ ਸੰਪੂਰਨ ਬਣਦੀ ਹੈ । ਮਾਂ ਦੀ ਅਸੀਮ ਪਦਵੀ ਪਾ ਕੇ ਉਸ ਦੇ ਚੰਚਲ ਮਨ ਵਿਚ ਠਹਿਰਾਓ ਆ ਜਾਂਦਾ ਹੈ...ਨਦੀ ਵਰਗੀ ਉਸਦੀ ਵਿਆਕੁਲ ਭਟਕਣ ਵਿਚ ਸਾਗਰ ਵਰਗੀ ਗਹਿਰਾਈ ਆ ਜਾਂਦੀ ਹੈ'। ਮਾਇਆ ਦੀ ਇਸ ਭਾਂਤ ਦੀ ਜ਼ਿੰਦਗੀ ਨੂੰ 'ਬੇਸਮਝ ਲੋਕ' ਨਿੰਦਦੇ ਹਨ ਪਰ ਲੇਖਿਕਾ ਅਨੁਸਾਰ ਉਹ ਅਜਿਹੀ ਸੰਤ ਹੈ ਜੋ ਬੇਸਹਾਰਿਆਂ ਦਾ ਸਹਾਰਾ ਬਣਦੀ ਹੈ। ਸਮੁੱਚੇ ਰੂਪ ਵਿਚ ਲੇਖਿਕਾ ਨੇ ਮਾਇਆ ਨੂੰ ਅੱਜ ਦੇ ਯੁੱਗ ਵਿਚ ਇਸਤਰੀ ਦੇ ਸਵੈਮਾਣ ਦੇ ਚਿੰਨ੍ਹ ਵਜੋਂ ਚਿਤਰਿਆ ਹੈ।

ਬਿਰਤਾਂਤ ਸਿਰਜਦਿਆਂ ਲੇਖਕਾ ਨੇ ਜਿੱਥੇ ਸੁੰਦਰ ਪਹਾੜੀ ਨਜ਼ਾਰਿਆ ਦੇ ਰੂਪ ਵਿਚ ਪ੍ਰਕਿਰਤੀ ਦੇ ਸੁਹਜ ਨੂੰ ਚਿਤਰਨ ਦਾ ਆਪਣਾ ਕੋਮਲ ਪੱਖ ਵਿਖਾਇਆ ਹੈ ਉੱਥੇ ਆਕ੍ਰੋਸ਼ ਦੀ ਸ਼ੈਲੀ ਦੀ ਵਰਤੋਂ ਵੀ ਕੀਤੀ ਹੈ। ਮੁਖ ਪਾਤਰ ਮਾਇਆ ਉੱਤੇ ਫੋਕਸ ਕਰਨ ਦੇ ਬਾਵਜੂਦ ਨਾਵਲ ਵਿਚ ਪਾਤਰਾਂ ਦੀ ਘੜਮੱਸ ਵੀ ਪਈ ਜਾਪਦੀ ਹੈ। ਨਾਵਲ ਦੇ ਇਕ ਪਾਤਰ ਐਲੇਕਸ ਬੋਹਿਮ ਰਾਹੀਂ ਕਲਾ ਤੇ ਅਧਿਆਤਕਤਾ ਦੇ ਹਵਾਲੇ ਨਾਲ ਤਾਂ ਮਹਿਜ਼ ਬੌਧਿਕ ਵਿਖਿਆਨ ਦਾ ਛੱਟਾ ਦਿੱਤਾ ਗਿਆ ਹੈ। ਏਸੇ ਕਰਕੇ ਨਾਵਲ ਦੇ ਕਥਾਨਕ ਵਿਚ ਕਈ ਉਪ ਪ੍ਰਸੰਗ ਬੇਲੋੜੇ ਤੌਰ 'ਤੇ ਘੁਸ ਆਏ ਪ੍ਰਤੀਤ ਹੁੰਦੇ ਹਨ। ਆਰਟ ਬਾਰੇ, ਸੰਗੀਤ ਬਾਰੇ, ਜ਼ਿੰਦਗੀ ਦੀ ਸਮਝ ਬਾਰੇ, ਮੱਤਾਂ ਮਤਾਂਤਰਾਂ ਬਾਰੇ ਨਾਵਲ ਵਿਚ ਭਰਪੂਰ ਚਰਚਾ ਹੈ, ਜ਼ੋ ਲੇਖਕਾ ਦੀ ਵਿਸ਼ਾਲ ਜਾਣਕਾਰੀ ਦਾ ਪ੍ਰਮਾਣ ਤਾਂ ਅਵੱਸ਼ ਹੈ। ਪਰ ਬਹੁਤ ਕੁਝ ਨੂੰ ਸਮੋਣ ਦੀ ਇਹ ਕੋਸ਼ਿਸ਼ ਹੀ ਇਕ ਚੰਗੀ ਗਲਪ ਕਿਰਤ ਵਜੋਂ 'ਮਾਇਆ' ਦੀ ਸੀਮਾ ਬਣ ਗਈ ਹੈ। ਚੰਗਾ ਹੁੰਦਾ ਜੇ ਲੇਖਿਕਾ ਬਹੁਤ ਕੁਝ ਨੂੰ ਇਕੋ ਨਾਵਲ-ਰਚਨਾ ਵਿਚ ਲਿਆਉਣ ਦਾ ਲਾਲਚ ਨਾ ਕਰਦੀ। ਤਦ ਵੀ ਪਰੰਪਰਾ ਤੋਂ ਹਟਵੀਂ ਔਰਤ ਉੱਤੇ ਫੋਕਸ ਕਰਨ ਵਾਲੇ ਸੁਰਿੰਦਰ ਨੀਰ ਦੇ ਇਸ ਨਾਵਲ ਦਾ ਸਵਾਗਤ ਕਰਨ ਬਣਦਾ ਹੈ।

-ਪੁਸ਼ਵਿੰਦਰ ਕੌਰ

ਬੁਲਬੁਲਿਆਂ ਦੀ ਕਾਸ਼ਤ (ਕਹਾਣੀ-ਸੰਗ੍ਰਹਿ) ਕੇਸਰਾ ਰਾਮ

'ਬੁਲਬੁਲਿਆਂ ਦੀ ਕਾਸ਼ਤ' (ਮੁੱਲ 130 ਰੁਪਏ, ਪੰਨੇ 120, ਉਡਾਨ ਪਬਲੀਕੇਸ਼ਨ, ਮਾਨਸਾ) ਤੋਂ ਪਹਿਲਾਂ ਕੇਸਰਾ ਰਾਮ ਦੇ ਦੋ ਕਹਾਣੀ-ਸੰਗ੍ਰਹਿ ਤੇ ਇਕ ਮਿੰਨੀ ਕਹਾਣੀ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ।ਹੱਥਲੇ ਸੰਗ੍ਰਹਿ ਵਿਚ ਕਹਾਣੀਕਾਰ ਨੇ ਆਪਣੇ ਵਰਗ ਦੇ ਜੀਵਨ-ਯਥਾਰਥ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਆਪਣੀ ਲੇਖਣ-ਕਲਾ ਨੂੰ ਆਧਾਰ ਬਣਾਇਆ ਹੈ।

'ਬੁਲਬੁਲਿਆਂ ਦੀ ਕਾਸ਼ਤ' ਕਹਾਣੀ-ਸੰਗ੍ਰਹਿ ਵਿਚ ਕੁੱਲ ਛੇ ਕਹਾਣੀਆਂ ਹਨ। ਸਭ ਤੋਂ ਪਹਿਲੀ ਕਹਾਣੀ ਹੈ: 'ਬਿੱਛੂ'। ਇਸ ਕਹਾਣੀ ਵਿਚ ਲੇਖਕ ਨੇ ਭੁੱਖੇ ਢਿੱਡਾਂ ਦੇ ਅਰਥ-ਸ਼ਾਸਤਰ

ਅਤੇ ਫੋਕੀਆ ਇੱਜ਼ਤਾਂ ਦੇ ਸਮਾਜ-ਸ਼ਾਸਤਰ ਦੇ ਸੰਦਰਭਾਂ ਵਿਚਲੇ ਅੰਤਰ-ਵਿਰੋਧਾਂ ਨੂੰ ਸਿਰਜਦਿਆਂ ਸਮੇਂ ਦੀ ਸਰਕਾਰ ਅਤੇ ਸਮਾਜਕ ਕਾਨੂੰਨਾਂ ਉੱਤੇ ਕਰਾਰਾ ਵਿਅੰਗ ਇਹ ਕਸਿਆ ਹੈ ਕਿ ਵਰਤਮਾਨ ਸਰਕਾਰ ਦੀਆਂ ਆਰਥਿਕ ਯੋਜਨਾਵਾਂ ਤੇ ਕਾਨੂੰਨ ਕਿੰਨੇ ਕੁ ਆਮ ਲੋਕਾਈ ਦੇ ਹੱਕ ਵਿਚ ਭੁਗਤਦੇ ਹਨ ਤੇ ਕਿੰਨੇ ਕੁ ਸਰਕਾਰ ਦੇ ਆਪਣੇ ਰਾਜਸੀ ਹਿਤਾਂ ਦੇ ਬਚਾਅ ਲਈ। ਇੰਝ ਇਕ ਆਮ ਵਿਅਕਤੀ ਤੇ ਇਕ ਖਾਸ ਵਿਅਕਤੀ ਦੇ ਅਧਿਕਾਰਾਂ ਵਿਚਲਾ ਅੰਤਰ ਇਸ ਕਹਾਣੀ ਦੀ ਵਿਅੰਗਾਤਮਕ ਵਸਤੂ ਧੁਨੀ ਬਣਦਾ ਹੈ। ਕਹਾਣੀ ਦੇ ਪਾਤਰ ਜੋਗੀ ਤਾਊ ਨੂੰ ਉਸਦੀ ਧੀ ਦੇ ਕਿਸੇ ਨਾਲ ਭੱਜ ਜਾਣ ਕਰਕੇ ਉਸਨੂੰ ਜਾਤ-ਬਰਾਦਰੀ ਵਿਚੋਂ ਛੇਕ ਦਿੱਤਾ ਜਾਂਦਾ ਹੈ। ਜੇਕਰ ਅਜਿਹੀ ਘਟਨਾ ਕਿਸੇ ਡੀ.ਸੀ.,ਮੰਤਰੀ ਜਾਂ ਮੁੱਖ ਮੰਤਰੀ ਨਾਲ ਘਟਦੀ ਤਾਂ ਸਥਿਤੀਆਂ ਇਸ ਤੋਂ ਉਲਟ ਹੋਣੀਆਂ ਸਨ। ਸ਼ਾਇਦ ਇਸੇ ਲਈ ਮੈਂ ਪਾਤਰ ਆਪਣੇ ਪਸੰਦ ਦੀ ਕੁੜੀ ਨਾਲ ਵਿਆਹ ਕਰਵਾਉਣ ਤੋਂ ਪਹਿਲਾਂ ਡੀ.ਸੀ. ਲੱਗਣ ਦਾ ਸੁਪਨਾ ਦੇਖਦਾ ਹੈ ਤਾਂ ਜੁ ਕੋਈ ਵੀ ਕਾਨੂੰਨ ਉਸ ਕੋਲੋਂ ਆਪਣੀ ਮਰਜ਼ੀ ਨਾਲ ਜਿਊਣ ਦਾ ਅਧਿਕਾਰ ਨਾ ਖੋਹ ਸਕੇ, ਅਤੇ ਉਹ ਆਪਣੇ ਵਰਗਿਆਂ ਦੇ ਆਪਣੀ ਮਰਜ਼ੀ ਨਾਲ ਜਿਊਣ ਦੇ ਅਧਿਕਾਰਾਂ ਦੀ ਰਾਖੀ ਕਰ ਸਕੇ। ਲੇਖਕ ਦੀ ਗਲਪ ਦ੍ਰਿਸ਼ਟੀ ਭਾਰਤ ਦੇਸ਼ ਦੀ ਅਰਥ ਵਿਵਸਥਾ, ਨਿਆਂ ਵਿਵਸਥਾ ਤੇ ਸਮਾਜਕ ਸੁਰੱਖਿਆ ਦੇ ਵਿਸ਼ਾਲ ਚੌਖਟੇ ਵਾਲੀ ਕਾਰਗੁਜ਼ਾਰੀ ਦੇ ਆਰ-ਪਾਰ ਫੈਲੀ ਹੋਈ ਹੈ, ਜੋ ਗਰੀਬ ਤੇ ਸਰੀਰਕ ਪੱਖੋਂ ਨਕਾਰੇ ਗਏ ਲੋਕਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਹੀ ਨਹੀਂ ਕਰਦੀ ਬਲਕਿ ਉਹਨਾਂ ਅੰਦਰ ਹੱਕਾਂ ਦੀ ਪ੍ਰਾਪਤੀ ਲਈ ਹਿੰਮਤ ਵੀ ਜੁਟਾਉਂਦੀ ਹੈ। ਕ੍ਰਿਸ਼ਨਾ ਵਰਗੇ ਪਾਤਰ ਦੀ ਜੀਵਨ ਸਥਿਤੀ ਸਾਧਾਰਨ ਵਿਅਕਤੀ ਤੇ ਨਿਆਂ ਵਿਵਸਥਾ ਦੇ ਆਪਸੀ ਸੰਬੰਧਾਂ ਦੇ ਅਸਾਵੇਂਪਣ ਦੀ ਹੀ ਵਸਤੂ-ਸਥਿਤੀ ਹੈ। ਭਾਰਤੀ ਰਾਜ ਹਰਿਆਣੇ ਵਿਚਲੀਆਂ ਖਾਪ ਪੰਚਾਇਤਾਂ ਦਾ ਕਾਨੂੰਨ ਵਿਵਸਥਾ ਨੂੰ ਆਪਣੇ ਹੱਥ ਵਿਚ ਲੈਣਾ ਤੇ ਇਹਨਾਂ ਨੂੰ ਰੈਗੂਲੇਟ ਕਰਨ ਲਈ ਕਿਸੇ ਕਾਨੂੰਨ ਦੇ ਬਣ ਜਾਣ ਦੀ ਉਮੀਦ ਕਰਨਾ ਵੀ ਭਾਰਤੀ ਨਿਆਂ ਵਿਵਸਥਾ ਦੇ ਖੋਖਲੇਪਣ ਉੱਤੇ ਇਕ ਵਿਅੰਗ ਹੀ ਹੈ। 'ਬਿੱਛੂ' ਕਹਾਣੀ ਸਵਾਲ ਪੈਦਾ ਕਰਦੀ ਹੈ ਕਿ ਅੱਜ ਦੇ ਲੋਕਤੰਤਰਕ ਜ਼ਮਾਨੇ ਵਿਚ ਲੋਕ ਐਨੇ ਜ਼ਾਲਮ ਕਿਵੇਂ ਹੋ ਸਕਦੇ ਹਨ?

ਭਾਰਤੀ ਅਰਥਚਾਰੇ ਤੇ ਸਭਿਆਚਾਰਕ ਵਰਤਾਰੇ ਉੱਤੇ ਸੰਸਾਰੀਕਰਨ ਦੇ ਪਏ ਮਾਰੂ ਪ੍ਰਭਾਵ ਨੂੰ 'ਬੁਲਬੁਲਿਆਂ ਦੀ ਕਾਸ਼ਤ' ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ। ਸੰਸਾਰੀਕਰਨ ਨੇ ਜਿੱਥੇ ਵੱਖ-ਵੱਖ ਦੇਸ਼ਾਂ ਵਿਚਲੀਆਂ ਦੂਰੀਆਂ ਨੂੰ ਮਿਟਾ ਕੇ ਸਮੁੱਚੇ ਸੰਸਾਰ ਨੂੰ ਇਕ ਪਿੰਡ ਵਿਚ ਤਬਦੀਲ ਕਰ ਦਿੱਤਾ ਹੈ, ਉੱਥੇ ਇਕ ਮਨੁੱਖ ਨੂੰ ਦੂਜੇ ਮਨੁੱਖ ਤੋਂ ਦੂਰ ਕਰਕੇ ਉਹਨਾਂ ਦੇ ਦਿਲਾਂ ਵਿਚਲੀਆਂ ਦੂਰੀਆਂ ਨੂੰ ਵਧਾ ਦਿੱਤਾ ਹੈ। ਸਿੱਟੇ ਵਜੋਂ ਪਿੰਡਾਂ ਦੀਆਂ ਸੱਥਾਂ ਦੀਆਂ ਰੌਣਕਾਂ ਜਾਂਦੀਆ ਰਹੀਆਂ ਹਨ ਤੇ ਮਨੁੱਖ ਸਵੈ-ਕੇਂਦਰਿਤ ਹੋ ਗਿਆ ਹੈ। ਪਰੰਪਰਕ ਖੇਤੀਬਾੜੀ ਦੇ ਬਦਲਦੇ ਸਰੂਪ ਕਾਰਨ ਮਾਨਵੀ ਕਦਰਾਂ-ਕੀਮਤਾਂ ਵੀ ਗੁਆਚਦੀਆਂ ਜਾ ਰਹੀਆਂ ਹਨ। ਪੰਜਾਬ ਅੰਦਰ ਭਈਆਂ ਦੀ ਆਮਦ ਦੇ ਵਧਦੇ ਪ੍ਰਭਾਵ ਕਾਰਨ ਕਿਸਾਨ ਤੇ ਸੀਰੀ ਦੇ ਰਿਸ਼ਤੇ ਵਿਚਲੀਆਂ ਮੋਹ ਦੀਆਂ ਤੰਦਾਂ ਟੁੱਟੀਆਂ ਹਨ ਅਤੇ ਵਿਅਕਤੀਵਾਦੀ ਭਾਵਨਾਵਾਂ ਭਾਰੂ ਹੋ ਗਈਆਂ ਹਨ। ਪੂੰਜੀਵਾਦੀ ਕੀਮਤਾਂ ਤਹਿਤ ਸੂਚਨਾ ਤਕਨਾਲੋਜੀ ਤੇ ਸ਼ੇਅਰ ਬਜ਼ਾਰਾਂ ਦੀ ਹੋੜ ਨੇ ਹਰ ਬੰਦੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਸ਼ੇਅਰ ਬਜ਼ਾਰ ਦੇ ਵਧਦੇ ਰੁਝਾਨ ਦੇ ਕਾਰਨ ਜੱਟ ਭਾਈਚਾਰੇ ਨੇ ਆਪਣੀ ਮਾਂ ਸਮਾਨ ਸਮਝੀ ਜਾਂਦੀ ਜ਼ਮੀਨ ਨੂੰ ਵੇਚ ਕੇ ਸ਼ੇਅਰ ਖਰੀਦ ਲਏ ਹਨ ਅਤੇ ਸਰਕਾਰ ਜੱਟ ਦੀ ਜ਼ਮੀਨ ਨੂੰ ਅਕਵਾਇਰ ਕਰਕੇ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕਰ ਰਹੀ ਹੈ। ਸਥਾਨਕ ਲੋਕ ਆਪਣੇ ਜੱਦੀ-ਪੁਸ਼ਤੀ ਕਿੱਤੇ ਛੱਡ ਕੇ ਪ੍ਰਾਪਰਟੀ ਡੀਲਰ ਬਣਨ ਲੱਗ ਪਏ ਹਨ। ਆਮ ਲੋਕਾਂ ਦੇ ਵੀ ਖਾਣ-ਪੀਣ ਦੇ ਸੁਹਜ-ਸੁਆਦ ਬਦਲ ਗਏ ਹਨ। ਪੈਸੇ ਦੀ ਦੌੜ ਨੇ ਮਨੁੱਖ ਦੀ ਪਰਿਵਾਰਕ ਜ਼ਿੰਦਗੀ ਵਿਚ ਉਪਰਾਮਤਾ ਨੂੰ ਇਸ ਕਦਰ ਭਾਰੂ ਕਰ ਦਿੱਤਾ ਹੈ ਕਿ ਪਰਿਵਾਰਕ,

ਸਮਾਜਕ ਤੇ ਮਨੁੱਖੀ ਰਿਸ਼ਤਿਆਂ ਵਿਚ ਖਾਲੀਪਣ ਪੈਦਾ ਹੋ ਗਿਆ ਹੈ ਕਿਉਂਕਿ ਪੂੰਜੀ ਬੰਦੇ ਨੂੰ ਬੰਦੇ ਤੋਂ ਦੂਰ ਕਰਕੇ ਸਮਾਜ ਵਿਚ ਅਮੀਰੀ ਤੇ ਗਰੀਬੀ ਦੇ ਪਾੜੇ ਨੂੰ ਵਧਾ ਰਹੀ ਹੈ। ਲੇਖਕ ਆਪਣੀ ਰਚਨਾਤਮਕ ਦ੍ਰਿਸ਼ਟੀ ਰਾਹੀਂ ਬਲਬੀਰ ਸਿੰਘ ਨਾਂ ਦੇ ਪਾਤਰ ਨੂੰ ਘੜ ਕੇ ਅਜਿਹੀ ਲੁੱਟ-ਖਸੁੱਟ ਤੋਂ ਬਚਣ ਦਾ ਹੱਲ ਕਿਸਾਨਾਂ ਤੇ ਮਜ਼ਦੂਰਾਂ ਦੀ ਇਕਜੁੱਟਤਾ ਵਿਚੋਂ ਲੱਭਦਾ ਹੈ। ਇਸੇ ਲਈ ਉਹ ਕਿਸਾਨਾਂ ਤੇ ਮਜ਼ਦੂਰਾਂ ਨੂੰ ਇਕੱਠੇ ਹੋ ਕੇ ਇਕ ਕਾਫਲਾ ਬਣਾਉਣ ਤੇ ਇਸ ਰਾਹੀਂ ਅਜਿਹੀ ਵਿਵਸਥਾ ਵਿਰੁੱਧ ਜੰਗ ਲੜਨ ਤੇ ਇਸਨੂੰ ਜਿੱਤਣ ਦੀ ਸਲਾਹ ਦਿੰਦਾ ਹੈ।

'ਆਪਣਾ-ਆਪਣਾ ਹਿੱਸਾ' ਕਹਾਣੀ ਵਿਚ ਕਹਾਣੀਕਾਰ ਨੇ ਕਿਸੇ ਵੀ ਦੇਸ਼ ਦੇ ਇਤਿਹਾਸ ਨੂੰ ਸਮਝਣ ਤੇ ਭਵਿੱਖ ਨੂੰ ਸੰਵਾਰਨ ਲਈ ਪਰੰਪਰਾ ਤੇ ਆਧੁਨਿਕਤਾ ਵਿਚਲੇ ਦਵੰਦ ਨੂੰ ਕਸ਼ਦੀਣ ਦੀ ਗਲਪੀ ਧਾਰਨਾ ਦਿੱਤੀ ਹੈ। ਅਤੇ ਇਸੇ ਧਾਰਨਾ ਦਾ ਇਸਤੇਮਾਲ ਕਰਦਿਆਂ ਉਸਨੇ ਰਾਜਨੀਤਕ ਪਾਰਟੀਆਂ ਦੁਆਰਾ ਇਤਿਹਾਸ ਨੂੰ ਆਪਣੀ ਆਪਣੀ ਮਰਜ਼ੀ ਅਨੁਸਾਰ ਬਦਲਣ ਦੀ ਕੂਟਨੀਤੀ ਦਾ ਪਰਦਾ ਫਾਸ਼ ਕੀਤਾ ਹੈ। ਇਸ ਕਹਾਣੀ ਵਿਚ ਲੇਖਕ ਨੇ ਕੁਲਵਿੰਦਰ ਤੇ ਛੋਟੂ ਰਾਮ ਦੇ ਚਿੱਟੇ ਕਾਲੇ ਰੰਗਾਂ ਦੀ ਗਲਪ-ਉਕਤੀ ਰਾਹੀਂ ਹਰਿਆਣਾ ਪ੍ਰਾਂਤ ਦੇ ਰੋਹਤਕ ਤੇ ਜੀਂਦ ਦੇ ਇਲਾਕੇ ਵਿਚਲੀਆਂ ਖਾਪ ਪੰਚਾਇਤਾਂ ਦੁਆਰਾ ਪਿੰਡ-ਨਿਕਾਲੇ, ਹੁੱਕਾ-ਪਾਣੀ ਛੇਕਣ, ਸਜ਼ਾ-ਏ-ਮੌਤ ਵਰਗੇ ਫਤਵੇ ਜਾਰੀ ਕਰਨ ਦੇ ਅਮਾਨਵੀ ਵਰਤਾਰਿਆਂ ਦਾ ਵੀ ਗਲਪੀਕਰਨ ਕੀਤਾ ਹੈ।

ਪ੍ਰਕਿਰਤੀ ਅਤੇ ਵਿਗਿਆਨ ਦੇ ਆਪਸੀ ਸੰਬੰਧਾਂ ਉੱਤੇ ਝਾਤ ਪੁਵਾਉਂਦੀ ਕਹਾਣੀ 'ਤਾਂ ਕਿ ਸਨਦ ਰਹੇ' ਇਹ ਉਦੇਸ਼ਾਤਮਕ ਵਸਤੂ-ਧੁਨੀ ਉਪਜਾਉਂਦੀ ਹੈ ਕਿ ਮਨੁੱਖ ਨੇ ਵਿਗਿਆਨਕ ਕਾਢਾਂ ਰਾਹੀਂ ਕੁਦਰਤ ਨਾਲ ਜੇ ਲੋੜੋਂ ਵੱਧ ਛੇੜ-ਛਾੜ ਬੰਦ ਨਾ ਕੀਤੀ ਤਾਂ ਇਸਦੇ ਉਸਨੂੰ ਭਿਆਨਕ ਨਤੀਜੇ ਭੁਗਤਣੇ ਪੈਣਗੇ। ਸ਼ਾਇਦ ਇਸੇ ਲਈ ਕਹਾਣੀਕਾਰ ਨੇ ਨਾ ਸਿਰਫ ਵਾਤਾਵਰਣ ਵਿਚ ਆ ਰਹੇ ਭਿਆਨਕ ਪਰਿਵਰਤਨਾਂ ਦੀ ਜਾਣਕਾਰੀ ਹੀ ਦਿੱਤੀ ਹੈ ਬਲਕਿ ਇਹਨਾਂ ਦੇ ਹੱਲ ਲੱਭਣ ਲਈ ਵਿਗਿਆਨਕ ਤਰੀਕਿਆਂ ਬਾਰੇ ਵੀ ਚੋਖੀ ਜਾਣਕਾਰੀ ਦਿੱਤੀ ਹੈ। ਅਤੇ ਪੂੰਜੀ ਨੂੰ ਅੰਨ੍ਹੇਵਾਹ ਇਕੱਤਰਤ ਕਰ ਰਹੇ ਵਿਅਕਤੀ ਨੂੰ ਇਹ ਸੁਹਜਾਤਮਕ ਪਾਠ ਵੀ ਪੜ੍ਹਾਇਆ ਗਿਆ ਹੈ ਕਿ ਕੁਦਰਤ ਰਾਣੀ ਏਨੀ ਨਾਜ਼ੁਕ ਹੈ ਕਿ ਇਸਨੂੰ ਤਾਂ ਚਿੱਟੀ ਕਬੂਤਰੀ ਵਾਂਗ ਤਲੀਆਂ ਉੱਤੇ ਚੋਗ ਚੁਗਾਉਣੀ ਚਾਹੀਦੀ ਹੈ, ਵਿਗਿਆਨ ਕੁਦਰਤ ਲਈ ਸਰਾਪ ਨਹੀਂ ਬਣਨ ਦੇਣਾ ਚਾਹੀਦਾ।

ਗਲਪਕਾਰ ਆਪਣੀ ਸਾਹਿਤਕ ਪ੍ਰਤੀਬੱਧਤਾ ਬਾਰੇ ਹੀ ਸੁਚੇਤ ਨਹੀਂ ਹੁੰਦਾ, ਉਸਨੂੰ ਸਮਾਜਕ ਪ੍ਰਤੀਬੱਧਤਾ ਦਾ ਵੀ ਪੂਰਨ ਖਿਆਲ ਰੱਖਣਾ ਪੈਂਦਾ ਹੈ। ਸਮਾਜਕ ਜੀਵਨ ਦਾ ਆਪਣਾ ਇਕ ਸੱਚ ਹੈ ਜੋ ਗਲਪ ਦੇ ਸੱਚ ਤੋਂ ਵੱਖਰਾ ਹੁੰਦਾ ਹੈ। ਗਲਪ ਨੂੰ ਸੁਖਾਂਤਕ ਜਾਂ ਦੁਖਾਂਤਕ ਰੂਪ ਪ੍ਰਦਾਨ ਕਰਨਾ ਲੇਖਕ ਦੇ ਆਪਣੇ ਹੱਥ ਵਿਚ ਹੁੰਦਾ ਹੈ ਪਰ ਕਈ ਵਾਰ ਵਾਸਤਵਿਕ ਜੀਵਨ ਵਿਚ ਅਜਿਹਾ ਕੁਝ ਵਾਪਰ ਜਾਂਦਾ ਹੈ ਕਿ ਲੇਖਕ ਚਾਹੁੰਦਿਆਂ ਵੀ ਉਸਨੂੰ ਬਦਲ ਨਹੀਂ ਸਕਦਾ । 'ਸੀਮਾ' ਨਾਂ ਦੀ ਕਹਾਣੀ ਲੇਖਕ ਦੀ ਅਜਿਹੀ ਹੀ ਮਜਬੂਰੀ ਉੱਤੇ ਝਾਤ ਪਵਾਉਂਦੀ ਹੈ। ਇਸ ਕਹਾਣੀ ਵਿਚ ਕਹਾਣੀਕਾਰ ਨਿਮਨ-ਮੱਧਵਰਗ ਦੇ ਲੋਕਾਂ ਦੀ ਇਸ ਸੋਚ ਨੂੰ ਬਦਲਣਾ ਚਾਹੁੰਦਾ ਹੈ ਕਿ "ਲੜਕੀ ਤਾਂ ਪਰਾਇਆ ਧਨ ਹੁੰਦੀ ਹੈ, ਬਹੁਤਾ ਪੜ੍ਹ ਲਿਖ ਕੇ ਕੀ ਕਰੇਗੀ। ਜਿੰਨੀ ਛੇਤੀ ਵਿਆਹ ਕੇ ਆਪਣੇ ਘਰ ਤੋਰ ਦਿੱਤੀ ਜਾਵੇ, ਚੰਗੈ। ਸਿਰ ਤੋਂ ਬੋਝ ਲੱਥੂ"।ਕਹਾਣੀ ਪਤਾ ਦਿੰਦੀ ਹੈ ਕਿ ਕਹਾਣੀਕਾਰ ਪੰਜਾਬ ਤੇ ਰਾਜਸਥਾਨ ਦੇ ਸੀਮਾਵਰਤੀ ਪਿੰਡਾਂ ਦੇ ਸਭਿਆਚਾਰਕ ਤੇ ਵਿਦਿਅਕ ਪਛੜੇਵੇਂ ਬਾਰੇ ਭਰਪੂਰ ਜਾਣਕਾਰੀ ਰੱਖਦਾ ਹੈ। ਅਤੇ ਇਹ ਵੀ ਜਾਣਦਾ ਹੈ ਕਿ ਅਜਿਹੇ ਸਮਾਜ ਤੋਂ ਬਗ਼ਾਵਤ ਦਾ ਮਤਲਬ ਜ਼ਿੰਦਗੀ ਤੋਂ ਬਗ਼ਾਵਤ ਹੈ। ਪਰ ਕੇਸਰਾ ਰਾਮ ਨੂੰ ਆਪਣੇ ਸਹੀ ਨਜ਼ਰੀਏ ਦੇ ਜ਼ਰੀਏ ਲੜਨਾ ਵੀ ਆਉਂਦਾ ਹੈ ਅਤੇ ਉਹ ਆਪਣੇ ਪਾਠਕ ਵਰਗ ਤੋਂ

ਵੀ ਅਜਿਹੀ ਹੀ ਮੰਗ ਕਰਦਾ ਜਪਦਾ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਕੇਸਰਾ ਰਾਮ ਨੇ ਹੱਥਲੇ ਕਹਾਣੀਸੰਗ੍ਰਹਿ ਵਿਚ ਵਰਤਮਾਨ ਦੇ ਸੰਜੀਦਾ ਵਿਸ਼ਿਆਂ ਦੀ ਚੋਣ ਕਰਕੇ ਇਹਨਾਂ ਨੂੰ ਬੜੇ ਹੀ ਕਲਾਤਮਕ ਤਰੀਕੇ ਨਾਲ ਨਿਭਾਇਆ ਹੈ। ਪਰ ਅੰਗਰੇਜ਼ੀ ਸ਼ਬਦਾਂ ਦੀ ਜ਼ਿਆਦਾ ਵਰਤੋਂ ਕਿਤੇ ਕਿਤੇ ਕਹਾਣੀ ਰਸ ਨੂੰ ਨੀਰਸ ਕਰ ਦਿੰਦੀ ਹੈ।

-ਗੁਰਦੀਪ ਕੌਰ

ਪਿਆਸ (ਕਾਵਿ-ਸੰਗ੍ਰਹਿ) ਅਮਰਜੀਤ ਕੌਂਕੇ

ਸਵੈ-ਪਛਾਣ ਦੀ ਕਾਵਿਕ ਸਿਰਜਣਾ ਰਾਹੀਂ ਨਵੀਂ ਪੰਜਾਬੀ ਕਵਿਤਾ ਵਿਚ ਵਿਸ਼ੇਸ਼ ਥਾਂ ਹਾਸਿਲ ਕਰਨ ਵਾਲ਼ਾ ਕਵੀ ਹੈ ਅਮਰਜੀਤ ਕੌਂਕੇ। 'ਪਿਆਸ' (ਮੁੱਲ 200 ਰੁਪਏ, ਪੰਨੇ 160, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ) ਕਾਵਿ-ਸੰਗ੍ਰਹਿ ਤੋਂ ਪਹਿਲਾਂ ਅਮਰਜੀਤ ਕੌਂਕੇ ਛੇ ਕਾਵਿ-ਸੰਗ੍ਰਹਿਆਂ ਵਿਚ ਅਜਿਹੀ ਹੀ ਸਿਰਜਣਾ ਕਰ ਚੁੱਕਾ ਹੈ।

ਹੱਥਲੇ ਕਾਵਿ-ਸੰਗ੍ਰਹਿ ਵਿਚ ਸਾਧਾਰਨ ਮਨੁੱਖ ਦੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ, ਯਾਦਾਂ ਤੇ ਬੀਤੇ ਸਮੇਂ ਦੇ ਝੋਰੇ ਕੌਂਕੇ ਦੀ ਕਵਿਤਾ ਨੂੰ ਯਥਾਰਥਕ ਰੰਗ ਪ੍ਰਦਾਨ ਕਰਦੇ ਹਨ। ਹਰ ਇਨਸਾਨ ਦੀ ਤਰ੍ਹਾਂ ਕਵੀ ਦਾ ਵੀ ਸੁਪਨਾ ਹੈ ਕਿ ਕਾਸ਼ ਉਸਦਾ ਬਚਪਨ ਰੰਗੀਨ ਤੇ ਵਰਤਮਾਨ ਉੱਜਵਲ ਹੁੰਦਾ, ਪਰ ਪਰਿਸਥਿਤੀਆਂ ਨੇ ਉਸਦੀ ਇੱਛਾ ਨੂੰ ਪੂਰਿਆਂ ਨਹੀਂ ਹੋਣ ਦਿੱਤਾ ਤੇ ਉਸਦੇ ਪੱਲੇ ਰਹਿ ਗਿਆ ਸਿਰਫ ਝੋਰਾ ਹੀ। ਇਹੀ ਝੋਰਾ ਉਸਨੂੰ ਵਰਤਮਾਨ ਦੇ ਸੁਖਦ ਆਨੰਦਾਂ ਤੋਂ ਦੂਰ ਲੈ ਜਾਂਦਾ ਹੈ ਅਤੇ ਉਹ ਕਹਿ ਉੱਠਦਾ ਹੈ:

ਸਾਹਵੇਂ ਖੇਡਦੇ/ਨੱਚਦੇ ਟੱਪਦੇ/ਬੱਚਿਆਂ ਵੱਲ ਤੱਕਾਂ
ਪਰ ਮੈਨੂੰ ਕਿਤੇ ਵੀ/ਏਹੋ ਜਿਹਾ ਬਚਪਨ ਮੇਰਾ/ਯਾਦ ਨਾ ਆਵੇ
ਬਚਪਨ ਦੀ ਕੋਈ ਯਾਦ ਮਿਠੇਰੀ/ਮੇਰੇ ਮਨ ਦੇ ਚਿਤਰਪਟ ਤੇ/ਬਣ ਨਾ ਪਾਵੇ
ਮੇਰਾ ਬਚਪਨ/ਇਵੇਂ ਜਿਵੇਂ ਕੋਈ ਸ਼ੈਅ ਡਰਾਉਣੀ/ਤੇ ਲੋਕੀ ਆਖਣ
ਬਚਪਨ ਦੀ ਇਹ ਉਮਰਾ/ਮੁੜ ਕਦੇ ਨਾ ਆਉਣੀ

ਕੌਂਕੇ ਦੀ ਕਵਿਤਾ ਮਨੁੱਖੀ ਮਨ ਅੰਦਰਲੀ ਬੇਚੈਨੀ, ਭਟਕਣ ਤੇ ਉਦਾਸੀ ਨੂੰ ਪੇਸ਼ ਕਰਦੀ ਹੈ। ਕਿਉਂਕਿ ਆਧੁਨਿਕ ਮਨੁੱਖ ਕੋਲ ਜੋ ਹੈ, ਉਸ ਨਾਲ ਉਹ ਸੰਤੁਸ਼ਟ ਨਹੀਂ ਹੈ ਅਤੇ ਜੋ ਉਹ ਪਾਉਣਾ ਚਾਹੁੰਦਾ ਹੈ, ਉਸ ਲਈ ਕੇਵਲ ਭਟਕਣਾ ਹੀ ਦਰਕਾਰ ਹੈ। ਭਟਕਣਾ ਜੀਵਨ ਦੇ ਸੁੱਖਾਂ ਨੂੰ ਵੀ ਦੁੱਖਾਂ ਵਿਚ ਤਬਦੀਲ ਕਰ ਦਿੰਦੀ ਹੈ ਤੇ ਇਹੀ ਅਜੋਕੇ ਮਨੁੱਖ ਦੀ ਵਿਡੰਬਣਾ ਹੈ, ਜੋ ਹੱਥਲੇ ਕਾਵਿ-ਸੰਗ੍ਰਹਿ ਦੀ ਮੂਲ ਵਸਤੂਧੁਨੀ ਬਣ ਕੇ ਉੱਭਰਦੀ ਹੈ:

ਇਹ ਅਧੂਰੀ ਰਹਿ ਗਈ ਪਿਆਸ
ਮੇਰੇ ਮਨ ਨੂੰ ਹੋਰ ਬੇਚੈਨ ਕਰਦੀ
ਹਰ ਥਾਂ ਤੇ ਇਕ ਹਾਰ/ਮੇਰੇ ਮਨ ਵਿਚ ਹੋਰ ਪਿਆਸ ਭਰਦੀ

ਕੌਂਕੇ ਦੀ ਕਵਿਤਾ ਮਨੁੱਖੀ ਮਨਾਂ ਅੰਦਰ ਆਤਮ-ਵਿਸ਼ਵਾਸ ਪੈਦਾ ਕਰਨ ਦੇ ਨਾਲ ਨਾਲ ਕਲਾ ਦੀ ਉੱਤਮਤਾ ਲਈ ਵੀ ਯਕੀਨ ਭਰਦੀ ਹੈ। ਕਲਾ ਮਨੋਰੰਜਨ ਦੇ ਨਾਲ ਨਾਲ ਰੋਜ਼ੀ-ਰੋਟੀ ਕਮਾਉਣ ਦਾ ਸਾਧਨ ਵੀ ਬਣ ਸਕਦੀ ਹੈ। ਇਕ ਕਾਵਿ-ਪਾਤਰ ਦੀ ਸਿਰਜਣਾ ਰਾਹੀਂ ਕੌਂਕੇ ਨੇ ਇਹ ਦਰਸਾਇਆ ਹੈ ਕਿ ਜਿਸ ਕੋਲ ਸੰਗੀਤ ਵਰਗੀ ਕਲਾ ਹੋਵੇ, ਉਹ ਦੋ ਵੇਲੇ ਦੀ ਰੋਟੀ ਲਈ ਜੇਬ ਕੱਟਣ, ਭੀਖ ਮੰਗਣ ਤੇ ਦੇਹ ਵੇਚਣ ਵਰਗੀਆਂ ਅਮਾਨਵੀ ਪ੍ਰਵਿਰਤੀਆ ਤੋਂ ਸਹਿਜੇ ਹੀ ਬਚ ਸਕਦਾ ਹੈ। ਆਪਣੀ ਸੰਗੀਤਕ ਕਲਾ ਨੂੰ ਅਣਖ ਤੇ ਸਵੈਮਾਣ ਨਾਲ ਰੋਜ਼ੀ-ਰੋਟੀ ਕਮਾਉਣ ਦਾ ਜ਼ਰੀਆ ਬਣਾ ਸਕਦਾ ਹੈ:

ਗਾਉਂਦੀ ਹੋਈ ਇਸ ਨਿੱਕੀ ਜਿਹੀ ਕੁੜੀ ਦਾ ਚਿਹਰਾ
ਏਨਾ ਆਤਮ ਵਿਸ਼ਵਾਸ ਨਾਲ ਭਰਿਆ ਹੈ
ਕਿ ਲਗਦਾ ਹੈ ਉਸ ਲਈ ਗੀਤ ਗਾਉਣਾ ਹੀ
ਦੁਨੀਆਂ ਦਾ ਸਭ ਤੋਂ ਪਵਿੱਤਰ ਅਤੇ ਵਡੇਰਾ ਕਾਰਜ ਹੈ
ਯਕੀਨ ਹੈ ਉਸਨੂੰ ਕਿ ਉਸਦੇ ਗਾਏ ਗੀਤ
ਉਸ ਲਈ ਅਤੇ ਉਸਦੇ ਪਰਿਵਾਰ ਲਈ
ਸ਼ਾਮ ਦੀ ਰੋਟੀ ਦਾ ਵਸੀਲਾ ਬਣਨਗੇ
ਉਸਦੀ ਬਿਮਾਰ ਮਾਂ ਲਈ ਦਵਾਈ ਦਾ ਹੀਲਾ ਕਰਨਗੇ
ਏਸੇ ਲਈ ਉਹ ਅਜਬ ਜਹੇ ਯਕੀਨ ਨਾਲ ਭਰੀ ਗੀਤ ਗਾ ਰਹੀ ਹੈ...

ਮਸ਼ੀਨੀਕਰਨ ਤੇ ਉਦਯੋਗੀਕਰਨ ਦੀ ਪ੍ਰਕਿਰਿਆ ਤਹਿਤ ਨਗਰਾਂ ਤੇ ਮਹਾਂਨਗਰਾਂ ਵਿਚ ਵੱਡੇ ਵੱਡੇ ਪੁਲਾਂ ਦੀ ਉਸਾਰੀ ਹੋ ਰਹੀ ਹੈ। ਪੁਲਾਂ ਦੀ ਉਸਾਰੀ ਨੇ ਜਿੱਥੇ ਅਮੀਰ ਲੋਕਾਂ ਦੇ ਸਫਰ ਨੂੰ ਆਸਾਨ ਤੇ ਆਰਾਮਦਾਇਕ ਬਣਾ ਦਿੱਤਾ ਹੈ ਉਥੇ ਇਹਨਾਂ ਪੁਲਾਂ ਥੱਲੇ ਵਸਦੇ ਗਰੀਬ ਵਰਗ ਦੀ ਮਾੜੀ ਦਸ਼ਾ ਦਾ ਦ੍ਰਿਸ਼-ਵਰਣਨ ਕੌਂਕੇ ਦੀ ਕਵਿਤਾ ਇੰਝ ਕਰਦੀ ਹੈ:

ਉੱਚੇ ਉੱਚੇ ਲੰਬੇ ਪੁਲਾਂ 'ਤੇ, ਉਡੇ ਜਾ ਰਹੇ ਹਨ ਅਮੀਰ ਲੋਕ
ਤੇ ਇਹਨਾਂ ਹੀ ਪੁਲਾਂ ਥੱਲੇ, ਕੀੜਿਆਂ ਵਾਂਗ ਕੁਰਬਲ ਕੁਰਬਲ
ਕਰ ਰਹੀ ਹੈ ਗਰੀਬ ਜਨਤਾ

ਮਸ਼ੀਨੀਕਰਨ ਦੇ ਯੁੱਗ ਨੇ ਵਿਅਕਤੀ ਨੂੰ ਨਿਰੀ ਮਸ਼ੀਨ ਬਣਾ ਦਿੱਤਾ ਹੈ। ਮਸ਼ੀਨਾਂ ਨੇ ਬੰਦਿਆਂ ਦੀ ਜਗ੍ਹਾ ਲੈ ਲਈ ਹੈ, ਜਿਸ ਦਾ ਨਕਾਰਾਤਮਕ ਪ੍ਰਭਾਵ ਸਮਾਜਕ ਰਿਸ਼ਤਿਆਂ ਉੱਤੇ ਪਿਆ ਹੈ। ਰਿਸ਼ਤੇ ਗਰਜ਼ਾਂ ਦੇ ਹੁੰਦੇ ਨੇ ਤੇ ਜਦੋਂ ਗਰਜ਼ਾਂ ਮਸ਼ੀਨਾਂ ਰਾਹੀਂ ਪੂਰੀਆਂ ਕਰ ਲਈਆਂ ਜਾਣ ਤਾਂ ਬੰਦੇ ਲਈ ਬੰਦੇ ਦੀ ਅਹਿਮੀਅਤ ਦਾ ਘਟਣਾ ਅਤੇ ਸਮਾਜਕ ਰਿਸ਼ਤਿਆਂ ਦੇ ਘਾਣ ਹੋ ਜਾਣ ਦਾ ਵਰਤਾਰਾ ਇਕ ਸੁਭਾਵਕ ਜਿਹੀ ਘਟਨਾ ਬਣ ਕੇ ਰਹਿ ਗਿਆ ਹੈ। ਕੌਂਕੇ ਦੀ ਕਵਿਤਾ ਅਜਿਹੇ ਸਰਦ ਹੁੰਦੇ ਜਾ ਰਹੇ ਸਮਾਜਕ ਰਿਸ਼ਤਿਆਂ ਦਾ ਰੁਦਨਮਈ ਕਾਵਿ-ਅਭਿਵਿਅੰਜਨ ਕਰਦੀ ਹੈ:

ਕਦੇ ਸਨ ਅਤਿ ਦੇ ਪਿਆਰੇ ਜਿਹੜੇ
ਪਤਾ ਨਹੀਂ ਕੀ ਹੋਏ ਝੇੜੇ
ਬਲੈਕ ਲਿਸਟ ਵਿਚ ਤੁਰ ਗਏ ਸਭ
ਅੱਖਾਂ ਵਿਚੋਂ ਖੁਰ ਗਏ ਸਭ
ਫੋਨ ਮੇਰੇ ਦੇ ਅੰਦਰ/ਇਕ ਬਲੈਕ ਲਿਸਟ ਹੈ

ਜਗਮਗਾਉਂਦੇ ਰੌਸ਼ਨੀਆਂ ਦੇ ਦੌਰ, ਸੰਸਾਰੀਕਰਨ,ਵਿਚ ਮਨੁੱਖੀ ਮਨ ਅੰਦਰਲੇ ਹਨੇਰੇ ਹੋਰ ਗਹਿਰੇ ਹੋ ਰਹੇ ਹਨ। ਬਾਹਰੋਂ ਦੇਖਣ ਨੂੰ ਦੁਨੀਆਂ ਜਿੰਨੀ ਸੁਹਣੀ ਤੇ ਰੰਗੀਨ ਲਗਦੀ ਹੈ, ਮਨੁੱਖੀ ਮਨ ਦੀਆਂ ਡੂੰਘਾਣਾਂ ਓਨੀਆਂ ਹੀ ਗਹਿਰੀਆਂ ਤੇ ਹਨੇਰੀਆਂ ਹਨ। ਕੌਂਕੇ ਦੀ ਦ੍ਰਿਸ਼ਟੀ ਮਨੁੱਖੀ ਮਨ ਦੇ ਅਜਿਹੇ ਵਰਤਾਰੇ ਲਈ ਵਿਅਕਤੀ ਦੇ ਹੀ ਸਵੈ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ:

ਜਗਮਗ ਕਰਦਾ, ਅੱਖਾਂ ਚੰਧਿਆਉਂਦਾ, ਇਹ ਜੋ ਚਾਨਣ ਚੁਫੇਰਾ ਹੈ
ਅੰਦਰ ਝਾਕ ਕੇ ਵੇਖਾਂ ਤਾਂ ਕੋਹਾਂ ਤੀਕ ਨ੍ਹੇਰਾ ਹੈ
ਕਦੇ ਜਦ ਸੋਚਦਾ ਹਾਂ ਬੈਠ ਕੇ,ਤਾਂ ਮਹਿਸੂਸ ਇਉਂ ਹੁੰਦਾ ਕਿ ਅਸਲ ਵਿਚ
ਧੁਰ ਅੰਦਰ ਤਕ ਪੱਸਰਿਆ ਹਨੇਰਾ ਹੀ ਮੇਰਾ ਹੈ

ਕੌਂਕੇ ਮਨੁੱਖੀ ਸਵੈ ਦਾ ਪਾਰਖੂ ਕਵੀ ਹੈ। ਮਨੁੱਖੀ ਰਿਸ਼ਤਿਆਂ ਦੇ ਕੋਮਲ ਅਹਿਸਾਸਾਂ ਨੂੰ ਪਹਿਚਾਨਣ ਵਾਲਾ ਸੂਖਮਭਾਵੀ ਕਵੀ ਵੀ ਹੈ ਉਹ। ਇਸੇ ਲਈ ਉਸਦੀ ਕਾਵਿ-ਸੰਵੇਦਨਾ ਪਿਆਰ ਦੀ

ਕਰਤਾਰੀ ਸ਼ਕਤੀ ਨੂੰ ਪਹਿਚਾਣਦੀ ਹੈ ਤੇ ਜਾਣਦੀ ਹੈ ਕਿ ਪਿਆਰ ਵੀਰਾਨ ਜ਼ਿੰਦਗੀ ਵਿਚ ਵੀ ਜਿਊਣ ਦੀ ਆਸ ਜਗਾ ਦਿੰਦਾ ਹੈ। ਕਵੀ ਨੇ ਆਪਣੇ ਪਿਆਰ ਨੂੰ ਵੀ ਕਿਤੇ ਉੱਗਰ ਨਹੀਂ ਬਣਨ ਦਿੱਤਾ। ਉਹ ਪਿਆਰ ਦੇ ਝੂਠੇ ਇਜ਼ਹਾਰ ਵਿਚ ਯਕੀਨ ਨਹੀਂ ਰੱਖਦਾ ਤੇ ਨਾ ਹੀ ਪਿਆਰ ਦੇ ਅਸਫਲ ਰਹਿ ਜਾਣ ਦੀ ਸਥਿਤੀ ਵਿਚ ਖੁਦਕੁਸ਼ੀ ਕਰਨਾ ਜਾਣਦਾ ਹੈ। ਪ੍ਰੇਮਿਕਾ ਤੋਂ ਦੂਰੀ ਉਸਦੇ ਪਿਆਰ ਨੂੰ ਹੋਰ ਗਹਿਰਾ ਬਣਾਉਂਦੀ ਹੈ ਤੇ ਹੱਥਲੇ ਕਾਵਿ-ਸੰਗ੍ਰਹਿ ਦੀ ਇਕ ਕਾਵਿ-ਜੁਗਤ ਵਜੋਂ ਵੀ ਉੱਭਰਦੀ ਹੈ:

ਤੇਰੇ ਮੋਹ ਦੇ ਨੀਰ ਦੀਆਂ ਕੁਝ ਕੁ ਬੂੰਦਾਂ ਨੇ,ਇਹ ਕੀ ਕਰਾਮਾਤ ਕਰ ਦਿੱਤੀ
ਕਿ ਇਕ ਮਾਰੂਥਲ ਵਿਚ ਵੀ ਜਿਊਣ ਦੀ ਖਾਹਿਸ਼ ਭਰ ਦਿੱਤੀ

ਕੁਝ ਕੁ ਕਵਿਤਾਵਾਂ ਵਿਚ ਕਵੀ ਨੇ ਆਪਣੀ ਨਾਕਾਮ ਮੁਹੱਬਤ ਲਈ ਸਮਾਜਕ ਬੰਧਨਾਂ ਤੇ ਸੰਸਕਾਰਾਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਹੈ। ਪਰ ਚੰਗੀ ਗੱਲ ਇਹ ਕਿ ਉਸਦੀ ਅਸਫਲ ਮੁਹੱਬਤ ਮਾਨਸਿਕ ਤੇ ਭਾਵਨਾਤਮਕ ਕਮਜ਼ੋਰੀ ਨਹੀਂ ਬਣੀ ਬਲਕਿ ਇਕ ਸਿਰਜਣਾਤਮਕ ਸ਼ਕਤੀ ਬਣ ਕੇ ਕਵੀ ਦੇ ਨਾਲ ਨਾਲ ਤੁਰੀ ਹੈ:

ਕਿਤੇ ਵੀ ਹੋਵੇਂ ਭਾਵੇਂ / ਕਿੰਨੀ ਵੀ ਦੂਰ/ ਅਸੀਮ ਅਨੰਤ ਦੂਰੀ'ਤੇ
ਪਰ ਕਵਿਤਾ ਦੀ ਰੁੱਤ ਵਿਚ / ਤੂੰ ਸਦਾ ਮੇਰੇ ਕੋਲ ਹੁੰਦੀ ...

'ਗੋਰੀ ਮਿੱਟੀ' ਨਾਂ ਦੀ ਕਵਿਤਾ ਵਿਚ ਹੁਸਨ ਉੱਤੇ ਗ਼ਰੂਰ ਕਰਨ ਵਾਲਿਆਂ ਉੱਤੇ ਇਹ ਵਿਅੰਗ ਕਸਿਆ ਗਿਆ ਹੈ ਕਿ ਉਹਨਾਂ ਨੇ ਨੈਣਾਂ 'ਚ ਕਿਸੇ ਲਈ ਨਾ ਕਰੁਣਾ, ਨਾ ਮੋਹ, ਨਾ ਮੁਹੱਬਤ ਦੇ ਅਹਿਸਾਸ; ਇਥੋਂ ਤਕ ਕਿ ਕੁਦਰਤ ਦੀ ਕੋਈ ਖੂਬਸੂਰਤ ਸ਼ੈਅ ਵੀ ਉਹਨਾਂ ਨੂੰ ਪ੍ਰਭਾਵਤ ਨਹੀਂ ਕਰ ਸਕਦੀ। ਹੁਸਨ ਦੇ ਗ਼ਰੂਰ'ਚ ਮਗ਼ਰੂਰ ਅਜਿਹੇ ਮਨੁੱਖ ਸੰਵੇਦਨਾ ਵਿਹੂਣੇ ਹਨ ਜੋ ਕਵੀ ਨੂੰ ਨਿਰੀ ਮਿੱਟੀ ਹੀ ਜਾਪਦੇ ਹਨ:

ਮਿੱਟੀ ਰਹਿ ਗਈ ਉਹ, ਨਿਰੀ ਗੋਰੀ ਮਿੱਟੀ
ਆਪਣੇ ਹੁਸਨ ਦੇ ਗਰੂਰ'ਚ ਗੁੰਨ੍ਹੀ ਹੋਈ
ਸਿਰਫ ਆਪਣੇ ਆਪ ਦੀ ਪਰਿਕਰਮਾ ਕਰਦੀ

ਅੰਤ ਉੱਤੇ ਇਹ ਗੱਲ ਕਹਿਣੀ ਬਣਦੀ ਹੈ ਕਿ ਹੱਥਲੀ ਕਾਵਿ-ਪੁਸਤਕ ਕਵੀ-ਮਨ ਅੰਦਰ ਉੱਸਲਵੱਟੇ ਲੈਂਦੀਆਂ ਕਈ ਭਾਵਨਾਤਮਕ ਤੇ ਵਿਚਾਰਾਤਮਕ ਪਿਆਸਾਂ ਦਾ ਕਾਵਿਕ ਪ੍ਰਗਟਾਉ ਹੈ।

-ਚੰਦਰ ਮੋਹਨ

ਪ੍ਰਾਪਤ ਪੁਸਤਕਾਂ

ਸ਼ਬਦਾਂ ਦੀ ਸੰਸਦ (ਕਾਵਿ ਸੰਗ੍ਰਹਿ) ਲਖਵਿੰਦਰ ਜੌਹਲ
ਪੰਨੇ 92, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਖਾਲੀ ਥਾਵਾਂ (ਕਾਵਿ ਸੰਗ੍ਰਹਿ) ਅਜਾਇਬ ਸਿੰਘ ਹੁੰਦਲ
ਪੰਨੇ 88, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ

ਅਜੇ ਨਾ ਗਿਣ (ਗ਼ਜ਼ਲਾਂ) ਅਜਾਇਬ ਸਿੰਘ ਹੁੰਦਲ
ਪੰਨੇ 80, ਮੁੱਲ 120 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ

ਹਵਨ (ਗ਼ਜ਼ਲ ਸੰਗ੍ਰਹਿ) ਸੁਰਿੰਦਰ ਸੀਹਰਾ
ਪੰਨੇ 100, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਰੂਹ ਰਾਗ (ਕਾਵਿ ਸੰਗ੍ਰਹਿ) ਪ੍ਰਭਜੋਤ ਸੋਹੀ
ਪੰਨੇ 79, ਮੁੱਲ 150 ਰੁਪਏ, ਪ੍ਰਤੀਕ ਪਬਲੀਕੇਸ਼ਨਜ਼, ਰਣਜੀਤ ਨਗਰ, ਪਟਿਆਲਾ

ਰੰਗਸ਼ਾਲਾ (ਗ਼ਜ਼ਲ ਸੰਗ੍ਰਹਿ) ਰਜਵੰਤ ਸਿੰਘ ਬਾਗੜੀ
ਪੰਨੇ 110, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਉਮੀਦ (ਕਾਵਿ ਸੰਗ੍ਰਹਿ) ਧਰਮ ਕੰਮੇਆਣਾ
ਪੰਨੇ 159, ਮੁੱਲ 180 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਸੂਰਜਾਂ ਦੀ ਭਾਲ ਵਿਚ (ਗ਼ਜ਼ਲ ਸੰਗ੍ਰਹਿ) ਭੁਪਿੰਦਰ ਸੰਧੂ
ਪੰਨੇ 96, ਮੁੱਲ 100 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

ਅਹਿਕਾਰ (ਹਾਇਕੂ) ਗੁਰਮੀਤ ਸੰਧੂ
ਪੰਨੇ 117, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਸ਼ਬਦਾਂ ਦੇ ਚਿਹਰੇ (ਕਲਮੀ ਚਿਤਰ) ਰਵਿੰਦਰ ਰਵੀ
ਪੰਨੇ 216, ਮੁੱਲ 350 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਮੇਰੀਆਂ ਚੋਣਵੀਆਂ ਕਹਾਣੀਆਂ (ਕਹਾਣੀ ਸੰਗ੍ਰਹਿ) ਜਿੰਦਰ
ਪੰਨੇ 152, ਮੁੱਲ 180 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਖਾਲੀ ਖੂਹਾਂ ਦੀ ਕਥਾ (ਨਾਵਲ) ਅਵਤਾਰ ਸਿੰਘ ਬਿਲਿੰਗ
ਪੰਨੇ 292, ਮੁੱਲ 300 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਇਹ ਕੇਹਾ ਪਛਤਾਵਾ (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 125, ਮੁੱਲ 175 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਦੋ ਨਾਟਕ ਤੇ ਰੰਗਮੰਚ ਰਵਿੰਦਰ ਰਵੀ
ਪੰਨੇ 190, ਮੁੱਲ 300 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ ਵਿਗਿਆਨਕ ਵਿਸ਼ਲੇਸ਼ਣ ਡਾ. ਰਵੰਦਰ ਕੌਰ ਬੇਦੀ
ਪੰਨੇ 263, ਮੁੱਲ 400 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਅਮਰਜੀਤ ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦਾ ਸੰਕਲਪ ਹਰਵਿੰਦਰ ਢਿੱਲੋਂ
ਪੰਨੇ 148, ਮੁੱਲ 200 ਰੁਪਏ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਭਗਤੀ ਸਾਹਿਤ: ਪਰੰਪਰਾ ਤੇ ਪਰਵਾਹ ਡਾ. ਕੁਲਵੰਤ ਸਿੰਘਰਵਿੰਦਰ ਰਵੀ
ਪੰਨੇ 144, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਕੈਂਪਸ,ਅੰਮ੍ਰਿਤਸਰ

ਮਿੱਟੀ ਨਾ ਫਰੋਲ ਜੋਗੀਆ (ਕਹਾਣੀ ਸੰਗ੍ਰਹਿ) ਮੇਜਰ ਮਾਂਗਟ
ਪੰਨੇ 134, ਮੁੱਲ 175 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਖੰਡਰ (ਕਹਾਣੀ ਸੰਗ੍ਰਹਿ) ਬਲਬੀਰ ਕੌਰ ਸੰਘੇੜਾ
ਪੰਨੇ 158, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਜ਼ਿੰਦਗੀ ਦਾ ਦਰਿਆ (ਕਹਾਣੀ ਸੰਗ੍ਰਹਿ) ਜੋਗਿੰਦਰ ਸਿੰਘ ਨਿਰਾਲਾ
ਪੰਨੇ 110, ਮੁੱਲ 175 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਗ਼ਲਤ ਮਲਤ ਜ਼ਿੰਦਗੀ (ਕਹਾਣੀ ਸੰਗ੍ਰਹਿ) ਪਰਗਟ ਸਿੰਘ ਸਤੌਜ
ਪੰਨੇ 103, ਮੁੱਲ 130 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਰਾਤ ਦਾ ਚਿਹਰਾ ਤੇ ਹੋਰ ਕਹਾਣੀਆਂ ਰਾਜ ਕੁਮਾਰ ਗਰਗ. ਸੰਪਾਦਕ: ਅਨਿਲ ਸ਼ੋਰੀ
ਪੰਨੇ 280, ਮੁੱਲ 375 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਜ਼ਾਇਨਵਾਦ (ਵਾਰਤਕ) ਕੇਵਲ ਕਲੋਟੀ
ਪੰਨੇ 96, ਮੁੱਲ 65 ਰੁਪਏ, ਆਸ਼ਨਾ ਪਬਲੀਕੇਸ਼ਨਜ਼, ਪਿਪਲਾਂਵਾਲਾ, ਹੁਸ਼ਿਆਰਪੁਰ

ਚੂਰ ਚੂਰ (ਵਾਰਤਕ) ਜਸਪਾਲ ਮਾਨਖੇੜਾ
ਪੰਨੇ 105, ਮੁੱਲ 80 ਰੁਪਏ, ਪੀਪਲਜ਼ ਫੋਰਮ, ਬਰਗਾੜੀ, ਫਰੀਦਕੋਟ

ਅੱਖੀਂ ਡਿੱਠਾ ਕਿੱਸਾ ਕੀਤਾ (ਯਾਦਾਂ ਜਥੇਦਾਰ ਗੁਰਮੁਖ ਸਿੰਘ ਝੱਬਰ) ਸੰ: ਸੁਵਰਨ ਸਿੰਘ ਵਿਰਕ
ਪੰਨੇ 207, ਮੁੱਲ 225 ਰੁਪਏ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ

ਜ਼ਲਾਲਤ (ਸਵੈ ਜੀਵਨੀ) ਸਰੂਪ ਸਿਆਲਵੀ
ਪੰਨੇ 214, ਮੁੱਲ 260 ਰੁਪਏ, ਪਰਵਾਜ਼ ਪ੍ਰਕਾਸ਼ਨ, ਜਲੰਧਰ

ਕਲਮ ਕਾਫਲਾ (ਸਾਂਝੀ ਰਚਨਾ ਸਾਹਿਤ ਸਭਾ ਪਟਿਆਲਾ) ਸੰ: ਦਰਸ਼ਨ ਸਿੰਘ ਆਸ਼ਟ
ਪੰਨੇ 663, ਮੁੱਲ 650 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਪੰਜਾਬ ਦੀਆਂ ਵਿਸਰ ਰਹੀਆਂ ਖੇਡਾਂ (ਵਾਰਤਕ) ਡਾ. ਵਿਸ਼ਵ ਕੀਰਤੀ
ਪੰਨੇ 95, ਮੁੱਲ 190 ਰੁਪਏ, ਸ੍ਰੇਸ਼ਟ ਪਬਲੀਕੇਸ਼ਨ, ਪਟਿਆਲਾ

ਮਾਂ ਮੇਰੀ ਏ ਸਭ ਤੋਂ ਸੋਹਣੀ (ਬਾਲ ਕਾਵਿ) ਸਾਬੀ ਈਸਪੁਰੀ
ਪੰਨੇ 32, ਮੁੱਲ 45 ਰੁਪਏ, ਬਸੰਤ-ਸੁਹੇਲ ਪ੍ਰਕਾਸ਼ਨ, ਫਗਵਾੜਾ

ਖਾਲਸਾ ਰਾਜ ਵਤਲ ਕਦਮ ਰੁਕੇ ਕਿਉਂ(ਵਾਰਤਕ) ਮਨਜਿੰਦਰ ਸਿੰਘ ਸੋਢੀ
ਪੰਨੇ 206, ਮੁੱਲ 350 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

'ਸਿਰਜਣਾ' ਬਾਰੇ ਜਾਣਕਾਰੀ

1.	ਪ੍ਰਕਾਸ਼ਨ ਸਥਾਨ	225-ਬੀ, ਮਖਦੂਮਪੁਰਾ, ਜਲੰਧਰ
2.	ਪ੍ਰਕਾਸ਼ਨ ਕਾਲ	ਤ੍ਰੈਮਾਸਕ
3.	ਛਾਪਕ, ਪ੍ਰਕਾਸ਼ਕ ਤੇ ਮਾਲਕ	ਸੁਰਿਦਰ ਮੋਹਨ ਸਿਘ
4.	ਕੌਮੀਅਤ	ਭਾਰਤੀ
5.	ਪਤਾ	225-ਬੀ, ਮਖਦੂਮਪਰਾ, ਜਲੰਧਰ
6.	ਸੰਪਾਦਕ	ਰਘਬੀਰ ਸਿੰਘ
7.	ਕੌਮੀਅਤ	ਭਾਰਤੀ
8.	ਪਤਾ	1728, ਸੈਕਟਰ 43-ਬੀ, ਚੰਡੀਗੜ੍ਹ

ਮੈਂ, ਸਰਿਦਰ ਮੋਹਨ ਸਿਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ : 28 ਫਰਵਰੀ 2014 ਦਸਤਖਤ : ਸੁਰਿਦਰ ਮੋਹਨ ਸਿਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿਦਰ ਮੋਹਨ ਸਿਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : ਰਘਬੀਰ ਸਿੰਘ ਪ੍ਰਕਾਸ਼ਨ ਮਿਤੀ : 1 ਅਪਰੈਲ, 2014

ਪੱਤਰ

'ਕਹਾਣੀਧਾਰਾ' ਦੇ ਪਿਛਲੇ ਅੰਕ ਵਿਚ ਭਗਵੰਤ ਰਸੂਲਪੁਰੀ ਨੇ ਆਪਣੇ ਸੰਪਾਦਕੀ ਵਿਚ ਬਹੁਤ ਸਾਰੀਆਂ ਉਘ ਦੀਆਂ ਪਤਾਲ ਮਾਰੀਆਂ ਹਨ ਜਿਸ ਦਾ ਹਰੇਕ ਚੇਤਨ ਅਤੇ ਸੰਵੇਦਨਸ਼ੀਲ ਵਿਅਕਤੀ ਨੇ ਗੰਭੀਰ ਨੋਟਿਸ ਲੈਂਦਿਆਂ ਮਹਿਸੂਸ ਕੀਤਾ ਹੈ ਕਿ ਆਪਣੇ ਆਪ ਨੂੰ ਦਲਿਤ ਚਿੰਤਨ ਦੀ ਧਰੋਹਰ ਸਮਝਣ ਵਾਲ਼ੇ ਦਿਮਾਗ਼ਾਂ ਵਿਚ ਇਹ ਕੀੜਾ ਕਿੱਥੋਂ ਆ ਗਿਆ? ਭਗਵੰਤ ਰਸੂਲਪੁਰੀ ਆਪ ਇਕ ਚੰਗਾ ਕਹਾਣੀਕਾਰ ਹੈ। ਉਹਦੇ ਵਾਂਗ ਹੀ ਦੇਸ ਰਾਜ ਕਾਲੀ ਜਦੋਂ ਜੀਅ ਕਰੇ ਊਲ-ਜਲੂਲ ਪਾਠਕਾਂ ਦੇ ਮੱਥੇ ਮਾਰਦਾ ਰਹਿੰਦਾ ਹੈ। ਭਗਵੰਤ ਰਸੂਲਪੁਰੀ ਨੇ ਆਪਣੀ ਸੰਪਾਦਕੀ ਵਿਚ ਲਿਖਿਆ ਸੀ ਕਿ ਪ੍ਰਗਤੀਵਾਦੀ ਪੰਜਾਬੀ ਕਹਾਣੀ ਦਾ ਭਵਿੱਖ ਹੁਣ ਨਹੀਂ ਰਿਹਾ। ਕਿਸਾਨੀ ਜਾਂ ਹੋਰ ਕਿਰਤੀ ਵਰਗ ਨਾਲ਼ ਸੰਬੰਧਤ ਕਹਾਣੀ ਦਾ ਹੁਣ ਯੁੱਗ ਬੀਤ ਗਿਆ ਹੈ। ਭਗਵੰਤ ਰਸੂਲਪੁਰੀ ਆਪਣੀ ਸੰਪਾਦਕੀ ਵਿਚ ਅੱਗੇ ਲਿਖਦਾ ਹੈ ਕਿ ਪੰਜ ਸੱਤ ਸਾਲ ਤੋਂ ਪੰਜਾਬੀ ਕਹਾਣੀ ਖੜੋਤ ਵਿਚ ਆ ਗਈ ਹੈ। ਪੰਜਾਬੀ ਕਹਾਣੀਕਾਰ ਦਵੰਦ ਦਾ ਸ਼ਿਕਾਰ ਹੋ ਗਏ ਹਨ ਕਿ ਹੁਣ ਨਵਾਂ ਕੀ ਲਿਖਿਆ ਜਾਵੇ। ਇਸ ਦਵੰਦ ਵਿਚ ਮੇਰੇ ਸਮੇਤ ਹੋਰ ਲੇਖਕ ਫਸ ਗਏ ਹਨ। ਇਹ ਹੋਰ ਲੇਖਕ ਕੌਣ ਹਨ, ਕਿਤੇ ਇਹ ਸਾਰੇ ਭਗਵੰਤ ਰਸੂਲਪੁਰੀ ਦੇ ਖੇਮੇ ਦੇ ਲੇਖਕ ਹੀ ਤਾਂ ਨਹੀਂ, ਜੋ ਸਾਲ ਦੋ ਸਾਲ ਵਿਚ ਚਰਚਾ ਵਿਚ ਆਉਣ ਲਈ ਕੋਈ ਨਾ ਕੋਈ ਸ਼ੋਸ਼ਾ ਛੱਡਦੇ ਰਹਿੰਦੇ ਹਨ।

ਇਹ ਗੱਲ ਸੰਸਾਰ ਚਿੰਤਨ ਦਾ ਹਿੱਸਾ ਰਹੀ ਹੈ ਕਿ ਕਲਾ ਅਤੇ ਸਾਹਿਤ ਦੀ ਸਦਾ ਹੀ ਜੀਵਨ ਵਿਚ ਉਸਾਰੂ ਭੂਮਿਕਾ ਰਹੀ ਹੈ। ਸੰਸਾਰ ਇਨਕਲਾਬਾਂ ਦੇ ਦੌਰ ਵਿਚ ਸਾਹਿਤ ਅਤੇ ਕਲਾ ਨੇ ਜੋ ਭੂਮਿਕਾ ਨਿਭਾਈ ਹੈ, ਉਹ ਜੱਗ ਜਾਹਰ ਹੈ। ਇਹ ਵੀ ਸਚਾਈ ਹੈ ਕਿ ਜਦ ਸੋਵੀਅਤ ਰੂਸ ਦਾ ਪਤਨ ਹੋਇਆ ਸੀ ਤਦ ਵੀ ਕੁਝ ਕੁ ਸ਼ਾਤਰ ਕਿਸਮ ਦੇ ਚਿੰਤਕਾਂ ਨੇ ਕਿਹਾ ਸੀ ਕਿ ਇਤਿਹਾਸ, ਵਿਚਾਰ ਅਤੇ ਗਿਆਨ ਦਾ ਹੁਣ ਯੁੱਗ ਖ਼ਤਮ ਹੋ ਗਿਆ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਹੁਣ ਕੇਵਲ ਉਪਭੋਗੀ ਸੱਭਿਆਚਾਰ ਹੀ ਜੀਵਤ ਰਹੇਗਾ। ਕਾਰਪੋਰੇਟ ਜਗਤ ਨੇ ਜਿਸ ਪ੍ਰਕਾਰ ਦਾ ਮੁਨਾਫ਼ਾ ਅਧਾਰਤ ਮਾਹੌਲ ਸਿਰਜ ਕੇ ਮਾਨਵੀ ਕਦਰਾਂ ਨੂੰ ਤਹਿਸ ਨਹਿਸ ਕਰ ਛੱਡਿਆ ਹੈ, ਨੇ ਕਲਮਕਾਰਾਂ ਦੀਆਂ ਅੱਖਾਂ ਨੂੰ ਵੀ ਚੁੰਧਿਆ ਦਿੱਤਾ ਹੈ। ਇਸ ਵਰਤਾਰੇ ਤੋਂ ਪਹਿਲਾਂ ਵੀ ਕੁਝ ਕੁ ਕਲਮਾਂ ਨੇ ਵਰਜਤ ਰਿਸ਼ਤਿਆਂ ਦਾ ਵਾਅ ਵੇਲਾ ਖੜ੍ਹਾ ਕਰਨ ਵਾਲ਼ੀਆਂ ਕਹਾਣੀਆਂ ਲਿਖ ਕੇ ਵਕਤੀ ਤੌਰ 'ਤੇ ਵਾਹ-ਵਾਹ ਖੱਟਣ ਦਾ ਭਰਮ ਪਾਲ਼ਿਆ ਸੀ। ਪਰ ਉਨ੍ਹਾਂ ਦਾ ਉਹ ਜਾਦੂ ਬਹੁਤੀ ਦੇਰ ਨਹੀਂ ਸੀ ਚੱਲਿਆ ਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਪਾਠਕ ਚਿਮਟੇ ਨਾਲ਼ ਵੀ ਛੂਹਣ ਲਈ ਨਹੀਂ ਸੀ ਅਹੁਲਦਾ। ਹੋਰ ਵੀ ਕਈ ਨਵੇਂ ਕਹਾਣੀਕਾਰ ਆਪਣਾ ਸਫ਼ਰ ਹੀ ਲਿੰਗ ਸੰਬੰਧਾਂ ਦੀਆਂ ਕਹਾਣੀਆਂ ਤੋਂ ਕਰ ਕੇ ਚਰਚਾ ਵਿਚ ਆਉਣ ਦੇ ਯਤਨਾਂ ਵਿਚ ਹਨ ਪਰ ਬਹੁਤ ਥੋੜ੍ਹੇ ਸਮੇਂ ਵਿਚ ਹੀ ਉਨ੍ਹਾਂ ਦੀ ਕਲਮ ਨੂੰ ਲਕਵਾ ਮਾਰ ਜਾਂਦਾ ਹੈ।

ਭਗਵੰਤ ਰਸੂਲਪੁਰੀ ਆਪਣੀ ਜੋਤਿਸ਼ ਵਿਦਿਆ ਦੇ ਬਲ ਅਗਲੀ ਭਵਿੱਖਬਾਣੀ ਕਰਦਾ ਹੈ-"ਮੈਨੂੰ ਲਗਦਾ ਹੈ ਪੰਜਾਬੀ ਕਹਾਣੀ ਵਿਚ ਵਰਜਿਤ ਰਿਸ਼ਤਿਆਂ ਨੂੰ ਲੈ ਕੇ ਕਹਾਣੀ ਦਾ ਰੁਝਾਨ ਵਧੇਗਾ। ਪਿਉ-ਧੀ, ਭੈਣ-ਭਰਾ, ਸਹੁਰਾ-ਨੂੰਹ, ਦਿਉਰ-ਭਰਜਾਈ, ਜੇਠ-ਛੋਟੀ ਭਰਜਾਈ, ਪ੍ਰੇਮੀ-ਪ੍ਰੇਮਕਾ ਦੇ ਵਰਜਿਤ ਸੰਬੰਧਾਂ ਨੂੰ ਲੈ ਕੇ ਵੱਡੀ ਪੱਧਰ 'ਤੇ ਕਹਾਣੀ ਲਿਖੀ ਜਾਵੇਗੀ। ਨੈਤਿਕਤਾ ਦੀ ਦੁਹਾਈ ਪਾ ਕੇ ਸਾਡੀ ਪਹਿਲੀ ਪੀੜ੍ਹੀ ਦੇ ਕਹਾਣੀਕਾਰ ਇਨ੍ਹਾਂ ਰਿਸ਼ਤਿਆਂ ਦੇ ਇਰਦ ਗਿਰਦ ਰਚੀ ਕਹਾਣੀ ਨੂੰ ਨਿੰਦਦੇ ਰਹੇ ਹਨ। 'ਕਹਾਣੀਧਾਰਾ' ਦੇ ਇਸ ਅੰਕ ਵਿਚ ਪੰਜਾਬੀ ਦੇ ਕਹਾਣੀਕਾਰਾਂ ਨੇ ਇਨ੍ਹਾਂ ਰਿਸ਼ਤਿਆਂ ਨੂੰ ਲੈ ਕੇ ਵਰਜਿਤ ਸਬੰਧਾਂ ਦੀਆਂ ਕਹਾਣੀਆਂ ਲਿਖੀਆਂ ਹਨ।...ਨੈਤਿਕਤਾ ਦੇ ਮਾਪਦੰਡ ਵੀ ਟੁੱਟ ਰਹੇ ਹਨ।" ਇਸ ਦਾ ਸਿੱਧਾ

ਹੀ ਅਰਥ ਇਹ ਬਣਦਾ ਹੈ ਕਿ ਹੁਣ ਸਾਨੂੰ ਨੈਤਿਕ ਕਦਰਾਂ-ਕੀਮਤਾਂ ਦੀ ਦੁਹਾਈ ਨਹੀਂ ਦੇਣੀ ਚਾਹੀਦੀ, ਬਲਕਿ ਖੁੱਲ੍ਹੇ ਆਮ ਅਨਾਰਕੀ ਪੈਦਾ ਕਰਨ ਵਾਲ਼ੀਆਂ ਕਹਾਣੀਆਂ ਦੀ ਵਕਾਲਤ ਕਰਨੀ ਚਾਹੀਦੀ ਹੈ।

ਇਹ ਹਨ ਸਾਡੇ ਭਗਵੰਤ ਰਸੂਲਪੁਰੀ ਦਲਿਤ ਚਿੰਤਨ ਦੇ ਝੰਡਾ ਬਰਦਾਰ। ਉਨ੍ਹਾਂ ਨੇ ਹੋਰ ਵੀ ਮਾਹਰਕਾ ਮਾਰਿਆ ਹੈ ਕਿ ਸਾਰੀਆਂ ਹੀ ਕਹਾਣੀਆਂ ਵਰਜਿਤ ਰਿਸ਼ਤਿਆਂ ਦੀਆਂ ਪਰਚੇ ਵਿਚ ਛਾਪ ਕੇ ਨੈਤਿਕਤਾ ਦੀ ਰਖਵਾਲੀ ਕਰਨ ਦਾ ਨੇਕ ਕਾਰਜ ਕਰ ਵਿਖਾਇਆ ਹੈ। ਹੋਰ ਵੇਖੋ ਭਗਵੰਤ ਰਸੂਲਪੁਰੀ ਕਲਮਕਾਰਾਂ ਨੂੰ ਸੱਦਾ ਦਿੰਦੇ ਹਨ ਕਿ ਪੂੰਜੀਵਾਦੀ ਦੌਰ ਵਿਚ ਬੰਦੇ ਦੀ ਬਦਲਦੀ ਮਾਨਸਿਕਤਾ ਪਿੱਛੇ ਛੁਪੇ ਕਾਰਨਾਂ ਨੂੰ ਨਵੀਂ ਕਹਾਣੀ ਨੇ ਫੜਨਾ ਹੈ। ਯਾਨੀ ਹੁਣ ਲੇਖਕਾਂ ਦੇ ਕਰਨ ਗੋਚਰਾ ਸਿਰਫ਼ ਇਕ ਕਾਰਜ ਰਹਿ ਗਿਆ ਹੈ ਕਿ ਉਹ ਬੰਦੇ ਦੀ ਉਸ ਮਾਨਸਿਕਤਾ ਨੂੰ ਫੜਨ ਦਾ ਯਤਨ ਕਰਨ, ਜਦੋਂ ਪਿਉ ਧੀ ਨੂੰ, ਚਾਚਾ ਭਤੀਜੀ ਨੂੰ, ਮਾਮਾ ਭਾਣਜੀ ਨੂੰ ਤੇ ਸਕਾ ਭਾਈ ਸਕੀ ਭੈਣ ਆਦਿ ਨੂੰ ਭੋਗਦਾ ਹੈ।

ਮੈਂ ਆਪਣੇ ਇਸ ਪੱਤਰ ਰਾਹੀਂ ਭਗਵੰਤ ਰਸੂਲਪੁਰੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਮੇਰੀ ਕਹਾਣੀ 'ਕੈਲੂਫਰੋਨੀਆਂ' ਪੜ੍ਹ ਲਵੇ। ਲਾਲ ਸਿੰਘ ਦੀਆਂ ਕਹਾਣੀਆਂ ਉੱਤੇ ਸਰਸਰੀ ਝਾਤ ਮਾਰ ਲਵੇ। ਸਾਡੇ ਇੱਥੇ ਬਠਿੰਡੇ ਦਾ ਹੋਣਹਾਰ ਕਹਾਣੀਕਾਰ ਹੈ ਜਸਪਾਲ ਮਾਨਖੇੜਾ, ਉਸ ਦੇ ਦੋ ਕਹਾਣੀ ਸੰਗ੍ਰਹਿ ਆਏ ਹਨ 'ਅਣਗਿਣਤ ਵਰ੍ਹਾ' ਅਤੇ 'ਬਸਰੇ ਦੀ ਲਾਮ', ਉਹ ਪੜ੍ਹ ਲਵੇ। ਮੈਂ ਆਪਣੀਆਂ ਹੋਰ ਕਹਾਣੀਆਂ ਦਾ ਜ਼ਿਕਰ ਨਹੀਂ ਕਰਦਾ ਜੋ ਪਿਛਲੇ ਦੌਰ ਵਿਚ ਛਪਦੀਆਂ ਰਹੀਆਂ ਹਨ। ਮੈਂ ਆਪਣੇ ਬਾਰੇ ਕੋਈ ਫੜ੍ਹ ਤਾਂ ਨਹੀਂ ਮਾਰਨਾ ਚਾਹੁੰਦਾ ਪਰ ਮੇਰੀ ਕਹਾਣੀ 'ਕੈਲੂਫਰੋਨੀਆਂ' ਪੜ੍ਹ ਲੈਣੀ ਚਾਹੀਦੀ ਹੈ ਭਗਵੰਤ ਰਸੂਲਪੁਰੀ ਨੂੰ। 'ਕੰਧਾਂ 'ਤੇ ਲਿਖੀ ਇਬਾਰਤ' ਅਤੇ 'ਰੱਬ ਦਾ ਕਤਲ' ਆਦਿ ਵੱਲ ਸਰਸਰੀ ਨਿਗਾਹ ਹੀ ਮਾਰ ਲਵੇ। ਕਹਾਣੀ ਕੋਲੋਂ ਵਿਸ਼ੇ ਮੁੱਕੇ ਨਹੀਂ ਵਿਸ਼ਿਆਂ ਵੱਲ ਵਿਗਿਆਨਕ ਨਜ਼ਰੀਏ ਤੋਂ ਵੇਖਣ ਦੀ ਜ਼ਰੂਰਤ ਹੈ। ਪਤਾ ਨਹੀਂ ਇਨ੍ਹਾਂ ਜਲੰਧਰੀਆਂ ਨੂੰ ਦੂਜੇ ਤੀਜੇ ਕੀ ਹੋ ਜਾਂਦਾ ਹੈ, ਨਵਾਂ ਸ਼ੋਸ਼ਾ ਛੱਡੀ ਰੱਖਦੇ ਨੇ। ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਡੈੱਡ ਲਾਈਨ' ਦੀ ਜਦ ਹਰ ਪਾਸੇ ਚਰਚਾ ਹੋਈ ਤਾਂ ਉਸ ਨੇ ਵੀ ਧੜਾ-ਧੜ ਵਰਜਤ ਰਿਸ਼ਤਿਆਂ ਦੀਆਂ ਕਹਾਣੀਆਂ ਲਿਖੀਆਂ ਸਨ, ਪਰ ਬਾਅਦ ਵਿਚ ਅਗਾਂਹਵਧੂ ਹਲਕਿਆਂ ਵਿਚ ਉਸ ਦੀਆਂ ਕਹਾਣੀਆਂ ਦੀ ਤੋਇ ਤੋਇ ਹੀ ਹੋਈ। ਵੀਨਾ ਵਰਮਾ ਇਕ ਹੋਰ ਕਹਾਣੀਕਾਰਾ ਆਈ ਜਿਸ ਨਿਰੋਲ ਲਿੰਗ-ਸੰਬੰਧਾਂ ਨੂੰ ਲੈ ਕੇ ''ਬੇਬਾਕ ਕਹਾਣੀਆਂ'' ਲਿਖੀਆਂ। ਵੇਖਿਆ ਜਾ ਸਕਦਾ ਹੈ ਕਿ ਉਸਦਾ ਜਾਦੂ ਵੀ ਟੁੱਟ ਚੁੱਕਾ ਹੈ। ਕੌਣ ਯਾਦ ਕਰਦਾ ਹੈ ਵੀਨਾ ਵਰਮਾ ਨੂੰ। ਔਰਤ-ਮਰਦ ਦੇ ਰਿਸ਼ਤੇ ਉਪਰ ਲਿਖੀ ਕਹਾਣੀ ਜੇਕਰ ਸਾਮੰਤੀ ਕਦਰਾਂ-ਕੀਮਤਾਂ ਉਪਰ ਸੱਟ ਨਹੀਂ ਮਾਰਦੀ ਤੇ ਕੇਵਲ ਸਰੀਰਕ ਉਤੇਜਨਾ ਦੀਆਂ ਬਾਤਾਂ ਹੀ ਪਾਉਂਦੀ ਹੈ ਤਾਂ ਉਹ ਘੱਟੋ ਘੱਟ ਸਮਾਜ ਦੇ ਕੰਮ ਦੀ ਚੀਜ਼ ਨਹੀਂ ਹੈ।

ਇਸੇ ਤਰ੍ਹਾਂ ਹੋਰ ਕਹਾਣੀਕਾਰ ਵੀ ਸਾਹਮਣੇ ਆ ਜਾਣਗੇ। ਇਸੇ ਤਰ੍ਹਾਂ ਕਹਾਣੀਕਾਰਾ ਤਰਸਪਾਲ ਕੌਰ ਹੈ, ਕੇਸਰਾ ਰਾਮ ਹੈ ਅਤੇ ਸੱਭਿਆਚਾਰ ਦੀਆਂ ਪੈੜਾਂ ਪੜਤਾਲਦੀ ਹੋਣਹਾਰ ਲੇਖਕਾ ਪਰਮਜੀਤ ਕੌਰ ਸਰਹਿੰਦ ਦਾ ਵੀ ਜ਼ਿਕਰ ਕਰਨਾ ਵਾਜਬ ਸਮਝਦਾ ਹਾਂ, ਜੋ ਨਰੋਈਆਂ ਕਦਰਾਂ ਨੂੰ ਹੁਲਾਰਾ ਦੇਣ ਦਾ ਯਤਨ ਕਰ ਰਹੀਆਂ ਹਨ। ਹੋਰ ਕਹਾਣੀਕਾਰਾ ਵੀ ਹੋ ਸਕਦੀਆਂ ਹਨ। ਬਲਦੇਵ ਨੇ ਵੀ ਕਹਾਣੀਆਂ ਲਿਖੀਆਂ ਹਨ ਪਰ ਮੇਰੀ ਜਾਚੇ ਇਕ ਵੀ ਕਹਾਣੀ ਵਰਜਿਤ ਸਬੰਧਾਂ ਦੀ ਨਹੀਂ ਲਿਖੀ। ਮੈਂ ਇਹ ਮੰਨਣ ਨੂੰ ਤਿਆਰ ਹਾਂ ਕਿ ਸਾਡੀ ਕਲਮ ਦੀ ਤੋਰ ਮੱਧਮ ਪੈ ਗਈ ਹੈ ਪਰ ਇਸ ਦਾ ਇਹ ਹਰਗਿਜ਼ ਮਤਲਬ ਨਹੀਂ ਕਿ ਸਾਡੇ ਕੋਲ ਹੁਣ ਕਹਾਣੀ ਦੇ ਵਿਸ਼ੇ ਨਹੀਂ ਰਹੇ। ਇਸ ਵਿਚ ਵੀ ਕਈ ਸ਼ੱਕ ਨਹੀਂ ਕਿ ਅਸੀਂ ਲੋਕ ਪਿੰਡਾਂ 'ਚੋਂ

ਸ਼ਹਿਰਾਂ ਵਿਚ ਆ ਵਸੇ ਹਾਂ। ਸਾਡਾ ਨਾ ਤਾਂ ਸ਼ਹਿਰੀਕਰਨ ਹੋਇਆ ਹੈ ਤੇ ਨਾ ਹੀ ਅਸੀਂ ਪਿੰਡਾਂ ਨਾਲੋਂ ਟੁੱਟੇ ਹਾਂ। ਵਿਚ-ਵਿਚਾਲੇ ਲਟਕਣ ਵਾਲ਼ੀ ਅਵਸਥਾ ਦਾ ਇਹ ਵੀ ਅਰਥ ਨਹੀਂ ਬਣਦਾ ਕਿ ਹੁਣ ਸਾਡੇ ਕੋਲ਼ ਕੋਈ ਵਿਸ਼ਾ ਨਹੀਂ ਰਿਹਾ। ਜਨਵਰੀ-ਮਾਰਚ 2014 ਦੇ 'ਸਿਰਜਣਾ' ਅੰਕ ਵਿਚ ਤਿੰਨ ਕਹਾਣੀਆਂ ਛਪੀਆਂ ਹਨ, ਤਿੰਨੋ ਕਹਾਣੀਆਂ ਭਗਵੰਤ ਰਸੂਲਪੁਰੀ ਦੇ ਵਿਚਾਰਾਂ ਦੀ ਹਾਮੀ ਨਹੀਂ ਭਰਦੀਆਂ। ਇਨ੍ਹਾਂ ਕਹਾਣੀਆਂ ਵਿਚੋਂ ਮੈਂ ਉਚੇਚੇ ਤੌਰ 'ਤੇ ਗੁਰਦਿਆਲ ਦਲਾਲ ਦੀ ਕਹਾਣੀ 'ਜਿੱਲ੍ਹਣ' ਦੀ ਗੱਲ ਕਰਨੀ ਚਾਹਾਂਗਾ। ਲੇਖਕ ਨੇ ਜਾਤੀ-ਪਾਤੀ ਵਿਵਸਥਾ ਦੀ ਰਹਿੰਦ-ਖੂੰਹਦ ਦੇ ਬਰੀਕ ਯਥਾਰਥ ਨੂੰ ਜਿਵੇਂ ਹੱਥ ਪਾਇਆ ਹੈ ਤੇ ਉਸ ਨੂੰ ਬਾ-ਖੂਬੀ ਨਿਭਾਇਆ ਹੈ, ਦਾਦ ਦੇਣੀ ਬਣਦੀ ਹੈ। ਨਾਇਕ ਜੋ ਕਿ ਦਲਿਤ ਸਮਾਜ ਵਿਚੋਂ ਉੱਚਾ ਉੱਠਿਆ ਉੱਚੀ ਪਦਵੀ ਤੋਂ ਸੇਵਾ ਮੁਕਤ ਹੋਇਆ ਹੈ, ਪਰ ਉਸ ਨੇ ਜੜ੍ਹਾਂ ਨਹੀਂ ਛੱਡੀਆਂ। ਦੂਜੇ ਪਾਸੇ ਜੱਟ ਜਿਸ ਕੋਲ ਜ਼ਮੀਨ ਦਾ ਓਰਾ ਤਾਂ ਰਿਹਾ ਨਹੀਂ ਪਰ ਧੌਣ ਵਿਚੋਂ ਜੱਟਵਾਦ ਵਾਲ਼ਾ ਕਿੱਲਾ ਨਹੀਂ ਨਿਕਲਿਆ ਦੀ ਬਹੁਤ ਹੀ ਮਾਰਮਿਕ ਕਹਾਣੀ ਰਚ ਵਿਖਾਈ ਹੈ ਗੁਰਦਿਆਲ ਦਲਾਲ ਨੇ। ਮੁੰਡਿਉ ਮੈਂ ਤੁਹਾਨੂੰ ਕੱਲ੍ਹ ਦੇ ਛੋਕਰੇ ਤਾਂ ਨਹੀਂ ਕਹਿੰਦਾ ਪਰ ਇਹ ਜ਼ਰੂਰ ਕਹਾਂਗਾ ਕਿ ਧਰਤੀ ਤੋਂ ਪੈਰ ਤਹਾਂ ਨਾ ਚੁੱਕੋ। ਧਰਤੀ 'ਤੇ ਟਿਕਾਈ ਰੱਖੋ। ਤੁਸੀਂ ਘਚੋਲ਼ਾ ਤਾਂ ਪਾ ਸਕਦੇ ਹੋ ਪਰ ਇਸ ਤਰ੍ਹਾਂ ਦੀਆਂ ਲਿਖਤਾਂ ਨਾਲ਼ ਸਾਹਿਤ ਅਤੇ ਸਮਾਜ ਦੇ ਆਪਸੀ ਰਿਸ਼ਤੇ ਦੀ ਤਰਜਮਾਨੀ ਨਹੀਂ ਕਰ ਰਹੇ ਹੋਵੋਗੇ।

-ਅਤਰਜੀਤ, ਬਠਿੰਡਾ

ਸਿਰਜਣਾ-171 ਪੜ੍ਹਿਆ ਵੀ ਹੈ, ਮਾਣਿਆ ਵੀ ਹੈ, ਵਿਚਾਰਿਆ ਵੀ ਹੈ। ਕੁਝ ਅਨੁਭਵ ਸਾਂਝੇ ਕਰਨ ਦੀ ਖੁਲ੍ਹ ਲੈ ਰਿਹਾ ਹਾਂ। 0 ਬਲਜੀਤ ਬਾਸੀ ਦੀ 'ਬਿਪਰਨ ਕੀ ਰੀਤ' ਭਾਸ਼ਾ ਵਿਆਕਰਣ ਦਾ ਇਕ ਲਾਹੇਵੰਦਾ ਚੈਪਟਰ ਹੈ। ਪਤਾ ਲਗਦਾ ਹੈ ਕਿ ਧਾਰਮਿਕ ਅੰਧ ਵਿਸ਼ਵਾਸ ਕਿਵੇਂ ਅਰਥਾਂ ਦੇ ਅਨਰਥ ਨਾਲ ਭਾਸ਼ਾ ਨਾਲ ਹੀ ਨਹੀਂ, ਚਿੰਤਨ ਨਾਲ ਵੀ ਅਨਿਆ ਕਰ ਜਾਂਦਾ ਹੈ। ਵੱਡੀਆਂ ਕਲਗੀਆਂ ਵਾਲੇ ਗੁਰਮੁਖ ਪਿਆਰੇ ਬਲਜੀਤ ਬਾਸੀ ਦੇ ਕਟਹਿਰੇ ਵਿਚ ਖੜ੍ਹੇ ਹਨ। ਗੱਲ ਦਿਲਸਚਪ ਵੀ ਹੈ ਤੇ ਗਿਆਨਵਰਧਕ ਵੀ। 0 ਸੁਜੀਤ ਹਾਂਸ ਚਿੰਤਨ ਦੀ ਦੁਨੀਆਂ ਦਾ ਸਿਰਕੱਢ ਨਾਂ ਹੈ; ਪਰ 'ਸਾਮਰਾਜ ਦਾ ਮਿਥਿਹਾਸ' ਵਾਂਗ ਹੀ ਗੋਲਮੋਲ ਹੈ। ਗਿਆਨ ਹੈ; ਪਰ ਗਿਆਨ ਦੇ ਫੁੱਲ ਜਿਵੇਂ ਭਰੂ ਭਰੂ ਕੇ ਖਿਲਾਰ ਸੁੱਟੇ ਹੋਣ। ਭਾਸ਼ਾਈ ਖਿਚੜੀ 'ਚੋਂ ਮਾਂਹ, ਮੋਠ ਪਛਾਨਣ ਲੱਗਿਆਂ ਦਿੱਕਤ ਪੇਸ਼ ਆਉਂਦੀ ਹੈ। ਹੋ ਸਕਦਾ ਹੈ, ਮੈਂ ਹੀ ਅਲਪ ਬੁੱਧੀ ਹੋਣ ਕਰਕੇ 'ਗਾਹ' 'ਚ ਫਸ ਗਿਆ ਹੋਵਾਂ। 0 ਬਲਦੇਵ ਸਿੰਘ ਲੰਡਨ ਦੀ ਕਹਾਣੀ 'ਸਾਂਝਾਂ ਪਿਆਰ ਦੀਆਂ' ਸੱਚੀ ਸੁੱਚੀ ਪਿਆਰੀ ਰਚਨਾ ਹੈ। ਬਾਲ-ਪ੍ਰੀਤ ਕੁਲ ਆਲਮ ਦੀ ਪ੍ਰੀਤ ਬਣਕੇ ਧੁਰ ਹਿਰਦੇ ਤਕ ਲਹਿ ਜਾਂਦੀ ਹੈ। ਨਿੱਕੀ ਜਿਹੀ ਫੈਂਟਸੀ ਦੀ ਪਾਹ ਇਹਨੂੰ ਹੋਰ ਵੀ ਪਿਆਰੀ ਰਚਨਾ ਬਣਾ ਜਾਂਦੀ ਹੈ। ਇਹ ਸੁੱਚਾ ਸਾਹਿਤ ਹੈ, ਜਿਹਨੂੰ ਬਾਰ ਬਾਰ ਪੜ੍ਹਿਆਂ ਮਨ-ਮਸਤਕ ਨੂੰ ਸਕੂਨ ਮਿਲਦਾ ਹੈ। 0 ਰਤਨ ਸਿੰਘ ਦੀ ਕਹਾਣੀ 'ਸੋਚਣ ਵਾਲੀ ਗੱਲ' ਇਕ ਅਰਥ ਭਰਪੂਰ ਮਨੋਵਿਸ਼ਲੇਸ਼ਨ ਹੈ। ਕਰਮੋ ਤਾਂ ਇਕ ਚਿੰਨ੍ਹ ਹੈ ਉਦਮ ਦਾ, ਸੁਹਜ ਦਾ , ਮਿਹਨਤ ਦਾ, ਹਿਰਦੇ ਦੀ ਸੁੰਦਰਤਾ ਦਾ; ਪਰ ਮਨੁੱਖ ਦੇ ਹਿਰਦੇ ਵਿਚ ਵਸਿਆ ਸ਼ੈਤਾਨ, ਪੈਰ ਪੈਰ 'ਤੇ ਖੁੱਤੀ 'ਚ ਮੂਤਦਾ, ਜੀਵਨ ਦੀ ਸਾਰੀ ਖੇਡ ਹੀ ਪਲੀਤ ਕਰੀ ਜਾਂਦਾ ਹੈ। ਇਕੇ ਕਹਾਣੀ ਦੇ ਵਿਚ ਕਈ ਕਹਾਣੀਆਂ, ਪਰਤ-ਦਰ-ਪਰਤ ਮਨੁੱਖੀ ਮਨੋ ਵਿਸ਼ਲੇਸ਼ਨ, ਇਕ ਹੰਢੀ ਹੋਈ ਕਲਮ ਦਾ ਕ੍ਰਿਸ਼ਮਾ ਹੈ। 0 'ਉਹ ਚਿੜੀ ਨਹੀਂ ਸੀ' ਜੋਗੇ ਭੰਗਲ ਦੀ ਕਹਾਣੀ ਪੂਰਵ ਨਿਸਚਤ ਧਾਰਨਾ ਵੱਲ ਸੇਧਤ ਰਚਨਾ ਹੈ। ਆਦਰਸ਼ਵਾਦੀ ਸੋਚ ਵਾਸਤਵਿਕਤਾ 'ਤੇ ਭਾਰੂ ਹੁੰਦੀ ਲਗਦੀ ਹੈ। 0 ਗੁਰਦਿਆਲ ਦਲਾਲ ਕਥਾਕਾਰੀ ਵਿਚ ਇਕ ਸੁਪ੍ਰਸਿੱਧ ਨਾਂ ਹੈ। ਕਹਾਣੀ 'ਜਿਲ੍ਹਣ' ਰਾਹੀਂ ਉਹਨੇ ਜੱਟ ਮਾਨਸਿਕਤਾ ਦੇ

ਮਿਥ ਦੇ ਬਖੀਏ ਉਧੇੜੇ ਹਨ। ਜੱਟ ਹਉਮੈਂ, ਜਟਕੀ ਹੈਂਕੜ, ਜਟਕਾ ਫ੍ਰੈਂਗੜਪੁਣਾ ਸਭ ਯਥਾਰਥ ਹੈ। ਜੱਟ ਮਰਿਆ ਮਰਿਆ ਵੀ ਬਾਕੀ ਜਾਤਾਂ ਨੂੰ ਕੰਮੀ ਕਮੀਣ ਤੋਂ ਵੀ ਅੱਗੇ ਲੰਘ ਕੇ ਕਮੀਣੇ ਤੇ ਹੋਰ ਇਹੋ ਜਿਹਾ ਕੁਝ ਸਮਝਦਾ ਆਇਆ ਹੈ, ਅਜੇ ਵੀ ਸਮਝਦਾ ਹੈ ਸਭ ਸੱਚ ਹੈ। ਪਰ, ਗੁਰਦਿਆਲ ਦਲਾਲ ਨੂੰ ਵੀ ਇਸ ਗੱਲ ਦਾ ਪੱਕਾ ਪਤਾ ਹੋਵੇਗਾ ਕਿ ਨੰਗਾ ਚਿੱਟਾ ਪਰਚਾਰ ਚੰਗਾ ਸਾਹਿਤ ਨਹੀਂ ਬਣਦਾ, ਨਿਰਾ ਡਾਂਗ ਸੋਟਾ ਟਕਰਾਉ ਦਾ ਕਾਰਣ ਬਣ ਜਾਇਆ ਕਰਦਾ ਹੈ, ਨਿਰਾ ਗੁੱਝ ਗਲ੍ਹਾਟ ਸਾੜੇ ਕੀਨੇ ਦੀ ਭਾਸ਼ਾ ਬਣ ਜਾਇਆ ਕਰਦਾ ਹੈ। ਲੰਮੀਆਂ ਬਾਤਾਂ ਪਾਉਣ ਨਾਲੋਂ ਨਿਰੀ ਚੰਦਾ ਸਿੰਘ ਦੀ ਵਾਰਤਾ ਕੱਥ ਦਿੱਤੀ ਜਾਂਦੀ ਤਾਂ ਕਹਾਣੀ ਵਧੇਰੇ ਅਸਰਦਾਰ ਸਾਬਤ ਹੁੰਦੀ। 0 ਕਵਿਤਾਵਾਂ ਥੋੜ੍ਹੀਆਂ ਹਨ ਪਰ ਖਰੀਆਂ ਹਨ। ਰਵਿੰਦਰ ਰਵੀ ਦਾ 'ਸਥਿਤੀਮੂਲਕ ਸਵੈ-ਚਿਤਰ' ਗੂੜ੍ਹ ਗਿਆਨ ਭਰਿਆ ਹੈ। ਸਰਬਜੀਤ ਕੌਰ ਦੀਆਂ ਕਵਿਤਾਵਾਂ ਵਿਚਾਰਾਂ ਨੂੰ ਟੁੰਬਦੀਆਂ ਹਨ। ਹਰਪ੍ਰੀਤ ਕੌਰ ਦੀ ਕਵਿਤਾ ਤੱਥ ਵਰੋਲਦੀ ਹੈ। ਇਹ ਸੱਚ ਹੈ ਕਿ ਅੱਜ ਦੀ ਕਵਿਤਾ ਭਾਵੁਕ 'ਦੁੱਧ ਦੇ ਉਬਾਲ' ਦੀ ਬਜਾਏ ਬੌਧਿਕ ਵਿਚਾਰਸ਼ੀਲਤਾ ਵੱਲ ਵਧੇਰੇ ਰੁਚਿਤ ਹੈ। 0 ਸੰਪਾਦਕੀ 'ਪੰਜਾਬ ਸੰਤਾਪ' ਬਾਰੇ ਡੂੰਘੇ ਦਰਦ ਨਾਲ ਓਤ ਪੋਤ ਹੈ। ਇਸ ਵਿਚਲੀ ਪੰਜਾਬ ਪ੍ਰਤੀ ਸੁਹਿਰਦਤਾ ਪ੍ਰਤੱਖ ਹੈ। ਬਿਨਾਂ ਸ਼ੱਕ ਇਸ ਸਾਰੀ ਸਮੱਸਿਆ ਨੂੰ ਨਿਰਪੱਖਤਾ ਨਾਲ ਸੋਚਿਆ ਵਿਚਾਰਿਆ ਗਿਆ ਹੈ। ਸੰਤਾਲੀ ਹੈ ਜਾਂ ਚੌਰਾਸੀ, ਇਹਨਾਂ ਦੀ ਜੜ ਮੁਨਿਆਦ ਤਾਂ ਮਜ਼ਹਬੀ ਬੁਖਾਰ ਹੀ ਹੈ। ਗਰਮ ਖਿਆਲੀਏ 'ਧਰਮੀ' ਲੋਕ, ਅੱਗ ਦੇ ਗੋਲ਼ੇ, ਹਮੇਸ਼ਾ ਭਾਂਬੜ ਬਾਲਣ ਨੂੰ ਤਿਆਰ ਰਹਿੰਦੇ ਹਨ। ਧਰਮ ਤੇ ਧਾਰਮਿਕ ਕੱਟੜਤਾ ਹੀ ਸਾਰੇ ਪੁਆੜਿਆਂ ਦੀ ਜੜ ਹੈ। ਸਾਨੂੰ ਆਪਣੀ ਆਪਣੀ ਪੀੜ ਤਾਂ ਨਜ਼ਰੀਂ ਆਉਂਦੀ ਹੈ; 'ਪੀੜ ਪਰਾਈ' ਤਾਂ ਸ਼ਾਇਦ ਸਾਡਾ ਮਨੋਰੰਜਨ ਬਣ ਜਾਂਦੀ ਹੈ। ਅਸੀਂ ਚੌਰਾਸੀ ਦੇ ਦੰਗਿਆਂ ਬਾਰੇ ਤਾਂ ਕੁਰਲਾਉਂਦੇ ਹਾਂ. ਬਿਲਕੁਲ ਸੱਚੇ ਹੀ ਕੁਰਲਾਉਂਦੇ ਹਾਂ; ਪਰ ਉਹ ਜਿਨ੍ਹਾਂ ਨੂੰ ਇਸ ਕਰਕੇ ਬੱਸਾਂ 'ਚੋਂ ਕੱਢ ਕੱਢ ਕੇ ਮਾਰਿਆ ਜਾਂਦਾ ਰਿਹਾ ਹੈ ਕਿ ਉਹਨਾਂ ਦੇ ਸਿਰ 'ਤੇ ਪੱਗ ਨਹੀਂ, ਨਾਲ ਦੀ ਨਾਲ ਉਹਨਾਂ ਲਈ ਵੀ 'ਹਾਅ' ਦਾ ਨਾਅਰਾ ਮਾਰ ਛੱਡਿਆ ਕਰੀਏ। ਦੁੱਖ ਦੀ ਗੱਲ ਤਾਂ ਇਹ ਹੈ ਕਿ ਇਸ ਵਿਗਿਆਨਕ ਯੁਗ ਵਿਚ ਵੀ ਸਾਡੇ ਆਲ਼ੇ ਦੁਆਲ਼ੇ ਧਾਰਮਿਕ ਕੱਟੜਤਾ ਦਾ ਪਰਚਾਰ ਦਿਨੋਂ ਦਿਨ ਵਧ ਰਿਹਾ ਹੈ। ਧਾਰਮਿਕ ਕਰਮ-ਕਾਂਡਾਂ ਦੀ, ਸ਼ਰ੍ਹਾ ਸ਼ਰੀਅਤਾਂ ਦੀ ਚੜ੍ਹਤ ਜ਼ੋਰਾਂ 'ਤੇ ਹੈ। ਨਾ ਅਕਲਾਂ ਵਾਲਿਆਂ ਦੀ ਕੋਈ ਪੇਸ਼ ਜਾਂਦੀ ਹੈ, ਨਾ ਕਲਮਾਂ ਵਾਲਿਆਂ ਦੀ ਕੋਈ ਸੁਣੀਂਦੀ ਹੈ। ਬਹੁਤ ਕਲਮਾਂ ਵਾਲੇ ਤਾਂ ਖੁਦ ਵੀ ਮਜ਼ਹਬੀ ਜਾਂ ਸਿਆਸੀ ਟੁੱਕਰ-ਬੋਚ ਹੀ ਬਣੇ ਪਏ ਹਨ।

-ਧਿਆਨ ਸਿੰਘ ਸ਼ਾਹ ਸਿਕੰਦਰ, ਸੰਪਾਦਕ ਰੂਪਾਂਤਰ, ਦੀਨਾ ਨਗਰ

ਸਿਰਜਣਾ-171 ਵਿਚ ਗੁਰਦਿਆਲ ਦਲਾਲ ਦੀ ਕਹਾਣੀ 'ਜਿਲ੍ਹਣ' ਵਿਸ਼ੇ ਪੱਖੋਂ ਬਹੁਤ ਚੰਗੀ ਲੱਗੀ। ਪਿੱਛੜੇ ਸਮਾਜ ਦੀ ਤਰੱਕੀ ਅਤੇ ਕਥਿਤ ਵੱਡੀਆਂ ਜਾਤਾਂ ਦੀ ਹਉਮੈਂ ਦੇ ਭਰਮ ਦਾ ਅੰਤਰ-ਵਿਰੋਧ ਬਾਖੂਬੀ ਪੇਸ਼ ਕੀਤਾ ਗਿਆ ਹੈ। ਕਹਾਣੀ ਪੜ੍ਹਦਿਆਂ ਇੰਝ ਲੱਗਾ ਜਿਵੇਂ ਕਹਾਣੀ ਦੀ ਤਕਨੀਕ ਨਾਲ ਪ੍ਰਯੋਗ ਕਰਦਿਆਂ ਗੁਰਦਿਆਲ ਹੁਰੀਂ ਤਿੰਨ ਕਹਾਣੀਆਂ ਨੂੰ ਇਕ ਕਹਾਣੀ ਵਿਚ ਰਲਗੱਡ ਕਰਨ ਦੀ ਜ਼ਬਦਸਤੀ ਕੋਸ਼ਿਸ਼ ਕਰ ਰਹੇ ਹੋਣ, ਜਿਸ ਵਿਚ ਕਾਮਯਾਬੀ ਮਿਲੀ ਨਹੀਂ ਲੱਗਦੀ। ਕਹਾਣੀ ਦਾ ਪਹਿਲਾ ਹਿੱਸਾ ਦਰਅਸਲ ਕਹਾਣੀ ਘੱਟ ਅਤੇ ਵਾਰਤਕ ਜ਼ਿਆਦਾ ਲੱਗਦਾ ਹੈ, ਜਿਵੇਂ ਲੇਖਕ ਪਿੰਡਾਂ ਦੀ ਬਦਲਦੀ ਤਸਵੀਰ ਬਾਰੇ ਜਾਣਕਾਰੀ ਦੇ ਰਿਹਾ ਹੋਵੇ। ਬੱਸ ਲੇਖਕ ਨੇ ਇਹ ਜਾਣਕਾਰੀ ਸਿੱਧੇ ਨਾ ਦੇ ਕੇ ਕੈਮਰੇ ਅਤੇ ਇਕ ਹੋਰ ਪਾਤਰ ਦੇ ਬਹਾਨੇ ਦਿੱਤੀ ਹੈ। ਇਸ ਤੋਂ ਬਾਅਦ ਕਹਾਣੀ ਅਗਲੇ ਪੜਾਅ ਵਿਚ ਦਾਖ਼ਲ ਹੁੰਦੀ ਹੈ, ਜਦੋਂ ਮੈਂ ਪਾਤਰ ਮੰਜੀ 'ਤੇ ਪਏ ਪਾਤਰ ਨੂੰ ਮਿਲਣ ਜਾਂਦਾ ਹੈ। ਇਸ ਜਗ੍ਹਾ 'ਤੇ ਆ ਕੇ ਪਹਿਲੀ ਵਾਰਤਕ ਨੁਮਾ ਕਹਾਣੀ ਖ਼ਤਮ ਹੋ

ਜਾਂਦੀ ਹੈ। ਅਗਲੇ ਹਿੱਸੇ ਵਿਚ ਇਕ ਨਵੀਂ ਕਹਾਣੀ ਸ਼ੁਰੂ ਹੁੰਦੀ ਹੈ, ਜਿਸ ਦਾ ਸਿੱਧੇ ਤੌਰ 'ਤੇ ਪਹਿਲੇ ਹਿੱਸੇ ਨਾਲ ਕੋਈ ਸੰਬੰਧ ਨਹੀਂ, ਜੇ ਪੇਤਲਾ ਜਿਹਾ ਸੰਬੰਧ ਹੈ ਤਾਂ ਬੱਸ ਇੰਨਾ ਕੁ ਕਿ ਜੋ ਹਾਲਤ ਇਸ ਵੇਲੇ ਮੰਜੀ 'ਤੇ ਪਏ ਪਾਤਰ ਦੀ ਹੈ, ਉਸ ਦਾ ਕਾਰਨ ਪਹਿਲੇ ਹਿੱਸੇ ਵਿਚ ਦੱਸਿਆ ਗਿਆ ਹੈ ਅਤੇ ਇਸ ਹਿੱਸੇ ਵਿਚ ਦੁਹਰਾਇਆ ਗਿਆ ਹੈ। ਜੇ ਪਹਿਲਾ ਵਾਰਤਕਨੁਮਾ ਹਿੱਸਾ ਨਾ ਵੀ ਹੁੰਦਾ, ਫ਼ਿਰ ਵੀ ਇਹ ਦੂਜਾ ਹਿੱਸਾ ਸਮਝਣ ਵਿਚ ਕੋਈ ਔਖ ਨਹੀਂ ਸੀ ਹੋਣੀ। ਜਦੋਂ ਮੈਂ ਪਾਤਰ ਨੂੰ ਬਚਪਨ ਦਾ ਜਮਾਤੀ ਉੱਚੀ ਜਾਤ ਵਾਲਾ ਪਾਤਰ ਮਿਲਦਾ ਹੈ ਤਾਂ ਕਹਾਣੀ ਤੀਜੇ ਪੜਾਅ ਵਿਚ ਦਾਖਲ ਹੁੰਦੀ ਹੈ, ਜਿਸ ਦਾ ਪਹਿਲੇ ਅਤੇ ਦੂਜੇ ਹਿੱਸੇ ਨਾਲ ਕੋਈ ਸਿੱਧਾ ਅੰਤਰ-ਸੰਬੰਧ ਨਹੀਂ ਹੈ। ਤਿੰਨਾਂ ਹਿੱਸਿਆਂ ਵਿਚ ਜੇ ਕੋਈ ਸਾਂਝ ਹੈ ਤਾਂ ਸਿਰਫ਼ ਮੂਲ ਵਿਚਾਰ ਦੀ ਹੈ। ਮੈਨੂੰ ਇੰਝ ਲੱਗਦਾ ਹੈ ਕਿ ਲੇਖਕ ਨੇ ਦੂਸਰੇ ਅਤੇ ਤੀਸਰੇ ਹਿੱਸੇ ਨੂੰ ਅੰਤਰ ਦਵੰਦ ਦੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਕ ਪਾਸੇ ਮੈਂ ਪਾਤਰ ਦਲਿਤ ਹੋਣ ਦੇ ਬਾਵਜੂਦ ਮੰਜੇ 'ਤੇ ਪਏ ਉੱਚ ਜਾਤ ਦੇ ਪਾਤਰ ਸਾਹਮਣੇ ਆਪਣੀ ਹਉਮੈ ਜ਼ਾਹਰ ਕਰਨ ਤੋਂ ਇਸ ਲਈ ਰੁਕ ਜਾਂਦਾ ਹੈ ਕਿ ਉਸ ਨੂੰ ਆਪਣੇ ਪਿਤਾ ਦਾ ਕਥਨ ਚੇਤੇ ਆ ਜਾਂਦਾ ਹੈ, ਜਦ ਕਿ ਤੀਸਰੇ ਹਿੱਸੇ ਵਿਚ ਉੱਚ ਜਾਤ ਪਾਤਰ ਮੈਂ ਪਾਤਰ ਦੇ ਪੈਸਿਆਂ ਦੀ ਦਾਰੂ ਪੀ ਕੇ ਅੰਤ ਉਸ ਨੂੰ ਗਾਲ੍ਹਾਂ ਕੱਢਦਾ ਜਾਤ ਨੂੰ ਸੰਬੋਧਨ ਹੁੰਦਾ ਹੈ। ਕਹਾਣੀ ਦਾ ਵਿਸ਼ਾ ਅਤੇ ਲੇਖਕ ਦਾ ਮਨਸ਼ਾ ਚੰਗਾ ਹੈ, ਪਰ ਕਹਾਣੀ ਦੀ ਬੁਣਤਰ ਵਿਚ ਲੇਖਕ ਕਾਫ਼ੀ ਹੱਦ ਤਕ ਮਾਤ ਖਾ ਗਿਆ ਹੈ। ਇੱਥੇ ਮੈਨੂੰ ਅਜਮੇਰ ਸਿੱਧੂ ਦੀ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਦਾ ਸੰਦਰਭ ਦੇਣਾ ਵਾਜਬ ਲੱਗਦਾ ਹੈ। ਉਸ ਵਿਚ ਵੀ ਦੋ-ਤਿੰਨ ਕਹਾਣੀਆਂ ਸਮਾਨਾਂਤਰ ਚੱਲਦੀਆਂ ਹਨ, ਪਰ ਉਹ ਆਪਸ ਵਿਚ ਇੰਝ ਜੁੜ ਗਈਆਂ ਹਨ ਕਿ ਕਿਸੇ ਇਕ ਉਪ-ਕਹਾਣੀ ਨੂੰ ਇਸ ਵਿਚੋਂ ਅੱਡ ਨਹੀਂ ਕੀਤਾ ਜਾ ਸਕਦਾ। ਉਹ ਮੂਲ ਕਹਾਣੀ ਦੀ ਬੁਣਤਰ ਵਿਚ ਇਸ ਤਰ੍ਹਾਂ ਰਲ ਗਈਆਂ ਹਨ ਕਿ ਉਸੇ ਦਾ ਹਿੱਸਾ ਮਹਿਸੂਸ ਹੁੰਦੀਆਂ ਹਨ ਅਤੇ ਮੁੱਖ ਪਾਤਰਾਂ 'ਤੇ ਉਸ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਜਦਕਿ ਗੁਰਦਿਆਲ ਦਲਾਲ ਦੀ ਕਹਾਣੀ ਵਿਚ ਇਕ ਤੋਂ ਬਾਅਦ ਇਕ ਤਿੰਨ ਕਹਾਣੀਆਂ ਆਉਂਦੀਆਂ ਹਨ, ਜਿਨ੍ਹਾਂ ਦਾ ਆਪਸ ਵਿਚ ਨਾ ਹੀ ਕੋਈ ਸਿੱਧਾ ਅੰਤਰ-ਸੰਬੰਧ ਨਜ਼ਰ ਆਉਂਦਾ ਹੈ ਅਤੇ ਨਾ ਹੀ ਕੋਈ ਇਕ ਹਿੱਸਾ ਦੂਜੇ ਹਿੱਸੇ ਦੇ ਕਿਸੇ ਪਾਤਰ 'ਤੇ ਕੋਈ ਪ੍ਰਭਾਵ ਪਾਉਂਦਾ ਨਜ਼ਰ ਆਉਂਦਾ ਹੈ। ਹੋ ਸਕਦਾ ਹੈ ਕਿ ਬੁਣਤਰ ਵਿਚ ਤਬਦੀਲੀ ਕਰਕੇ ਇਨ੍ਹਾਂ ਤਿੰਨ ਹਿੱਸਿਆਂ ਨੂੰ ਇਕ ਸੰਘਣੀ ਕਹਾਣੀ ਵਿਚ ਢਾਲਿਆ ਜਾ ਸਕਦਾ ਹੋਵੇ, ਪਰ ਮੌਜੂਦਾ ਰੂਪ ਵਿਚ ਉਹ ਅੱਗੜ-ਪਿੱਛੜ ਲਿਖੇ ਹੋਏ ਤਿੰਨ ਵੱਖਰੇ ਹਿੱਸੇ ਹੀ ਜਾਪਦੇ ਹਨ।

ਸੰਪਾਦਕੀ ਵਿਚ ਰਘਬੀਰ ਸਿੰਘ ਹੁਰਾਂ ਪੰਜਾਬ ਦੇ ਜਿਸ ਸੰਤਾਪ ਨੂੰ ਭੁੱਲ ਕੇ ਅੱਗੇ ਵਧਣ ਲਈ ਜੋ ਦਲੀਲਾਂ ਦਿੱਤੀਆਂ ਹਨ, ਕੇਵਲ ਉਨ੍ਹਾਂ ਦੇ ਹਵਾਲੇ ਨਾਲ ਇਸ ਸੰਤਾਪ ਨੂੰ ਸਹਿਜੇ ਹੀ ਭੁੱਲਣਾ ਸੌਖਾ ਨਹੀਂ। ਇਸ ਗੱਲ ਨਾਲ ਸਹਿਮਤ ਹੋਇਆ ਜਾ ਸਕਦਾ ਹੈ ਕਿ ਕੁਝ ਲੋਕਾਂ ਨੇ ਉਸ ਮਾਹੌਲ ਦਾ ਨਾਜਾਇਜ਼ ਫਾਇਦਾ ਚੁੱਕ ਕੇ ਨਾ ਸਿਰਫ਼ ਵਿਦੇਸ਼ਾਂ ਵਿਚ ਪੱਕੀ ਠਾਹਰ ਬਣਾ ਲਈ ਬਲਕਿ ਉਸ ਸਥਿਤੀ ਵਿਚ ਆਪਣੀ ਪਛਾਣ ਬਣਾਈ ਰੱਖਣ ਲਈ ਉਨ੍ਹਾਂ ਨੂੰ ਉਹ ਮਖੌਟਾ ਵੀ ਪਾ ਕੇ ਰੱਖਣਾ ਪੈ ਰਿਹਾ ਹੈ ਅਤੇ ਉਹ ਇਸ ਸੰਵੇਦਨਸ਼ੀਲ ਮੁੱਦੇ ਉੱਤੇ ਆਪਣੀਆਂ ਆਵਾਜ਼ਾਂ ਵੀ ਕੱਢਦੇ ਰਹਿੰਦੇ ਹਨ। ਇਹ ਆਵਾਜ਼ਾਂ ਪੰਜਾਬ ਵਿਚ ਮੁੜ ਅਸ਼ਾਂਤੀ ਲਿਆਉਣ ਦਾ ਭੈਅ ਪੈਦਾ ਕਰਦੀਆਂ ਹਨ। ਕੋਈ ਵੀ ਪੰਜਾਬ ਵਿਚ ਅਜਿਹਾ ਮਾਹੌਲ ਬਿਲਕੁਲ ਨਹੀਂ ਚਾਹੁੰਦਾ। ਨਵੀਂ ਪੀੜ੍ਹੀ ਤਾਂ ਉਸ ਵਿਚਾਰ ਨਾਲ ਕੋਈ ਇਤਫ਼ਾਕ ਰੱਖਦੀ ਹੀ ਨਹੀਂ। ਪਰ ਇਕ ਸਵਾਲ ਹੈ ਜੋ ਹਰ ਇਕ ਨੂੰ ਪੰਜਾਬ ਦੇ ਸੰਤਾਪ ਦੇ ਦਿਨਾਂ ਨੂੰ ਭੁੱਲਣ ਨਹੀਂ ਦਿੰਦਾ। ਉਹ ਸਵਾਲ ਹੈ ਕਿ ਕੀ ਪੰਜਾਬ ਦੇ ਸੰਤਾਪ ਨੂੰ ਚੇਤਿਆਂ ਵਿਚ ਤਾਜ਼ਾ ਰੱਖਣ ਵਾਲਾ ਉਹ ਮੂਲ ਕਾਰਨ ਖ਼ਤਮ ਹੋ ਗਿਆ ਹੈ? ਉਹ ਮੂਲ

ਕਾਰਨ ਹੈ ਨਿਆਂ। ਸੰਤਾਪ ਦੇ ਦਿਨਾਂ ਵਿਚ ਕਿਸ ਤਰ੍ਹਾਂ ਮਾਸੂਮ ਅਤੇ ਨੌਜਵਾਨ ਪੰਜਾਬੀਆਂ ਦਾ ਘਾਣ ਹੋਇਆ, ਇਸ ਦਾ ਖ਼ੁਲਾਸਾ ਖਾਲੜਾ ਦੀ ਜੱਦੋ-ਜਹਿੱਦ ਦੇ ਨਾਲ ਹੋਰ ਕਈ ਰੂਪਾਂ ਵਿਚ ਵੀ ਹੋ ਚੁੱਕਾ ਹੈ। ਅਫ਼ਸੋਸ ਉਸ ਮਸਲੇ ਉੱਤੇ ਨਿਆਂ ਮਿਲਣ ਦੀ ਬਜਾਇ ਖਾਲੜੇ ਨੂੰ ਆਪਣੀ ਜਾਨ ਗੁਆਉਣੀ ਪਈ। ਪੰਜਾਬ ਸੰਤਾਪ ਦੇ ਵਿਸਤਾਰ ਵਿਚ ਦਿੱਲੀ ਦਾ ਕਤਲੇਆਮ ਵਾਪਰਿਆ, ਜਿਸ ਵਿਚ ਫੇਰ ਹਜ਼ਾਰਾਂ ਪੰਜਾਬੀਆਂ ਨੂੰ ਜਾਨ ਦੇਣੀ ਪਈ। ਹਾਂ, ਉਹ ਇਕ ਮਜ਼ਹਬ ਦੇ ਲੋਕ ਸਨ ਅਤੇ ਉਨ੍ਹਾਂ ਨੂੰ ਨਿਸ਼ਾਨਾ ਵੀ ਮਜ਼ਹਬ ਕਰਕੇ ਬਣਾਇਆ ਗਿਆ ਸੀ, ਪਰ ਅਸਲ ਵਿਚ ਤਾਂ ਉਹ ਪੰਜਾਬੀ ਹੀ ਸਨ। ਸਮਾਜਵਾਦ ਦਾ ਫਲਸਫ਼ਾ ਵੀ ਦੱਬੇ-ਕੁਚਲਿਆਂ, ਦਲਿਤਾਂ ਅਤੇ ਘੱਟ-ਗਿਣਤੀਆਂ ਦੇ ਮੁੱਢਲੇ ਹੱਕਾਂ ਦਾ ਹਾਮੀ ਹੈ। ਧਰਮ ਅਤੇ ਜਾਤ-ਪਾਤ ਦੇ ਨਾਮ ਉੱਤੇ ਸਾਮੰਤਵਾਦੀ ਅਤੇ ਸਾਮਰਾਜਵਾਦੀ ਹਮਲਿਆਂ ਦੇ ਵਿਰੋਧ ਵਿਚ ਖੜ੍ਹਾ ਹੈ। ਵਕਤ ਦੀ ਮੰਗ ਤਾਂ ਇਹ ਹੈ ਕਿ ਅਜਿਹੇ ਮਾਨਵਵਾਦੀ ਮਸਲਿਆਂ 'ਤੇ ਸਮੂਹ ਵਿਚਾਰਧਾਰਾਵਾਂ ਦੇ ਬੁੱਧੀਜੀਵੀ ਇਕਜੁੱਟ ਹੋ ਕੇ ਹਾਅ ਦਾ ਨਾਅਰਾ ਮਾਰਨ।

ਚੰਗਾ ਹੋਵੇ ਜੇ ਸੰਤਾਪ ਦੇ ਦਿਨਾਂ ਨੂੰ ਭੁੱਲਣ ਦੀ ਬਜਾਇ ਨਿਆਂ ਲਈ ਜੱਦੋ-ਜਹਿਦ ਕਰਨ ਦੇ ਨਾਲ ਤੱਥਾਂ ਸਮੇਤ ਉਨ੍ਹਾਂ ਚਿਹਰਿਆਂ ਅਤੇ ਕਾਰਵਾਈਆਂ ਨੂੰ ਵੀ ਉਜਾਗਰ ਕੀਤਾ ਜਾਵੇ ਜਿਨ੍ਹਾਂ ਨੇ ਇਸ ਸੰਤਾਪ ਦੇ ਓਹਲੇ ਨਿੱਜੀ ਫਾਇਦੇ ਲਏ। ਇਸ ਨਾਲ ਵੀ ਪੰਜਾਬ ਅਤੇ ਪੰਜਾਬੀਅਤ ਦੇ ਹੱਕ ਅਤੇ ਵਿਰੋਧ ਵਿਚ ਭੁਗਤਣ ਵਾਲੀਆਂ ਦੀ ਸਹੀ ਪਰਖ ਹੋਵੇਗੀ। ਜਦੋਂ ਨਿਆਂ ਮਿਲ ਗਿਆ, ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋ ਗਿਆ ਤਾਂ ਇਹ ਮਸਲਾ ਆਪੇ ਹੀ ਮੁੱਕ ਜਾਵੇਗਾ। -ਦੀਪ ਜਗਦੀਪ ਸਿੰਘ, ਨਵੀਂ ਦਿੱਲੀ

ਸਿਰਜਣਾ-171 ਅੰਕ ਵਿਚ ਛਪੇ ਮੇਰੇ ਲੇਖ 'ਬਿਪਰਨ ਕੀ ਰੀਤ' ਵਿਚ ਕੁਝ ਗੜਬੜ ਹੋ ਗਈ। ਇਹ ਗੜਬੜ ਆਖਰੀ ਪੈਰੇ ਵਿਚ ਕੁਝ ਸ਼ਬਦਾਂ ਦੇ ਰੋਮਨ ਦੀ ਜਗਹ ਗੁਰਮੁਖੀ ਲਿੱਪੀ ਵਿਚ ਛਪ ਜਾਣ ਕਰਕੇ ਹੋਈ। ਇਸ ਕਾਰਨ ਤਰਕ ਦੀ ਲੜੀ ਟੁੱਟ ਗਈ ਤੇ ਕੁਝ ਜ਼ਰੂਰੀ ਸੂਚਨਾ ਪਾਠਕਾਂ ਤਕ ਨਹੀਂ ਪਹੁੰਚ ਸਕੀ। ਜਿਨ੍ਹਾਂ ਪਾਠਕਾਂ ਨੂੰ ਦਿਲਚਸਪੀ ਹੋਵੇ ਉਨ੍ਹਾਂ ਲਈ ਮੈਂ ਲੇਖ ਦਾ ਆਖਰੀ ਪੈਰਾ ਤੇ ਇਸ ਤੋਂ ਪਹਿਲਾਂ ਦਾ ਫਿਕਰਾ ਮੁੜ ਪੇਸ਼ ਕਰਦਾ ਹਾਂ:

....ਇਹ ਤਿੰਨੇ ਸ਼ਬਦ ਭਾਰੋਪੀ ਹਨ ਤੇ ਇਨ੍ਹਾਂ ਦੇ ਸੁਜਾਤੀ ਸ਼ਬਦ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਹਨ। ਸੰਖੇਪ ਵਿਚ ਝਾਤ ਪੁਆਉਂਦੇ ਹਾਂ ਵਿ = ਅੰਗਰੇਜ਼ੀ with ; ਪਰੀ = ਅੰਗਰੇਜ਼ੀ peri ਜਿਵੇਂ perimeter ਵਿਚ; ਤ = ਅੰਗਰੇਜ਼ੀ t ਜਿਵੇਂ past ਵਿਚ।

ਵਿਪਰ ਸ਼ਬਦ ਦੇ ਹੋਰ ਰੂਪ ਭਾਰੋਪੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲਦੇ ਹਨ। ਇਸਦਾ ਮੂਲਕ ਹੈ web ਜਾਂ wib ਜਿਸ ਦਾ ਅਰਥ ਏਧਰ ਉਧਰ ਘੁੰਮਣਾ, ਹਿੱਲਣਾ, ਕੰਬਣਾ ਆਦਿ ਹੈ। ਅੰਗਰੇਜ਼ੀ ਸ਼ਬਦ vibrate ਲਾਤੀਨੀ ਵਿਚ vibrae ਤੋਂ ਬਦਲਕੇ ਇਸੇ ਤੋਂ ਬਣਿਆ। whip, wipe, ਸ਼ਬਦ ਵੀ ਇਸੇ ਨਾਲ ਸੰਬੰਧਤ ਹਨ। ਲਿਥੂਏਨੀਅਨ ਵਿਚ ਇਸ ਨਾਲ ਜੁੜਦੇ ਸ਼ਬਦ ਦਾ ਅਰਥ (ਪੂਛ) ਹਿਲਾਉਣਾ ਹੁੰਦਾ ਹੈ।.....

'ਸਿਰਜਣਾ' ਦੇ ਇਸੇ ਅੰਕ ਦੇ ਇਕ ਪੱਤਰ ਵਿਚ ਅਵਤਾਰ ਸਿੰਘ ਬਿਲਿੰਗ ਨੇ ਮੇਰੇ ਲੇਖ "ਕਿਰਪਾਨ ਨਹੀਂ ਹੈ, ਕਿਰਪਾ+ ਆਨ" ਬਾਰੇ ਇਤਰਾਜ਼ ਕੀਤਾ ਹੈ ਕਿ ਮੈਂ ਆਪਣਿਆਂ ਵਿਚ ਬੇਗਾਨਗੀ ਦੇ ਅਹਿਸਾਸ ਦਾ ਵਿਖਾਵਾ ਕੀਤਾ ਹੈ। ਅਜਿਹਾ ਕੁਝ ਨਹੀਂ ਹੈ। ਨਿਰੁਕਤ-ਸ਼ਾਸਤਰ ਵਿਚ ਸ਼ਬਦਾਂ ਦਾ ਅਧਿਐਨ ਹੋਰ ਵਿਗਿਆਨਾਂ ਦੀ ਤਰ੍ਹਾਂ ਵਸਤੂਮੁਖੀ ਹੋ ਕੇ ਕੀਤਾ ਜਾਦਾ ਹੈ, ਆਪਣਿਆਂ ਦਾ ਲਿਹਾਜ ਰੱਖਦਿਆਂ ਅੰਤਰਮੁਖੀ ਹੋ ਕੇ ਨਹੀਂ। ਧਿਆਨ ਨਾਲ ਵਾਚੋ "ਮਹਾਨ ਕੋਸ਼" ਵਿਚ ਕਿਰਪਾਨ ਦਾ "ਕ੍ਰਿਪਾ ਦਾ ਘਰ, ਦਇਆ ਦਾ ਨਿਵਾਸ" ਵਜੋਂ ਅਰਥ ਕਿਰਪਾਨ ਦੇ ਸ਼ਸਤਰ (ਤਲਵਾਰ) ਦੇ ਅਰਥਾਂ ਵੱਲ ਸੰਕੇਤ ਨਹੀਂ ਕਰਦਾ ਬਲਕਿ ਕਿਸੇ ਦੇ ਕਿਰਪਾ ਨਾਲ ਭਰੇ ਹੋਏ, ਦਇਆਵਾਨ, ਮਿਹਰਬਾਨ ਹੋਣ ਵੱਲ ਸੰਕੇਤ ਕਰਦਾ ਹੈ। ਮਿਸਾਲ ਵਜੋਂ ,"ਹਰਿ ਹੋ ਹੋ ਕਿਰਪਾਨ" -ਰਾਮ ਦਾਸ। ਇੰਦਰਾਜ ਦੇ ਅੱਗੇ *ਵਿ ਅੰਕਿਤ ਹੈ ਜਿਸ ਦਾ ਮਤਲਬ ਇਹ ਸ਼ਬਦ ਵਿਸ਼ੇਸ਼ਣ ਹੈ। ਪੰਜਵੇਂ ਗੁਰੂ ਦੀ ਤੁਕ,"ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ"

ਮੇਰੀਆਂ ਚੋਣਵੀਆਂ ਕਹਾਣੀਆਂ (ਕਹਾਣੀ ਸੰਗ੍ਰਹਿ) ਜਿੰਦਰ
ਪੰਨੇ 152, ਮੁੱਲ 180 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਖਾਲੀ ਖੂਹਾਂ ਦੀ ਕਥਾ (ਨਾਵਲ) ਅਵਤਾਰ ਸਿੰਘ ਬਿਲਿੰਗ
ਪੰਨੇ 292, ਮੁੱਲ 300 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਇਹ ਕੇਹਾ ਪਛਤਾਵਾ (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 125, ਮੁੱਲ 175 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਦੋ ਨਾਟਕ ਤੇ ਰੰਗਮੰਚ ਰਵਿੰਦਰ ਰਵੀ
ਪੰਨੇ 190, ਮੁੱਲ 300 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ ਫਿਗਿਆਨਕ ਵਿਸ਼ਲੇਸ਼ਣ ਡਾ. ਰਵੰਦਰ ਕੌਰ ਬੇਦੀ
ਪੰਨੇ 263, ਮੁੱਲ 400 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਅਮਰਜੀਤ ਕੌਂਕੇ ਦੀ ਕਵਿਤਾ ਵਿਚ ਬੇਗਾਨਗੀ ਦਾ ਸੰਕਲਪ ਹਰਵਿੰਦਰ ਢਿੱਲੋਂ
ਪੰਨੇ 148, ਮੁੱਲ 200 ਰੁਪਏ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਭਗਤੀ ਸਾਹਿਤ: ਪਰੰਪਰਾ ਤੇ ਪਰਵਾਹ ਡਾ. ਕੁਲਵੰਤ ਸਿੰਘਰਵਿੰਦਰ ਰਵੀ
ਪੰਨੇ 144, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਯੂਨੀਵਰਸਿਟੀ ਕੈਂਪਸ,ਅੰਮ੍ਰਿਤਸਰ

ਮਿੱਟੀ ਨਾ ਫਰੋਲ ਜੋਗੀਆ (ਕਹਾਣੀ ਸੰਗ੍ਰਹਿ) ਮੇਜਰ ਮਾਂਗਟ
ਪੰਨੇ 134, ਮੁੱਲ 175 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਖੰਡਰ (ਕਹਾਣੀ ਸੰਗ੍ਰਹਿ) ਬਲਬੀਰ ਕੌਰ ਸੰਘੇੜਾ
ਪੰਨੇ 158, ਮੁੱਲ 250 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਜ਼ਿੰਦਗੀ ਦਾ ਦਰਿਆ (ਕਹਾਣੀ ਸੰਗ੍ਰਹਿ) ਜੋਗਿੰਦਰ ਸਿੰਘ ਨਿਰਾਲਾ
ਪੰਨੇ 110, ਮੁੱਲ 175 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

ਗ਼ਲਤ ਮਲਤ ਜ਼ਿੰਦਗੀ (ਕਹਾਣੀ ਸੰਗ੍ਰਹਿ) ਪਰਗਟ ਸਿੰਘ ਸਤੌਜ
ਪੰਨੇ 103, ਮੁੱਲ 130 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਰਾਤ ਦਾ ਚਿਹਰਾ ਤੇ ਹੋਰ ਕਹਾਣੀਆਂ ਰਾਜ ਕੁਮਾਰ ਗਰਗ. ਸੰਪਾਦਕ: ਅਨਿਲ ਸ਼ੋਰੀ
ਪੰਨੇ 280, ਮੁੱਲ 375 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਜ਼ਾਇਨਵਾਦ (ਵਾਰਤਕ) ਕੇਵਲ ਕਲੋਟੀ
ਪੰਨੇ 96, ਮੁੱਲ 65 ਰੁਪਏ, ਆਸ਼ਨਾ ਪਬਲੀਕੇਸ਼ਨਜ਼, ਪਿਪਲਾਂਵਾਲਾ, ਹੁਸ਼ਿਆਰਪੁਰ

ਚੂਰ ਭੂਰ (ਵਾਰਤਕ) ਜਸਪਾਲ ਮਾਨਖੇੜਾ
ਪੰਨੇ 105, ਮੁੱਲ 80 ਰੁਪਏ, ਪੀਪਲਜ਼ ਫੋਰਮ, ਬਰਗਾੜੀ, ਫਰੀਦਕੋਟ

ਅੱਖੀਂ ਡਿੱਠਾ ਕਿੱਸਾ ਕੀਤਾ (ਯਾਦਾਂ ਜਥੇਦਾਰ ਗੁਰਮੁਖ ਸਿੰਘ ਝੱਬਰ) ਸੰ: ਸੁਵਰਨ ਸਿੰਘ ਵਿਰਕ
ਪੰਨੇ 207, ਮੁੱਲ 225 ਰੁਪਏ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ

ਜ਼ਲਾਲਤ (ਸਵੈ ਜੀਵਨੀ) ਸਰੂਪ ਸਿਆਲਵੀ
ਪੰਨੇ 214, ਮੁੱਲ 260 ਰੁਪਏ, ਪਰਵਾਜ਼ ਪ੍ਰਕਾਸ਼ਨ, ਜਲੰਧਰ

ਕਲਮ ਕਾਫ਼ਲਾ (ਸਾਂਝੀ ਰਚਨਾ ਸਾਹਿਤ ਸਭਾ ਪਟਿਆਲਾ) ਸੰ: ਦਰਸ਼ਨ ਸਿੰਘ ਆਸ਼ਟ
ਪੰਨੇ 663, ਮੁੱਲ 650 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ

ਪੰਜਾਬ ਦੀਆਂ ਵਿਸਰ ਰਹੀਆਂ ਖੇਡਾਂ (ਵਾਰਤਕ) ਡਾ. ਵਿਸ਼ਵ ਕੀਰਤੀ
ਪੰਨੇ 95, ਮੁੱਲ 190 ਰੁਪਏ, ਸ੍ਰੇਸ਼ਟ ਪਬਲੀਕੇਸ਼ਨ, ਪਟਿਆਲਾ

ਮਾਂ ਮੇਰੀ ਦੇ ਸਭ ਤੋਂ ਸੋਹਣੀ (ਬਾਲ ਕਾਵਿ) ਸਾਬੀ ਈਸਪੁਰੀ
ਪੰਨੇ 32, ਮੁੱਲ 45 ਰੁਪਏ, ਬਸੰਤ-ਸੁਹੇਲ ਪ੍ਰਕਾਸ਼ਨ, ਫਗਵਾੜਾ

ਖਾਲਸਾ ਰਾਜ ਵਤਲ ਕਦਮ ਰੁਕੇ ਕਿਉਂ(ਵਾਰਤਕ) ਮਨਜਿੰਦਰ ਸਿੰਘ ਸੋਢੀ
ਪੰਨੇ 206, ਮੁੱਲ 350 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34, ਚੰਡੀਗੜ੍ਹ

'ਸਿਰਜਣਾ' ਬਾਰੇ ਜਾਣਕਾਰੀ

1.	ਪ੍ਰਕਾਸ਼ਨ ਸਥਾਨ	225-ਬੀ, ਮਖਦੂਮਪੁਰਾ, ਜਲੰਧਰ
2.	ਪ੍ਰਕਾਸ਼ਨ ਕਾਲ	ਤ੍ਰੈਮਾਸਕ
3.	ਛਾਪਕ, ਪ੍ਰਕਾਸ਼ਕ ਤੇ ਮਾਲਕ	ਸੁਰਿੰਦਰ ਮੋਹਨ ਸਿੰਘ
4.	ਕੌਮੀਅਤ	ਭਾਰਤੀ
5.	ਪਤਾ	225-ਬੀ, ਮਖਦੂਮਪੁਰਾ, ਜਲੰਧਰ
6.	ਸੰਪਾਦਕ	ਰਘਬੀਰ ਸਿੰਘ
7.	ਕੌਮੀਅਤ	ਭਾਰਤੀ
8.	ਪਤਾ	1728, ਸੈਕਟਰ 43-ਬੀ, ਚੰਡੀਗੜ੍ਹ

ਮੈਂ, ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ : 28 ਫਰਵਰੀ 2014 ਦਸਤਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ : ਰਘਬੀਰ ਸਿੰਘ ਪ੍ਰਕਾਸ਼ਨ ਮਿਤੀ : 1 ਅਪਰੈਲ, 2014

ਵਿਚ ਵੀ ਕ੍ਰਿਪਾਨ ਦਾ "ਅਰਥ ਕਿਰਪਾ ਦੇ ਰਾਹੀਂ" ਸਿੱਧ ਹੁੰਦਾ ਹੈ। ਸਾਹਿਬ ਸਿੰਘ ਅਨੁਸਾਰ "ਹੇ ਮੇਰੇ ਮਨ ! ਤਦੋਂ ਹੀ ਗੁਰੂ ਦੀ ਕਿਰਪਾ ਨਾਲ (ਪਰਮਾਤਮਾ) ਨੂੰ ਮਿਲ ਸਕੀਦਾ ਹੈ।" ਏਥੇ ਕਿਰਪਾਨ ਦਾ ਅਰਥ ਤਲਵਾਰ ਕਿਵੇਂ ਸਹੀ ਸਿੱਧ ਹੁੰਦਾ ਹੈ? ਬਿਲਿੰਗ ਸਾਹਿਬ ਮੇਰੀ ਇਹ ਗੱਲ ਨਹੀਂ ਪਕੜ ਰਹੇ ਕਿ ਤਲਵਾਰ ਦੇ ਅਰਥਾਂ ਵਾਲੇ ਕਿਰਪਾਨ ਸ਼ਬਦ ਵਿਚ ਦਇਆ ਦੇ ਅਰਥਾਂ ਵਾਲਾ *ਕਿਰਪਾ ਘਟਕ ਵਿਦਮਾਨ ਨਹੀਂ ਹੈ ਬਲਕਿ ਹੋਰ ਹੈ ਜਿਸ ਦੀ ਮੈਂ ਵਿਆਖਿਆ ਕੀਤੀ ਹੈ। ਉਹ ਸ਼ਾਇਦ ਇਹ ਸਮਝ ਰਹੇ ਹਨ ਕਿ ਮੈਂ ਕਿਰਪਾ ਸ਼ਬਦ ਦੇ ਮੌਜੂਦ ਹੋਣ ਤੋਂ ਹੀ ਇਨਕਾਰ ਕਰ ਰਿਹਾ ਹਾਂ! -ਬਲਜੀਤ ਬਾਸੀ, ਵੈਸਟ ਲੈਂਡ, ਮਿਸ਼ੀਗਨ, ਯੂ.ਐੱਸ.ਏ.

ਸਿਰਜਣਾ-171 ਵਿਚ ਗੁਰਦਿਆਲ ਦਲਾਲ ਦੀ ਕਹਾਣੀ ਬੇਹੱਦ ਸ਼ਾਨਦਾਰ ਸੀ। ਕਹਾਣੀ ਸਾਡੇ ਸਮਾਜ ਦੇ ਨਿਘਾਰ ਉੱਤੇ ਚਾਨਣਾ ਪਾਉਂਦੀ ਹੈ। ਜਿਹੜੇ ਲੋਕਾਂ 'ਚ ਸਮਝ ਤੇ ਸਮਝਦਾਰੀ ਹੈ, ਉਹ ਹੀ ਆਪਣੇ ਆਪ ਨੂੰ ਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣਗੇ। ਕਿਉਂਕਿ ਹੁਣ ਤਾਂ ਨਿਆਣਿਆਂ ਨੂੰ ਬਣਾਉਣ ਤੇ ਵਿਗਾੜਨ ਦੇ ਸਾਧਨ ਬਹੁਤ ਮੌਜੂਦ ਹਨ। ਜੇ ਲੋਕ ਨਾ ਸਮਝੇ ਤਾਂ ਏਸ ਕਹਾਣੀ ਵਾਂਗ ਨਸ਼ਿਆਂ 'ਚ ਗਰਕ ਹੋ ਕੇ ਸਭ ਨੂੰ ਜਿਲ੍ਹਣ 'ਚ ਫਸਾ ਦੇਣਗੇ। ਏਨੀ ਪਿਆਰੀ, ਰਵਾਨਗੀ ਨਾਲ ਭਰਪੂਰ ਤੇ ਸਮਾਜ ਨੂੰ ਸੇਧ ਦੇਣ ਵਾਲੀ ਕਹਾਣੀ ਦੀ ਰਚਨਾ ਲਈ ਗੁਰਦਿਆਲ ਦਲਾਲ ਦਾ ਧੰਨਵਾਦ। ਜੋਗੇ ਭੰਗਲ ਦੀ ਕਹਾਣੀ 'ਉਹ ਚਿੜੀ ਨਹੀਂ ਸੀ' ਪੱਥਰ ਯੁਗ ਵੱਲ ਪਰਤ ਰਹੇ ਆਧੁਨਿਕ ਯੁਗ ਦੇ ਲੋਕਾਂ ਦੀ ਕਹਾਣੀ ਹੈ, ਜਿਹੜੇ ਆਪਣੇ ਕੋਮਲ ਤੇ ਪਿਆਰੇ ਰਿਸ਼ਤਿਆਂ ਨੂੰ ਤਾਰ ਤਾਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਨਾ ਉਮਰਾਂ ਦਾ ਖਿਆਲ, ਨਾ ਛੋਟੇ ਵੱਡੇ ਦਾ ਫਰਕ। ਦੇਖੋ ਬਾਪ ਦੀ ਉਮਰ ਦੇ ਮਾਸੜ ਵੀ ਧੀਆਂ ਵਰਗੀਆਂ ਨੂੰ ਨਹੀਂ ਬਖਸ਼ਦੇ। ਚਿਪਸ ਦਾ ਪੈਕਟ ਸਮਝਕੇ ਝੱਟਪਟ ਖਾ ਹੀ ਜਾਣਾ ਚਾਹੁੰਦੇ ਹਨ। ਬੜੀ ਵਧੀਆ ਕਹਾਣੀ ਲੱਗੀ। ਪਰ ਮਨ ਖਰਾਬ ਹੁੰਦੈ ਜਦੋਂ ਇਹੋ ਜਿਹੇ ਘਟੀਆ ਲੋਕ ਰਿਸ਼ਤਿਆਂ ਦਾ ਫੱਕਾ ਮਾਰਦੇ ਹਨ। ਸਰਬਜੀਤ ਕੌਰ ਜਸ, ਰਵਿੰਦਰ ਰਵੀ ਅਤੇ ਹਰਪ੍ਰੀਤ ਕੌਰ ਦੀਆਂ ਕਵਿਤਾਵਾਂ ਵੀ ਸ਼ਾਨਦਾਰ ਤੇ ਜਾਨਦਾਰ ਲੱਗੀਆਂ। ਅੰਕ- 170 ਵਿਚ ਕੇਸਰਾ ਰਾਮ ਦੀ ਕਹਾਣੀ ਨਵੇਂ ਤਜਰਬੇ ਵਾਲੀ ਬਹੁਤ ਪ੍ਰਭਾਵਸ਼ਾਲੀ ਰਚਨਾ ਸੀ। ਦਾਮਿਨੀ ਦੁਆਲੇ ਘੁੰਮਦੀ ਹੋਈ, ਕੁੜੀਆਂ ਔਰਤਾਂ ਪ੍ਰਤੀ ਬੀਮਾਰ ਭੋਗਣ ਵਾਲੀ ਸੋਚਣੀ ਦੀਆਂ ਪਰਤਾਂ ਉਧੇੜਦੀ ਹੋਈ ਕਹਾਣੀ ਅਗਾਂਹ ਵਧਦੀ ਹੈ। ਕਥਾ-ਸ਼ੈਲੀ ਵੀ ਲਾਜਵਾਬ ਹੈ। ਬਹੁਤ ਗੰਭੀਰ ਵਿਸ਼ੇ 'ਤੇ ਏਡੀ ਸਿਰਕੱਢ ਕਹਾਣੀ ਲਿਖ ਦੇਣ ਲਈ ਕੇਸਰਾ ਰਾਮ ਦੀ ਕਲਮ ਨੂੰ ਸਲਾਮ। - ਡਾ. ਕਰਮਜੀਤ ਸਿੰਘ ਨਡਾਲਾ, ਕਪੂਰਥਲਾ

ਸਿਰਜਣਾ-170 ਵਿਚ ਗੁਰਬਚਨ ਸਿੰਘ ਭੁੱਲਰ ਦੇ ਲੇਖ 'ਪੰਜਾਬੀ ਦਾ ਕੌਮੀ ਤੇ ਕੌਮਾਂਤਰੀ ਭਵਿੱਖ' ਵਿਚ ਸਾਰੇ ਪੱਖਾਂ ਨੂੰ ਚੰਗੀ ਤਰ੍ਹਾਂ ਫਰੋਲਿਆ ਗਿਆ ਹੈ। ਪੰਜਾਬੀ ਦਾ ਭਵਿੱਖ ਅਵੱਸ਼ ਚਿੰਤਾ ਜਨਕ ਹੈ। ਪਰਵਾਸ ਦੀ ਤਾਂ ਕੀ ਗੱਲ ਕਰਨੀ ਹੈ, ਪੰਜਾਬ 'ਚ ਵੀ ਇਸ ਤਰ੍ਹਾਂ ਸ਼ਾਇਦ ਹੋਏਗਾ, ਮੇਰੇ ਪੋਤਰੇ ਪੋਤਰੀਆਂ ਨੂੰ ਪੰਜਾਬੀ ਨਹੀਂ ਆਂਦੀ (ਲੱਖ ਕੋਸ਼ਿਸ਼ਾਂ ਦੇ ਬਾਵਜੂਦ)। ਉਹਨਾਂ ਦੇ ਪੁੱਤਰ ਪੋਤਰਿਆਂ ਨੂੰ ਅੱਗੋਂ ਕੀ ਆਣੀ ਹੈ। ਸਿਰਫ ਦੋ ਪੀੜ੍ਹੀਆਂ ਦਾ ਵਕਫਾ। ਅਸੀਂ ਪਹਿਲੇ ਫਾਰਸੀ ਪੜ੍ਹਦੇ ਰਹੇ ਤੇ ਫਿਰ 80-82 ਸਾਲ ਉਰਦੂ ਪੜ੍ਹੀ। ਇਸ ਕਰਕੇ ਕਿ ਇਹਨਾਂ ਜ਼ੁਬਾਨਾਂ ਕਰਕੇ ਨੌਕਰੀ ਮਿਲਦੀ ਸੀ। ਪੰਜਾਬੀ ਸਕੂਲਾਂ ਵਿਚ ਲਾਜ਼ਮੀ ਹੋਣੀ ਚਾਹੀਦੀ ਹੈ ਅਤੇ ਜਿਸਨੇ ਪੰਜਾਬੀ ਨਾ ਪੜ੍ਹੀ ਹੋਵੇ, ਉਸਨੂੰ ਕੋਈ ਵੀ ਸਰਕਾਰੀ ਨੌਕਰੀ ਨਹੀਂ ਮਿਲਣੀ ਚਾਹੀਦੀ। ਦੇਵਨਾਗਰੀ ਤਾਂ ਉੱਕਾ ਹੀ ਪੰਜਾਬੀ ਦੀ ਲਿੱਪੀ ਨਹੀਂ ਹੋ ਸਕਦੀ। ਬਾਣੀ ਦੇ ਗੁਟਕੇ ਦੇਵਨਾਗਰੀ ਵਿਚ ਛਪਦੇ ਹਨ ਤਾਂ ਉਹਨਾਂ ਵਿਚ ਲਗਾਂ ਮਾਤਰਾਂ ਗੁਰਮੁਖੀ ਵਾਲੀਆਂ ਲੱਗਣ ਨਾਲ ਗ਼ੈਰ ਪੰਜਾਬੀ ਨੂੰ ਠੀਕ ਸਮਝ ਨਹੀਂ ਆਉਂਦੀ। ਉਹ 'ਸਤਿਨਾਮ' ਨੂੰ ਸਤੀਨਾਮ ਪੜ੍ਹਦਾ ਹੈ ਅਤੇ 'ਮਤਿ ਵਿਚਿ ਰਤਨ ਜਵਾਹਰ ਮਣਿਕ ਨੂੰ 'ਮਤੀ ਵਿਚੀ ਰਤਨ ਜਵਾਹਰ ਮਾਣਕ' ਪੜ੍ਹਦਾ ਹੈ। -ਸ.ਸ. ਓਬਰਾਏ, ਫਰੀਦਾਬਾਦ

□□

'ਕਹਾਣੀਧਾਰਾ' ਦੇ ਪਿਛਲੇ ਅੰਕ ਵਿਚ ਭਗਵੰਤ ਰਸੂਲਪੁਰੀ ਨੇ ਆਪਣੇ ਸੰਪਾਦਕੀ ਵਿਚ ਬਹੁਤ ਸਾਰੀਆਂ ਉਘ ਦੀਆਂ ਪਤਾਲ ਮਾਰੀਆਂ ਹਨ ਜਿਸ ਦਾ ਹਰੇਕ ਚੇਤਨ ਅਤੇ ਸੰਵੇਦਨਸ਼ੀਲ ਵਿਅਕਤੀ ਨੇ ਗੰਭੀਰ ਨੋਟਿਸ ਲੈਂਦਿਆਂ ਮਹਿਸੂਸ ਕੀਤਾ ਹੈ ਕਿ ਆਪਣੇ ਆਪ ਨੂੰ ਦਲਿਤ ਚਿੰਤਨ ਦੀ ਧਰੋਹਰ ਸਮਝਣ ਵਾਲ਼ੇ ਦਿਮਾਗ਼ਾਂ ਵਿਚ ਇਹ ਕੀੜਾ ਕਿੱਥੋਂ ਆ ਗਿਆ? ਭਗਵੰਤ ਰਸੂਲਪੁਰੀ ਆਪ ਇਕ ਚੰਗਾ ਕਹਾਣੀਕਾਰ ਹੈ। ਉਹਦੇ ਵਾਂਗ ਹੀ ਦੇਸ ਰਾਜ ਕਾਲੀ ਜਦੋਂ ਜੀਅ ਕਰੇ ਊਲ-ਜਲੂਲ ਪਾਠਕਾਂ ਦੇ ਮੱਥੇ ਮਾਰਦਾ ਰਹਿੰਦਾ ਹੈ। ਭਗਵੰਤ ਰਸੂਲਪੁਰੀ ਨੇ ਆਪਣੀ ਸੰਪਾਦਕੀ ਵਿਚ ਲਿਖਿਆ ਸੀ ਕਿ ਪ੍ਰਗਤੀਵਾਦੀ ਪੰਜਾਬੀ ਕਹਾਣੀ ਦਾ ਭਵਿੱਖ ਹੁਣ ਨਹੀਂ ਰਿਹਾ। ਕਿਸਾਨੀ ਜਾਂ ਹੋਰ ਕਿਰਤੀ ਵਰਗ ਨਾਲ਼ ਸੰਬੰਧਤ ਕਹਾਣੀ ਦਾ ਹੁਣ ਯੁੱਗ ਬੀਤ ਗਿਆ ਹੈ। ਭਗਵੰਤ ਰਸੂਲਪੁਰੀ ਆਪਣੀ ਸੰਪਾਦਕੀ ਵਿਚ ਅੱਗੇ ਲਿਖਦਾ ਹੈ ਕਿ ਪੰਜ ਸੱਤ ਸਾਲ ਤੋਂ ਪੰਜਾਬੀ ਕਹਾਣੀ ਖੜੋਤ ਵਿਚ ਆ ਗਈ ਹੈ। ਪੰਜਾਬੀ ਕਹਾਣੀਕਾਰ ਦਵੰਦ ਦਾ ਸ਼ਿਕਾਰ ਹੋ ਗਏ ਹਨ ਕਿ ਹੁਣ ਨਵਾਂ ਕੀ ਲਿਖਿਆ ਜਾਵੇ। ਇਸ ਦਵੰਦ ਵਿਚ ਮੇਰੇ ਸਮੇਤ ਹੋਰ ਲੇਖਕ ਫਸ ਗਏ ਹਨ। ਇਹ ਹੋਰ ਲੇਖਕ ਕੌਣ ਹਨ, ਕਿਤੇ ਇਹ ਸਾਰੇ ਭਗਵੰਤ ਰਸੂਲਪੁਰੀ ਦੇ ਖੇਮੇ ਦੇ ਲੇਖਕ ਹੀ ਤਾਂ ਨਹੀਂ, ਜੋ ਸਾਲ ਦੋ ਸਾਲ ਵਿਚ ਚਰਚਾ ਵਿਚ ਆਉਣ ਲਈ ਕੋਈ ਨਾ ਕੋਈ ਸ਼ੋਸ਼ਾ ਛੱਡਦੇ ਰਹਿੰਦੇ ਹਨ।

ਇਹ ਗੱਲ ਸੰਸਾਰ ਚਿੰਤਨ ਦਾ ਹਿੱਸਾ ਰਹੀ ਹੈ ਕਿ ਕਲਾ ਅਤੇ ਸਾਹਿਤ ਦੀ ਸਦਾ ਹੀ ਜੀਵਨ ਵਿਚ ਉਸਾਰੂ ਭੂਮਿਕਾ ਰਹੀ ਹੈ। ਸੰਸਾਰ ਇਨਕਲਾਬਾਂ ਦੇ ਦੌਰ ਵਿਚ ਸਾਹਿਤ ਅਤੇ ਕਲਾ ਨੇ ਜੋ ਭੂਮਿਕਾ ਨਿਭਾਈ ਹੈ, ਉਹ ਜੱਗ ਜਾਹਰ ਹੈ। ਇਹ ਵੀ ਸਚਾਈ ਹੈ ਕਿ ਜਦ ਸੋਵੀਅਤ ਰੂਸ ਦਾ ਪਤਨ ਹੋਇਆ ਸੀ ਤਦ ਵੀ ਕੁਝ ਕੁ ਸ਼ਾਤਰ ਕਿਸਮ ਦੇ ਚਿੰਤਕਾਂ ਨੇ ਕਿਹਾ ਸੀ ਕਿ ਇਤਿਹਾਸ, ਵਿਚਾਰ ਅਤੇ ਗਿਆਨ ਦਾ ਹੁਣ ਯੁੱਗ ਖ਼ਤਮ ਹੋ ਗਿਆ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਹੁਣ ਕੇਵਲ ਉਪਭੋਗੀ ਸੱਭਿਆਚਾਰ ਹੀ ਜੀਵਤ ਰਹੇਗਾ। ਕਾਰਪੋਰੇਟ ਜਗਤ ਨੇ ਜਿਸ ਪ੍ਰਕਾਰ ਦਾ ਮੁਨਾਫ਼ਾ ਅਧਾਰਤ ਮਾਹੌਲ ਸਿਰਜ ਕੇ ਮਾਨਵੀ ਕਦਰਾਂ ਨੂੰ ਤਹਿਸ ਨਹਿਸ ਕਰ ਛੱਡਿਆ ਹੈ, ਨੇ ਕਲਮਕਾਰਾਂ ਦੀਆਂ ਅੱਖਾਂ ਨੂੰ ਵੀ ਚੁੰਧਿਆ ਦਿੱਤਾ ਹੈ। ਇਸ ਵਰਤਾਰੇ ਤੋਂ ਪਹਿਲਾਂ ਵੀ ਕੁਝ ਕੁ ਕਲਮਾਂ ਨੇ ਵਰਜਤ ਰਿਸ਼ਤਿਆਂ ਦਾ ਵਾਅ ਵੇਲਾ ਖੜ੍ਹਾ ਕਰਨ ਵਾਲ਼ੀਆਂ ਕਹਾਣੀਆਂ ਲਿਖ ਕੇ ਵਕਤੀ ਤੌਰ 'ਤੇ ਵਾਹ-ਵਾਹ ਖੱਟਣ ਦਾ ਭਰਮ ਪਾਲ਼ਿਆ ਸੀ। ਪਰ ਉਨ੍ਹਾਂ ਦਾ ਉਹ ਜਾਦੂ ਬਹੁਤੀ ਦੇਰ ਨਹੀਂ ਸੀ ਚੱਲਿਆ ਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਪਾਠਕ ਚਿਮਟੇ ਨਾਲ਼ ਵੀ ਛੂਹਣ ਲਈ ਨਹੀਂ ਸੀ ਅਹੁਲ਼ਦਾ। ਹੋਰ ਵੀ ਕਈ ਨਵੇਂ ਕਹਾਣੀਕਾਰ ਆਪਣਾ ਸਫ਼ਰ ਹੀ ਲਿੰਗ ਸੰਬੰਧਾਂ ਦੀਆਂ ਕਹਾਣੀਆਂ ਤੋਂ ਕਰ ਕੇ ਚਰਚਾ ਵਿਚ ਆਉਣ ਦੇ ਯਤਨਾਂ ਵਿਚ ਹਨ ਪਰ ਬਹੁਤ ਥੋੜ੍ਹੇ ਸਮੇਂ ਵਿਚ ਹੀ ਉਨ੍ਹਾਂ ਦੀ ਕਲਮ ਨੂੰ ਲਕਵਾ ਮਾਰ ਜਾਂਦਾ ਹੈ।

ਭਗਵੰਤ ਰਸੂਲਪੁਰੀ ਆਪਣੀ ਜੋਤਿਸ਼ ਵਿਦਿਆ ਦੇ ਬਲ ਅਗਲੀ ਭਵਿੱਖਬਾਣੀ ਕਰਦਾ ਹੈ-"ਮੈਨੂੰ ਲਗਦਾ ਹੈ ਪੰਜਾਬੀ ਕਹਾਣੀ ਵਿਚ ਵਰਜਿਤ ਰਿਸ਼ਤਿਆਂ ਨੂੰ ਲੈ ਕੇ ਕਹਾਣੀ ਦਾ ਰੁਝਾਨ ਵਧੇਗਾ। ਪਿਉ-ਧੀ, ਭੈਣ-ਭਰਾ, ਸਹੁਰਾ-ਨੂੰਹ, ਦਿਉਰ-ਭਰਜਾਈ, ਜੇਠ-ਛੋਟੀ ਭਰਜਾਈ, ਪ੍ਰੇਮੀ-ਪ੍ਰੇਮਕਾ ਦੇ ਵਰਜਿਤ ਸੰਬੰਧਾਂ ਨੂੰ ਲੈ ਕੇ ਵੱਡੀ ਪੱਧਰ 'ਤੇ ਕਹਾਣੀ ਲਿਖੀ ਜਾਵੇਗੀ। ਨੈਤਿਕਤਾ ਦੀ ਦੁਹਾਈ ਪਾ ਕੇ ਸਾਡੀ ਪਹਿਲੀ ਪੀੜ੍ਹੀ ਦੇ ਕਹਾਣੀਕਾਰ ਇਨ੍ਹਾਂ ਰਿਸ਼ਤਿਆਂ ਦੇ ਇਰਦ ਗਿਰਦ ਰਚੀ ਕਹਾਣੀ ਨੂੰ ਨਿੰਦਦੇ ਰਹੇ ਹਨ। 'ਕਹਾਣੀਧਾਰਾ' ਦੇ ਇਸ ਅੰਕ ਵਿਚ ਪੰਜਾਬੀ ਦੇ ਕਹਾਣੀਕਾਰਾਂ ਨੇ ਇਨ੍ਹਾਂ ਰਿਸ਼ਤਿਆਂ ਨੂੰ ਲੈ ਕੇ ਵਰਜਿਤ ਸਬੰਧਾਂ ਦੀਆਂ ਕਹਾਣੀਆਂ ਲਿਖੀਆਂ ਹਨ।...ਨੈਤਿਕਤਾ ਦੇ ਮਾਪਦੰਡ ਵੀ ਟੁੱਟ ਰਹੇ ਹਨ।" ਇਸ ਦਾ ਸਿੱਧਾ

ਹੀ ਅਰਥ ਇਹ ਬਣਦਾ ਹੈ ਕਿ ਹੁਣ ਸਾਨੂੰ ਨੈਤਿਕ ਕਦਰਾਂ-ਕੀਮਤਾਂ ਦੀ ਦੁਹਾਈ ਨਹੀਂ ਦੇਣੀ ਚਾਹੀਦੀ, ਬਲਕਿ ਖੁੱਲ੍ਹੇ ਆਮ ਅਨਾਰਕੀ ਪੈਦਾ ਕਰਨ ਵਾਲ਼ੀਆਂ ਕਹਾਣੀਆਂ ਦੀ ਵਕਾਲਤ ਕਰਨੀ ਚਾਹੀਦੀ ਹੈ।

ਇਹ ਹਨ ਸਾਡੇ ਭਗਵੰਤ ਰਸੂਲਪੁਰੀ ਦਲਿਤ ਚਿੰਤਨ ਦੇ ਝੰਡਾ ਬਰਦਾਰ। ਉਨ੍ਹਾਂ ਨੇ ਹੋਰ ਵੀ ਮਾਹਰਕਾ ਮਾਰਿਆ ਹੈ ਕਿ ਸਾਰੀਆਂ ਹੀ ਕਹਾਣੀਆਂ ਵਰਜਿਤ ਰਿਸ਼ਤਿਆਂ ਦੀਆਂ ਪਰਚੇ ਵਿਚ ਛਾਪ ਕੇ ਨੈਤਿਕਤਾ ਦੀ ਰਖਵਾਲੀ ਕਰਨ ਦਾ ਨੇਕ ਕਾਰਜ ਕਰ ਵਿਖਾਇਆ ਹੈ। ਹੋਰ ਵੇਖੋ ਭਗਵੰਤ ਰਸੂਲਪੁਰੀ ਕਲਮਕਾਰਾਂ ਨੂੰ ਸੱਦਾ ਦਿੰਦੇ ਹਨ ਕਿ ਪੂੰਜੀਵਾਦੀ ਦੌਰ ਵਿਚ ਬੰਦੇ ਦੀ ਬਦਲਦੀ ਮਾਨਸਿਕਤਾ ਪਿੱਛੇ ਛੁਪੇ ਕਾਰਨਾਂ ਨੂੰ ਨਵੀਂ ਕਹਾਣੀ ਨੇ ਫੜਨਾ ਹੈ। ਯਾਨੀ ਹੁਣ ਲੇਖਕਾਂ ਦੇ ਕਰਨ ਗੋਚਰਾ ਸਿਰਫ਼ ਇਕ ਕਾਰਜ ਰਹਿ ਗਿਆ ਹੈ ਕਿ ਉਹ ਬੰਦੇ ਦੀ ਉਸ ਮਾਨਸਿਕਤਾ ਨੂੰ ਫੜਨ ਦਾ ਯਤਨ ਕਰਨ, ਜਦੋਂ ਪਿਉ ਧੀ ਨੂੰ, ਚਾਚਾ ਭਤੀਜੀ ਨੂੰ, ਮਾਮਾ ਭਾਣਜੀ ਨੂੰ ਤੇ ਸਕਾ ਭਾਈ ਸਕੀ ਭੈਣ ਆਦਿ ਨੂੰ ਭੋਗਦਾ ਹੈ।

ਮੈਂ ਆਪਣੇ ਇਸ ਪੱਤਰ ਰਾਹੀਂ ਭਗਵੰਤ ਰਸੂਲਪੁਰੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਮੇਰੀ ਕਹਾਣੀ 'ਕੈਲੂਫਰੋਨੀਆਂ' ਪੜ੍ਹ ਲਵੇ। ਲਾਲ ਸਿੰਘ ਦੀਆਂ ਕਹਾਣੀਆਂ ਉੱਤੇ ਸਰਸਰੀ ਝਾਤ ਮਾਰ ਲਵੇ। ਸਾਡੇ ਇੱਥੇ ਬਠਿੰਡੇ ਦਾ ਹੋਣਹਾਰ ਕਹਾਣੀਕਾਰ ਹੈ ਜਸਪਾਲ ਮਾਨਖੇੜਾ, ਉਸ ਦੇ ਦੋ ਕਹਾਣੀ ਸੰਗ੍ਰਹਿ ਆਏ ਹਨ 'ਅਣਗਿਣਤ ਵਰ੍ਹਾ' ਅਤੇ 'ਬਸਰੇ ਦੀ ਲਾਮ', ਉਹ ਪੜ੍ਹ ਲਵੇ। ਮੈਂ ਆਪਣੀਆਂ ਹੋਰ ਕਹਾਣੀਆਂ ਦਾ ਜ਼ਿਕਰ ਨਹੀਂ ਕਰਦਾ ਜੋ ਪਿਛਲੇ ਦੌਰ ਵਿਚ ਛਪਦੀਆਂ ਰਹੀਆਂ ਹਨ। ਮੈਂ ਆਪਣੇ ਬਾਰੇ ਕੋਈ ਫੜ੍ਹ ਤਾਂ ਨਹੀਂ ਮਾਰਨਾ ਚਾਹੁੰਦਾ ਪਰ ਮੇਰੀ ਕਹਾਣੀ 'ਕੈਲੂਫਰੋਨੀਆਂ' ਪੜ੍ਹ ਲੈਣੀ ਚਾਹੀਦੀ ਹੈ ਭਗਵੰਤ ਰਸੂਲਪੁਰੀ ਨੂੰ। 'ਕੰਧਾਂ 'ਤੇ ਲਿਖੀ ਇਬਾਰਤ' ਅਤੇ 'ਰੱਬ ਦਾ ਕਤਲ' ਆਦਿ ਵੱਲ ਸਰਸਰੀ ਨਿਗਾਹ ਹੀ ਮਾਰ ਲਵੇ। ਕਹਾਣੀ ਕੋਲੋਂ ਵਿਸ਼ੇ ਮੁੱਕੇ ਨਹੀਂ ਵਿਸ਼ਿਆਂ ਵੱਲ ਵਿਗਿਆਨਕ ਨਜ਼ਰੀਏ ਤੋਂ ਵੇਖਣ ਦੀ ਜ਼ਰੂਰਤ ਹੈ। ਪਤਾ ਨਹੀਂ ਇਨ੍ਹਾਂ ਜਲੰਧਰੀਆਂ ਨੂੰ ਦੂਜੇ ਤੀਜੇ ਕੀ ਹੋ ਜਾਂਦਾ ਹੈ, ਨਵਾਂ ਸ਼ੋਸ਼ਾ ਛੱਡੀ ਰੱਖਦੇ ਨੇ। ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਡੈੱਡ ਲਾਈਨ' ਦੀ ਜਦ ਹਰ ਪਾਸੇ ਚਰਚਾ ਹੋਈ ਤਾਂ ਉਸ ਨੇ ਵੀ ਧੜਾ-ਧੜ ਵਰਜਤ ਰਿਸ਼ਤਿਆਂ ਦੀਆਂ ਕਹਾਣੀਆਂ ਲਿਖੀਆਂ ਸਨ, ਪਰ ਬਾਅਦ ਵਿਚ ਅਗਾਂਹਵਧੂ ਹਲਕਿਆਂ ਵਿਚ ਉਸ ਦੀਆਂ ਕਹਾਣੀਆਂ ਦੀ ਤੋਇ ਤੋਇ ਹੀ ਹੋਈ। ਵੀਨਾ ਵਰਮਾ ਇਕ ਹੋਰ ਕਹਾਣੀਕਾਰਾ ਆਈ ਜਿਸ ਨਿਰੋਲ ਲਿੰਗ-ਸੰਬੰਧਾਂ ਨੂੰ ਲੈ ਕੇ ''ਬੇਬਾਕ ਕਹਾਣੀਆਂ'' ਲਿਖੀਆਂ। ਵੇਖਿਆ ਜਾ ਸਕਦਾ ਹੈ ਕਿ ਉਸਦਾ ਜਾਦੂ ਵੀ ਟੁੱਟ ਚੁੱਕਾ ਹੈ। ਕੌਣ ਯਾਦ ਕਰਦਾ ਹੈ ਵੀਨਾ ਵਰਮਾ ਨੂੰ। ਔਰਤ-ਮਰਦ ਦੇ ਰਿਸ਼ਤੇ ਉਪਰ ਲਿਖੀ ਕਹਾਣੀ ਜੇਕਰ ਸਾਮੰਤੀ ਕਦਰਾਂ-ਕੀਮਤਾਂ ਉਪਰ ਸੱਟ ਨਹੀਂ ਮਾਰਦੀ ਤੇ ਕੇਵਲ ਸਰੀਰਕ ਉਤੇਜਨਾ ਦੀਆਂ ਬਾਤਾਂ ਹੀ ਪਾਉਂਦੀ ਹੈ ਤਾਂ ਉਹ ਘੱਟੋ ਘੱਟ ਸਮਾਜ ਦੇ ਕੰਮ ਦੀ ਚੀਜ਼ ਨਹੀਂ ਹੈ।

ਇਸੇ ਤਰ੍ਹਾਂ ਹੋਰ ਕਹਾਣੀਕਾਰ ਵੀ ਸਾਹਮਣੇ ਆ ਜਾਣਗੇ। ਇਸੇ ਤਰ੍ਹਾਂ ਕਹਾਣੀਕਾਰਾ ਤਰਸਪਾਲ ਕੌਰ ਹੈ, ਕੇਸਰਾ ਰਾਮ ਹੈ ਅਤੇ ਸੱਭਿਆਚਾਰ ਦੀਆਂ ਪੈੜਾਂ ਪੜਤਾਲਦੀ ਹੋਣਹਾਰ ਲੇਖਕਾ ਪਰਮਜੀਤ ਕੌਰ ਸਰਹਿੰਦ ਦਾ ਵੀ ਜ਼ਿਕਰ ਕਰਨਾ ਵਾਜਬ ਸਮਝਦਾ ਹਾਂ, ਜੋ ਨਰੋਈਆਂ ਕਦਰਾਂ ਨੂੰ ਹੁਲਾਰਾ ਦੇਣ ਦਾ ਯਤਨ ਕਰ ਰਹੀਆਂ ਹਨ। ਹੋਰ ਕਹਾਣੀਕਾਰਾ ਵੀ ਹੋ ਸਕਦੀਆਂ ਹਨ। ਬਲਦੇਵ ਨੇ ਵੀ ਕਹਾਣੀਆਂ ਲਿਖੀਆਂ ਹਨ ਪਰ ਮੇਰੀ ਜਾਚੇ ਇਕ ਵੀ ਕਹਾਣੀ ਵਰਜਿਤ ਸਬੰਧਾਂ ਦੀ ਨਹੀਂ ਲਿਖੀ। ਮੈਂ ਇਹ ਮੰਨਣ ਨੂੰ ਤਿਆਰ ਹਾਂ ਕਿ ਸਾਡੀ ਕਲਮ ਦੀ ਤੋਰ ਮੱਧਮ ਪੈ ਗਈ ਹੈ ਪਰ ਇਸ ਦਾ ਇਹ ਹਰਗਿਜ਼ ਮਤਲਬ ਨਹੀਂ ਕਿ ਸਾਡੇ ਕੋਲ ਹੁਣ ਕਹਾਣੀ ਦੇ ਵਿਸ਼ੇ ਨਹੀਂ ਰਹੇ। ਇਸ ਵਿਚ ਵੀ ਕਈ ਸ਼ੱਕ ਨਹੀਂ ਕਿ ਅਸੀਂ ਲੋਕ ਪਿੰਡਾਂ 'ਚੋਂ

ਸ਼ਹਿਰਾਂ ਵਿਚ ਆ ਵਸੇ ਹਾਂ। ਸਾਡਾ ਨਾ ਤਾਂ ਸ਼ਹਿਰੀਕਰਨ ਹੋਇਆ ਹੈ ਤੇ ਨਾ ਹੀ ਅਸੀਂ ਪਿੰਡਾਂ ਨਾਲੋਂ ਟੁੱਟੇ ਹਾਂ। ਵਿਚ-ਵਿਚਾਲੇ ਲਟਕਣ ਵਾਲ਼ੀ ਅਵਸਥਾ ਦਾ ਇਹ ਵੀ ਅਰਥ ਨਹੀਂ ਬਣਦਾ ਕਿ ਹੁਣ ਸਾਡੇ ਕੋਲ਼ ਕੋਈ ਵਿਸ਼ਾ ਨਹੀਂ ਰਿਹਾ। ਜਨਵਰੀ-ਮਾਰਚ 2014 ਦੇ 'ਸਿਰਜਣਾ' ਅੰਕ ਵਿਚ ਤਿੰਨ ਕਹਾਣੀਆਂ ਛਪੀਆਂ ਹਨ, ਤਿੰਨੇ ਕਹਾਣੀਆਂ ਭਗਵੰਤ ਰਸੂਲਪੁਰੀ ਦੇ ਵਿਚਾਰਾਂ ਦੀ ਹਾਮੀ ਨਹੀਂ ਭਰਦੀਆਂ। ਇਨ੍ਹਾਂ ਕਹਾਣੀਆਂ ਵਿਚੋਂ ਮੈਂ ਉਚੇਚੇ ਤੌਰ 'ਤੇ ਗੁਰਦਿਆਲ ਦਲਾਲ ਦੀ ਕਹਾਣੀ 'ਜਿੱਲ੍ਹਣ' ਦੀ ਗੱਲ ਕਰਨੀ ਚਾਹਾਂਗਾ। ਲੇਖਕ ਨੇ ਜਾਤੀ-ਪਾਤੀ ਵਿਵਸਥਾ ਦੀ ਰਹਿੰਦ-ਖੂੰਹਦ ਦੇ ਬਰੀਕ ਯਥਾਰਥ ਨੂੰ ਜਿਵੇਂ ਹੱਥ ਪਾਇਆ ਹੈ ਤੇ ਉਸ ਨੂੰ ਬਾ-ਖੂਬੀ ਨਿਭਾਇਆ ਹੈ, ਦਾਦ ਦੇਣੀ ਬਣਦੀ ਹੈ। ਨਾਇਕ ਜੋ ਕਿ ਦਲਿਤ ਸਮਾਜ ਵਿਚੋਂ ਉੱਚਾ ਉੱਠਿਆ ਉੱਚੀ ਪਦਵੀ ਤੋਂ ਸੇਵਾ ਮੁਕਤ ਹੋਇਆ ਹੈ, ਪਰ ਉਸ ਨੇ ਜੜ੍ਹਾਂ ਨਹੀਂ ਛੱਡੀਆਂ। ਦੂਜੇ ਪਾਸੇ ਜੱਟ ਜਿਸ ਕੋਲ ਜ਼ਮੀਨ ਦਾ ਓਰਾ ਤਾਂ ਰਿਹਾ ਨਹੀਂ ਪਰ ਧੌਣ ਵਿਚੋਂ ਜੱਟਵਾਦ ਵਾਲ਼ਾ ਕਿੱਲਾ ਨਹੀਂ ਨਿਕਲਿਆ ਦੀ ਬਹੁਤ ਹੀ ਮਾਰਮਿਕ ਕਹਾਣੀ ਰਚ ਵਿਖਾਈ ਹੈ ਗੁਰਦਿਆਲ ਦਲਾਲ ਨੇ। ਮੁੰਡਿਉ ਮੈਂ ਤੁਹਾਨੂੰ ਕੱਲ੍ਹ ਦੇ ਛੋਕਰੇ ਤਾਂ ਨਹੀਂ ਕਹਿੰਦਾ ਪਰ ਇਹ ਜ਼ਰੂਰ ਕਹਾਂਗਾ ਕਿ ਧਰਤੀ ਤੋਂ ਪੈਰ ਤਹਾਂ ਨਾ ਚੁੱਕੋ। ਧਰਤੀ 'ਤੇ ਟਿਕਾਈ ਰੱਖੋ। ਤੁਸੀਂ ਘਚੋਲਾ ਤਾਂ ਪਾ ਸਕਦੇ ਹੋ ਪਰ ਇਸ ਤਰ੍ਹਾਂ ਦੀਆਂ ਲਿਖਤਾਂ ਨਾਲ਼ ਸਾਹਿਤ ਅਤੇ ਸਮਾਜ ਦੇ ਆਪਸੀ ਰਿਸ਼ਤੇ ਦੀ ਤਰਜਮਾਨੀ ਨਹੀਂ ਕਰ ਰਹੇ ਹੋਵੋਗੇ।

-ਅਤਰਜੀਤ, ਬਠਿੰਡਾ

ਸਿਰਜਣਾ-171 ਪੜ੍ਹਿਆ ਵੀ ਹੈ, ਮਾਣਿਆ ਵੀ ਹੈ, ਵਿਚਾਰਿਆ ਵੀ ਹੈ। ਕੁਝ ਅਨੁਭਵ ਸਾਂਝੇ ਕਰਨ ਦੀ ਖੁਲ੍ਹ ਲੈ ਰਿਹਾ ਹਾਂ। 0 ਬਲਜੀਤ ਬਾਸੀ ਦੀ 'ਬਿਪਰਨ ਕੀ ਰੀਤ' ਭਾਸ਼ਾ ਵਿਆਕਰਣ ਦਾ ਇਕ ਲਾਹੇਵੰਦਾ ਚੈਪਟਰ ਹੈ। ਪਤਾ ਲਗਦਾ ਹੈ ਕਿ ਧਾਰਮਿਕ ਅੰਧ ਵਿਸ਼ਵਾਸ ਕਿਵੇਂ ਅਰਥਾਂ ਦੇ ਅਨਰਥ ਨਾਲ ਭਾਸ਼ਾ ਨਾਲ ਹੀ ਨਹੀਂ, ਚਿੰਤਨ ਨਾਲ ਵੀ ਅਨਿਆ ਕਰ ਜਾਂਦਾ ਹੈ। ਵੱਡੀਆਂ ਕਲਗੀਆਂ ਵਾਲੇ ਗੁਰਮੁਖ ਪਿਆਰੇ ਬਲਜੀਤ ਬਾਸੀ ਦੇ ਕਟਹਿਰੇ ਵਿਚ ਖੜ੍ਹੇ ਹਨ। ਗੱਲ ਦਿਲਸਚਪ ਵੀ ਹੈ ਤੇ ਗਿਆਨਵਰਧਕ ਵੀ। 0 ਸੁਜੀਤ ਹਾਂਸ ਚਿੰਤਨ ਦੀ ਦੁਨੀਆਂ ਦਾ ਸਿਰਕੱਢ ਨਾਂ ਹੈ; ਪਰ 'ਸਾਮਰਾਜ ਦਾ ਮਿਥਿਹਾਸ' ਵਾਂਗ ਹੀ ਗੋਲਮੋਲ ਹੈ। ਗਿਆਨ ਹੈ; ਪਰ ਗਿਆਨ ਦੇ ਫੁੱਲ ਜਿਵੇਂ ਭਰੂ ਭਰੂ ਕੇ ਖਿਲਾਰ ਸੁੱਟੇ ਹੋਣ। ਭਾਸ਼ਾਈ ਖਿਚੜੀ 'ਚੋਂ ਮਾਂਹ, ਮੋਠ ਪਛਾਨਣ ਲੱਗਿਆਂ ਦਿੱਕਤ ਪੇਸ਼ ਆਉਂਦੀ ਹੈ। ਹੋ ਸਕਦਾ ਹੈ, ਮੈਂ ਹੀ ਅਲਪ ਬੁੱਧੀ ਹੋਣ ਕਰਕੇ 'ਗਾਹ' 'ਚ ਫਸ ਗਿਆ ਹੋਵਾਂ। 0 ਬਲਦੇਵ ਸਿੰਘ ਲੰਡਨ ਦੀ ਕਹਾਣੀ 'ਸਾਂਝਾਂ ਪਿਆਰ ਦੀਆਂ' ਸੱਚੀ ਸੁੱਚੀ ਪਿਆਰੀ ਰਚਨਾ ਹੈ। ਬਾਲ-ਪ੍ਰੀਤ ਕੁਲ ਆਲਮ ਦੀ ਪ੍ਰੀਤ ਬਣਕੇ ਧੁਰ ਹਿਰਦੇ ਤਕ ਲਹਿ ਜਾਂਦੀ ਹੈ। ਨਿੱਕੀ ਜਿਹੀ ਫੈਂਟਸੀ ਦੀ ਪਾਹ ਇਹਨੂੰ ਹੋਰ ਵੀ ਪਿਆਰੀ ਰਚਨਾ ਬਣਾ ਜਾਂਦੀ ਹੈ। ਇਹ ਸੁੱਚਾ ਸਾਹਿਤ ਹੈ, ਜਿਹਨੂੰ ਬਾਰ ਬਾਰ ਪੜ੍ਹਿਆਂ ਮਨ-ਮਸਤਕ ਨੂੰ ਸਕੂਨ ਮਿਲਦਾ ਹੈ। 0 ਰਤਨ ਸਿੰਘ ਦੀ ਕਹਾਣੀ 'ਸੋਚਣ ਵਾਲੀ ਗੱਲ' ਇਕ ਅਰਥ ਭਰਪੂਰ ਮਨੋਵਿਸ਼ਲੇਸ਼ਨ ਹੈ। ਕਰਮੋ ਤਾਂ ਇਕ ਚਿੰਨ੍ਹ ਹੈ ਉਦਮ ਦਾ, ਸੁਹਜ ਦਾ , ਮਿਹਨਤ ਦਾ, ਹਿਰਦੇ ਦੀ ਸੁੰਦਰਤਾ ਦਾ; ਪਰ ਮਨੁੱਖ ਦੇ ਹਿਰਦੇ ਵਿਚ ਵਸਿਆ ਸ਼ੈਤਾਨ, ਪੈਰ ਪੈਰ 'ਤੇ ਖੁੱਤੀ 'ਚ ਮੂਤਦਾ, ਜੀਵਨ ਦੀ ਸਾਰੀ ਖੇਡ ਹੀ ਪਲੀਤ ਕਰੀ ਜਾਂਦਾ ਹੈ। ਇਕੇ ਕਹਾਣੀ ਦੇ ਵਿਚ ਕਈ ਕਹਾਣੀਆਂ, ਪਰਤ-ਦਰ-ਪਰਤ ਮਨੁੱਖੀ ਮਨੋ ਵਿਸ਼ਲੇਸ਼ਨ, ਇਕ ਹੰਢੀ ਹੋਈ ਕਲਮ ਦਾ ਕ੍ਰਿਸ਼ਮਾ ਹੈ। 0 'ਉਹ ਚਿੜੀ ਨਹੀਂ ਸੀ' ਜੋਗੇ ਭੰਗਲ ਦੀ ਕਹਾਣੀ ਪੂਰਵ ਨਿਸਚਤ ਧਾਰਨਾ ਵੱਲ ਸੇਧਤ ਰਚਨਾ ਹੈ। ਆਦਰਸ਼ਵਾਦੀ ਸੋਚ ਵਾਸਤਵਿਕਤਾ 'ਤੇ ਭਾਰੂ ਹੁੰਦੀ ਲਗਦੀ ਹੈ। 0 ਗੁਰਦਿਆਲ ਦਲਾਲ ਕਥਾਕਾਰੀ ਵਿਚ ਇਕ ਸੁਪ੍ਰਸਿੱਧ ਨਾਂ ਹੈ। ਕਹਾਣੀ 'ਜਿਲ੍ਹਣ' ਰਾਹੀਂ ਉਹਨੇ ਜੱਟ ਮਾਨਸਿਕਤਾ ਦੇ

ਮਿਥ ਦੇ ਬਖੀਏ ਉਧੇੜੇ ਹਨ। ਜੱਟ ਹਉਮੈਂ, ਜਟਕੀ ਹੈਂਕੜ, ਜਟਕਾ ਵ੍ਹੈਂਗੜਪੁਣਾ ਸਭ ਯਥਾਰਥ ਹੈ। ਜੱਟ ਮਰਿਆ ਮਰਿਆ ਵੀ ਬਾਕੀ ਜਾਤਾਂ ਨੂੰ ਕੰਮੀ ਕਮੀਣ ਤੋਂ ਵੀ ਅੱਗੇ ਲੰਘ ਕੇ ਕਮੀਣੇ ਤੇ ਹੋਰ ਇਹੋ ਜਿਹਾ ਕੁਝ ਸਮਝਦਾ ਆਇਆ ਹੈ, ਅਜੇ ਵੀ ਸਮਝਦਾ ਹੈ ਸਭ ਸੱਚ ਹੈ। ਪਰ, ਗੁਰਦਿਆਲ ਦਲਾਲ ਨੂੰ ਵੀ ਇਸ ਗੱਲ ਦਾ ਪੱਕਾ ਪਤਾ ਹੋਵੇਗਾ ਕਿ ਨੰਗਾ ਚਿੱਟਾ ਪਰਚਾਰ ਚੰਗਾ ਸਾਹਿਤ ਨਹੀਂ ਬਣਦਾ, ਨਿਰਾ ਡਾਂਗ ਸੋਟਾ ਟਕਰਾਉ ਦਾ ਕਾਰਣ ਬਣ ਜਾਇਆ ਕਰਦਾ ਹੈ, ਨਿਰਾ ਗੁੱਝ ਗਲ੍ਹਾਟ ਸਾੜੇ ਕੀਨੇ ਦੀ ਭਾਸ਼ਾ ਬਣ ਜਾਇਆ ਕਰਦਾ ਹੈ। ਲੰਮੀਆਂ ਬਾਤਾਂ ਪਾਉਣ ਨਾਲੋਂ ਨਿਰੀ ਚੰਦਾ ਸਿੰਘ ਦੀ ਵਾਰਤਾ ਕੱਥ ਦਿੱਤੀ ਜਾਂਦੀ ਤਾਂ ਕਹਾਣੀ ਵਧੇਰੇ ਅਸਰਦਾਰ ਸਾਬਤ ਹੁੰਦੀ। 0 ਕਵਿਤਾਵਾਂ ਥੋੜ੍ਹੀਆਂ ਹਨ ਪਰ ਖਰੀਆਂ ਹਨ। ਰਵਿੰਦਰ ਰਵੀ ਦਾ 'ਸਥਿਤੀਮੂਲਕ ਸਵੈ-ਚਿਤਰ' ਗੂੜ੍ਹ ਗਿਆਨ ਭਰਿਆ ਹੈ। ਸਰਬਜੀਤ ਕੌਰ ਦੀਆਂ ਕਵਿਤਾਵਾਂ ਵਿਚਾਰਾਂ ਨੂੰ ਟੁੰਬਦੀਆਂ ਹਨ। ਹਰਪ੍ਰੀਤ ਕੌਰ ਦੀ ਕਵਿਤਾ ਤੱਥ ਵਰੋਲਦੀ ਹੈ। ਇਹ ਸੱਚ ਹੈ ਕਿ ਅੱਜ ਦੀ ਕਵਿਤਾ ਭਾਵੁਕ 'ਦੁੱਧ ਦੇ ਉਬਾਲ਼' ਦੀ ਬਜਾਏ ਬੌਧਿਕ ਵਿਚਾਰਸ਼ੀਲਤਾ ਵੱਲ ਵਧੇਰੇ ਰੁਚਿਤ ਹੈ। 0 ਸੰਪਾਦਕੀ 'ਪੰਜਾਬ ਸੰਤਾਪ' ਬਾਰੇ ਡੂੰਘੇ ਦਰਦ ਨਾਲ ਓਤ ਪੋਤ ਹੈ। ਇਸ ਵਿਚਲੀ ਪੰਜਾਬ ਪ੍ਰਤੀ ਸੁਹਿਰਦਤਾ ਪ੍ਰਤੱਖ ਹੈ। ਬਿਨਾਂ ਸ਼ੱਕ ਇਸ ਸਾਰੀ ਸਮੱਸਿਆ ਨੂੰ ਨਿਰਪੱਖਤਾ ਨਾਲ ਸੋਚਿਆ ਵਿਚਾਰਿਆ ਗਿਆ ਹੈ। ਸੰਤਾਲੀ ਹੈ ਜਾਂ ਚੌਰਾਸੀ, ਇਹਨਾਂ ਦੀ ਜੜ ਮੁਨਿਆਦ ਤਾਂ ਮਜ਼ਹਬੀ ਬੁਖਾਰ ਹੀ ਹੈ। ਗਰਮ ਖਿਆਲੀਏ 'ਧਰਮੀ' ਲੋਕ, ਅੱਗ ਦੇ ਗੋਲ਼ੇ, ਹਮੇਸ਼ਾ ਭਾਂਬੜ ਬਾਲਣ ਨੂੰ ਤਿਆਰ ਰਹਿੰਦੇ ਹਨ। ਧਰਮ ਤੇ ਧਾਰਮਿਕ ਕੱਟੜਤਾ ਹੀ ਸਾਰੇ ਪੁਆੜਿਆਂ ਦੀ ਜੜ ਹੈ। ਸਾਨੂੰ ਆਪਣੀ ਆਪਣੀ ਪੀੜ ਤਾਂ ਨਜ਼ਰੀਂ ਆਉਂਦੀ ਹੈ; 'ਪੀੜ ਪਰਾਈ' ਤਾਂ ਸ਼ਾਇਦ ਸਾਡਾ ਮਨੋਰੰਜਨ ਬਣ ਜਾਂਦੀ ਹੈ। ਅਸੀਂ ਚੌਰਾਸੀ ਦੇ ਦੰਗਿਆਂ ਬਾਰੇ ਤਾਂ ਕੁਰਲਾਉਂਦੇ ਹਾਂ. ਬਿਲਕੁਲ ਸੱਚੇ ਹੀ ਕੁਰਲਾਉਂਦੇ ਹਾਂ; ਪਰ ਉਹ ਜਿਨ੍ਹਾਂ ਨੂੰ ਇਸ ਕਰਕੇ ਬੱਸਾਂ 'ਚੋਂ ਕੱਢ ਕੱਢ ਕੇ ਮਾਰਿਆ ਜਾਂਦਾ ਰਿਹਾ ਹੈ ਕਿ ਉਹਨਾਂ ਦੇ ਸਿਰ 'ਤੇ ਪੱਗ ਨਹੀਂ, ਨਾਲ ਦੀ ਨਾਲ ਉਹਨਾਂ ਲਈ ਵੀ 'ਹਾਅ' ਦਾ ਨਾਅਰਾ ਮਾਰ ਛੱਡਿਆ ਕਰੀਏ। ਦੁੱਖ ਦੀ ਗੱਲ ਤਾਂ ਇਹ ਹੈ ਕਿ ਇਸ ਵਿਗਿਆਨਕ ਯੁਗ ਵਿਚ ਵੀ ਸਾਡੇ ਆਲ਼ੇ ਦੁਆਲ਼ੇ ਧਾਰਮਿਕ ਕੱਟੜਤਾ ਦਾ ਪਰਚਾਰ ਦਿਨੋਂ ਦਿਨ ਵਧ ਰਿਹਾ ਹੈ। ਧਾਰਮਿਕ ਕਰਮ-ਕਾਂਡਾਂ ਦੀ, ਸ਼ਰ੍ਹਾ ਸ਼ਰੀਅਤਾਂ ਦੀ ਚੜ੍ਹਤ ਜ਼ੋਰਾਂ 'ਤੇ ਹੈ। ਨਾ ਅਕਲਾਂ ਵਾਲਿਆਂ ਦੀ ਕੋਈ ਪੇਸ਼ ਜਾਂਦੀ ਹੈ, ਨਾ ਕਲਮਾਂ ਵਾਲਿਆਂ ਦੀ ਕੋਈ ਸੁਣੀਂਦੀ ਹੈ। ਬਹੁਤ ਕਲਮਾਂ ਵਾਲੇ ਤਾਂ ਖੁਦ ਵੀ ਮਜ਼ਹਬੀ ਜਾਂ ਸਿਆਸੀ ਟੁੱਕਰ-ਬੋਚ ਹੀ ਬਣੇ ਪਏ ਹਨ।

-ਧਿਆਨ ਸਿੰਘ ਸ਼ਾਹ ਸਿਕੰਦਰ, ਸੰਪਾਦਕ ਰੂਪਾਂਤਰ, ਦੀਨਾ ਨਗਰ

ਸਿਰਜਣਾ-171 ਵਿਚ ਗੁਰਦਿਆਲ ਦਲਾਲ ਦੀ ਕਹਾਣੀ 'ਜਿਲ੍ਹਣ' ਵਿਸ਼ੇ ਪੱਖੋਂ ਬਹੁਤ ਚੰਗੀ ਲੱਗੀ। ਪਿੱਛੜੇ ਸਮਾਜ ਦੀ ਤਰੱਕੀ ਅਤੇ ਕਥਿਤ ਵੱਡੀਆਂ ਜਾਤਾਂ ਦੀ ਹਉਮੈਂ ਦੇ ਭਰਮ ਦਾ ਅੰਤਰ-ਵਿਰੋਧ ਬਾਖੂਬੀ ਪੇਸ਼ ਕੀਤਾ ਗਿਆ ਹੈ। ਕਹਾਣੀ ਪੜ੍ਹਦਿਆਂ ਇੰਝ ਲੱਗਾ ਜਿਵੇਂ ਕਹਾਣੀ ਦੀ ਤਕਨੀਕ ਨਾਲ ਪ੍ਰਯੋਗ ਕਰਦਿਆਂ ਗੁਰਦਿਆਲ ਹੁਰੀਂ ਤਿੰਨ ਕਹਾਣੀਆਂ ਨੂੰ ਇਕ ਕਹਾਣੀ ਵਿਚ ਰਲਗੱਡ ਕਰਨ ਦੀ ਜ਼ਬਦਸਤੀ ਕੋਸ਼ਿਸ਼ ਕਰ ਰਹੇ ਹੋਣ, ਜਿਸ ਵਿਚ ਕਾਮਯਾਬੀ ਮਿਲੀ ਨਹੀਂ ਲੱਗਦੀ। ਕਹਾਣੀ ਦਾ ਪਹਿਲਾ ਹਿੱਸਾ ਦਰਅਸਲ ਕਹਾਣੀ ਘੱਟ ਅਤੇ ਵਾਰਤਕ ਜ਼ਿਆਦਾ ਲੱਗਦਾ ਹੈ, ਜਿਵੇਂ ਲੇਖਕ ਪਿੰਡਾਂ ਦੀ ਬਦਲਦੀ ਤਸਵੀਰ ਬਾਰੇ ਜਾਣਕਾਰੀ ਦੇ ਰਿਹਾ ਹੋਵੇ। ਬੱਸ ਲੇਖਕ ਨੇ ਇਹ ਜਾਣਕਾਰੀ ਸਿੱਧੇ ਨਾ ਦੇ ਕੇ ਕੈਮਰੇ ਅਤੇ ਇਕ ਹੋਰ ਪਾਤਰ ਦੇ ਬਹਾਨੇ ਦਿੱਤੀ ਹੈ। ਇਸ ਤੋਂ ਬਾਅਦ ਕਹਾਣੀ ਅਗਲੇ ਪੜਾਅ ਵਿਚ ਦਾਖਲ ਹੁੰਦੀ ਹੈ, ਜਦੋਂ ਮੈਂ ਪਾਤਰ ਮੰਜੀ 'ਤੇ ਪਏ ਪਾਤਰ ਨੂੰ ਮਿਲਣ ਜਾਂਦਾ ਹੈ। ਇਸ ਜਗ੍ਹਾ 'ਤੇ ਆ ਕੇ ਪਹਿਲੀ ਵਾਰਤਕ ਨੁਮਾ ਕਹਾਣੀ ਖ਼ਤਮ ਹੋ

ਜਾਂਦੀ ਹੈ। ਅਗਲੇ ਹਿੱਸੇ ਵਿਚ ਇਕ ਨਵੀਂ ਕਹਾਣੀ ਸ਼ੁਰੂ ਹੁੰਦੀ ਹੈ, ਜਿਸ ਦਾ ਸਿੱਧੇ ਤੌਰ 'ਤੇ ਪਹਿਲੇ ਹਿੱਸੇ ਨਾਲ ਕੋਈ ਸੰਬੰਧ ਨਹੀਂ, ਜੇ ਪੇਤਲਾ ਜਿਹਾ ਸੰਬੰਧ ਹੈ ਤਾਂ ਬੱਸ ਇੰਨਾ ਕੁ ਕਿ ਜੋ ਹਾਲਤ ਇਸ ਵੇਲੇ ਮੰਜੀ 'ਤੇ ਪਏ ਪਾਤਰ ਦੀ ਹੈ, ਉਸ ਦਾ ਕਾਰਨ ਪਹਿਲੇ ਹਿੱਸੇ ਵਿਚ ਦੱਸਿਆ ਗਿਆ ਹੈ ਅਤੇ ਇਸ ਹਿੱਸੇ ਵਿਚ ਦੁਹਰਾਇਆ ਗਿਆ ਹੈ। ਜੇ ਪਹਿਲਾ ਵਾਰਤਕਨੁਮਾ ਹਿੱਸਾ ਨਾ ਵੀ ਹੁੰਦਾ, ਫ਼ਿਰ ਵੀ ਇਹ ਦੂਜਾ ਹਿੱਸਾ ਸਮਝਣ ਵਿਚ ਕੋਈ ਔਖ ਨਹੀਂ ਸੀ ਹੋਣੀ। ਜਦੋਂ ਮੈਂ ਪਾਤਰ ਨੂੰ ਬਚਪਨ ਦਾ ਜਮਾਤੀ ਉੱਚੀ ਜਾਤ ਵਾਲਾ ਪਾਤਰ ਮਿਲਦਾ ਹੈ ਤਾਂ ਕਹਾਣੀ ਤੀਜੇ ਪੜਾਅ ਵਿਚ ਦਾਖਲ ਹੁੰਦੀ ਹੈ, ਜਿਸ ਦਾ ਪਹਿਲੇ ਅਤੇ ਦੂਜੇ ਹਿੱਸੇ ਨਾਲ ਕੋਈ ਸਿੱਧਾ ਅੰਤਰ-ਸੰਬੰਧ ਨਹੀਂ ਹੈ। ਤਿੰਨਾਂ ਹਿੱਸਿਆਂ ਵਿਚ ਜੇ ਕੋਈ ਸਾਂਝ ਹੈ ਤਾਂ ਸਿਰਫ਼ ਮੂਲ ਵਿਚਾਰ ਦੀ ਹੈ। ਮੈਨੂੰ ਇੰਝ ਲੱਗਦਾ ਹੈ ਕਿ ਲੇਖਕ ਨੇ ਦੂਸਰੇ ਅਤੇ ਤੀਸਰੇ ਹਿੱਸੇ ਨੂੰ ਅੰਤਰ ਦਵੰਦ ਦੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਕ ਪਾਸੇ ਮੈਂ ਪਾਤਰ ਦਲਿਤ ਹੋਣ ਦੇ ਬਾਵਜੂਦ ਮੰਜੇ 'ਤੇ ਪਏ ਉੱਚ ਜਾਤ ਦੇ ਪਾਤਰ ਸਾਹਮਣੇ ਆਪਣੀ ਹਉਮੈ ਜ਼ਾਹਰ ਕਰਨ ਤੋਂ ਇਸ ਲਈ ਰੁਕ ਜਾਂਦਾ ਹੈ ਕਿ ਉਸ ਨੂੰ ਆਪਣੇ ਪਿਤਾ ਦਾ ਕਥਨ ਚੇਤੇ ਆ ਜਾਂਦਾ ਹੈ, ਜਦ ਕਿ ਤੀਸਰੇ ਹਿੱਸੇ ਵਿਚ ਉੱਚ ਜਾਤ ਪਾਤਰ ਮੈਂ ਪਾਤਰ ਦੇ ਪੈਸਿਆਂ ਦੀ ਦਾਰੂ ਪੀ ਕੇ ਅੰਤ ਉਸ ਨੂੰ ਗਾਲ੍ਹਾਂ ਕੱਢਦਾ ਜਾਤ ਨੂੰ ਸੰਬੋਧਨ ਹੁੰਦਾ ਹੈ। ਕਹਾਣੀ ਦਾ ਵਿਸ਼ਾ ਅਤੇ ਲੇਖਕ ਦਾ ਮਨਸ਼ਾ ਚੰਗਾ ਹੈ, ਪਰ ਕਹਾਣੀ ਦੀ ਬੁਣਤਰ ਵਿਚ ਲੇਖਕ ਕਾਫ਼ੀ ਹੱਦ ਤਕ ਮਾਤ ਖਾ ਗਿਆ ਹੈ। ਇੱਥੇ ਮੈਨੂੰ ਅਜਮੇਰ ਸਿੱਧੂ ਦੀ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਦਾ ਸੰਦਰਭ ਦੇਣਾ ਵਾਜਬ ਲੱਗਦਾ ਹੈ। ਉਸ ਵਿਚ ਵੀ ਦੋ-ਤਿੰਨ ਕਹਾਣੀਆਂ ਸਮਾਨਾਂਤਰ ਚੱਲਦੀਆਂ ਹਨ, ਪਰ ਉਹ ਆਪਸ ਵਿਚ ਇੰਝ ਜੁੜ ਗਈਆਂ ਹਨ ਕਿ ਕਿਸੇ ਇਕ ਉਪ-ਕਹਾਣੀ ਨੂੰ ਇਸ ਵਿਚੋਂ ਅੱਡ ਨਹੀਂ ਕੀਤਾ ਜਾ ਸਕਦਾ। ਉਹ ਮੂਲ ਕਹਾਣੀ ਦੀ ਬੁਣਤਰ ਵਿਚ ਇਸ ਤਰ੍ਹਾਂ ਰਲ ਗਈਆਂ ਹਨ ਕਿ ਉਸੇ ਦਾ ਹਿੱਸਾ ਮਹਿਸੂਸ ਹੁੰਦੀਆਂ ਹਨ ਅਤੇ ਮੁੱਖ ਪਾਤਰਾਂ 'ਤੇ ਉਸ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਜਦਕਿ ਗੁਰਦਿਆਲ ਦਲਾਲ ਦੀ ਕਹਾਣੀ ਵਿਚ ਇਕ ਤੋਂ ਬਾਅਦ ਇਕ ਤਿੰਨ ਕਹਾਣੀਆਂ ਆਉਂਦੀਆਂ ਹਨ, ਜਿਨ੍ਹਾਂ ਦਾ ਆਪਸ ਵਿਚ ਨਾ ਹੀ ਕੋਈ ਸਿੱਧਾ ਅੰਤਰ-ਸੰਬੰਧ ਨਜ਼ਰ ਆਉਂਦਾ ਹੈ ਅਤੇ ਨਾ ਹੀ ਕੋਈ ਇਕ ਹਿੱਸਾ ਦੂਜੇ ਹਿੱਸੇ ਦੇ ਕਿਸੇ ਪਾਤਰ 'ਤੇ ਕੋਈ ਪ੍ਰਭਾਵ ਪਾਉਂਦਾ ਨਜ਼ਰ ਆਉਂਦਾ ਹੈ। ਹੋ ਸਕਦਾ ਹੈ ਕਿ ਬੁਣਤਰ ਵਿਚ ਤਬਦੀਲੀ ਕਰਕੇ ਇਨ੍ਹਾਂ ਤਿੰਨ ਹਿੱਸਿਆਂ ਨੂੰ ਇਕ ਸੰਘਣੀ ਕਹਾਣੀ ਵਿਚ ਢਾਲਿਆ ਜਾ ਸਕਦਾ ਹੋਵੇ, ਪਰ ਮੌਜੂਦਾ ਰੂਪ ਵਿਚ ਉਹ ਅੱਗੜ-ਪਿੱਛੜ ਲਿਖੇ ਹੋਏ ਤਿੰਨ ਵੱਖਰੇ ਹਿੱਸੇ ਹੀ ਜਾਪਦੇ ਹਨ।

ਸੰਪਾਦਕੀ ਵਿਚ ਰਘਬੀਰ ਸਿੰਘ ਹੁਰਾਂ ਪੰਜਾਬ ਦੇ ਜਿਸ ਸੰਤਾਪ ਨੂੰ ਭੁੱਲ ਕੇ ਅੱਗੇ ਵਧਣ ਲਈ ਜੋ ਦਲੀਲਾਂ ਦਿੱਤੀਆਂ ਹਨ, ਕੇਵਲ ਉਨ੍ਹਾਂ ਦੇ ਹਵਾਲੇ ਨਾਲ ਇਸ ਸੰਤਾਪ ਨੂੰ ਸਹਿਜੇ ਹੀ ਭੁੱਲਣਾ ਸੌਖਾ ਨਹੀਂ। ਇਸ ਗੱਲ ਨਾਲ ਸਹਿਮਤ ਹੋਇਆ ਜਾ ਸਕਦਾ ਹੈ ਕਿ ਕੁਝ ਲੋਕਾਂ ਨੇ ਉਸ ਮਾਹੌਲ ਦਾ ਨਾਜਾਇਜ਼ ਫਾਇਦਾ ਚੁੱਕ ਕੇ ਨਾ ਸਿਰਫ਼ ਵਿਦੇਸ਼ਾਂ ਵਿਚ ਪੱਕੀ ਠਾਹਰ ਬਣਾ ਲਈ ਬਲਕਿ ਉਸ ਸਥਿਤੀ ਵਿਚ ਆਪਣੀ ਪਛਾਣ ਬਣਾਈ ਰੱਖਣ ਲਈ ਉਨ੍ਹਾਂ ਨੂੰ ਉਹ ਮਖੌਟਾ ਵੀ ਪਾ ਕੇ ਰੱਖਣਾ ਪੈ ਰਿਹਾ ਹੈ ਅਤੇ ਉਹ ਇਸ ਸੰਵੇਦਨਸ਼ੀਲ ਮੁੱਦੇ ਉੱਤੇ ਆਪਣੀਆਂ ਆਵਾਜ਼ਾਂ ਵੀ ਕੱਢਦੇ ਰਹਿੰਦੇ ਹਨ। ਇਹ ਆਵਾਜ਼ਾਂ ਪੰਜਾਬ ਵਿਚ ਮੁੜ ਅਸ਼ਾਂਤੀ ਲਿਆਉਣ ਦਾ ਭੈਅ ਪੈਦਾ ਕਰਦੀਆਂ ਹਨ। ਕੋਈ ਵੀ ਪੰਜਾਬ ਵਿਚ ਅਜਿਹਾ ਮਾਹੌਲ ਬਿਲਕੁਲ ਨਹੀਂ ਚਾਹੁੰਦਾ। ਨਵੀਂ ਪੀੜ੍ਹੀ ਤਾਂ ਉਸ ਵਿਚਾਰ ਨਾਲ ਕੋਈ ਇਤਫ਼ਾਕ ਰੱਖਦੀ ਹੀ ਨਹੀਂ। ਪਰ ਇਕ ਸਵਾਲ ਹੈ ਜੋ ਹਰ ਇਕ ਨੂੰ ਪੰਜਾਬ ਦੇ ਸੰਤਾਪ ਦੇ ਦਿਨਾਂ ਨੂੰ ਭੁੱਲਣ ਨਹੀਂ ਦਿੰਦਾ। ਉਹ ਸਵਾਲ ਹੈ ਕਿ ਕੀ ਪੰਜਾਬ ਦੇ ਸੰਤਾਪ ਨੂੰ ਚੇਤਿਆਂ ਵਿਚ ਤਾਜ਼ਾ ਰੱਖਣ ਵਾਲਾ ਉਹ ਮੂਲ ਕਾਰਨ ਖ਼ਤਮ ਹੋ ਗਿਆ ਹੈ? ਉਹ ਮੂਲ

ਕਾਰਨ ਹੈ ਨਿਆਂ। ਸੰਤਾਪ ਦੇ ਦਿਨਾਂ ਵਿਚ ਕਿਸ ਤਰ੍ਹਾਂ ਮਾਸੂਮ ਅਤੇ ਨੌਜਵਾਨ ਪੰਜਾਬੀਆਂ ਦਾ ਘਾਣ ਹੋਇਆ, ਇਸ ਦਾ ਖ਼ੁਲਾਸਾ ਖਾਲੜਾ ਦੀ ਜੱਦੋ-ਜਹਿੱਦ ਦੇ ਨਾਲ ਹੋਰ ਕਈ ਰੂਪਾਂ ਵਿਚ ਵੀ ਹੋ ਚੁੱਕਾ ਹੈ। ਅਫ਼ਸੋਸ ਉਸ ਮਸਲੇ ਉੱਤੇ ਨਿਆਂ ਮਿਲਣ ਦੀ ਬਜਾਇ ਖਾਲੜੇ ਨੂੰ ਆਪਣੀ ਜਾਨ ਗੁਆਉਣੀ ਪਈ। ਪੰਜਾਬ ਸੰਤਾਪ ਦੇ ਵਿਸਤਾਰ ਵਿਚ ਦਿੱਲੀ ਦਾ ਕਤਲੇਆਮ ਵਾਪਰਿਆ, ਜਿਸ ਵਿਚ ਫੇਰ ਹਜ਼ਾਰਾਂ ਪੰਜਾਬੀਆਂ ਨੂੰ ਜਾਨ ਦੇਣੀ ਪਈ। ਹਾਂ, ਉਹ ਇਕ ਮਜ਼ਹਬ ਦੇ ਲੋਕ ਸਨ ਅਤੇ ਉਨ੍ਹਾਂ ਨੂੰ ਨਿਸ਼ਾਨਾ ਵੀ ਮਜ਼ਹਬ ਕਰਕੇ ਬਣਾਇਆ ਗਿਆ ਸੀ, ਪਰ ਅਸਲ ਵਿਚ ਤਾਂ ਉਹ ਪੰਜਾਬੀ ਹੀ ਸਨ। ਸਮਾਜਵਾਦ ਦਾ ਫਲਸਫ਼ਾ ਵੀ ਦੱਬੇ-ਕੁਚਲਿਆਂ, ਦਲਿਤਾਂ ਅਤੇ ਘੱਟ-ਗਿਣਤੀਆਂ ਦੇ ਮੁੱਢਲੇ ਹੱਕਾਂ ਦਾ ਹਾਮੀ ਹੈ। ਧਰਮ ਅਤੇ ਜਾਤ-ਪਾਤ ਦੇ ਨਾਮ ਉੱਤੇ ਸਾਮੰਤਵਾਦੀ ਅਤੇ ਸਾਮਰਾਜਵਾਦੀ ਹਮਲਿਆਂ ਦੇ ਵਿਰੋਧ ਵਿਚ ਖੜ੍ਹਾ ਹੈ। ਵਕਤ ਦੀ ਮੰਗ ਤਾਂ ਇਹ ਹੈ ਕਿ ਅਜਿਹੇ ਮਾਨਵਵਾਦੀ ਮਸਲਿਆਂ 'ਤੇ ਸਮੂਹ ਵਿਚਾਰਧਾਰਾਵਾਂ ਦੇ ਬੁੱਧੀਜੀਵੀ ਇਕਜੁੱਟ ਹੋ ਕੇ ਹਾਅ ਦਾ ਨਾਅਰਾ ਮਾਰਨ।

ਚੰਗਾ ਹੋਵੇ ਜੇ ਸੰਤਾਪ ਦੇ ਦਿਨਾਂ ਨੂੰ ਭੁੱਲਣ ਦੀ ਬਜਾਇ ਨਿਆਂ ਲਈ ਜੱਦੋ-ਜਹਿਦ ਕਰਨ ਦੇ ਨਾਲ ਤੱਥਾਂ ਸਮੇਤ ਉਨ੍ਹਾਂ ਚਿਹਰਿਆਂ ਅਤੇ ਕਾਰਵਾਈਆਂ ਨੂੰ ਵੀ ਉਜਾਗਰ ਕੀਤਾ ਜਾਵੇ ਜਿਨ੍ਹਾਂ ਨੇ ਇਸ ਸੰਤਾਪ ਦੇ ਓਹਲੇ ਨਿੱਜੀ ਫਾਇਦੇ ਲਏ। ਇਸ ਨਾਲ ਵੀ ਪੰਜਾਬ ਅਤੇ ਪੰਜਾਬੀਅਤ ਦੇ ਹੱਕ ਅਤੇ ਵਿਰੋਧ ਵਿਚ ਭੁਗਤਣ ਵਾਲੀਆਂ ਦੀ ਸਹੀ ਪਰਖ ਹੋਵੇਗੀ। ਜਦੋਂ ਨਿਆਂ ਮਿਲ ਗਿਆ, ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋ ਗਿਆ ਤਾਂ ਇਹ ਮਸਲਾ ਆਪੇ ਹੀ ਮੁੱਕ ਜਾਵੇਗਾ। -ਦੀਪ ਜਗਦੀਪ ਸਿੰਘ, ਨਵੀਂ ਦਿੱਲੀ

ਸਿਰਜਣਾ-171 ਅੰਕ ਵਿਚ ਛਪੇ ਮੇਰੇ ਲੇਖ 'ਬਿਪਰਨ ਕੀ ਰੀਤ' ਵਿਚ ਕੁਝ ਗੜਬੜ ਹੋ ਗਈ। ਇਹ ਗੜਬੜ ਆਖਰੀ ਪੈਰੇ ਵਿਚ ਕੁਝ ਸ਼ਬਦਾਂ ਦੇ ਰੋਮਨ ਦੀ ਜਗਹ ਗੁਰਮੁਖੀ ਲਿੱਪੀ ਵਿਚ ਛਪ ਜਾਣ ਕਰਕੇ ਹੋਈ। ਇਸ ਕਾਰਨ ਤਰਕ ਦੀ ਲੜੀ ਟੁੱਟ ਗਈ ਤੇ ਕੁਝ ਜ਼ਰੂਰੀ ਸੂਚਨਾ ਪਾਠਕਾਂ ਤਕ ਨਹੀਂ ਪਹੁੰਚ ਸਕੀ। ਜਿਨ੍ਹਾਂ ਪਾਠਕਾਂ ਨੂੰ ਦਿਲਚਸਪੀ ਹੋਵੇ ਉਨ੍ਹਾਂ ਲਈ ਮੈਂ ਲੇਖ ਦਾ ਆਖਰੀ ਪੈਰਾ ਤੇ ਇਸ ਤੋਂ ਪਹਿਲਾਂ ਦਾ ਫਿਕਰਾ ਮੁੜ ਪੇਸ਼ ਕਰਦਾ ਹਾਂ:

....ਇਹ ਤਿੰਨੇ ਸ਼ਬਦ ਭਾਰੋਪੀ ਹਨ ਤੇ ਇਨ੍ਹਾਂ ਦੇ ਸੁਜਾਤੀ ਸ਼ਬਦ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਹਨ। ਸੰਖੇਪ ਵਿਚ ਝਾਤ ਪੁਆਉਂਦੇ ਹਾਂ ਵ = ਅੰਗਰੇਜ਼ੀ with ; ਪ = ਅੰਗਰੇਜ਼ੀ peri ਜਿਵੇਂ perimeter ਵਿਚ; ਤ = ਅੰਗਰੇਜ਼ੀ t ਜਿਵੇਂ past ਵਿਚ।

ਵਿਪਰ ਸ਼ਬਦ ਦੇ ਹੋਰ ਰੂਪ ਭਾਰੋਪੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲਦੇ ਹਨ। ਇਸਦਾ ਮੂਲਕ ਹੈ web ਜਾਂ wib ਜਿਸ ਦਾ ਅਰਥ ਏਧਰ ਉਧਰ ਘੁੰਮਣਾ, ਹਿੱਲਣਾ, ਕੰਬਣਾ ਆਦਿ ਹੈ। ਅੰਗਰੇਜ਼ੀ ਸ਼ਬਦ vibrate ਲਾਤੀਨੀ ਵਿਚ vibrae ਤੋਂ ਬਦਲਕੇ ਇਸੇ ਤੋਂ ਬਣਿਆ। whip, wipe, ਸ਼ਬਦ ਵੀ ਇਸੇ ਨਾਲ ਸੰਬੰਧਤ ਹਨ। ਲਿਥੁਏਨੀਅਨ ਵਿਚ ਇਸ ਨਾਲ ਜੁੜਦੇ ਸ਼ਬਦ ਦਾ ਅਰਥ (ਪੂਛ) ਹਿਲਾਉਣਾ ਹੁੰਦਾ ਹੈ।.....

'ਸਿਰਜਣਾ' ਦੇ ਇਸੇ ਅੰਕ ਦੇ ਇਕ ਪੱਤਰ ਵਿਚ ਅਵਤਾਰ ਸਿੰਘ ਬਿਲਿੰਗ ਨੇ ਮੇਰੇ ਲੇਖ "ਕਿਰਪਾਨ ਨਹੀਂ ਹੈ, ਕਿਰਪਾ+ ਆਨ" ਬਾਰੇ ਇਤਰਾਜ਼ ਕੀਤਾ ਹੈ ਕਿ ਮੈਂ ਆਪਣਿਆਂ ਵਿਚ ਬੇਗਾਨਗੀ ਦੇ ਅਹਿਸਾਸ ਦਾ ਵਿਖਾਵਾ ਕੀਤਾ ਹੈ। ਅਜਿਹਾ ਕੁਝ ਨਹੀਂ ਹੈ। ਨਿਰੁਕਤ-ਸ਼ਾਸਤਰ ਵਿਚ ਸ਼ਬਦਾਂ ਦਾ ਅਧਿਐਨ ਹੋਰ ਵਿਗਿਆਨਾਂ ਦੀ ਤਰ੍ਹਾਂ ਵਸਤੂਮੁਖੀ ਹੋ ਕੇ ਕੀਤਾ ਜਾਦਾ ਹੈ, ਆਪਣਿਆਂ ਦਾ ਲਿਹਾਜ ਰੱਖਦਿਆਂ ਅੰਤਰਮੁਖੀ ਹੋ ਕੇ ਨਹੀਂ। ਧਿਆਨ ਨਾਲ ਵਾਚੋ "ਮਹਾਨ ਕੋਸ਼" ਵਿਚ ਕਿਰਪਾਨ ਦਾ "ਕ੍ਰਿਪਾ ਦਾ ਘਰ, ਦਇਆ ਦਾ ਨਿਵਾਸ" ਵਜੋਂ ਅਰਥ ਕਿਰਪਾਨ ਦੇ ਸ਼ਸਤਰ (ਤਲਵਾਰ) ਦੇ ਅਰਥਾਂ ਵੱਲ ਸੰਕੇਤ ਨਹੀਂ ਕਰਦਾ ਬਲਕਿ ਕਿਸੇ ਦੇ ਕਿਰਪਾ ਨਾਲ ਭਰੇ ਹੋਏ, ਦਇਆਵਾਨ, ਮਿਹਰਬਾਨ ਹੋਣ ਵੱਲ ਸੰਕੇਤ ਕਰਦਾ ਹੈ। ਮਿਸਾਲ ਵਜੋਂ ,"ਹਰਿ ਹੋ ਹੋ ਕਿਰਪਾਨ" -ਰਾਮ ਦਾਸ। ਇੰਦਰਾਜ ਦੇ ਅੱਗੇ *ਵਿ ਅੰਕਿਤ ਹੈ ਜਿਸ ਦਾ ਮਤਲਬ ਇਹ ਸ਼ਬਦ ਵਿਸ਼ੇਸ਼ਣ ਹੈ। ਪੰਜਵੇਂ ਗੁਰੂ ਦੀ ਤੁਕ,"ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ"

ਵਿਚ ਵੀ ਕ੍ਰਿਪਾਨ ਦਾ "ਅਰਥ ਕਿਰਪਾ ਦੇ ਰਾਹੀਂ" ਸਿੱਧ ਹੁੰਦਾ ਹੈ। ਸਾਹਿਬ ਸਿੰਘ ਅਨੁਸਾਰ "ਹੇ ਮੇਰੇ ਮਨ ! ਤਦੋਂ ਹੀ ਗੁਰੂ ਦੀ ਕਿਰਪਾ ਨਾਲ (ਪਰਮਾਤਮਾ) ਨੂੰ ਮਿਲ ਸਕੀਦਾ ਹੈ।" ਏਥੇ ਕਿਰਪਾਨ ਦਾ ਅਰਥ ਤਲਵਾਰ ਕਿਵੇਂ ਸਹੀ ਸਿੱਧ ਹੁੰਦਾ ਹੈ? ਬਿਲਿੰਗ ਸਾਹਿਬ ਮੇਰੀ ਇਹ ਗੱਲ ਨਹੀਂ ਪਕੜ ਰਹੇ ਕਿ ਤਲਵਾਰ ਦੇ ਅਰਥਾਂ ਵਾਲੇ ਕਿਰਪਾਨ ਸ਼ਬਦ ਵਿਚ ਦਇਆ ਦੇ ਅਰਥਾਂ ਵਾਲਾ *ਕਿਰਪਾ ਘਟਕ ਵਿਦਮਾਨ ਨਹੀਂ ਹੈ ਬਲਕਿ ਹੋਰ ਹੈ ਜਿਸ ਦੀ ਮੈਂ ਵਿਆਖਿਆ ਕੀਤੀ ਹੈ। ਉਹ ਸ਼ਾਇਦ ਇਹ ਸਮਝ ਰਹੇ ਹਨ ਕਿ ਮੈਂ ਕਿਰਪਾ ਸ਼ਬਦ ਦੇ ਮੌਜੂਦ ਹੋਣ ਤੋਂ ਹੀ ਇਨਕਾਰ ਕਰ ਰਿਹਾ ਹਾਂ! -ਬਲਜੀਤ ਬਾਸੀ, ਵੈਸਟ ਲੈਂਡ, ਮਿਸ਼ੀਗਨ, ਯੂ.ਐੱਸ.ਏ.

ਸਿਰਜਣਾ-171 ਵਿਚ ਗੁਰਦਿਆਲ ਦਲਾਲ ਦੀ ਕਹਾਣੀ ਬੇਹੱਦ ਸ਼ਾਨਦਾਰ ਸੀ। ਕਹਾਣੀ ਸਾਡੇ ਸਮਾਜ ਦੇ ਨਿਘਾਰ ਉੱਤੇ ਚਾਨਣਾ ਪਾਉਂਦੀ ਹੈ। ਜਿਹੜੇ ਲੋਕਾਂ 'ਚ ਸਮਝ ਤੇ ਸਮਝਦਾਰੀ ਹੈ, ਉਹ ਹੀ ਆਪਣੇ ਆਪ ਨੂੰ ਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣਗੇ। ਕਿਉਂਕਿ ਹੁਣ ਤਾਂ ਨਿਆਣਿਆਂ ਨੂੰ ਬਣਾਉਣ ਤੇ ਵਿਗਾੜਨ ਦੇ ਸਾਧਨ ਬਹੁਤ ਮੌਜੂਦ ਹਨ। ਜੇ ਲੋਕ ਨਾ ਸਮਝੇ ਤਾਂ ਏਸ ਕਹਾਣੀ ਵਾਂਗ ਨਸ਼ਿਆਂ 'ਚ ਗਰਕ ਹੋ ਕੇ ਸਭ ਨੂੰ ਜਿਲ੍ਹਣ 'ਚ ਫਸਾ ਦੇਣਗੇ। ਏਨੀ ਪਿਆਰੀ, ਰਵਾਨਗੀ ਨਾਲ ਭਰਪੂਰ ਤੇ ਸਮਾਜ ਨੂੰ ਸੇਧ ਦੇਣ ਵਾਲੀ ਕਹਾਣੀ ਦੀ ਰਚਨਾ ਲਈ ਗੁਰਦਿਆਲ ਦਲਾਲ ਦਾ ਧੰਨਵਾਦ। ਜੋਗੇ ਭੰਗਲ ਦੀ ਕਹਾਣੀ 'ਉਹ ਚਿੜੀ ਨਹੀਂ ਸੀ' ਪੱਥਰ ਯੁਗ ਵੱਲ ਪਰਤ ਰਹੇ ਆਧੁਨਿਕ ਯੁਗ ਦੇ ਲੋਕਾਂ ਦੀ ਕਹਾਣੀ ਹੈ, ਜਿਹੜੇ ਆਪਣੇ ਕੋਮਲ ਤੇ ਪਿਆਰੇ ਰਿਸ਼ਤਿਆਂ ਨੂੰ ਤਾਰ ਤਾਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਨਾ ਉਮਰਾਂ ਦਾ ਖਿਆਲ, ਨਾ ਛੋਟੇ ਵੱਡੇ ਦਾ ਫਰਕ। ਦੇਖੋ ਬਾਪ ਦੀ ਉਮਰ ਦੇ ਮਾਸੜ ਵੀ ਧੀਆਂ ਵਰਗੀਆਂ ਨੂੰ ਨਹੀਂ ਬਖਸ਼ਦੇ। ਚਿਪਸ ਦਾ ਪੈਕਟ ਸਮਝਕੇ ਝੱਟਪਟ ਖਾ ਹੀ ਜਾਣਾ ਚਾਹੁੰਦੇ ਹਨ। ਬੜੀ ਵਧੀਆ ਕਹਾਣੀ ਲੱਗੀ। ਪਰ ਮਨ ਖਰਾਬ ਹੁੰਦੈ ਜਦੋਂ ਇਹੋ ਜਿਹੇ ਘਟੀਆ ਲੋਕ ਰਿਸ਼ਤਿਆਂ ਦਾ ਫੱਕਾ ਮਾਰਦੇ ਹਨ। ਸਰਬਜੀਤ ਕੌਰ ਜਸ, ਰਵਿੰਦਰ ਰਵੀ ਅਤੇ ਹਰਪ੍ਰੀਤ ਕੌਰ ਦੀਆਂ ਕਵਿਤਾਵਾਂ ਵੀ ਸ਼ਾਨਦਾਰ ਤੇ ਜਾਨਦਾਰ ਲੱਗੀਆਂ। ਅੰਕ- 170 ਵਿਚ ਕੇਸਰਾ ਰਾਮ ਦੀ ਕਹਾਣੀ ਨਵੇਂ ਤਜਰਬੇ ਵਾਲੀ ਬਹੁਤ ਪ੍ਰਭਾਵਸ਼ਾਲੀ ਰਚਨਾ ਸੀ। ਦਾਮਿਨੀ ਦੁਆਲੇ ਘੁੰਮਦੀ ਹੋਈ, ਕੁੜੀਆਂ ਔਰਤਾਂ ਪ੍ਰਤੀ ਬੀਮਾਰ ਭੋਗਣ ਵਾਲੀ ਸੋਚਣੀ ਦੀਆਂ ਪਰਤਾਂ ਉਧੇੜਦੀ ਹੋਈ ਕਹਾਣੀ ਅਗਾਂਹ ਵਧਦੀ ਹੈ। ਕਥਾ-ਸ਼ੈਲੀ ਵੀ ਲਾਜਵਾਬ ਹੈ। ਬਹੁਤ ਗੰਭੀਰ ਵਿਸ਼ੇ 'ਤੇ ਏਡੀ ਸਿਰਕੱਢ ਕਹਾਣੀ ਲਿਖ ਦੇਣ ਲਈ ਕੇਸਰਾ ਰਾਮ ਦੀ ਕਲਮ ਨੂੰ ਸਲਾਮ। - ਡਾ. ਕਰਮਜੀਤ ਸਿੰਘ ਨਡਾਲਾ, ਕਪੂਰਥਲਾ

ਸਿਰਜਣਾ-170 ਵਿਚ ਗੁਰਬਚਨ ਸਿੰਘ ਭੁੱਲਰ ਦੇ ਲੇਖ 'ਪੰਜਾਬੀ ਦਾ ਕੌਮੀ ਤੇ ਕੌਮਾਂਤਰੀ ਭਵਿੱਖ' ਵਿਚ ਸਾਰੇ ਪੱਖਾਂ ਨੂੰ ਚੰਗੀ ਤਰ੍ਹਾਂ ਫਰੋਲਿਆ ਗਿਆ ਹੈ। ਪੰਜਾਬੀ ਦਾ ਭਵਿੱਖ ਅਵੱਸ਼ ਚਿੰਤਾ ਜਨਕ ਹੈ। ਪਰਵਾਸ ਦੀ ਤਾਂ ਕੀ ਗੱਲ ਕਰਨੀ ਹੈ, ਪੰਜਾਬ 'ਚ ਵੀ ਇਸ ਤਰ੍ਹਾਂ ਸ਼ਾਇਦ ਹੋਏਗਾ, ਮੇਰੇ ਪੋਤਰੇ ਪੋਤਰੀਆਂ ਨੂੰ ਪੰਜਾਬੀ ਨਹੀਂ ਆਂਦੀ (ਲੱਖ ਕੋਸ਼ਿਸ਼ਾਂ ਦੇ ਬਾਵਜੂਦ)। ਉਹਨਾਂ ਦੇ ਪੁੱਤਰ ਪੋਤਰਿਆਂ ਨੂੰ ਅੱਗੋਂ ਕੀ ਆਣੀ ਹੈ। ਸਿਰਫ ਦੋ ਪੀੜ੍ਹੀਆਂ ਦਾ ਵਕਫਾ। ਅਸੀਂ ਪਹਿਲੇ ਫਾਰਸੀ ਪੜ੍ਹਦੇ ਰਹੇ ਤੇ ਫਿਰ 80-82 ਸਾਲ ਉਰਦੂ ਪੜ੍ਹੀ। ਇਸ ਕਰਕੇ ਕਿ ਇਹਨਾਂ ਜ਼ੁਬਾਨਾਂ ਕਰਕੇ ਨੌਕਰੀ ਮਿਲਦੀ ਸੀ। ਪੰਜਾਬੀ ਸਕੂਲਾਂ ਵਿਚ ਲਾਜ਼ਮੀ ਹੋਣੀ ਚਾਹੀਦੀ ਹੈ ਅਤੇ ਜਿਸਨੇ ਪੰਜਾਬੀ ਨਾ ਪੜ੍ਹੀ ਹੋਵੇ, ਉਸਨੂੰ ਕੋਈ ਵੀ ਸਰਕਾਰੀ ਨੌਕਰੀ ਨਹੀਂ ਮਿਲਣੀ ਚਾਹੀਦੀ। ਦੇਵਨਾਗਰੀ ਤਾਂ ਉੱਕਾ ਹੀ ਪੰਜਾਬੀ ਦੀ ਲਿੱਪੀ ਨਹੀਂ ਹੋ ਸਕਦੀ। ਬਾਣੀ ਦੇ ਗੁਟਕੇ ਦੇਵਨਾਗਰੀ ਵਿਚ ਛਪਦੇ ਹਨ ਤਾਂ ਉਹਨਾਂ ਵਿਚ ਲਗਾਂ ਮਾਤਰਾਂ ਗੁਰਮੁਖੀ ਵਾਲੀਆਂ ਲੱਗਣ ਨਾਲ ਗ਼ੈਰ ਪੰਜਾਬੀ ਨੂੰ ਠੀਕ ਸਮਝ ਨਹੀਂ ਆਉਂਦੀ। ਉਹ 'ਸਤਿਨਾਮ' ਨੂੰ ਸਤੀਨਾਮ ਪੜ੍ਹਦਾ ਹੈ ਅਤੇ 'ਮਤਿ ਵਿਚਿ ਰਤਨ ਜਵਾਹਰ ਮਣਿਕ ਨੂੰ 'ਮਤੀ ਵਿਚੀ ਰਤਨ ਜਵਾਹਰ ਮਾਣਕ' ਪੜ੍ਹਦਾ ਹੈ। -ਸ.ਸ. ਓਬਰਾਏ, ਫਰੀਦਾਬਾਦ

□□

ਸ਼ਿਰੋਮਣੀ ਗਲਪਕਾਰ ਗੁਲਜ਼ਾਰ ਸਿੰਘ ਸੰਧੂ ਦੀ ਸੱਜਰੀ ਨਾਵਲ ਰਚਨਾ

ਗੋਰੀ ਹਿਰਨੀ

ਇਹ ਨਾਵਲ ਵੀ ਲੇਖਕ ਦੇ ਪਹਿਲੇ ਨਾਵਲ 'ਧਰੂ ਤਾਰੇ' ਵਾਂਗ ਪੰਜਾਬੀ ਧਰਾਤਲ ਤੋਂ ਬਾਹਰ ਦਾ ਹੈ। ਜੇ ਉਸ ਨਾਵਲ ਦਾ ਅੱਧਾ ਘਟਨਾ-ਸਥੱਲ ਦੱਖਣੀ ਭਾਰਤ ਤੇ ਅਮਰੀਕਾ ਦਾ ਰੈੱਡ ਇੰਡੀਅਨ ਉਕਲੋਹਾਮਾ ਸੀ ਤਾਂ ਇਸ ਦਾ ਜਰਮਨੀ ਦਾ ਬਰਲਿਨ ਅਤੇ ਹੈਮਬਰਗ। ਹਿਟਲਰ ਦੀਆਂ ਨਾਜ਼ੀ ਕਰਤੂਤਾਂ ਦਾ ਫਲ ਭੁਗਤਣ ਵਾਲੇ ਇਸ ਦੇ ਪਾਤਰ ਹਮਦਰਦੀ ਦੀ ਮੰਗ ਕਰਦੇ ਹਨ। ਲੇਖਕ ਨੇ ਜਿਸ ਸਿਆਣਪ ਨਾਲ ਉਹਨਾਂ ਨੂੰ ਚਿਤਰਿਆ ਹੈ, ਉਹ ਬਹੁਤ ਕੁਝ ਪੜ੍ਹੇ ਤੇ ਦੇਖੇ ਬਿਨਾਂ ਸੰਭਵ ਨਹੀਂ ਸੀ। ਇਸ ਰਚਨਾ ਵਿਚ ਏਸ਼ੀਆਈ ਧਰਾਤਲ ਤੋਂ ਵੱਖਰੇ ਪੱਛਮੀ ਪਿਛੋਕੜ ਵਿਚੋਂ ਨਵਾਂ ਚਾਨਣ ਲੱਭਣ ਵਾਲਿਆਂ ਲਈ ਬਹੁਤ ਕੁਝ ਹੈ।

ਪੰਨੇ 192 ਸੁੰਦਰ ਦਿੱਖ ਮੁੱਲ 200 ਰੁਪਏ

ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

SIRJANA Literary Punjabi Quarterly Chandigarh
No. 172 April-June 2014
Registered with the Registrar of Newspapers for India vide R.N. 10215/65

ਕੈਨੇਡਾ ਵਿਚ ਰਹਿ ਰਹੇ ਨਵੀਂ ਪੀੜ੍ਹੀ ਦੇ ਸਮਰੱਥ ਕਹਾਣੀਕਾਰ

ਹਰਪ੍ਰੀਤ ਸਿੰਘ ਸੇਖਾ

ਦਾ ਦੂਜਾ ਕਹਾਣੀ ਸੰਗ੍ਰਹਿ



ਹਰਪ੍ਰੀਤ ਸੇਖਾ ਸਮਕਾਲੀ ਪੰਜਾਬੀ ਕਹਾਣੀ ਵਿਚ ਪਰਵਾਸ ਦੀਆਂ ਨਵੀਆਂ ਚੁਣੌਤੀਆਂ ਨੂੰ ਸਮਝਣ ਤੇ ਰੂਪਾਂਤਰਤ ਕਰਨ ਵਾਲਾ ਕਹਾਣੀਕਾਰ ਹੈ। ਉਸ ਦੇ ਇਸ ਨਵ-ਪ੍ਰਕਾਸ਼ਤ ਕਹਾਣੀ ਸੰਗ੍ਰਹਿ ਵਿਚ ਬਾਰਾਂ ਕਹਾਣੀਆਂ ਹਨ ਜਿਹਨਾਂ ਦਾ ਲਿਖਣ ਕਾਲ 2006-2012 ਹੈ। ਇਹਨਾਂ ਕਹਾਣੀਆਂ ਦੇ ਪਾਤਰਾਂ ਰਾਹੀਂ ਕਨੇਡੀਅਨ ਸਮਾਜ ਵਿਚ ਵਿਚਰ ਰਹੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ ਤੇ ਪੇਸ਼ ਕਰਨ ਵਿਚ ਉਸ ਨੇ ਉਚੇਰੀ ਪੱਧਰ ਦੀ ਕਲਾਤਮਕ ਸਮਰੱਥਾ ਦਾ ਪ੍ਰਮਾਣ ਦਿੱਤਾ ਹੈ।

ਪੰਨੇ 192 ਸੁੰਦਰ ਦਿੱਖ ਮੁੱਲ 250 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ